ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 136| 14 to 20 August , 2024 | Ph.: (510) 240-5949 | Email: asrtimes@gmail.com


# ਬਾਇਡਨ ਦੇ ਰਾਸ਼ਟਰਪਤੀ ਕਾਰਜਕਾਲ ਦੌਰਾਨ 33 ਲੱਖ ਪ੍ਰਵਾਸੀ ਬਣੇ ਅਮਰੀਕਾ ਦੇ ਨਾਗਰਿਕ

## 9 ਲੱਖ ਗ੍ਰੀਨ ਕਾਰਡ ਧਾਰਕਾਂ ਨੂੰ ਜਲਦ ਹੀ ਮਿਲ ਸਕਦੀ ਹੈ ਨਾਗਰਿਕਤਾ





ਵਾਸ਼ਿੰਗਟਨ/ਏ.ਟੀ.ਨਿਊਜ਼: ਹੁਣ ਤੱਕ 33 ਲੱਖ ਪ੍ਰਵਾਸੀ ਅਮਰੀਕਾ ਦੇ ਨਾਗਰਿਕ ਬਣ ਚੁੱਕੇ ਹਨ ਅਤੇ 9 ਲੱਖ ਗ੍ਰੀਨ ਕਾਰਡ ਧਾਰਕਾਂ ਨੂੰ ਜਲਦ ਹੀ ਨਾਗਰਿਕਤਾ ਮਿਲ ਸਕਦੀ ਹੈ। ਅਜਿਹਾ ਜੋਅ ਬਾਇਡਨ ਦੇ ਰਾਸ਼ਟਰਪਤੀ ਬਣਨ ਮਗਰੋਂ ਹੋਇਆ ਹੈ ਅਤੇ ਸਿਆਸਤ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਵੋਟਾਂ ਦੌਰਾਨ ਫ਼ਾਇਦਾ ਹਾਸਲ ਕਰਨ ਲਈ ਲੱਖਾਂ ਪ੍ਰਵਾਸੀਆਂ ਨੂੰ ਆਉਣ ਵਾਲੇ ਮਹੀਨਿਆਂ ਵਿੱਚ ਨਾਗਰਿਕਤਾ ਦਿੱਤੀ ਜਾਵੇਗੀ। ਗ੍ਰੀਨ ਕਾਰਡ ਧਾਰਕਾਂ ਅਤੇ ਨਾਗਰਿਕਾਂ ਦੇ ਹੱਕ ਤਕਰੀਬਨ ਬਰਾਬਰ ਹੁੰਦੇ ਹਨ ਪਰ ਵੋਟ ਪਾਉਣ ਦਾ ਹੱਕ ਸਿਰਫ਼ ਨਾਗਰਿਕਾਂ ਕੋਲ ਹੀ ਹੁੰਦਾ ਹੈ। ਅਮਰੀਕਾ ਦੇ ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸੇਵਾਵਾਂ ਵਿਭਾਗ ਵੱਲੋਂ ਔਸਤ ਆਧਾਰ ’ਤੇ ਤਕਰੀਬਨ 5 ਮਹੀਨੇ ਵਿੱਚ ਨਾਗਰਿਕਤਾ ਨਾਲ ਸਬੰਧਤ ਅਰਜ਼ੀਆਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ ਜਦਕਿ 2021 ਵਿੱਚ ਇਹ ਸਮਾਂ 11 ਮਹੀਨੇ ਤੋਂ ਉੱਪਰ ਚੱਲ ਰਿਹਾ ਸੀ।

**9 ਲੱਖ ਗ੍ਰੀਨ ਕਾਰਡ ਹੋਲਡਰ ਜਲਦ ਬਣਨਗੇ ਯੂ.ਐਸ. ਸਿਟੀਜ਼ਨ**

ਜੋਅ ਬਾਇਡਨ ਨੇ ਸੱਤਾ ਸੰਭਾਲਣ ਮਗਰੋਂ ਇਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ ਘਟਾਉਣ ਲਈ ਕਈ ਵੱਡੇ ਫ਼ੈਸਲੇ ਲਏ, ਜਿਨ੍ਹਾਂ ਦਾ ਅਸਰ ਸਾਫ ਦੇਖਿਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਅਰਜ਼ੀਆਂ ਦੇ ਨਿਪਟਾਰੇ ਲਈ ਵਰਤੀ ਜਾਂਦੀ ਤਕਨੀਕ ਸੁਧਾਰੀ ਗਈ ਅਤੇ ਅਰਜ਼ੀ ਦੇ ਸਫਿਆਂ ਦੀ ਗਿਣਤੀ 20 ਤੋਂ ਘਟਾ ਕੇ 14 ਕਰ ਦਿੱਤੀ ਗਈ। ਭਾਵੇਂ ਸਿਟੀਜ਼ਨਸ਼ਿਪ ਫੀਸ 640 ਡਾਲਰ ਤੋਂ ਵਧਾ ਕੇ 710 ਡਾਲਰ ਕਰ ਦਿਤੀ ਗਈ ਪਰ ਘੱਟ ਆਮਦਨ ਵਾਲਿਆਂ ਨੂੰ ਰਿਆਇਤ ਦਾ ਐਲਾਨ ਵੀ ਕੀਤਾ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਟਰੰਪ ਦੇ ਕਾਰਜਕਾਲ ਦੌਰਾਨ ਗੈਰਜ਼ਰੂਰੀ ਬੰਦਿਸ਼ਾਂ ਲਾਗੂ ਹੋਣ ਕਾਰਨ ਪ੍ਰਵਾਸੀਆਂ ਦੀਆਂ ਸਿਟੀਜ਼ਨਸ਼ਿਪ ਅਰਜ਼ੀਆਂ ਦਾ ਨਿਪਟਾਰਾ ਹੋਣ ਵਿੱਚ ਲੰਮਾ ਸਮਾਂ ਲੱਗ ਰਿਹਾ ਸੀ। ਇਨ੍ਹਾਂ ਬੰਦਿਸ਼ਾਂ ਕਰ ਕੇ ਹੀ ਤਕਰੀਬਨ ਤਿੰਨ ਲੱਖ ਪ੍ਰਵਾਸੀ 2020 ਦੀਆਂ ਚੋਣਾਂ ਤੋਂ ਪਹਿਲਾਂ ਸਿਟੀਜ਼ਨਸ਼ਿਪ ਹਾਸਲ ਨਾ ਕਰ ਸਕੇ ਅਤੇ ਵੋਟ ਪਾਉਣ ਤੋਂ ਵਾਂਝੇ ਰਹਿ ਗਏ। ਅਮਰੀਕਾ ਵਿੱਚ ਵੋਟਰਾਂ ਦੇ ਰੁਝਾਨ ਬਾਰੇ ਅਧਿਐਨ ਕਰਨ ਵਾਲੇ ਮਾਹਰਾਂ ਦਾ ਕਹਿਣਾ ਹੈ ਕਿ ਲੈਟਿਨ ਅਮੈਰਿਕਾ, ਏਸ਼ੀਅਨਜ਼ ਅਤੇ ਅਫਰੀਕੀ ਮੂਲ ਦੇ ਜ਼ਿਆਦਾਤਰ ਲੋਕਾਂ ਦਾ ਝੁਕਾਅ ਡੈਮੋਕ੍ਰੈਟਿਕ ਪਾਰਟੀ ਵੱਲ ਹੁੰਦਾ ਹੈ ਜਿਸ ਦੇ ਮੱਦੇਨਜ਼ਰ ਆਉਂਦੀਆਂ ਚੋਣਾਂ ਵਿੱਚ ਕਮਲਾ ਹੈਰਿਸ ਨੂੰ ਵੱਡਾ ਫ਼ਾਇਦਾ ਹੋ ਸਕਦਾ ਹੈ।

‘ਨਿਊ ਯਾਰਕ ਟਾਈਮਜ਼’ ਦੀ ਰਿਪੋਰਟ ਮੁਤਾਬਕ ਕੈਲੇਫ਼ੋਰਨੀਆ, ਨਿਊ ਯਾਰਕ, ਟੈਕਸਸ ਅਤੇ ਫਲੋਰੀਡਾ ਵਿੱਚ ਵਸਦੇ ਪ੍ਰਵਾਸੀ, ਯੂ.ਐਸ. ਸਿਟੀਜ਼ਨਸ਼ਿਪ ਹਾਸਲ ਕਰਨ ਵਿੱਚ ਸਭ ਤੋਂ ਅੱਗੇ ਰਹੇ ਜਦਕਿ ਮੁਲਕਾਂ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਮੈਕਸੀਕੋ, ਭਾਰਤ ਅਤੇ ਫਿਲੀਪੀਨਜ਼ ਦੇ ਨਾਗਰਿਕਾਂ ਦੀ ਸਭ ਤੋਂ ਵੱਧ ਗਿਣਤੀ ਦਰਜ ਕੀਤੀ ਗਈ। ਦੂਜੇ ਪਾਸੇ ਜਾਰਜੀਆ, ਐਰੀਜ਼ੋਨਾ, ਨੇਵਾਡਾ ਅਤੇ ਪੈਨਸਿਲਵੇਨੀਆ ਵਰਗੇ ਰਾਜਾਂ ਵਿੱਚ ਵਸਦੇ ਪ੍ਰਵਾਸੀਆਂ ਨੂੰ ਤਰਜੀਹੀ ਆਧਾਰ ’ਤੇ ਸਿਟੀਜ਼ਨਸ਼ਿਪ ਦਿਤੀ ਗਈ ਜਿਥੇ ਅਕਸਰ ਹੀ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਹਾਵੀ ਰਹਿੰਦੇ ਹਨ। ਪਿਛਲੇ ਦਿਨੀਂ ਜਾਰਜੀਆ ਦੇ ਸਵਾਨਾਹ ਇਲਾਕੇ ਦੀ ਇੱਕ ਫੈਡਰਲ ਅਦਾਲਤ ਵਿੱਚ 19 ਵੱਖ-ਵੱਖ ਮੁਲਕਾਂ ਨਾਲ ਸਬੰਧਤ ਪ੍ਰਵਾਸੀਆਂ ਨੇ ਸਿਟੀਜ਼ਨਸ਼ਿਪ ਦੀ ਸਹੁੰ ਚੁੱਕੀ।

ਅਮਰੀਕਾ ਦਾ ਨਾਗਰਿਕ ਬਣਨ ਲਈ ਲਾਜ਼ਮੀ ਹੈ ਕਿ ਘੱਟੋ ਘੱਟੋ ਪੰਜ ਸਾਲ ਪਹਿਲਾਂ ਗ੍ਰੀਨ ਕਾਰਡ ਮਿਲਿਆ ਹੋਵੇ। ਯੂ.ਐਸ. ਸਿਟੀਜ਼ਨ ਨਾਲ ਵਿਆਹ ਕਰਵਾਉਣ ਵਾਲੇ ਤਿੰਨ ਸਾਲ ਬਾਅਦ ਹੀ ਨਾਗਰਿਕਤਾ ਵਾਸਤੇ ਅਰਜ਼ੀ ਦਾਇਰ ਕਰ ਸਕਦੇ ਹਨ। ਇੱਕ ਸਰਵੇਖਣ ਦੌਰਾਨ ਸਾਹਮਣੇ ਆਇਆ ਕਿ ਨਵੇਂ ਬਣੇ ਨਾਗਰਿਕਾਂ ਵਿਚੋਂ 81.4 ਫ਼ੀਸਦੀ ਆਉਂਦੀਆਂ ਚੋਣਾਂ ਵਿੱਚ ਵੋਟ ਪਾਉਣ ਦੇ ਇੱਛੁਕ ਹਨ ਅਤੇ 14.5 ਫ਼ੀਸਦੀ ਨੇ ਕਿਹਾ ਕਿ ਉਹ ਵੋਟ ਪਾਉਣ ਬਾਰੇ ਸੋਚ ਰਹੇ ਹਨ। ਯੂਨੀਵਰਸਿਟੀ ਆਫ ਕੈਲੇਫੋਰਨੀਆ ਦੇ ਇਮੀਗ੍ਰੇਸ਼ਨ ਪੌਲਿਸੀ ਸੈਂਟਰ ਵੱਲੋਂ ਕੀਤਾ ਸਰਵੇਖਣ ਦਰਸਾਉਂਦਾ ਹੈ ਕਿ ਵੰਨ-ਸੁਵੰਨੇ ਸੱਭਿਆਚਾਰਕ ਪਿਛੋਕੜ ਵਾਲੇ ਨਵੇਂ ਨਾਗਰਿਕਾਂ ਨੂੰ ਮੁਲਕ ਦੀ ਸਿਆਸਤ ਵਿੱਚ ਜ਼ਿਆਦਾ ਦਿਲਚਸਪੀ ਹੈ।

## ਸਿੱਖ ਪੰਥ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵਿੱਚ ਬਦਲਾਅ ਚਾਹੁੰਦੈ

ਚੰਡੀਗੜ੍ਹ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਅੰਦਰੂਨੀ ਫੁੱਟ ਇਸ ਵੇਲੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਪਰ ਸਿੱਖ ਸੰਗਤ ਨੇ ਅਪਣਾ ਫ਼ੈਸਲਾ ਲੋਕ ਸਭਾ ਪੰਜਾਬ ਵਿਧਾਨ ਸਭਾ ਤੇ ਜ਼ਿਮਨੀ ਚੋਣ ਦੌਰਾਨ ਹੀ ਸੁਣਾ ਦਿੱਤਾ ਸੀ ਕਿ ਉਹ ਬਦਲਾਅ ਚਾਹੁੰਦੇ ਹਨ ਭਾਵ ਮੌਜੂਦਾ ਲੀਡਰਸ਼ਿਪ ਦੀ ਥਾਂ ਨਵੇਂ ਨੇਤਾ ਦੀ ਅਗਵਾਈ ਚਾਹੁੰਦੇ ਹਨ। ਇਸ ਵੇਲੇ ਸਿੱਖ ਸੰਗਤ ਅਕਾਲੀ ਦਲ ਬਾਦਲ ਦੀਆਂ ਮੌਜੂਦਾ ਸਰਗਰਮੀਆਂ ਤੋਂ ਜਾਣੂੰ ਹਨ ਪਰ ਕੋਈ ਵੀ ਉਤਸ਼ਾਹ ਨਹੀਂ ਵਿਖਾ ਰਹੇ।

ਪਿਛਲੇ ਕਾਫ਼ੀ ਦਿਨਾਂ ਤੋਂ ਉਕਤ ਪਾਰਟੀ ਦਾ ਵਿਵਾਦ ਅਕਾਲ ਤਖ਼ਤ ਸਾਹਿਬ ਪੁੱਜਾ ਹੈ ਜਿਸ ਦੇ ਫ਼ੈਸਲੇ ਸਬੰਧੀ ਵੱਖ-ਵੱਖ ਕਿਆਸ ਲਾਏ ਜਾ ਰਹੇ ਹਨ। ਦੂਸਰੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਝਗੜ ਰਹੇ ਦੋਵੇਂ ਧੜੇ ਆਪੋ-ਅਪਣੀ ਹੋਂਦ ਬਚਾਉਣ ਲਈ ਅੱਡੀ ਚੋਟੀ ਦੇ ਜ਼ੋਰ ਲੈ ਰਹੇ ਹਨ। ਇਨ੍ਹਾਂ ਦਾ ਫ਼ੈਸਲਾ ਕਰਨ ਲਈ ਅਕਾਲ ਤਖ਼ਤ ਸਾਹਿਬ ਵਿਖੇ ਤਖ਼ਤਾਂ ਦੇ ਜਥੇਦਾਰਾਂ ਦੀ ਬੜੀ ਅਹਿਮ ਬੈਠਕ 30 ਅਗਸਤ ਨੂੰ ਸੱਦ ਲਈ ਹੈ।ਇਹ ਬੜਾ ਲੰਮਾ ਸਮਾਂ ਅਕਾਲੀ ਦਲ ਨੂੰ ਮਿਲ ਗਿਆ ਹੈ। ਜੇਕਰ ਸਿੱਖ ਪੰਥ ਦੀ ਰਾਜਨੀਤੀ ਨੂੰ ਬੜੇ ਨੇੜੇ ਤੋਂ ਜਾਣੂੰ ਮਾਹਰਾਂ ਦੀ ਮੰਨੀਏ ਤਾਂ ਪਤਾ ਲਗਦਾ ਹੈ ਕਿ ਇਸ ਵੇਲੇ ਹਾਲਾਤ ਇਹ ਮੰਗ ਕਰ ਰਹੇ ਹਨ ਕਿ ਤਿਆਗ ਦੀ ਭਾਵਨਾ ਤਹਿਤ ਅਵਾਮ ਦੇ ਹਿਤ ਸਾਹਮਣੇ ਰੱਖਣ ਦੀ ਜ਼ਰੂਰਤ ਹੈ।

# ਅਮਰੀਕੀ ਸੂਬੇ ’ਚ ਬਣੀ ਗੱਤਕਾ ਖੇਡ ਨੂੰ ਦੇਸੀ ਖੇਡ ਵਜੋਂ ਮਾਨਤਾ ਦੇਣ ਵਾਲੀ ਪਹਿਲੀ ਸਟੇਟ ਜਨਰਲ ਅਸੈਂਬਲੀ






ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਵੱਸਦੀ ਉੱਘੀ ਸਿੱਖ ਸ਼ਖਸੀਅਤ ਡਾ: ਦੀਪ ਸਿੰਘ ਨੂੰ ਕਮਿਊਨਿਟੀ ਲਈ ਕੀਤੀਆਂ ਜਾ ਰਹੀਆਂ ਸੇਵਾਵਾਂ ਅਤੇ ਗੱਤਕਾ ਖੇਡ ਦੇ ਪ੍ਰਚਾਰ-ਪ੍ਰਸਾਰ ਲਈ ਕਨੈਟੀਕਟ ਸੂਬੇ ਦੀ ਜਨਰਲ ਅਸੈਂਬਲੀ ਵਲੋਂ ਮਾਣ ਨਾਲ ਨਿਵਾਜਿਆ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ (2023 ਵਿੱਚ) ਹੀ ਡਾ: ਦੀਪ ਸਿੰਘ ਰਾਹੀਂ ਕਮਿਊਨਟੀ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਵੱਲੋਂ ਉਨ੍ਹਾਂ ਨੂੰ ਵ੍ਹਾਈਟ ਹਾਉਸ ਵਲੋਂ ਵੱਕਾਰੀ ਐਵਾਰਡ ‘ਪ੍ਰੈਸ਼ੀਡੈਨਸ਼ੀਅਲ ਲਾਈਫਟਾਈਮ ਅਚੀਵਮੈਂਟ ਐਵਾਰਡ’ ਨਾਲ ਵੀ ਸਨਮਾਨਿਆ ਜਾ ਚੁੱਕਾ ਹੈ।

ਇਸ ਮੌਕੇ ਸਵਰਨਜੀਤ ਸਿੰਘ ਖ਼ਾਲਸਾ, ਮੈਂਬਰ ਸਿਟੀ ਕੌਂਸਲ-ਨੋਰਵਿੱਚ, ਕਨੈਟੀਕਟ ਅਤੇ ਸੈਨੇਟਰ ਕੈਥੀ ਆਸਟਨ, ਰਿਪਰਜੇਨਟੇਟਿਵ ਡੈਰਲ ਵਿਲਸਨ ਅਤੇ ਕੈਵਿਨ ਰਯਾਨ ਵਲੋਂ ਡਾ: ਦੀਪ ਸਿੰਘ ਨੂੰ ਫੋਨ ਰਾਹੀਂ ਉਚੇਚੀ ਵਧਾਈ ਵੀ ਦਿੱਤੀ ਗਈ। ਡਾ: ਸਿੰਘ ਨੂੰ ਪ੍ਰਦਾਨ ਕੀਤੇ ਸਨਮਾਨ-ਪੱਤਰ (ਸਾਈਟੇਸ਼ਨ) ਕਨੈਟੀਕਟ ਸੂਬੇ ਦੀ ਜਨਰਲ ਅਸੈਂਬਲੀ ਦੇ ਪ੍ਰਧਾਨ ਪ੍ਰੋਫੈਸਰ ਟੈਂਪੋਰ ਮਾਰਟਿਨ ਲੂਨੀ, ਸਪੀਕਰ ਆਫ ਹਾਉਸ-ਮੈਟ ਰਿਟੱਰ ਅਤੇ ਸੈਕਰੇਟਰੀ ਆਫ ਦੀ ਸਟੇਟ ਸਟੈਫਨੀ ਥਾਮਸ ਵੱਲੋਂ ਸਾਈਨ ਕਰਕੇ ਮਾਨਤਾ ਦਿੱਤੀ ਗਈ ਹੈ।

ਇਸ ਮੌਕੇ ਸਿੱਖ ਆਰਟ ਗੈਲਰੀ, ਕਨੈਕਟੀਕਟ ਦੇ ਡਾਇਰੈਕਟਰ ਸ. ਕੁਲਜੀਤ ਸਿੰਘ ਨੇ ਚਾਨਣਾ ਪਾਇਆ ਕਿ ਡਾ: ਦੀਪ ਸਿੰਘ ਲੰਮੇ ਸਮੇਂ ਤੋਂ ਗੱਤਕਾ ਖੇਡ ਅਤੇ ਹੋਰ ਦੇਸੀ ਖੇਡਾਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸੀਲ ਹਨ। ਉਨ੍ਹਾਂ ਦੱਸਿਆ ਕਿ ਡਾ: ਸਿੰਘ ਅਤੇ ਉਨ੍ਹਾਂ ਦੀ ਸਮੁੱਚੀ ਗੱਤਕਾ ਟੀਮ ਕਨੈਕਟੀਕਟ ਸੂਬੇ ਵਿੱਚ ਸਮੇਂ-ਸਮੇਂ ’ਤੇ ਹੋਣ ਵਾਲੇ ਵੱਖ-ਵੱਖ ਸਰਕਾਰੀ ਅਤੇ ਗੈਰ-ਸਰਕਾਰੀ ਪ੍ਰੋਗਰਾਮਾਂ ਵਿੱਚ ਉਚੇਚੇ ਤੌਰ ’ਤੇ ਸ਼ਾਮਿਲ ਹੋ ਕੇ ਨਵੀਂ ਪਨੀਰੀ ਨੂੰ ਨਸਲੀ ਭੇਦ-ਭਾਵ ਨਾਲ ਨਜਿੱਠਣ ਅਤੇ ਆਤਮ ਰਖਿੱਆ ਲਈ ਸੁਨੇਹਾ ਦਿੰਦੇ ਰਹਿੰਦੇ ਹਨ ਜੋ ਕਿ ਬਹੁਤ ਹੀ ਸ਼ਲਾਘਯੋਗ ਹੈ।

ਡਾ: ਦੀਪ ਸਿੰਘ ਜਿਨ੍ਹਾਂ ਦਾ ਪਿਛੋਕੜ ਚੰਡੀਗੜ੍ਹ ਸ਼ਹਿਰ ਦੇ ਨਾਲ ਹੈ, ਨੇ ਆਪਣੀ ਉਚੇਰੀ ਸਿੱਖਿਆ ਪੰਜਾਬ ਅਤੇ ਜੰਮੂ ਯੂਨੀਵਰਸਿਟੀ ਤੋਂ ਹਾਸਿਲ ਕੀਤੀ ਹੈ। ਡਾ: ਸਿੰਘ ਅੱਜਕੱਲ੍ਹ ਈ.ਐਚ.ਐਸ. ਪੇਸ਼ੇਵਰ ਵਜੋਂ ਅਮਰੀਕਾ ਦੇ ਨਿਉਯਾਰਕ ਸ਼ਹਿਰ ਵਿੱਚ ਸੇਵਾਵਾਂ ਦੇ ਰਹੇ ਹਨ।

ਇਸ ਮੌਕੇ ਗੱਲ ਕਰਦਿਆਂ ਉਨ੍ਹਾਂ ਕਨੈਟੀਕਟ ਸੂਬੇ ਦੀ ਜਨਰਲ ਅਸੈਂਬਲੀ ਦੇ ਸਮੂਹ ਮੈਂਬਰਾਂ, ਸਵਰਨਜੀਤ ਸਿੰਘ ਖਾਲਸਾ ਨੋਰਵਿੱਚ ਅਤੇ ਸਿੱਖ ਆਰਟ ਗੈਲਰੀ ਦੀ ਸਮੁੱਚੀ ਟੀਮ ਦਾ ਉਚੇਚਾ ਧੰਨਵਾਦ ਕੀਤਾ ਜਿਨਾਂ ਦੇ ਸਹਿਯੋਗ ਸਕਦਾ ਮਾਣਮੱਤੀ ਗੱਤਕਾ ਖੇਡ ਬਾਰੇ ਅਸੈਂਬਲੀ ਵਿੱਚ ਗੱਲ ਸ਼ੁਰੂ ਹੋਈ।

ਡਾ: ਦੀਪ ਸਿੰਘ ਜਿੱਥੇ ਯੁਨਾਈਟਿਡ ਨੇਸ਼ਨਜ ਅਧੀਨ ਟੀ.ਐਸ.ਜੀ. ਪ੍ਰੋਗਰਾਮ ਨਾਲ ਵੀ ਜੁੜੇ ਹੋਏ ਹਨ, ਉਥੇ ਹੀ ਉਹ ਸਿੱਖ ਕਮਿਊਨਿਟੀ ਵੱਲੋਂ ਆਯੋਜਿਤ ਕੀਤੇ ਜਾਂਦੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਆਪਣਾ ਬਣਦਾ ਯੋਗਦਾਨ ਵੀ ਪਾਉਂਦੇਹਨ। ਡਾ. ਸਿੰਘ ਜਿੱਥੇ ਨਵੀਂ ਪਨੀਰੀ ਨੂੰ ਨਸਲੀ ਭੇਦ-ਭਾਵ ਨਾਲ ਨਜਿੱਠਣ ਲਈ ਮਾਨਸਿਕ ਤੌਰ ’ਤੇ ਸਿੱਖਿਅਤ ਕਰਦੇ ਹਨ ਉਥੇ ਹੀ ਉਹ ਬੱਚਿਆ ਨੂੰ ਸਿੱਖੀ ਦੇ ਇਤਿਹਾਸ ਅਤੇ ਅਮੀਰ ਵਿਰਸੇ ਨਾਲ ਜੋੜਨ ਲਈ ਵੀ ਤਤਪਰ ਰਹਿੰਦੇ ਹਨ।

ਦੇਸ਼ ਵੰਡ ਨਾਲ ਸਬੰਧਿਤ ਸੱਚੀਆਂ ਦਾਸਤਾਨਾਂ

# 1947 ਦੀ ਦੇਸ਼ ਵੰਡ, ਪੰਜਾਬ ਦਾ ਦਰਦ, ਮੇਰਾ ਦਰਦ

## ਜਥੇਦਾਰ ਅਕਾਲ ਤਖ਼ਤ ਸਾਹਿਬ ਦੀ ਅਗਵਾਈ 'ਚ 47 ਵੰਡ ਦੇ ਦੰਗਿਆਂ ਦੌਰਾਨ ਮਾਰੇ ਪੰਜਾਬੀਆਂ ਦੀ ਅਰਦਾਸ ਹੋਵੇ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916





ਜਦੋਂ ਮੈਂ ਪੰਜ ਸਾਲ ਦਾ ਸੀ ਤਾਂ ਮੇਰਾ ਦਾਦਾ ਬਾਬਾ ਹਰਨਾਮ ਸਿੰਘ ਜੀ ਮੈਨੂੰ ਆਪਣੇ ਕੰਧਾੜੇ ਚੁੱਕ ਕੇ ਗੁਰਦੁਆਰੇ ਲੈ ਜਾਂਦੇ।ਉਹ ਪਹਿਲਾਂ ਨਿਸ਼ਾਨ ਸਾਹਿਬ ਅੱਗੇ ਮੱਥਾ ਟੇਕਦੇ, ਫਿਰ ਸਲੂਟ ਕਰਦੇ। ਮੈਂ ਬਾਬਾ ਜੀ ਤੋਂ ਪੁੱਛਦਾ ਤੁਸੀਂ ਨਿਸ਼ਾਨ ਸਾਹਿਬ ਅੱਗੇ ਮੱਥਾ ਕਿਉਂ ਟੇਕਦੇ ਹੋ, ਸਲੂਟ ਕਿਉਂ ਕਰਦੇ ਹੋ।

ਉਹ ਕਹਿਣ ਲੱਗੇ ਕਿ ਅਸੀਂ ਆਪਣੇ ਗੁਰੂ ਦੇ ਨਿਸ਼ਾਨ ਅੱਗੇ ਝੁਕਦੇ ਹਾਂ ਤਾਂ ਜੋ ਸਾਡੇ ਪੰਥ ਦਾ ਸਿਰ ਹਮੇਸ਼ਾ ਇਸ ਨਾਲ ਉੱਚਾ ਰਹਿ ਸਕੇ। ਸਾਡੇ ਅੰਦਰ ਸਰਬਤ ਦੇ ਭਲੇ ਦੀ ਰੀਤ ਜਿਉਂਦੀ ਰਹੇ ਜੋ ਸਾਡੇ ਸਤਿਗੁਰੂ ਨੇ ਬਖਸ਼ੀ ਹੈ।

ਇਹ ਸ਼ਬਦ ਮੈਨੂੰ ਹੁਣ ਤੱਕ ਚੇਤੇ ਹਨ। ਮੈਂ ਬਾਕੀ ਬੱਚਿਆਂ ਵਾਂਗ ਜਿਦ ਕਰਦਾ ਉਹ ਮੈਨੂੰ ਪੰਦਰਾਂ ਅਗਸਤ ਵਾਂਗ ਅਜ਼ਾਦੀ ਦੀ ਪਰੇਡ ਉੱਪਰ ਲੈ ਜਾਂਦੇ। ਪਰ ਉਥੇ ਉਹਨਾਂ ਦੀਆਂ ਅੱਖਾਂ ਨਮ ਹੋ ਜਾਂਦੀਆਂ।

ਜਦੋਂ ਮੈਂ ਉਹਨਾਂ ਵਲ ਦੇਖਦਾ ਤਾਂ ਉਹਨਾਂ ਨਾਲ ਚੰਬੜ ਜਾਂਦਾ ਪਰ ਮੈਨੂੰ ਨਹੀਂ ਪਤਾ ਸੀ ਕਿ ਮੇਰੇ ਬਾਬੇ ਦੀਆਂ ਅੱਖਾਂ ਵਿੱਚ ਹੰਝੂ ਕਿਉਂ ਨੇ ?

ਇੱਕ ਵਾਰ ਬਾਬਾ ਜੀ ਦੱਸਣ ਲੱਗੇ ਕਿ ਸੰਤਾਲੀ ਵੰਡ ਵਿੱਚ ਤੇਰਾ ਪੜਦਾਦਾ ਤੇ ਛੋਟਾ ਤਾਇਆ ਹਿੰਦੂ -ਸਿੱਖਾਂ ਦੇ ਕਾਫਲੇ ਬਚਾਉਂਦਾ ਧਾੜਵੀਆਂ ਨਾਲ ਲੜਦਾ ਮਾਰਿਆ ਗਿਆ।

ਉਹ ਕਹਿੰਦੇ ਹਨ, ਅਸੀਂ ਸਭ ਕੁਝ ਛੱਡ ਕੇ ਆ ਗਏ, ਬਸ ਆਪਣੀ ਜਾਨ ਬਚਾਈ ਅਤੇ ਆ ਗਏ। ਸਾਡੀਆਂ ਜ਼ਮੀਨਾਂ ਗਵਾਚ ਗਈਆਂ, ਲਹਿੰਦੇ ਪੰਜਾਬ ਦੇ ਮੁਕਾਬਲੇ ਚੜ੍ਹਦੇ ਪੰਜਾਬ ਵਿੱਚ ਸਾਨੂੰ ਘੱਟ ਜ਼ਮੀਨ ਮਿਲੀ ਤੇ ਜਿਸ ਵਿੱਚੋਂ ਖੇਤੀ ਹੇਠਲਾ ਰਕਬਾ ਵੀ ਤੁਲਨਾ ਵਿੱਚ ਘੱਟ ਹੀ ਸੀ। ਸਾਡਾ ਆਦਰ ਸਤਿਕਾਰ ਜੋ ਲੋਕ ਕਰਦੇ ਸਨ, ਉਹ ਗਵਾਚਿਆ, ਸਾਡਾ ਲਾਹੌਰ ਗਵਾਚਿਆ, ਜਿਥੇ ਅਸੀਂ ਰਾਜ ਕੀਤਾ, ਜੋ ਸਾਡੀ ਰਾਜਧਾਨੀ ਸੀ। ਸਾਡਾ ਨਨਕਾਣਾ, ਸਾਡਾ ਕਰਤਾਰਪੁਰ ਗਵਾਚਿਆ, ਜਿਥੋਂ ਸਾਨੂੰ ਕਿਰਤ ਕਰਨ, ਨਾਮ ਜਪਣ, ਵੰਡ ਛਕਣ ਦਾ ਫਲਸਫਾ ਮਿਲਿਆ। ਸਾਡੇ ਰਿਸ਼ਤੇ ਕਤਲ ਹੋਏ, ਬੱਚੀਆਂ ਗੁੰਮ ਹੋਈਆਂ। ਔਰਤਾਂ ਦੀ ਬੇਪਤੀ ਕੀਤੀ ਗਈ।ਬਲਾਤਕਾਰ ਕੀਤੇ ਗਏ ਤੇ ਇੱਥੇ ਹੀ ਬੱਸ ਨਹੀਂ ਦੂਜੇ ਧਰਮ ਦੀਆਂ ਔਰਤਾਂ ਦੇ ਸਰੀਰਕ ਅੰਗਾਂ ਨੂੰ ਵੱਢ ਸੂਰਮਗਤੀ ਦਰਸਾਉਣ ਦਾ ਘਿਣਾਉਣਾ ਕੰਮ ਵੀ ਸ਼ੁਰੂ ਹੋ ਗਿਆ। ਦੁਨੀਆਂ ਦੇ ਇਤਿਹਾਸ ਵਿੱਚ 1947 ਵਿੱਚ ਸਭ ਤੋਂ ਵੱਡਾ ਪਲਾਇਨ ਵਾਪਰਿਆ।ਉਹਨਾਂ ਦੀਆਂ ਅੱਖਾਂ ਵਿਚੋਂ ਹੰਝੂ ਕਿਰਨ ਲੱਗੇ। ਇਹ ਸਾਡੀ ਦਾਸਤਾਨ ਹੈ। ਮੈਂ ਸਮਝਦਾ ਹਾਂ ਕਿ ਅਕਾਲ ਤਖ਼ਤ ਸਾਹਿਬ ਵਿਖੇ ਸੰਤਾਲੀ ਦੀ ਕੱਟ ਵੱਢ ਵਿੱਚ ਮਰੇ ਪੰਜਾਬੀਆਂ ਦੀ ਅਰਦਾਸ ਜਥੇਦਾਰ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਹੋਣੀ ਚਾਹੀਦੀ ਹੈ। ਇਹ ਸ਼ਲਾਘਾਯੋਗ ਇਤਿਹਾਸਕ ਉੱਦਮ ਹੋਵੇਗਾ।ਇਹ ਵੰਡ ਨਹੀਂ ਹੋਣੀ ਚਾਹੀਦੀ ਸੀ। ਸਿਆਸਤਦਾਨਾਂ ਦਾ ਕੋਈ ਧਰਮ ਨਹੀਂ ਹੁੰਦਾ, ਧਰਮ ਦੇ ਨਾਮ ਉੱਪਰ ਲੜਾਈਆਂ ਫਿਰਕਾਪ੍ਰਸਤੀ (ਬਾਕੀ ਸਫ਼ਾ 30 'ਤੇ)



## ਬਾਪੂ ਸੇਵਾ ਸਿੰਘ, ਰਾਤ-ਬਰਾਤੇ ਰਸਤੇ ਬਦਲ ਕੇ ਲਾਸ਼ਾਂ ਉੱਤੋਂ ਦੀ ਲੰਘਦੇ ਪਹੁੰਚੇ ਸੀ ਲੱਧੂ ਕੀ

ਮੁਕਤਸਰ ਦੇ ਪਿੰਡ ਮਿੱਡਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਬਾਪੂ ਸੇਵਾ ਸਿੰਘ ਜਿਹੜੇ ਪਾਕਿਸਤਾਨ ਵਿੱਚੋਂ ਉੱਜੜ ਕੇ ਆਏ ਸਨ, ਦੇ ਪੋਤਰੇ ਰੁਪਿੰਦਰ ਸਿੰਘ ਨੇ ਦੱਸਿਆ ਕਿ ਬਾਪੂ ਜੀ 15 ਅਗਸਤ ਨੂੰ ਸਾਰਾ ਦਿਨ ਉਜਾੜੇ ਨੂੰ ਯਾਦ ਕਰਕੇ ਰੋਂਦੇ ਰਹਿੰਦੇ ਹਨ ਅਤੇ ਬਹੁਤ ਹੀ ਭਾਵਕ ਹੋ ਜਾਂਦੇ ਹਨ। ਬਾਪੂ ਸੇਵਾ ਸਿੰਘ ਜਿਨ੍ਹਾਂ ਨੇ ਬਾਅਦ ਵਿੱਚ ਆਪਣਾ ਨਾਂ ਸੁਰਿੰਦਰ ਸਿੰਘ ਰੱਖ ਲਿਆ ਸੀ, ਨੇ ਆਪਣੇ ਉਜਾੜੇ ਦੀ ਦਾਸਤਾਨ ਸੁਣਾਉਂਦਿਆਂ ਦੱਸਿਆ ਕਿ ਉਸ ਵਕਤ ਉਨ੍ਹਾਂ ਦੀ ਉਮਰ ਕਰੀਬ ਸੱਤ ਸਾਲ ਦੀ ਹੋਵੇਗੀ ਜਦ ਉਹ ਆਪਣਾ ਘਰ-ਬਾਰ ਛੱਡ ਕੇ ਟਾਂਗੇ 'ਤੇ ਬੈਠ ਕੇ ਹਿੰਦੁਸਤਾਨ ਵੱਲ ਆਏ।

ਬਾਪੂ ਸੇਵਾ ਸਿੰਘ ਨੇ ਦੱਸਿਆ ਕਿ ਉਹ ਪਿੰਡ 'ਉੱਦੋ ਕੇ' ਪਾਕਿਸਤਾਨ ਵਿੱਚ ਖੁਸ਼ਹਾਲ ਜੀਵਨ ਬਤੀਤ ਕਰਦੇ ਸਨ। ਬਾਪੂ ਜੀ ਦੇ ਪਿਤਾ ਜੀ ਸਰਦਾਰ ਸ਼ਿੰਗਾਰਾ ਸਿੰਘ ਜੋ ਲਾਹੌਰ ਦੇ ਐੱਸਜੀਪੀਸੀ ਦੇ ਮੈਂਬਰ ਸਨ। ਬਾਪੂ ਜੀ ਦੇ ਪਿਤਾ ਕੋਲ ਉਸ ਵਕਤ 280 ਘੁਮਾ ਜ਼ਮੀਨ ਸੀ ਅਤੇ ਬਹੁਤ ਹੀ ਚੰਗੀ ਜ਼ਮੀਨ ਉਨ੍ਹਾਂ ਕੋਲ ਸੀ।ਬਾਪੂ ਨੇ ਕਿਹਾ ਕਿ ਸਾਡੇ ਪਿੰਡ ਦੇ ਨਾਲ ਕਾਹਨਾ ਪਿੰਡ ਅਤੇ ਸਰੈਚ ਪਿੰਡ ਲੱਗਦੇ ਸਨ। ਬਾਪੂ ਨੇ ਦੱਸਿਆ ਕਿ ਉਨ੍ਹਾਂ ਦੀ ਵੱਡੀ ਭੈਣ ਸਰੈਚ ਪਿੰਡ ਵਿਆਹੀ ਹੋਈ ਸੀ।ਉਸ ਵਕਤ ਉਹ ਪੰਜ-ਛੇ ਸਾਲਾਂ ਦਾ ਸੀ ਅਤੇ ਵਿਆਹ ਵੇਲੇ ਉਸ ਨੂੰ ਉਸ ਦੀ ਭੈਣ ਦੇ ਨਾਲ ਭੈਣ ਦੇ ਸਹੁਰੀਂ ਭੇਜ ਦਿੱਤਾ ਅਤੇ ਹੋਰ ਵੀ ਸ਼ਰੀਕੇ ਵਿੱਚੋਂ ਉਨ੍ਹਾਂ ਦੇ ਭਾਈ ਗਏ ਕਿਉਂਕਿ ਇਹ ਰਿਵਾਜ ਹੈ ਕਿ ਜਦ ਪਹਿਲ਼ੇ ਦਿਨ ਭੈਣਾਂ ਜਾਂਦੀਆਂ ਹਨ ਤਾਂ ਭਰਾ ਨਾਲ ਜਾਂਦੇ ਹਨ।ਬਾਪੂ ਨੇ ਕਿਹਾ ਕਿ ਉਨ੍ਹਾਂ ਨੂੰ ਲੱਡੂ ਇੱਕ ਭਾਂਡੇ ਵਿੱਚ ਪਾ ਕੇ ਦੇ ਦਿੱਤੇ ਤਾਂ ਕਿ ਰਸਤੇ ਵਿੱਚ ਭੁੱਖ ਲੱਗੀ ਤਾਂ ਖਾ ਲੈਣੇ।ਉਦੋਂ ਤਾਂ ਚਿੱਤ-ਚੇਤਾ ਵੀ ਨਹੀਂ ਸੀ ਕਿ ਸਾਨੂੰ ਆਪਣਾ ਪਿੰਡ ਅਤੇ ਘਰ-ਬਾਰ ਛੱਡਣਾ ਪਵੇਗਾ।

ਅਚਾਨਕ ਅਜਿਹੀ ਕੁਲੈਹਣੀ ਘੜੀ ਆਈ ਕਿ ਉਨ੍ਹਾਂ ਨੂੰ ਸਭ ਕੁਝ ਛੱਡਣਾ ਪਿਆ।ਬਾਪੂ ਨੇ ਦੱਸਿਆ ਕਿ ਉਨ੍ਹਾਂ ਦੇ ਇੱਕ ਨੌਕਰ ਮੁਸਲਮਾਨ ਕੰਮ ਕਰਦਾ ਹੁੰਦਾ ਸੀ।ਜਦ ਬਾਹਰ ਵੱਢ-ਟੁੱਕੀ ਹੋਣ ਲੱਗ ਪਈ ਅਤੇ ਰੌਲਾ ਪੈਣ ਲੱਗ ਪਿਆ, ਮੁਸਲਮਾਨ ਸਿੱਖਾਂ ਨੂੰ ਮਾਰ ਰਹੇ ਸਨ ਅਤੇ ਲਾਸ਼ਾਂ ਦੇ ਢੇਰ ਲਗਾ ਰਹੇ ਸਨ ਤਾਂ ਨਾਲ ਦੇ ਪਿੰਡ ਉਨ੍ਹਾਂ ਦੀ ਰਿਸ਼ਤੇਦਾਰੀ ਸੀ ਉਥੋਂ ਦੇ ਜ਼ਿਮੀਂਦਾਰ ਨਿਧਾਨ ਸਿੰਘ ਦੇ ਲੜਕੇ ਕੁੰਦਨ ਸਿੰਘ ਨੇ ਟਾਂਗਾ ਬਣਾਇਆ ਹੋਇਆ ਸੀ। ਨਿਧਾਨ ਸਿੰਘ ਨੇ ਆਪਣੇ ਲੜਕੇ ਨੂੰ ਟਾਂਗਾ ਦੇ ਕੇ ਸਾਡੇ ਕੋਲ ਭੇਜਿਆ ਅਤੇ ਅਸੀਂ ਸਾਰੇ ਕਮਰਿਆਂ ਨੂੰ ਜਿੰਦਰੇ ਲਾ ਕੇ ਚਾਬੀ ਨੌਕਰ ਸ਼ਾਹਾਬੂਦੀਨ ਨੂੰ ਫੜਾ ਦਿੱਤੀ ਅਤੇ ਕਿਹਾ ਕਿ ਤੂੰ ਸੰਭਾਲ ਰੱਖੀ, ਕਿਸੇ ਹੋਰ ਨੂੰ ਨਾ ਬੈਠਣ ਦੇਈਂ, ਅਸੀਂ ਥੋੜ੍ਹੇ ਦਿਨਾਂ ਬਾਅਦ ਜਦੋਂ ਰੌਲਾ-ਰੱਪਾ ਖ਼ਤਮ ਹੋ ਗਿਆ, ਅਸੀਂ ਆ ਜਾਵਾਂਗੇ। ਅਸੀਂ ਸਾਰੇ ਜਾਣੇ ਟਾਂਗੇ 'ਤੇ ਬੈਠ ਗਏ ਅਤੇ ਬਹੁਤ ਮੁਸ਼ਕਲ ਸਥਿਤੀ ਵਿੱਚ ਰਾਤ-ਬਰਾਤੇ ਰਸਤੇ ਬਦਲ ਕੇ ਲਾਸ਼ਾਂ ਉੱਤੋਂ ਦੀ ਲੰਘਦੇ ਕਿਸੇ ਹਿਸਾਬ ਨਾਲ ਲੱਧੂ ਕੀ ਪਹੁੰਚ ਗਏ ਜੋ ਕਿ ਹਿੰਦੁਸਤਾਨੀ ਪੰਜਾਬ 'ਚ ਸੀ।

ਬਾਪੂ ਨੇ ਦੱਸਿਆ ਕਿ ਮੇਰਾ ਛੋਟਾ ਭਰਾ ਅਵਤਾਰ ਸਿੰਘ ਜਿਸ ਨੂੰ ਵੰਡ ਦਾ ਬਹੁਤ ਹੀ ਜ਼ਿਆਦਾ ਧੱਕਾ ਲੱਗਿਆ ਸੀ, ਉਹ ਵੰਡ ਦਾ ਦਰਦ ਨਾ ਸਹਾਰਦਾ ਹੋਇਆ ਇਸ ਜਹਾਨ ਤੋਂ ਰੁਖਸਤ ਹੋ ਗਿਆ।ਬਾਪੂ ਨੇ ਦੱਸਿਆ ਕਿ ਅਸੀਂ ਲੱਧੂ ਕੇ ਤੋਂ ਹੁਸ਼ਿਆਰਪੁਰ, ਫਿਰੋਜ਼ਪੁਰ ਅਤੇ ਹੋਰ ਬਹੁਤ ਸਾਰੇ ਪਿੰਡਾਂ ਵਿੱਚ ਚਾਰ ਸਾਲ ਧੱਕੇ ਖਾਧੇ ਅਤੇ ਖਾਣ ਜੋਗੀ ਕਿਰਤ-ਕਮਾਈ ਕਰਕੇ ਢਿੱਡ ਭਰਦੇ ਰਹੇ।1951 ਵਿੱਚ ਸਾਨੂੰ ਜ਼ਮੀਨ ਮਿੱਡੇ ਅਲਾਟ ਹੋਈ।ਜ਼ਮੀਨ ਬਰਾਨੀ ਸੀ, ਅਸੀਂ ਪਟਵਾਰੀ ਨੂੰ ਕਹਿ ਕੇ ਉਹ ਜ਼ਮੀਨ ਛੱਡ ਕੇ ਕੱਸੀ ਦੇ ਨਾਲ ਜ਼ਮੀਨ ਲੈ ਲਈ।ਬਾਪੂ ਨੇ ਦੱਸਿਆ ਕਿ ਮੁਸਲਮਾਨਾਂ ਦੇ ਘਰ ਖਾਲੀ ਹੋਏ ਪਏ ਸਨ ਕਿਉਂਕਿ ਇੱਥੇ ਪਹਿਲ਼ਾਂ ਤੋਂ ਰਹਿਣ ਵਾਲੇ ਲੋਕ ਮੁਸਲਮਾਨਾਂ ਦਾ ਸਾਰਾ ਸਾਮਾਨ ਚੁੱਕ ਕੇ ਲੈ ਗਏ ਸਨ। ਬਾਪੂ ਨੇ ਕਿਹਾ ਕਿ ਅਸੀਂ ਮਿਹਨਤ ਮਜ਼ਦੂਰੀ ਕਰਕੇ ਆਪਣੇ ਬਲਦ, ਹਲ਼, ਪੰਜਾਲੀ ਗੱਡਾ ਬਣਾਇਆ ਅਤੇ ਹੌਲੀ-ਹੌਲੀ ਕਾਮਯਾਬ ਹੁੰਦੇ ਗਏ।

ਬਾਪੂ ਨੇ ਕਿਹਾ ਕਿ ਮੇਰੇ ਪਿਤਾ ਸ਼ਿੰਗਾਰਾ ਸਿੰਘ ਨੇ ਮੈਨੂੰ ਪੜ੍ਹਨ ਲਾ ਦਿੱਤਾ ਅਤੇ ਮੈਂ ਬੀ.ਏ. ਪਟਿਆਲੇ ਤੋਂ ਕਰਕੇ ਗਿਆਨੀ ਕੀਤੀ। ਬਾਪੂ ਕਹਿੰਦਾ ਕਿ ਬੱਚੇ ਛੋਟੇ ਹਨ ਅਤੇ ਘਰ 'ਚ ਕਮਾਈ ਦਾ ਕੋਈ ਸਾਧਨ ਨਹੀਂ ਸੀ ਅਤੇ ਬਾਪੂ ਸ਼ਿੰਗਾਰਾ ਸਿੰਘ ਵੀ ਬਿਰਧ ਹੋ ਚੁੱਕੇ ਸਨ, ਇਸ ਲਈ ਮੈਂ ਸਰਵਿਸ ਕਰਨ ਦੀ ਬਜਾਏ ਖੇਤੀ ਵੱਲ ਪਿੰਡ ਆ ਕੇ ਧਿਆਨ ਦਿੱਤਾ। ਬਾਪੂ ਕਹਿੰਦਾ ਕਿ ਲਾਸ਼ਾਂ ਦੇ ਲੱਗੇ ਢੇਰ ਜਦ ਯਾਦ ਆਉਂਦੇ ਹਨ ਅਤੇ ਖ਼ੂਨ ਦੀਆਂ ਨਦੀਆਂ ਵਗਦੀਆਂ ਅਤੇ ਮੇਰੀਆਂ ਅੱਖਾਂ ਸਾਹਮਣੇ ਤਲਵਾਰਾਂ ਨੇਜ਼ਿਆਂ ਨਾਲ ਕਤਲੇਆਮ ਜੋ ਮੈਂ ਅੱਖੀ ਵੇਖਿਆ, ਅੱਜ ਵੀ ਉਹ ਸੀਨ ਵਾਰ-ਵਾਰ ਮੇਰੇ ਸਾਹਮਣੇ ਆ ਜਾਂਦਾ ਹੈ ਪਰ ਅਸੀਂ ਰੱਬ ਆਸਰੇ ਬਚਦੇ-ਬਚਾਉਂਦੇ ਆ ਗਏ।ਉਨ੍ਹਾਂ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਪਾਕਿਸਤਾਨ ਆਪਣੇ ਘਰ ਉੱਡ ਕੇ ਚਲਾ ਜਾਵਾਂ ਪਰ ਜੋ ਰੱਬ ਨੂੰ ਮਨਜ਼ੂਰ ਹੈ, ਮੇਰਾ ਓਧਰ ਜਾਣ ਦਾ ਕੋਈ ਸਬੱਬ ਹੀ ਨਹੀਂ ਬਣਿਆ ਅਤੇ ਮੈਂ ਇਹ ਵੀ ਸੋਚਦਾ ਹਾਂ ਕਿ ਜਦ ਮੈਂ ਆਪਣਾ ਪਿੰਡ ਆਪਣਾ ਘਰ ਵੇਖਾਂਗਾ ਪਤਾ ਨਹੀਂ ਮੈਥੋਂ ਵਾਪਸ ਹੀ ਨਾ ਆਇਆ ਜਾਣਾ।

# ਵੰਡ ਦੇ ਦੁਖਾਂਤ ਤੋਂ ਪੀੜਤ ਮਾਸਟਰ ਰਾਮ ਪ੍ਰਕਾਸ਼ ਦੇ ਜ਼ਖ਼ਮ ਅੱਜ ਵੀ ਅੱਲੇ



ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਕਲਾਨੌਰ ਅਧੀਨ ਆਉਂਦੇ ਵਡਾਲਾ ਬਾਂਗਰ ਦੇ ਵਸਨੀਕ ਬਜ਼ੁਰਗ ਸਿੱਖਿਆ ਸ਼ਾਸਤਰੀ ਮਾਸਟਰ ਰਾਮ ਪ੍ਰਕਾਸ਼ ਨੇ ਭਾਰਤ ਪਾਕਿਸਤਾਨ ਦੀ ਵੰਡ ਦੇ ਦਰਦ ਨੂੰ ਬਿਆਨ ਕਰਦਿਆਂ ਹੋਇਆ ਕਿਹਾ ਕਿ ਦੇਸ਼ ਆਜ਼ਾਦ ਹੋਣ ਉਪਰੰਤ ਸ਼ਕਰਗੜ੍ਹ ਤਹਿਸੀਲ ਤੇ ਗੁਰਦਾਸਪੁਰ ਜ਼ਿਲ੍ਹਾ ਪਾਕਿਸਤਾਨ ਦੇ ਹਿੱਸੇ ਆਉਣ ਦੀ ਖ਼ਬਰ ਸੁਣਦਿਆਂ ਹੀ ਮੁਸਲਮਾਨਾਂ ਨੇ ਖੁਸ਼ੀਆਂ ਮਨਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਪਿੰਡ ਵਡਾਲਾ ਬਾਂਗਰ ਤੋਂ ਇਲਾਵਾ ਨਾਲ ਲੱਗਦੇ ਪਿੰਡ ਸ਼ਾਹਪੁਰ ਅਮਰਗੜ੍ਹ, ਫਜ਼ਲਾਬਾਦ, ਲੁਕਮਾਨੀਆ, ਕੋਟ ਮੀਆਂ ਸਾਹਿਬ ਅਤੇ ਕਲਾਨੌਰ ਵਿੱਚ ਮੁਸਲਮਾਨਾਂ ਦਾ ਵੱਡਾ ਗੜ੍ਹ ਸੀ। ਇਸ ਦੌਰਾਨ ਮੁਸਲਮਾਨਾਂ ਦੇ ਖੌਫ ਤੋਂ ਹਿੰਦੂ -ਸਿੱਖ ਪੂਰੀ ਤਰ੍ਹਾਂ ਡਰ ਗਏ ਸਨ ।

ਮਾਸਟਰ ਰਾਮ ਪ੍ਰਕਾਸ਼ ਨੇ ਦੱਸਿਆ ਕਿ ਉਨ੍ਹਾਂ ਦੀ ਹਵੇਲੀ ਵਿੱਚ ਲੁਹਾਰ ਗੁਰਦਿੱਤਾ ਸਿੰਘ ਵੱਲੋਂ ਦਿਨ ਰਾਤ ਬਰਛੀਆਂ ਅਤੇ ਨੇਜ਼ੇ ਬਣਾਏ ਗਏ ਅਤੇ ਪਿੰਡ ਦੇ ਹਿੰਦੂ ਸਿੱਖ ਭਾਈਚਾਰੇ ਦੇ ਲੋਕ ਆਪਣੀ ਰੱਖਿਆ ਲਈ ਲੰਮੀਆਂ ਲੰਮੀਆਂ ਲਾਈਨਾਂ ਵਿੱਚ ਖੜ ਕੇ ਇਹ ਹਥਿਆਰ ਲੈਂਦੇ ਸਨ। ਮਾਸਟਰ ਰਾਮ ਪ੍ਰਕਾਸ਼ ਨੇ ਦੱਸਿਆ ਕਿ ਉਸ ਦਾ ਜਨਮ ਚਾਰ ਮਈ 1933 ਨੂੰ ਪਿੰਡ ਵਡਾਲਾ ਬਾਂਗਰ ਵਿਖੇ ਪਿਤਾ ਗੋਪਾਲ ਦਾਸ ਅਤੇ ਮਾਤਾ ਗਿਆਨ ਦੇਵੀ ਦੀ ਕੁੱਖੋਂ ਹੋਇਆ ਸੀ ਅਤੇ ਭਾਰਤ ਪਾਕਿਸਤਾਨ ਦੀ ਵੰਡ ਦੌਰਾਨ ਉਹ ਅੱਠਵੀਂ ਜਮਾਤ ਵਿੱਚ ਡੀਏਵੀ ਸਕੂਲ ਵਡਾਲਾ ਬਾਂਗਰ ਵਿੱਚ ਪੜ੍ਹਦਾ ਸੀ। ਆਸ ਪਾਸ ਦੇ ਪਿੰਡਾਂ ਵਿੱਚ ਮੁਸਲਮਾਨ ਭਾਈਚਾਰੇ ਦਾ ਪੂਰਾ ਬੋਲ ਬਾਲਾ ਹੋਣ ਕਾਰਨ ਪਿੰਡ ਨਾਨੋਹਾਰਨੀ ਵਿੱਚ ਮੁਸਲਮਾਨ ਭਾਈਚਾਰੇ ਨਾਲ ਸੰਬੰਧਿਤ ਅਹਿਮਦੀਨ, ਗੁਲਾਮ ਕਾਦਰ ਪਿੰਡ ਮੁਸਤਫਾਪੁਰ, ਅਹਿਮਦੀਨ ਪੁੱਤਰ ਨਜ਼ੀਰ ਅਹਿਮਦ ਪਿੰਡ ਸ਼ਾਹਪੁਰ ਅਮਰਗੜ੍ਹ ਮੇਰੇ ਨਾਲ ਅੱਠਵੀਂ ਜਮਾਤ ਵਿੱਚ ਪੜ੍ਹਦੇ ਸਨ।ਉਸ ਨੇ ਦੱਸਿਆ ਕਿ ਪਿੰਡ ਵਡਾਲਾ ਬਾਂਗਰ ਵਿੱਚ ਮੁਸਲਮਾਨ ਅਬਦੁਲ ਗਨੀ ਪ੍ਰਸਿੱਧ ਦਰਜੀ ਸੀ।ਇਸ ਪਿੰਡ ਵਿੱਚ ਮੁਸਲਮਾਨ ਤਹਿਸੀਲਦਾਰ ਅਤੇ ਉਸ ਦਾ ਬੇਟਾ ਏਅਰ ਫੋਰਸ ਵਿੱਚ ਅਧਿਕਾਰੀ ਵੀ ਸੀ।

ਵਡਾਲਾ ਬਾਂਗਰ ਦੇ ਮੁਸਲਮਾਨ ਕਾਰੀਗਰ ਹਲ਼ਵਾਈ, ਦਰਜੀ ਅਤੇ ਤਿੱਤਰ ਬਟੇਰੇ ਫੜਨ ਵਾਲੇ ਸ਼ਿਕਾਰੀਆਂ ਦੇ ਵੀ ਪਰਿਵਾਰ ਸਨ। ਮਾਸਟਰ ਰਾਮ ਪ੍ਰਕਾਸ਼ ਨੇ ਦੱਸਿਆ ਕਿ ਪਿੰਡ ਦੇ ਮੁਸਲਮਾਨ 15 ਅਗਸਤ ਦੀ ਰਾਤ ਨੂੰ ਹੀ ਆਪਣੇ ਘਰ ਬਾਰ ਛੱਡ ਗਏ ਸਨ। ਪਿੰਡ ਦਲੇਰਪੁਰ ਦੇ ਨੇੜੇ ਗੁਰਦੁਆਰਾ ਬੁਲੰਦੀ ਸਾਹਿਬ ਦੇ ਖੂਹ ਵਿੱਚ ਮੁਸਲਮਾਨਾਂ ਦੀਆਂ ਲਾਸਾਂ ਦੇ ਢੇਰ ਲੱਗ ਗਏ ਸਨ। ਪਿੰਡ ਸ਼ਾਹਪੁਰ ਅਮਰਗੜ੍ਹ ਵਿੱਚ ਹਿੰਦੂਆਂ ਦਾ ਅਤੇ ਸਿੱਖਾਂ ਦਾ ਇੱਕ-ਇੱਕ ਹੀ ਘਰ ਸੀ ਜਦ ਕਿ ਬਾਕੀ ਸਾਰਾ ਪਿੰਡ ਮੁਸਲਮਾਨਾਂ ਦਾ ਸੀ।ਵੰਡ ਤੋਂ ਬਾਅਦ ਉਸ ਨਾਲ ਪੜ੍ਹਨ ਵਾਲੇ ਮੁਸਲਮਾਨ ਸਹਿਪਾਠੀ ਅਹਿਮਦੀਨ ਨੇ ਪਾਕਿਸਤਾਨ ਜਾ ਕੇ ਖਤ ਲਿਖਿਆ ਸੀ। ਇਸ ਤੋਂ ਬਾਅਦ ਕਦੇ ਵੀ ਅਹਿਮਦੀਨ ਦਾ ਉਸ ਨੂੰ ਖਤ ਨਹੀਂ ਆਇਆ ਪਰੰਤੂ ਅਹਿਮਦੀਨ ਅਤੇ ਹੋਰ ਯਾਰਾਂ ਬੇਲੀਆਂ ਦੀਆਂ ਯਾਦਾਂ ਅੱਜ ਵੀ ਅੱਖਾਂ ਸਾਹਮਣੇ ਘੁੰਮਦੀਆਂ ਰਹਿੰਦੀਆਂ ਹਨ।ਮਾਸਟਰ ਰਾਮ ਪ੍ਰਕਾਸ਼ ਨੇ ਦੱਸਿਆ ਕਿ 1 ਜੂਨ ਨੂੰ 1953 ਵਿੱਚ ਉਸ ਦਾ ਵਿਆਹ ਹੋਇਆ ਅਤੇ ਉਸ ਦੇ ਘਰ 3 ਪੁੱਤਰਾਂ ਅਤੇ ਇੱਕ ਬੇਟੀ ਦਾ ਜਨਮ ਹੋਇਆ।

### ਪਾਕਿਸਤਾਨ ਵਿੱਚ ਸਨ ਮੁਸਲਮਾਨਾਂ ਤੇ ਹਿੰਦੂਆਂ ਦੇ ਵੱਖ ਵੱਖ ਖੂਹ

ਲਮੇਰੀ ਉਮਰ ਦੇ ਮਾਲਕ ਮਾਸਟਰ ਰਾਮ ਪ੍ਰਕਾਸ਼ ਦੀ ਪਤਨੀ ਚੰਪਾ ਰਾਣੀ ਨੇ (91) ਨੇ ਦੱਸਿਆ ਕਿ ਉਸ ਦਾ ਜਨਮ ਪਾਕਿਸਤਾਨ ਦੇ ਨਾਮਵਾਰ ਕਸਬੇ ਸ਼ਕਰਗੜ੍ਹ ਵਿੱਚ ਪਿਤਾ ਪੂਰਨ ਚੰਦ ਦੇ ਘਰ ਹੋਇਆ ਸੀ। ਵੰਡ ਤੋਂ ਪਹਿਲ਼ਾਂ ਮੇਰੇ ਪਿਤਾ ਵੱਲੋਂ ਮੇਰੀਆਂ ਵੱਡੀਆਂ ਭੈਣਾਂ ਦੇ ਵਿਆਹ ਦੀ ਤਿਆਰੀ ਤੋਂ ਇਲਾਵਾ ਮੇਰਾ ਵੀ ਦਹੇਜ ਦਾ ਸਮਾਨ ਤਿਆਰ ਕਰਕੇ ਰੱਖਿਆ ਹੋਇਆ ਸੀ। ਭੈਣਾਂ ਨੇ ਦਾਜ ਵਿੱਚ ਦੇਣ ਵਾਲੇ ਚਰਖਿਆਂ 'ਤੇ ਕੌਡੀਆਂ ਅਤੇ ਹੋਰ ਸਜਾਵਟੀ ਚੀਜ਼ਾਂ ਲਗਾਈਆਂ ਸਨ ਅਤੇ ਵੰਡ ਹੋਣ ਉਪਰੰਤ ਉਨ੍ਹਾਂ ਦੇ ਪਿਤਾ ਨੇ ਗਵਾਂਢੀ ਮੁਸਲਮਾਨ ਦੇ ਦੋ ਕਮਰਿਆਂ ਵਿੱਚ ਸਮਾਨ ਰੱਖਿਆ ਸੀ। ਪਿਤਾ ਦਾ ਕਹਿਣਾ ਸੀ ਕਿ ਬਾਅਦ ਵਿੱਚ ਆ ਜਾਣਾ ਹੈ ਪਰ ਅਫ਼ਸੋਸ ਖਾਲੀ ਹੱਥ ਹੀ ਆਉਣਾ ਪਿਆ।ਮਾਤਾ ਚੰਪਾ ਰਾਣੀ ਨੇ ਦੱਸਿਆ ਕਿ ਵੰਡ ਤੋਂ ਪਹਿਲ਼ਾਂ ਉਹਨਾਂ ਦੇ ਪਿੰਡ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਅਲੱਗ ਅਲੱਗ ਪਾਣੀ ਪੀਣ ਵਾਲੇ ਖੂਹ ਸਨ। ਅਸੀਂ ਕਦੇ ਕਦਾਈ ਚੋਰੀ ਚੋਰੀ ਮੁਸਲਮਾਨਾਂ ਵਾਲੇ ਖੂਹ ਤੋਂ ਪਾਣੀ ਭਰਦੀਆਂ ਸਨ ਤਾਂ ਸਾਨੂੰ ਘਰੋਂ ਝਿੜਕਾਂ ਪੈਂਦੀਆਂ ਸਨ।

### ਮੁਸਲਮਾਨਾਂ ਨੇ ਪਹਿਲ਼ਾਂ ਵੱਢੀ ਸੀ ਹਿੰਦੂ ਸਿੱਖਾਂ ਦੀ ਗੱਡੀ

ਇਤਿਹਾਸਿਕ ਕਸਬਾ ਡੇਰਾ ਬਾਬਾ ਨਾਨਕ ਦੇ ਪਿੰਡ ਜੌੜੀਆਂ ਖੁਰਦ ਦੇ ਜੰਮਪਲ ਸੁਲੱਖਣ ਸਿੰਘ ਨੇ ਦੱਸਿਆ ਕਿ ਉਸ ਦਾ ਜਨਮ ਬਟਵਾਰੇ ਤੋਂ ਪਹਿਲ਼ਾਂ ਪਿਤਾ ਹਜ਼ਾਰਾ ਸਿੰਘ ਅਤੇ ਮਾਤਾ ਬਲਵੰਤ ਕੌਰ ਦੀ ਕੁੱਖੋਂ 1940 ਵਿੱਚ ਹੋਇਆ ਸੀ।ਉਹ ਪੰਜ ਭਰਾ ਤੇ ਚਾਰ ਭੈਣਾਂ ਸਨ।ਪਿੰਡ ਜੌੜੀਆਂ ਖੁਰਦ ਵਿੱਚ ਕੇਵਲ ਦੋ ਜੁਲਾਹਾ ਪਰਿਵਾਰ ਨਾਲ ਸੰਬੰਧਿਤ ਮੁਸਲਮਾਨ ਪਰਿਵਾਰ ਰਹਿੰਦੇ ਸਨ (ਬਾਕੀ ਸਫ਼ਾ 30 'ਤੇ)

# ਇਜ਼ਰਾਇਲ -ਇਰਾਨ ਅਤੇ ਰੂਸ-ਯੂਕਰੇਨ ਦੇ ਤਣਾਅ ਕਾਰਨ ਵਿਸ਼ਵ ਜੰਗ ਦੇ ਬੱਦਲ ਮੰਡਰਾਉਣ ਲੱਗੇ

## ਇਜ਼ਰਾਇਲ ਅਤੇ ਇਰਾਨ ਵਿਚਕਾਰ ਜੰਗ ਦੀ ਆਹਟ, ਅਮਰੀਕਾ ਨੇ ਵੀ ਖਿੱਚੀ ਤਿਆਰੀ

### ਅਮਰੀਕਾ ਮਿਡਲ ਈਸਟ ਵਿੱਚ ਤੇਜ਼ੀ ਨਾਲ ਭੇਜ ਰਿਹਾ ਹੈ ਹਥਿਆਰ

### ਯੂਕਰੇਨ ਦੇ ਹਮਲਿਆਂ ਤੋਂ ਪਰੇਸ਼ਾਨ ਰੂਸ ਨੇ ਤਿੱਖੇ ਹਮਲਿਆਂ ਦੀ ਚਿਤਾਵਨੀ ਦਿੱਤੀ






ਵਾਸ਼ਿੰਗਟਨ/ਏ.ਟੀ.ਨਿਊਜ਼ : ਇਜ਼ਰਾਇਲ -ਇਰਾਨ ਅਤੇ ਰੂਸ -ਯੂਕਰੇਨ ਦੇ ਤਣਾਅ ਕਾਰਨ ਵਿਸ਼ਵ ਜੰਗ ਦੇ ਬੱਦਲ ਮੰਡਰਾਉਣ ਲੱਗੇ ਹਨ।ਅਸਲ ਵਿੱਚ ਇਹ ਭੇੜ ਅਮਰੀਕਾ ਬਨਾਮ ਰੂਸ- ਚੀਨ ਵਿਚਾਲੇ ਸੰਸਾਰ ਦੀ ਸੁਪਰ ਤਾਕਤ ਬਣਨ ਦਾ ਭੇੜ ਹੈ। ਇਹ ਕਦਮ ਵਿਸ਼ਵ ਜੰਗ ਵੱਲ ਵਧ ਰਹੇ ਹਨ।

ਇਜ਼ਰਾਇਲ ਅਤੇ ਇਰਾਨ ਵਿਚਕਾਰ ਜੰਗ ਦੀ ਆਹਟ ਦੇ ਵਿਚਾਲੇ ਅਮਰੀਕਾ ਨੇ ਵੀ ਤਿਆਰੀ ਖਿੱਚ ਲਈ ਹੈ। ਅਮਰੀਕਾ ਮਿਡਲ ਈਸਟ ਵਿੱਚ ਤੇਜ਼ੀ ਨਾਲ ਹਥਿਆਰ ਭੇਜ ਰਿਹਾ ਹੈ।ਇਜ਼ਰਾਇਲ ਨੇ ਸੰਕੇਤ ਦਿੱਤਾ ਹੈ ਕਿ ਉਹ ਇਰਾਨ ਨੂੰ ਬਖਸ਼ਣ ਵਾਲਾ ਨਹੀਂ ਹੈ। ਇਜ਼ਰਾਇਲ ਦੇ ਇਰਾਨ ਨੂੰ ਸਬਕ ਸਿਖਾਉਣ ਦੇ ਇਰਾਦੇ ਵਿੱਚ ਅਮਰੀਕਾ ਵੀ ਸਾਥ ਦੇ ਰਿਹਾ ਹੈ।ਅਮਰੀਕਾ ਨੇ ਇੱਕ ਗਾਈਡਿਡ ਮਿਸਾਈਲ ਪਨਡੁਬੀ ਮਿਡਲ ਈਸਟ ਭੇਜੀ ਹੈ ਅਤੇ ਇੱਕ ਇੱਕ ਏਅਰਕ੍ਰਾਫਟ ਕੈਰੀਅਰ ਸਟ੍ਰਾਈਕ ਗਰੁੱਪ ਦੀ ਤੈਨਾਤੀ ਨੂੰ ਤੇਜ਼ ਕਰ ਰਿਹਾ ਹੈ।

**ਇਰਾਨ ਨੂੰ ਘੇਰਨ ਵਿੱਚ ਲੱਗੇ ਅਮਰੀਕਾ-ਇਜ਼ਰਾਇਲ**

ਹਮਾਸ ਅਤੇ ਹਿਜਬੁੱਲਾਹ ਦੇ ਮੈਂਬਰਾਂ ਦੀ ਹੱਤਿਆ ਦੇ ਬਾਅਦ ਇਜ਼ਰਾਇਲ ਨੇ ਇਰਾਨ ਅਤੇ ਉਸਦੇ ਸਮਰਥਕਾਂ ਨੂੰ ਚੁਣੌਤੀ ਦਿੱਤੀ ਹੈ। ਇਸ ਦੌਰਾਨ, ਪੈਂਟਾਗਨ ਨੇ ਪੁਸ਼ਟੀ ਕੀਤੀ ਸੀ ਕਿ ਡਿਫੈਂਸ ਸਕਰੇਟਰੀ ਲੌਇਡ ਆਸਟਿਨ ਨੇ ਯੂ.ਐਸ.ਐੱਸ. ਜਾਰਜੀਆ ਗਾਈਡਿਡ ਮਿਸਾਈਲ ਪਨਡੁਬੀ ਨੂੰ ਖੇਤਰ ਵਿੱਚ ਭੇਜਣ ਦਾ ਹੁਕਮ ਦਿੱਤਾ ਹੈ।ਉਨ੍ਹਾਂ ਨੇ ਯੂ.ਐਸ.ਐੱਸ. ਐਬ੍ਰਾਹਮ ਲਿੰਕਨ ਕੈਰੀਅਰ ਸਟ੍ਰਾਈਕ ਗਰੁੱਪ, ਜੋ ਕਿ 6-353 ਲੜਾਕੂ ਜੈੱਟ ਨਾਲ ਲੈਸ ਹੈ, ਨੂੰ ਖੇਤਰ ਵਿੱਚ ਤੇਜ਼ੀ ਨਾਲ ਪਹੁੰਚਣ ਦਾ ਹੁਕਮ ਦਿੱਤਾ ਹੈ।

**ਅਮਰੀਕਾ-ਇਜ਼ਰਾਈਲ ਦੀ ਗੱਲਬਾਤ**

ਇਹ ਹੁਕਮ ਅਤੇ ਪਨਡੁਬੀ ਦੀ ਤੈਨਾਤੀ ਦਾ ਜਨਤਕ ਐਲਾਨ ਬਹੁਤ ਹੀ ਹੈਰਾਨ ਕਰਨ ਵਾਲਾ ਹੈ। ਪੈਂਟਾਗਨ ਦੀ ਇੱਕ ਰਿਪੋਰਟ ਦੇ ਅਨੁਸਾਰ, ਆਸਟਿਨ ਨੇ ਆਪਣੇ ਇਜ਼ਰਾਇਲੀ ਸਹਿਯੋਗੀ ਯੋਵ ਗੈਲੈਂਟ ਨਾਲ ਇੱਕ ਕਾਲ ਵਿੱਚ ਵਾਸ਼ਿੰਗਟਨ ਦੀ ਆਪਣੇ ਸਹਿਯੋਗੀ ਦੀ ਰੱਖਿਆ ਲਈ ਹਰ ਸੰਭਵ ਕਦਮ ਚੁੱਕਣ ਦਾ ਵਾਅਦਾ ਦੋਹਰਾਇਆ। ਇਸ ਗੱਲਬਾਤ ਵਿੱਚ, ਗੈਲੈਂਟ ਨੇ ਇਰਾਨ ਅਤੇ ਉਸਦੇ ਖੇਤਰੀ ਸਮਰਥਕਾਂ ਵੱਲੋਂ ਉਭਰ ਰਹੇ ਖਤਰਿਆਂ ਦੇ ਸਾਹਮਣੇ ਇਜ਼ਰਾਇਲ ਡੀਫੈਂਸ ਫੋਰਸਦੀ ਤਿਆਰੀ ਅਤੇ ਸਮਰਥਾਵਾਂ ਦਾ ਵਿਸਤਾਰ ਨਾਲ ਵੇਰਵਾ ਦਿੱਤਾ।ਖੇਤਰ ਵਿੱਚ ਤੈਨਾਤ ਅਮਰੀਕੀ ਫੌਜੀ ਸਮਰਥਾਵਾਂ ਦੀ ਵਿਆਪਕ ਰੇਂਜ ਨਾਲ ਸੰਯੁਕਤ ਸੰਚਾਲਣ ਉੱਤੇ ਗੱਲਬਾਤ ਕੀਤੀ ਗਈ।

**ਇਰਾਨ ਨੇ ਵੀ ਦਿੱਤੀ ਹੈ ਧਮਕੀ**

ਇਹ ਕਦਮ ਉਸ ਵੇਲੇ ਚੁੱਕੇ ਗਏ ਜਦੋਂ ਇਹ ਡਰ ਵਧ ਗਿਆ ਕਿ ਇਰਾਨ ਜਲਦੀ ਹੀ ਹਮਾਸ ਦੇ ਸਿਆਸੀ ਨੇਤਾ ਇਸਮਾਈਲ ਹਨਿਆ ਦੀ ਹੱਤਿਆ ਦਾ ਜਵਾਬ ਦੇ ਸਕਦਾ ਹੈ, ਜਿਸਨੂੰ ਪਿਛਲੇ ਮਹੀਨੇ ਤੇਹਰਾਨ ਵਿੱਚ ਮਾਰ ਦਿੱਤਾ ਗਿਆ ਸੀ। ਹਨਿਆ ਇਰਾਨੀ ਰਾਸ਼ਟਰਪਤੀ ਮਸੂਦ ਮਸੂਦ ਪੇਜ਼ੇਸ਼ਕੀਅਨ ਦੇ ਉਦਘਾਟਨ ਸਮਾਰੋਹ ਵਿੱਚ ਹਿੱਸਾ ਲੈਣ ਤੋਂ ਬਾਅਦ ਮਾਰਿਆ ਗਿਆ ਸੀ।ਇਰਾਨ ਅਤੇ ਹਮਾਸ ਦੋਹਾਂ ਨੇ ਹੱਤਿਆ ਲਈ ਇਜ਼ਰਾਇਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

**ਹਨਿਆ ਦੀ ਹੱਤਿਆ ਦਾ ਬਦਲਾ ਲੈਣ ਦੀ ਕਸਮ**

ਇਰਾਨ ਦੇ ਸਰਵਉੱਚ ਲੀਡਰ ਆਯਤੁੱਲਾਹ ਅਲੀ ਖਾਮਨੇਈ ਨੇ ਹਨਿਆ ਦੀ ਹੱਤਿਆ ਲਈ 'ਕਠੋਰ ਸਜ਼ਾ' ਦੇਣ ਦੀ ਕਸਮ ਖਾਧੀ ਹੈ।ਜਿਸ ਦੇ ਬਾਅਦ, ਹਮਾਸ ਦੇ 7 ਅਕਤੂਬਰ ਦੇ ਆਤਮਘਾਤੀ ਹਮਲੇ ਦੇ ਕਥਿਤ ਮਾਸਟਰਮਾਈਂਡ ਯਾਹਿਆ ਸਿਨਵਾਰ ਨੂੰ ਸਮੂਹ ਦਾ ਸਿਆਸੀ ਨੇਤਾ ਨਿਯੁਕਤ ਕੀਤਾ ਗਿਆ। ਪਰ, ਇਹ ਸਪਸ਼ਟ ਨਹੀਂ ਹੈ ਕਿ ਇਰਾਨ ਕਿਸ ਤਰ੍ਹਾਂ ਨਾਲ ਜਵਾਬ ਦੇਵੇਗਾ।ਇਰਾਨ-ਸਮਰਥਿਤ ਲੇਬਨਾਨੀ ਖਾੜਕੂ ਸਮੂਹ ਹਿਜਬੁੱਲਾਹ ਨੇ ਵੀ ਬੇਰੂਤ ਵਿੱਚ ਸੀਨੀਅਰ ਕਮਾਂਡਰ ਫੁਆਦ ਸ਼ੁੱਕਰ ਦੀ ਹਤਿਆ ਦੇ ਬਦਲੇ ਦੀ ਕਸਮ ਖਾਧੀ ਹੈ, ਜੋ ਹਨਿਆ ਦੀ ਹੱਤਿਆ ਤੋਂ ਕੁਝ ਘੰਟੇ ਪਹਿਲਾਂ ਹੋਈ ਸੀ।

**ਇਨ੍ਹਾਂ ਪੁਆਇੰਟਾਂ ਵਿੱਚ ਸਮਝੋ ਕੀ ਕੁਝ ਹੋ ਸਕਦਾ**

ਹਮਾਸ ਅਤੇ ਹਿਜਬੁੱਲਾਹ ਦੇ ਨੇਤਾਵਾਂ ਦੀਆਂ ਹੱਤਿਆਵਾਂ ਦੇ ਬਾਅਦ, ਇਜ਼ਰਾਇਲ ਇਰਾਨ ਅਤੇ ਉਸਦੇ ਸਮਰਥਕਾਂ ਤੋਂ ਸੰਭਾਵਿਤ ਹਮਲਿਆਂ ਲਈ ਉੱਚ ਚੌਕਸੀ 'ਤੇ ਹੈ ਅਮਰੀਕਾ ਇੱਕ ਗਾਈਡਿਡ ਮਿਸਾਈਲ ਪਨਡੁਬੀ ਨੂੰ ਤੈਨਾਤ ਕਰ ਰਿਹਾ ਹੈ ਅਤੇ ਇਜ਼ਰਾਇਲ ਦੇ ਸਹਿਯੋਗ ਵਿੱਚ ਇੱਕ ਵਿਦੇਸ਼ੀ ਪੋਤ ਸਟ੍ਰਾਈਕ ਗਰੁੱਪ ਦੀ ਤੈਨਾਤੀ ਨੂੰ ਤੇਜ਼ੀ ਨਾਲ ਅੱਗੇ ਵਧਾ ਰਿਹਾ ਹੈ।

ਇਰਾਨ ਨੇ ਹਮਾਸ ਦੇ ਨੇਤਾ ਦੀ ਹਤਿਆ ਲਈ 'ਸਖ਼ਤ ਸਜ਼ਾ' ਦੇਣ ਦੀ ਕਸਮ ਖਾਧੀ ਹੈ ਅਤੇ ਫੌਜੀ ਅਭਿਆਸ ਸ਼ੁਰੂ ਕਰ ਦਿੱਤਾ ਹੈ, ਜਿਸ ਨਾਲ ਖੇਤਰੀ ਸੰਘਰਸ਼ ਦੀ ਸੰਭਾਵਨਾ ਬਾਰੇ ਚਿੰਤਾ ਵਧ ਗਈ ਹੈ।

ਵਧਦੇ ਤਣਾਅ ਵਿਚਾਲੇ ਅਮਰੀਕਾ ਵੀ ਇਜ਼ਰਾਇਲ ਅਤੇ ਹਮਾਸ ਦੇ ਵਿਚਕਾਰ ਜੰਗ ਰੁਕਣ ਤੱਕ ਪਹੁੰਚਣ ਅਤੇ ਬੰਧਕਾਂ ਦੀ ਰਿਹਾਈ ਯਕੀਨੀ ਬਣਾਉਣ ਦੀ ਅਪੀਲ ਕਰ ਰਿਹਾ ਹੈ। ਗਾਜਾ ਵਿੱਚ ਇੱਕ ਸਕੂਲ 'ਤੇ ਹਾਲ ਹੀ ਵਿੱਚ ਹੋਏ ਇਜ਼ਰਾਇਲੀ ਹਮਲੇ ਵਿੱਚ ਨਾਗਰਿਕਾਂ ਦੇ ਮਾਰੇ ਜਾਣ 'ਤੇ ਡੂੰਘੀ ਚਿੰਤਾ ਵੀ ਪ੍ਰਗਟ ਕੀਤੀ।

**ਯੂਕ੍ਰੇਨ ਦੇ ਹਮਲਿਆਂ ਤੋਂ ਪਰੇਸ਼ਾਨ ਪੁਤਿਨ**

ਯੂਕਰੇਨ ਦੇ ਕੁਰਸਕ ਖੇਤਰ 'ਤੇ ਕਬਜ਼ੇ ਤੋਂ ਬਾਅਦ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਗੁੱਸੇ ਵਿੱਚ ਹਨ। ਇਹ ਖਦਸ਼ਾ ਹੈ ਕਿ ਉਹ ਯੂਕਰੇਨ 'ਤੇ ਵੱਡੇ ਜਵਾਬੀ ਹਮਲੇ ਕਰ ਸਕਦੇ ਹਨ।ਯੂਕਰੇਨ ਨੇ ਕੁਰਸਕ ਨਾਮਕ ਰੂਸ ਦੇ ਇੱਕ ਮਹੱਤਵਪੂਰਨ ਖੇਤਰ 'ਤੇ ਹਮਲਾ ਕੀਤਾ ਅਤੇ ਲਗਭਗ 95 ਵਰਗ ਮੀਲ ਦੇ ਖੇਤਰ 'ਤੇ ਕਬਜ਼ਾ ਕਰ ਲਿਆ। ਇਸ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪਿਆ।

(ਬਾਕੀ ਸਫ਼ਾ 30 'ਤੇ)

# ਭਾਈ ਰਾਜੋਆਣਾ ਦੇ ਨਾਲ ਐਡਵੋਕੇਟ ਧਾਮੀ ਤੇ ਜਥੇਦਾਰ ਰਘਬੀਰ ਸਿੰਘ ਦੀ ਮਿਲਣੀ ਨੇ ਖੜੇ ਕੀਤੇ ਕਈ ਸਵਾਲ

**ਬਲਰਾਜ ਪੰਨੂੰ**





ਕੱਲ ਪਟਿਆਲਾ ਦੀ ਕੇਂਦਰੀ ਜੇਲ੍ਹ ਵਿੱਚ ਐਸ.ਜੀ.ਪੀ.ਸੀ. ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਭਾਈ ਰਾਜੋਆਣਾ ਨਾਲ ਮਿਲਣੀ ਕਾਫ਼ੀ ਚਰਚਾ ਦੇ ਵਿੱਚ ਹੈ। ਭਾਵੇਂਕਿ ਬਾਹਰ ਆ ਕੇ ਸਿੱਖ ਆਗੂਆਂ ਨੇ ਕਿਹਾ ਕਿ ਅਸੀਂ ਭਾਈ ਸਾਹਿਬ ਨੂੰ ਜਲ ਦੇਣ ਗਏ ਸੀ ਅਤੇ ਇਹ ਇੱਕ ਪਰਿਵਾਰਕ ਮੁਲਾਕਾਤ ਸੀ। ਇਸ ਮੁਲਾਕਾਤ ਦੇ ਕਈ ਮਾਇਨੇ ਨਿਕਲ ਰਹੇ ਨੇ। ਮਾਂ ਪਿਓ ਤੇ ਭੈਣ ਭਰਾ ਤੋਂ ਬਿਨਾਂ ਇਹ ਮੁਲਾਕਾਤ ਪਰਿਵਾਰਕ ਕਿਵੇਂ ਹੋ ਗਈ ? ਗਿਆਨੀ ਰਘਬੀਰ ਸਿੰਘ ਦਾ ਦੂਜੀ ਵਾਰ ਜੇਲ੍ਹ ਦੇ ਵਿੱਚ ਭਾਈ ਰਾਜੋਆਣਾ ਦੇ ਨਾਲ ਮੁਲਾਕਾਤ ਕਰਨਾ ਕਾਫ਼ੀ ਸਵਾਲ ਖੜੇ ਕਰਦਾ ਹੈ। ਭਾਈ ਰਾਜੋਆਣਾ ਨੂੰ ਜੇਲ੍ਹ ਵਿੱਚ ਬੰਦ ਹੋਇਆਂ 30 ਸਾਲ ਹੋਣ ਵਾਲੇ ਹਨ। ਤੇ 18 ਸਾਲ ਹੋ ਗਏ ਨੇ, ਉਹ ਫਾਂਸੀ ਦੀ ਚੱਕੀ ਦੇ ਅੰਦਰ ਹਨ।ਚੱਕੀ ਵਿੱਚ ਬੰਦ ਹੋਣਾ ਰੋਜ਼ ਮਰਨ ਵਾਲੀ ਗੱਲ ਹੁੰਦੀ ਹੈ। ਤੁਹਾਨੂੰ ਯਾਦ ਹੋਣੈ ਕਿ ਕੁਝ ਸਮੇਂ ਪਹਿਲਾਂ ਭਾਈ ਰਾਜੋਆਣਾ ਦੀ ਸਿਹਤ ਖਰਾਬ ਸੀ, ਸ਼੍ਰੋਮਣੀ ਕਮੇਟੀ ਨੇ ਉਸ ਸਮੇਂ ਰਾਸ਼ਟਰਪਤੀ ਨੂੰ ਪੱਤਰ ਲਿਖਿਆ ਸੀ ਕਿ ਉਹਨਾਂ ਨੂੰ ਪੈਰੋਲ ਦਿੱਤੀ ਜਾਵੇ ਪਰ ਉਸ ਪੱਤਰ ਦਾ ਜਵਾਬ ਕੋਈ ਨਹੀਂ ਸੀ ਆਇਆ। ਅਸਲ ਦੇ ਵਿੱਚ ਜੇਲ੍ਹ ਅੰਦਰ ਗੱਲਬਾਤ ਕੀ ਹੋਈ ਪਤਾ ਨਹੀਂ ਪਰ ਕਿਆਸ ਅਰਾਈਆਂ ਬੁੱਧੀਜੀਵੀ ਇਹ ਲਗਾ ਰਹੇ ਨੇ ਕਿ ਹਾਸ਼ੀਏ ਵਿੱਚ ਗਿਆ ਅਕਾਲੀ ਦਲ ਹੱਥ ਪੈਰ ਮਾਰ ਰਿਹਾ ਹੈ।ਇਸ ਵੇਲੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਦੀ ਚਰਚਾ ਅਕਾਲੀਆਂ ਨਾਲੋਂ ਕਿਤੇ ਵਧ ਹੈ, ਬੁੱਧੀਜੀਵੀ ਤਾਂ ਇਹ ਕਹਿ ਰਹੇ ਨੇ ਕਿ ਭਾਈ ਰਾਜੋਆਣੇ ਦੇ ਨਾਲ ਗੱਲਬਾਤ ਕਰਕੇ ਕਿਧਰੇ ਅਕਾਲੀ ਪਾਰਟੀ ਕੁਝ ਖੱਟਣਾ ਤਾਂ ਨਹੀਂ ਚਾਹੁੰਦੀ ਜਾਂ ਉਹਨਾਂ ਨੂੰ ਵਰਤਣ ਦੀ ਕੋਸ਼ਿਸ਼ ਤਾਂ ਨਹੀਂ ਕਰ ਰਹੀ ? ਅਸਲ ਵਿੱਚ ਅੰਮ੍ਰਿਤਪਾਲ ਦੀ ਜਿੱਤ ਪੰਥਕ ਜਿੱਤ ਹੀ ਨਹੀਂ, ਸਗੋਂ ਪੂਰੇ ਸਿਸਟਮ ਦੇ ਖ਼ਿਲਾਫ਼ ਜਿੱਤ ਸੀ।ਨਸ਼ੇ ਦੇ ਮੁੱਦੇ 'ਤੇ ਗੱਲ ਕਰਨੀ, ਨੌਜਵਾਨਾਂ ਨੂੰ ਲਾਮਬੰਦ ਕਰਨਾ, ਸਿੱਖੀ ਨਾਲ ਜੋੜਨ ਵਰਗੀਆਂ ਗੱਲਾਂ ਅਕਾਲੀਆਂ ਨੂੰ ਖੁੱਡੇ ਲਗਾ ਗਈਆਂ।ਹੁਣ ਵੀ ਗਿੱਦੜਬਾਹੇ ਦੀ ਜਿੱਤ ਸੁਖਬੀਰ ਬਾਦਲ ਦੀ ਮੁੱਛ ਦਾ ਸਵਾਲ ਬਣਿਆ ਹੋਇਆ ਹੈ।ਹੋ ਸਕਦਾ ਹੈ ਕਿ ਕੱਲ ਦੀ ਮਿਲਣੀ ਦੇ ਵਿੱਚ ਸ਼੍ਰੋਮਣੀ ਕਮੇਟੀ ਦੀ ਚੋਣ ਬਾਰੇ ਵੀ ਗੱਲ ਹੋਈ ਹੋਵੇ।ਖ਼ਬਰਾਂ ਤਾਂ ਇਹ ਵੀ ਆ ਰਹੀਆਂ ਨੇ ਕਿ ਜਗਤਾਰ ਸਿੰਘ ਹਵਾਰਾ ਦੇ ਪਿਤਾ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਲਈ ਗਵਰਨਰ ਦੇ ਨਾਲ ਮੁਲਾਕਾਤ ਵੀ ਕੀਤੀ ਹੈ।

2019 ਦੇ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਅਸੀਂ ਬੰਦੀ ਸਿੰਘਾਂ ਨੂੰ ਰਿਹਾਅ ਕਰਾਂਗੇ ਤੇ ਅਸੀਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ ਪਰ ਰਿਹਾਅ ਕੋਈ ਸਿੰਘ ਨਹੀਂ ਕੀਤਾ ਗਿਆ।ਨੋਟੀਫਿਕੇਸ਼ਨ ਰੱਦ ਕਰ ਦਿੱਤਾ। ਕੀ ਕੋਈ ਗਵਰਨਰ ਇਹੋ ਜਿਹੇ ਮਸਲੇ 'ਤੇ ਰਸਤਾ ਲੱਭ ਸਕਦਾ ਹੈ ? ਵੈਸੇ ਗੁਲਾਬ ਚੰਦ ਕਟਾਰੀਆ ਘਾਗ ਸਿਆਸਤਦਾਨ ਨੇ, ਐਮ.ਪੀ. ਰਹੇ ਨੇ, ਵਿਰੋਧੀ ਧਿਰ ਦੇ ਨੇਤਾ ਰਹੇ ਨੇ, 8 ਵਾਰ ਐਮ.ਐਲ.ਏ. ਵੀ ਰਹੇ ਨੇ। ਰਸਤਾ ਲੱਭ ਸਕਦੇ ਨੇ। ਤੁਹਾਨੂੰ ਯਾਦ ਹੋਣੈ ਜਦੋਂ ਰਾਜੀਵ ਲੌਂਗੋਵਾਲ ਸਮਝੌਤਾ ਹੋਇਆ ਸੀ ਤਾਂ ਉਸ ਸਮੇਂ ਪੰਜਾਬ ਦੇ ਗਵਰਨਰ ਅਰਜਨ ਸਿੰਘ ਨੇ ਇਹ ਸਮਝੌਤਾ ਕਰਵਾਇਆ ਸੀ ਤੇ ਬਦਲੇ ਵਿੱਚ ਉਹਨਾਂ ਨੂੰ ਇਨਾਮ ਵੀ ਮਿਲੇ ਸੀ। ਸੋ ਸਰਕਾਰ ਨੂੰ ਗੁਲਾਬ ਚੰਦ ਕਟਾਰੀਆ ਚਾਹੁਣ ਤਾਂ ਮਨਾਉਣ ਵਿੱਚ ਕਾਮਯਾਬ ਹੋ ਸਕਦੇ ਨੇ।

"ਦੇਸ਼ ਦੇ ਗ੍ਰਹਿ ਮੰਤਰੀ ਸ਼੍ਰੋਮਣੀ ਕਮੇਟੀ ਨੂੰ ਮੁਲਾਕਾਤ ਦਾ ਸਮਾਂ ਨਹੀਂ ਦੇ ਰਹੇ, ਤਾਂ ਸਾਨੂੰ ਕੁਝ ਹੋਰ ਸੋਚਣਾ ਪਵੇਗਾ।" ਭਾਈ ਰਾਜੋਆਣੇ ਦੇ ਨਾਲ ਮੁਲਾਕਾਤ ਤੋਂ ਬਾਅਦ ਸਿੱਖ ਆਗੂਆਂ ਨੇ ਇਹ ਗੱਲ ਕਹੀ।ਇਸ ਗੱਲ ਦੇ ਵਿੱਚ ਨਾਰਾਜ਼ਗੀ ਵੀ ਹੈ ਤੇ ਬੇਬਸੀ ਵੀ ਹੈ। ਇਸ ਤੋਂ ਪਹਿਲਾਂ ਬੰਦੀ ਸਿੰਘਾਂ ਦੀ ਰਿਹਾਈ ਦੇ ਮਸਲੇ ਦੇ ਵਿੱਚ ਪੱਚੀ ਲੱਖ ਦਸਤਖ਼ਤ ਵੀ ਕਰਵਾਏ ਗਏ ਸੀ।ਇੱਕ ਐਕਸ਼ਨ ਉਲੀਕਿਆ ਗਿਆ ਸੀ ਕਿ ਦਸਤਖ਼ਤਾਂ ਵਾਲੇ ਲਿਫ਼ਾਫ਼ੇ ਸਿਰਾਂ 'ਤੇ ਰੱਖ ਕੇ ਰਾਸ਼ਟਰਪਤੀ ਭਵਨ ਜਾਵਾਂਗੇ ਪਰ ਉਹ ਪ੍ਰੋਗਰਾਮ ਐਨ ਮੌਕੇ 'ਤੇ ਰੱਦ ਹੋ ਗਿਆ ਤੇ ਫਿਰ ਇੱਕ ਕਮੇਟੀ ਬਣ ਗਈ। ਹੋ ਸਕਦੈ ਕਿ ਫਿਰ ਉਵੇਂ ਦਾ ਐਕਸ਼ਨ ਪ੍ਰੋਗਰਾਮ ਉਲੀਕਿਆ ਜਾਵੇ ।ਸਵਾਲ ਇਹ ਵੀ ਹੈ ਕਿ ਕੇਂਦਰ ਨਾਲ ਲੜਾਈ ਵਿੱਢਣ ਦੀ ਤਾਕਤ ਹੁਣ ਅਕਾਲੀ ਦਲ ਦੇ ਵਿੱਚ ਜਾਂ ਕਿਸੇ ਪੰਥਕ ਸੰਸਥਾ ਦੇ ਵਿੱਚ ਹੈ ? ਇਸ ਸਮੇਂ ਸਥਿਤੀ ਇਵੇਂ ਦੀ ਬਣੀ ਹੋਈ ਹੈ ਕਿ ਚੁਆਇਸ ਨਾ ਭਾਈ ਰਾਜੋਆਣਾ ਕੋਲ ਹੈ ਤੇ ਨਾ ਹੀ ਐਸ.ਜੀ.ਪੀ.ਸੀ. ਦੇ ਕੋਲ ਹੈ।

ਦੁੱਖ ਹੁੰਦਾ ਹੈ ਕਿ ਇੱਕ ਪਾਸੇ ਕਾਤਲ, ਬਲਾਤਕਾਰੀ ਖੁੱਲ੍ਹੇਆਮ ਜੇਲ੍ਹ ਵਿਚੋਂ ਬਾਹਰ ਆ ਰਹੇ ਨੇ, ਫਿਰ ਪੰਜਾਬ ਦੇ ਨਾਲ ਵਿਤਕਰਾ ਕਿਉਂ ? ਪੰਜਾਬ ਲਈ ਕਾਨੂੰਨ ਸਖ਼ਤ ਕਿਉਂ ਨੇ ? ਕੀ ਰਾਮ ਰਹੀਮ ਸਰਕਾਰਾਂ ਲਈ ਸ਼ਰੀਫ਼ ਬੰਦਾ ਹੋ ਗਿਆ ? ਰਾਮ ਰਹੀਮ ਦੇ ਨਾਲ ਬੰਦੀ ਸਿੰਘਾਂ ਦੇ ਬਾਰੇ ਵਿੱਚ ਗੱਲ ਕਰਨੀ ਚੰਗੀ ਤਾਂ ਨਹੀਂ ਲੱਗਦੀ ਪਰ ਇਨਸਾਫ਼ ਦੀ ਤਕੜੀ ਦਾ ਬੇਈਮਾਨ ਛਾਬਾ ਜਦੋਂ ਭਾਰਾ ਲੱਗੇ ਤਾਂ ਹੋਰ ਕੋਈ ਰਸਤਾ ਨਹੀਂ ਰਹਿੰਦਾ।ਹਾਲੇ ਵੀ ਲੋਕ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਦੇ ਵਿੱਚ ਹੁੰਮ ਹੁਮਾ ਕੇ ਇਕੱਠੇ ਹੋ ਸਕਦੇ ਹਨ ਪਰ ਉਨ੍ਹਾਂ ਨੂੰ ਕੋਈ ਭਰੋਸੇਮੰਦ ਧਿਰ ਨਜ਼ਰ ਨਹੀਂ ਪੈਂਦੀ। ਲੋਕਾਂ ਦੇ ਵਿੱਚ ਧਾਰਨਾ ਬਣ ਗਈ ਹੈ ਕਿ ਜੇ ਅਕਾਲੀ ਪਹਿਲਾਂ ਵਾਂਗ ਫੇਰ ਪਿਛਾਂਹ ਹੱਟ ਗਏ ਤਾਂ ? ਅਕਾਲੀ ਪਾਰਟੀ ਨੂੰ ਭਰੋਸਾ ਕਾਇਮ ਕਰਨਾ ਪਵੇਗਾ ਕਿਉਂਕਿ ਮਨੋ ਤੇ ਸੰਕਲਪੋਂ ਹਾਰੇ ਬੰਦਿਆਂ ਦੇ ਪਿੱਛੇ ਲੋਕਾਂ ਦੀ ਧਾੜ ਨਹੀਂ ਲੱਗਦੀ। ਬੰਦੀ ਸਿੰਘਾਂ ਦੀ ਰਿਹਾਈ ਲਈ ਹਾਕਮ ਸਰਕਾਰ ਵੱਲੋਂ ਟਾਲ ਮਟੋਲ ਕਰਨਾ ਦੁਨੀਆਂ ਦੇ ਇਤਿਹਾਸ ਦੇ ਵਿੱਚ ਇਹ ਸਭ ਤੋਂ ਵੱਡੀ ਮਨੁੱਖੀ ਅਧਿਕਾਰਾਂ ਦੀ ਦੁਰਵਰਤੋਂ ਹੈ।

# ਅਮਰੀਕੀਆਂ ਲਈ ਨਵੰਬਰ ਵਿੱਚ ਟਰੰਪ ਨੂੰ ਹਰਾਉਣਾ ਸਭ ਤੋਂ ਮਹੱਤਵਪੂਰਨ: ਬਾਇਡਨ

## ਜੇਕਰ ਟਰੰਪ ਹਾਰ ਗਿਆ ਤਾਂ ਉਸ ਲਈ ਹਾਰ ਪਚਾਉਣੀ ਮੁਸ਼ਕਿਲ ਹੋ ਜਾਵੇਗੀ

ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਰਾਸ਼ਟਰਪਤੀ ਜੋ ਬਾਇਡਨ ਨੇ ਇੱਕ ਪੱਤਰਕਾਰ ਨਾਲ ਤਾਜ਼ਾ ਮੁਲਾਕਾਤ ਵਿੱਚ ਕਿਹਾ ਹੈ ਕਿ ਇਸ ਸਾਲ ਨਵੰਬਰ ਵਿੱਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਹਰਾਉਣਾ ਸਭ ਤੋਂ ਅਹਿਮ ਹੋਵੇਗਾ। ਉਨ੍ਹਾਂ ਕਿਹਾ ਕਿ ਟਰੰਪ ਦਾ ਹਾਰਨਾ ਅਮਰੀਕਾ ਤੇ ਅਮਰੀਕੀ ਲੋਕਾਂ ਦੇ ਹਿੱਤ ਵਿੱਚ ਹੋਵੇਗਾ। ਸੀ ਬੀ ਐਸ ਦੇ ਮੁੱਖ ਚੋਣ ਪੱਤਰਕਾਰ ਰਾਬਰਟ ਕੋਸਟਾ ਨਾਲ ਗੱਲਬਾਤ ਕਰਦਿਆਂ ਬਾਇਡਨ ਨੇ ਕਿਹਾ ਕਿ ਜਦੋਂ ਉਹ 2020 ਵਿੱਚ ਚੋਣ ਲੜੇ ਸਨ ਤਾਂ ਉਹ ਆਪਣੇ ਆਪ ਨੂੰ ਇਕ ਬਦਲਵੇਂ ਰਾਸ਼ਟਰਪਤੀ ਵਜੋਂ ਵੇਖਦੇ ਸਨ। 81 ਸਾਲਾ ਬਾਇਡਨ ਨੇ



ਹੋਰ ਕਿਹਾ ਮੈਂ ਨਹੀਂ ਕਹਿ ਸਕਦਾ ਮੈ ਕਿੰਨਾ ਬੁੱਢਾ ਹੋ ਗਿਆ ਹਾਂ, ਇਹ ਕਹਿਣਾ ਮੇਰੇ ਲਈ ਬਹੁਤ ਮੁਸ਼ਕਿਲ ਹੈ, ਹਾਲਾਂ ਕਿ ਰਾਸ਼ਟਰਪਤੀ ਹੋਣਾ ਇੱਕ ਬਹੁਤ ਮਾਣ ਵਾਲੀ ਗੱਲ ਹੈ, ਮੈ ਜੋ ਕੁਝ ਕੀਤਾ ਹੈ, ਮੇਰਾ ਵਿਚਾਰ ਹੈ ਕਿ ਉਹ ਮੇਰੀ ਜਿੰਮੇਵਾਰੀ ਹੈ, ਤੁਸੀਂ ਸਭ ਤੋਂ ਵਧ ਮਹੱਤਵਪੂਰਨ ਚੀਜ਼ ਜੋ ਕਰ ਸਕਦੇ ਹੋ ਉਹ ਹੈ ਹਰ ਹਾਲਤ ਵਿੱਚ ਟਰੰਪ ਨੂੰ ਹਰਾਉਣਾ। ਬਾਇਡਨ ਦਾ ਇਹ ਤਾਜ਼ਾ ਬਿਆਨ ਪਿਛਲੇ ਮਹੀਨੇ ਡੈਮੋਕਰੈਟਿਕ ਸਾਂਸਦਾਂ, ਫੰਡ ਦੇਣ ਵਾਲਿਆਂ ਤੇ ਪਾਰਟੀ ਵਿਚਲੇ ਹੋਰ ਆਗੂਆਂ ਵੱਲੋਂ ਉਨਾਂ ਦੀ ਉਮਰ ਨੂੰ ਲੈ ਕੇ ਪ੍ਰਗਟਾਏ ਤੌਖਲੇ ਤੇ ਵਧੇ ਦਬਾਅ ਦਰਮਿਆਨ ਪਿਛਲੇ ਮਹੀਨੇ ਚੋਣ ਮੈਦਾਨ ਵਿਚੋਂ ਹਟਣ ਉਪਰੰਤ ਪਹਿਲੀ ਵਾਰ ਆਇਆ ਹੈ। ਉਨ੍ਹਾਂ ਦੇ ਚੋਣ ਮੈਦਾਨ ਵਿਚੋਂ ਹਟਣ ਉਪਰੰਤ ਤੁਰੰਤ ਡੈਮੋਕਰੈਟਿਕ ਪਾਰਟੀ ਨੇ ਰਾਸ਼ਟਰਪਤੀ ਉਮੀਦਵਾਰ ਵਜੋਂ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਨਾਂ ਉਪਰ ਮੋਹਰ ਲਾ ਦਿੱਤੀ ਸੀ। ਕਮਲਾ ਹੈਰਿਸ ਨੂੰ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ। ਬੀਤੇ ਸ਼ਨਿੱਚਰਵਾਰ ਜਾਰੀ ਇੱਕ ਤਾਜ਼ਾ ਸਰਵੇਖਣ ਅਨੁਸਾਰ 3 ਅਹਿਮ ਰਾਜਾਂ ਵਿੱਚ ਟਰੰਪ ਨਾਲੋਂ ਹੈਰਿਸ ਅੱਗੇ ਹੈ। ਮੁਲਾਕਾਤ ਦੌਰਾਨ ਬਾਇਡਨ ਨੇ ਹੋਰ ਕਿਹਾ ਕਿ ਉਸ ਨੂੰ ਭਰੋਸਾ ਨਹੀਂ ਹੈ ਕਿ ਟਰੰਪ ਦੇ ਹਾਰ ਜਾਣ ਦੀ ਸਥਿੱਤੀ ਵਿੱਚ ਉਹ

(**ਬਾਕੀ ਸਫ਼ਾ 31 'ਤੇ**)

### ਮੁੜ ਵਾਲ-ਵਾਲ ਬਚੇ ਡੋਨਾਲਡ ਟਰੰਪ

## ਮੋਂਟਾਨਾ 'ਚ ਕੀਤੀ ਜਹਾਜ਼ ਦੀ ਐਮਰਜੈਂਸੀ ਲੈਂਡਿੰਗ

ਨਿਊਯਾਰਕ/ਏ.ਟੀ.ਨਿਊਜ਼ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਜਹਾਜ਼ ਪਿਛਲੇ ਦਿਨੀਂ ਖ਼ਰਾਬ ਹੋ ਗਿਆ, ਜਿਸ ਕਾਰਨ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਹਾਲਾਂਕਿ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਟਰੰਪ ਵਾਲ-ਵਾਲ ਬਚ ਗਏ। ਇਹ ਘਟਨਾ ਉਦੋਂ ਵਾਪਰੀ ਜਦੋਂ ਟਰੰਪ ਇੱਕ ਰੈਲੀ ਲਈ ਮੋਂਟਾਨਾ ਜਾ ਰਹੇ ਸਨ।

ਹਵਾਈ ਅੱਡੇ ਦੇ ਤਕਨੀਕੀ ਅਮਲੇ ਮੁਤਾਬਕ ਟਰੰਪ ਦੇ ਜਹਾਜ਼ ਵਿੱਚ ਤਕਨੀਕੀ ਖ਼ਰਾਬੀ ਆ ਗਈ ਸੀ, ਜਿਸ ਕਾਰਨ ਉਨ੍ਹਾਂ ਦੇ ਜਹਾਜ਼ ਨੂੰ ਰੌਕੀ ਪਹਾੜ ਦੇ ਦੂਜੇ ਪਾਸੇ ਹਵਾਈ ਅੱਡੇ 'ਤੇ ਉਤਾਰਿਆ ਗਿਆ ਸੀ। ਬਿਲਿੰਗਸ ਲੋਗਨ ਇੰਟਰਨੈਸ਼ਨਲ ਏਅਰਪੋਰਟ ਦੀ ਅਧਿਕਾਰੀ ਜੇਨੀ ਮੋਕੇਲ ਨੇ ਦਸਿਆ ਕਿ ਟਰੰਪ ਦਾ ਜਹਾਜ਼ ਬੋਜ਼ਮੈਨ, ਮੋਂਟਾਨਾ ਜਾ ਰਿਹਾ ਸੀ। ਉਹ ਆਪਣੇ ਪ੍ਰਾਈਵੇਟ ਜੈਟ ਵਿੱਚ ਬੋਜ਼ਮੈਨ ਜਾ ਰਿਹਾ ਸੀ।

### ਇੱਕ ਛੋਟੇ ਅਖ਼ਬਾਰ ਉੱਪਰ ਛਾਪੇਮਾਰੀ ਦਾ ਮਾਮਲਾ

## ਅਮਰੀਕਾ ਦੇ ਕੰਸਾਸ ਰਾਜ ਦੇ ਪੁਲਿਸ ਮੁਖੀ ਵਿਰੁੱਧ ਹੋਣਗੇ ਅਪਰਾਧਿਕ ਦੋਸ਼ ਆਇਦ

ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਪਿਛਲੇ ਸਾਲ ਇੱਕ ਮਾਮਲੇ ਦੀ ਜਾਂਚ ਸਬੰਧੀ ਅਮਰੀਕਾ ਦੇ ਕੰਸਾਸ ਰਾਜ ਦੇ ਇੱਕ ਛੋਟੇ ਅਖਬਾਰ 'ਤੇ ਛਾਪਾ ਮਾਰਨ ਦੇ ਮਾਮਲੇ ਵਿੱਚ ਰਾਜ ਦੇ ਪੁਲਿਸ ਮੁਖੀ ਨੂੰ ਨਿਆਇਕ ਪ੍ਰਕ੍ਰਿਆ ਵਿੱਚ ਦਖਲ ਅੰਦਾਜ਼ੀ ਕਰਨ ਦੇ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਇਹ ਐਲਾਨ ਵਿਸ਼ੇਸ਼ ਸਰਕਾਰੀ ਅਧਿਕਾਰੀਆਂ ਨੇ ਕੀਤਾ ਹੈ। ਸੈਜਵਿਕ ਕਾਊਂਟੀ ਡਿਸਟ੍ਰਿਕਟ ਅਟਾਰਨੀ ਮਾਰਕ ਬੈਨੇਟ ਤੇ ਰਿਲੀ ਕਾਊਂਟੀ ਅਟਾਰਨੀ ਬੈਰੀ ਵਿਲਕਰਸਨ ਦੀ 124 ਸਫਿਆਂ 'ਤੇ ਅਧਾਰਿਤ ਰਿਪੋਰਟ ਅਨੁਸਾਰ ਪੁਲਿਸ ਮੁਖੀ ਗਿਡਨ ਕੋਡੀ ਵਿਰੁੱਧ ਮੈਰੀਅਨ ਕਾਊਂਟੀ ਡਿਸਟ੍ਰਿਕਟ ਕੋਰਟ ਵਿੱਚ ਦੋਸ਼ ਆਇਦ ਹੋਣਗੇ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸਤਗਾਸਾ ਪੱਖ ਅਨੁਸਾਰ ਸੰਭਾਵੀ ਤੌਰ 'ਤੇ ਕੋਡੀ ਨੇ ਜਾਣੇ ਅਣਜਾਣੇ ਵਿੱਚ ਨਿਆਂ ਵਿੱਚ ਰੁਕਾਵਟ ਪਾ ਕੇ ਅਪਰਾਧ ਕੀਤਾ ਹੈ। ਇਸਤਗਾਸਾ ਪੱਖ ਨੇ ਲਾਏ ਜਾਣੇ ਵਾਲੇ ਦੋਸ਼ਾਂ ਬਾਰੇ ਸਪੱਸ਼ਟ ਤੌਰ 'ਤੇ ਕੁਝ ਨਹੀਂ ਕਿਹਾ ਪਰੰਤੂ ਏਨਾ ਜ਼ਰੂਰ ਕਿਹਾ ਹੈ ਕਿ ਇਹ ਦੋਸ਼ ਛਾਪੇ ਤੋਂ ਬਾਅਦ ਸਥਾਨਕ ਰੈਸਟੋਰੈਂਟ ਮਾਲਕ ਕਾਰੀ ਨਿਵੈਲ ਤੇ ਕੋਡੀ ਵਿਚਾਲੇ ਹੋਏ ਲਿਖਤੀ ਸ਼ਬਦੀ ਵਟਾਂਦਰੇ ਨਾਲ ਸਬੰਧਿਤ ਹੈ। ਇਥੇ ਜ਼ਿਕਰਯੋਗ ਹੈ ਕਿ ਛਾਪੇ ਤੋਂ ਬਾਅਦ ਕੋਡੀ ਨੇ ਮੈਰੀਅਨ ਪੁਲਿਸ ਵਿਭਾਗ ਤੋਂ ਅਸਤੀਫਾ ਦੇ ਦਿੱਤਾ ਸੀ। ਰਿਪੋਰਟ ਵਿੱਚ ਵਿਸਥਾਰ ਨਾਲ ਦਸਿਆ ਗਿਆ ਹੈ ਕਿ ਮੈਰੀਅਨ ਕਾਊਂਟੀ ਰਿਕਾਰਡ ਦਾ ਦਫਤਰ ਜੋ ਪ੍ਰਕਾਸ਼ਕ ਏਰਿਕ ਮੇਯਰ ਤੇ ਸਥਾਨਕ ਔਰਤ ਕੌਂਸਲ ਮੈਂਬਰ ਦਾ ਘਰ ਹੈ, ਵਿਖੇ ਅਗਸਤ 2023 ਵਿੱਚ ਮਾਰੇ ਛਾਪੇ ਤੋਂ ਪਹਿਲਾਂ ਤੇ ਛਾਪੇ ਦੌਰਾਨ ਕੀ ਕੁਝ ਹੋਇਆ।

ਛਾਪੇ ਸਮੇ ਮੈਰੀਅਨ ਕਾਊਂਟੀ ਸ਼ੈਰਿਫ ਦਫਤਰ ਨੇ ਕਿਹਾ ਸੀ ਕਿ ਇਹ ਛਾਪਾ ਪਛਾਣ ਚੋਰੀ ਤੇ ਕੰਪਿਊਟਰਾਂ ਨਾਲ ਸਬੰਧਿਤ ਗੈਰ ਕਾਨੂੰਨੀ ਸਰਗਰਮੀਆਂ ਦੀ ਜਾਂਚ ਸਬੰਧੀ ਮਾਰਿਆ ਗਿਆ ਹੈ ਜੋ ਜਾਂਚ ਇਸ ਵਿਸ਼ਵਾਸ਼ 'ਤੇ ਅਧਾਰਤ ਹੈ ਕਿ ਰਿਪੋਰਟਰ ਨੇ ਨਿਵੈਲ ਬਾਰੇ ਅਖਬਾਰ ਵਿੱਚ ਰਿਪੋਰਟ ਛਾਪਣ ਤੋਂ ਪਹਿਲਾਂ ਗੈਰ ਕਾਨੂੰਨੀ ਢੰਗ ਨਾਲ ਉਸ ਦਾ ਡਰਾਈਵਿੰਗ ਰਿਕਾਰਡ ਲੈ ਲਿਆ ਸੀ। ਇਸ ਛਾਪੇ ਦੀ ਵੱਡੀ ਪੱਧਰ 'ਤੇ ਹੋਈ ਅਲੋਚਨਾ ਤੋਂ ਬਾਅਦ ਇੱਕ ਹਫਤੇ ਬਾਅਦ ਹੀ ਮੈਰੀਅਨ ਕਾਊਂਟੀ ਵਕੀਲ ਜੋਏਲ ਐਨਸੇ ਨੇ ਤਲਾਸ਼ੀ ਵਾਰੰਟ ਵਾਪਿਸ ਲੈ ਲਏ ਸਨ ਤੇ ਅਧਿਕਾਰੀਆਂ ਨੂੰ ਕਿਹਾ ਸੀ ਕਿ ਛਾਪੇ ਦੌਰਾਨ ਜ਼ਬਤ ਕੀਤਾ ਸਮਾਨ ਵਾਪਿਸ ਕਰ ਦਿੱਤਾ ਜਾਵੇ।

# ਹੁਣ ਦੁਨੀਆਂ ਨੂੰ ਮੌਂਕੀਪੌਂਕਸ ਵਾਇਰਸ ਤੋਂ ਖ਼ਤਰਾ !

## ਵਿਸ਼ਵ ਸਿਹਤ ਸੰਗਠਨ ਨੇ ਬੁਲਾਈ ਹੰਗਾਮੀ ਮੀਟਿੰਗ

ਵਾਸ਼ਿੰਗਟਨ/ਏ.ਟੀ.ਨਿਊਜ਼ : ਵਿਸ਼ਵ ਸਿਹਤ ਸੰਗਠਨ ਨੇ ਮੌਂਕੀਪੌਂਕਸ ਬਾਰੇ ਚਿੰਤਾ ਪ੍ਰਗਟਾਈ ਹੈ। ਕਾਰਨ ਇਹ ਹੈ ਕਿ ਇਸ ਦਾ ਨਵਾਂ ਸਟ੍ਰੇਨ ਅਫਰੀਕਾ ਵਿੱਚ ਸਾਹਮਣੇ ਆਇਆ ਹੈ ਜਿਸ ਨਾਲ ਪੂਰੀ ਦੁਨੀਆਂ ਵਿੱਚ ਮਹਾਂਮਾਰੀ ਫੈਲਣ ਦੀ ਸੰਭਾਵਨਾ ਹੈ। ਇਸ ਖਤਰੇ ਦੇ ਮੱਦੇਨਜ਼ਰ ਵਿਸ਼ਵ ਸਿਹਤ ਸੰਗਠਨ ਨੂੰ ਵੀ ਐਮਰਜੈਂਸੀ ਮੀਟਿੰਗ ਬੁਲਾਉਣੀ ਪਈ। ਇਸ ਨਵੀਂ ਸਟ੍ਰੇਨ ਨੂੰ ਕਾਫੀ ਖਤਰਨਾਕ ਦੱਸਿਆ ਜਾ ਰਿਹਾ ਹੈ।

ਤੁਹਾਨੂੰ ਦੱਸ ਦੇਈਏ ਕਿ ਮੌਂਕੀਪੌਂਕਸ ਵਾਇਰਸ ਦੇ ਇਸ ਨਵੇਂ ਸਟ੍ਰੇਨ ਦੀ ਖੋਜ ਇਸ ਸਾਲ ਅਪ੍ਰੈਲ ਵਿੱਚ ਡੈਮੋਕ੍ਰੇਟਿਕ ਰੀਪਬਲਿਕ ਆਫ ਕਾਂਗੋ ਵਿੱਚ ਹੋਈ ਸੀ। ਇਹ ਵਾਇਰਸ ਸੰਕਰਮਿਤ 10 ਵਿੱਚੋਂ 1 ਵਿਅਕਤੀ ਨੂੰ ਮਾਰਨ ਦੀ ਸਮਰੱਥਾ ਰੱਖਦਾ ਹੈ। ਹੁਣ ਇਹ ਵਾਇਰਸ ਕਾਂਗੋ ਤੋਂ ਬਾਹਰ ਵੀ ਫੈਲਣਾ ਸ਼ੁਰੂ ਹੋ ਗਿਆ ਹੈ। ਅਜਿਹੇ ਵਿੱਚ ਵਿਸ਼ਵ ਸਿਹਤ ਸੰਗਠਨ ਨੂੰ ਚਿੰਤਾ ਹੈ ਕਿ ਜੇਕਰ ਇਹ ਨਵਾਂ ਸਟ੍ਰੇਨ ਅਫਰੀਕਾ ਤੋਂ ਨਿਕਲਦਾ ਹੈ ਤਾਂ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਇਸ ਦੇ ਫੈਲਣ ਦੀ ਸੰਭਾਵਨਾ ਵਧ ਜਾਵੇਗੀ।

**ਕੀ ਹੈ ਮੌਂਕੀਪੌਂਕਸ ?**

ਮੌਂਕੀਪੌਂਕਸ ਮਨੁੱਖਾਂ ਵਿੱਚ ਚੇਚਕ ਵਰਗੀ ਇੱਕ ਵਾਇਰਲ ਲਾਗ ਹੈ। ਇਹ ਪਹਿਲੀ ਵਾਰ 1958 ਵਿੱਚ ਖੋਜ ਲਈ ਰੱਖੇ ਗਏ ਬਾਂਦਰਾਂ ਵਿੱਚ ਪਾਇਆ ਗਿਆ ਸੀ। ਇਸੇ ਕਰਕੇ ਇਸਨੂੰ ਮੌਂਕੀਪੌਂਕਸ ਕਿਹਾ ਜਾਂਦਾ ਸੀ। ਮਨੁੱਖਾਂ ਵਿੱਚ ਮੌਂਕੀਪੌਂਕਸ ਦੀ ਲਾਗ ਦਾ ਪਹਿਲਾ ਕੇਸ 1970 ਵਿੱਚ ਦਰਜ ਕੀਤਾ ਗਿਆ ਸੀ। ਇਹ ਬਿਮਾਰੀ ਮੁੱਖ ਤੌਰ 'ਤੇ ਮੱਧ ਅਤੇ ਪੱਛਮੀ ਅਫ਼ਰੀਕਾ ਦੇ ਗਰਮ ਖੰਡੀ ਮੀਂਹ ਵਾਲੇ ਖੇਤਰਾਂ ਵਿੱਚ ਹੁੰਦੀ ਹੈ ਅਤੇ ਕਦੇ-ਕਦਾਈਂ ਦੂਜੇ ਖੇਤਰਾਂ ਵਿੱਚ ਪਹੁੰਚ ਜਾਂਦੀ ਹੈ। ਦੁਨੀਆ ਵਿੱਚ ਇਸ ਦੇ ਮਾਮਲੇ ਪਹਿਲਾਂ ਹੀ ਸਾਹਮਣੇ ਆ ਚੁੱਕੇ ਹਨ ਅਤੇ ਵਿਸ਼ਵ ਸਿਹਤ ਸੰਗਠਨ ਨੇ ਇਸ ਸਬੰਧੀ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਹਨ। ਪਰ ਹੁਣ ਇਸ ਦਾ ਨਵਾਂ ਸਟਰੇਨ ਸਾਹਮਣੇ ਆਇਆ ਹੈ ਜੋ ਕਿ ਬਹੁਤ ਘਾਤਕ ਦੱਸਿਆ ਜਾ ਰਿਹਾ ਹੈ।

**ਇਹ ਵਾਇਰਸ ਕਿਵੇਂ ਫੈਲਦਾ ਹੈ ?**

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਮੌਂਕੀਪਾਕਸ ਇੱਕ ਛੂਤ ਦੀ ਬਿਮਾਰੀ ਹੈ ਜੋ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਫੈਲਦੀ ਹੈ। ਇਹ ਰੇਸਪਿਰੇਟਰੀ ਡਰਾਪਲੇਟਸ, ਸਕਿਨ ਦੇ ਸੰਪਰਕ ਵਿੱਚ ਆਉਣ, ਜੇਨਿਟਲਸ ਵਲੋਂ ਨਿਕਲਣ ਵਾਲੇ ਫਲੂਇਡ, ਮਿਊਕਲਸਲ ਸਰਫੇਸੇਸ ਜਾਂ ਰੇਸਪਿਰੇਟਰੀ ਟ੍ਰੈਕਟ ਦੇ ਸੰਪਰਕ ਵਿੱਚ ਆਉਣ ਆਦਿ ਤਰੀਕਾਂ ਵਲੋਂ ਸਰੀਰ ਵਿੱਚ ਪ੍ਰਵੇਸ਼ ਕਰ ਸਕਦਾ ਹੈ।

**ਕੀ ਹਨ ਇਸ ਦੇ ਲੱਛਣ ?**

ਇਸ ਬਿਮਾਰੀ ਦੇ ਲੱਛਣ ਆਮ ਤੌਰ 'ਤੇ ਦੋ ਤੋਂ ਚਾਰ ਹਫ਼ਤਿਆਂ ਤੱਕ ਦਿਖਾਈ ਦਿੰਦੇ ਹਨ, ਜੋ ਆਪਣੇ ਆਪ ਦੂਰ ਹੋ ਜਾਂਦੇ ਹਨ। ਹਾਲਾਂਕਿ ਇਸ ਦੇ ਮਾਮਲੇ ਗੰਭੀਰ ਵੀ ਹੋ ਸਕਦੇ ਹਨ। ਇਸਦੇ ਲੱਛਣ ਰੈਸ਼ੇਜ, ਬੁਖਾਰ, ਥਕਾਣ, ਸਿਰਦਰਦ, ਸ਼ਰੀਰ ਦਰਦ ਜਾਂ ਪਿੱਠ ਦਰਦ, ਠੰਡ ਲਗਨਾ, ਮਾਂਸਪੇਸ਼ੀਆਂ ਵਿੱਚ ਦਰਦ, ਲਿੰਫ ਨੋਡਸ ਵਿੱਚ ਸੋਜ ਹਨ।

# ਅਮਰੀਕੀ ਰਾਜਨੇਤਾ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਮਾਮਲੇ 'ਚ ਪਾਕਿਸਤਾਨੀ ਗ੍ਰਿਫ਼ਤਾਰ

## ਇਰਾਨੀ ਕਮਾਂਡਰ ਕਾਸਮ ਸੋਲੀਮਨੀ ਦੀ ਮੌਤ ਦਾ ਬਦਲਾ ਲੈਣ ਲਈ ਰਚੀ ਸੀ ਸਾਜ਼ਿਸ਼

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਰਾਨ ਨਾਲ ਕਥਿਤ ਸਬੰਧ ਰੱਖਣ ਵਾਲੇ ਇੱਕ ਪਾਕਿਸਤਾਨੀ ਵਿਰੁੱਧ ਇੱਕ ਅਮਰੀਕੀ ਰਾਜਨੇਤਾ ਜਾਂ ਸਰਕਾਰੀ ਅਧਿਕਾਰੀ ਦੀ ਹੱਤਿਆ ਲਈ ਸਾਜਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਹਨ। ਇਹ ਜਾਣਕਾਰੀ ਦਿੰਦਿਆਂ ਜਾਰੀ ਇੱਕ ਬਿਆਨ ਵਿੱਚ ਨਿਆਂ ਵਿਭਾਗ ਨੇ ਕਿਹਾ ਹੈ ਕਿ 46 ਸਾਲਾ ਪਾਕਿਸਤਾਨੀ ਆਸਿਫ ਮਰਚੈਂਟ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦਾਇਰ ਅਪਰਾਧਿਕ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਮਰਚੈਂਟ ਨੇ 2020 ਵਿੱਚ ਇਰਾਨ ਦੇ ਰੈਵੋਲੂਸ਼ਨਰੀ ਗਾਰਡਜ ਦੇ ਚੋਟੀ ਦੇ ਕਮਾਂਡਰ ਕਾਸਮ ਸੋਲੀਮਨੀ ਦੀ ਅਮਰੀਕਾ ਵੱਲੋਂ ਕੀਤੇ ਹਮਲੇ ਵਿੱਚ ਹੋਈ ਮੌਤ ਦਾ ਬਦਲਾ ਲੈਣ ਲਈ







ਅਮਰੀਕਾ ਵਿੱਚ ਕੁਝ ਲੋਕਾਂ ਨੂੰ ਭਰਤੀ ਕੀਤਾ। ਤਤਕਾਲ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਲੀਮਨੀ 'ਤੇ ਡਰੋਨ ਹਮਲੇ ਨੂੰ ਪ੍ਰਵਾਨਗੀ ਦਿੱਤੀ ਸੀ। ਸੰਭਾਵੀ ਤੌਰ 'ਤੇ ਸਾਬਕਾ ਰਾਸ਼ਟਰਪਤੀ ਨੂੰ ਨਿਸ਼ਾਨਾ ਬਣਾਇਆ ਜਾਣਾ ਸੀ ਹਾਲਾਂ ਕਿ ਅਦਾਲਤੀ ਦਸਤਾਵੇਜ਼ਾਂ ਵਿੱਚ ਸਾਜਿਸ਼ ਦੇ ਸੰਭਾਵੀ ਨਿਸ਼ਾਨੇ ਵਜੋਂ ਉਨਾਂ ਦਾ ਨਾਂ ਨਹੀਂ ਲਿਖਿਆ ਗਿਆ ਹੈ। ਸ਼ਿਕਾਇਤ ਅਨੁਸਾਰ ਮਰਚੈਂਟ ਦੀ ਇਹ ਸਾਜਿਸ਼ ਸਿਰੇ ਨਹੀਂ ਚੜ ਸਕੀ ਕਿਉਂਕਿ ਆਪਣੀ ਸਾਜਿਸ਼ ਨੂੰ ਸਿਰੇ ਚੜਾਉਣ ਲਈ ਮਰਚੈਂਟ ਨੇ ਮੱਦਦ ਲੈਣ ਵਾਸਤੇ ਇੱਕ ਵਿਅਕਤੀ ਨਾਲ ਸੰਪਰਕ ਕੀਤਾ ਸੀ ਜੋ ਵਿਅਕਤੀ ਲਾਅ ਇਨਫੋਰਸਮੈਂਟ ਅਧਿਕਾਰੀਆਂ ਦਾ ਵਫਾਦਾਰ ਸੂਹੀਆ ਬਣ ਗਿਆ ਸੀ ਤੇ ਉਹ ਮਰਚੈਂਟ ਦੀ ਹਰ ਸਰਗਰਮੀ ਦੀ ਰਿਪੋਰਟ ਅਧਿਕਾਰੀਆਂ ਨੂੰ ਦਿੰਦਾ ਰਿਹਾ। ਇਸਤਗਾਸਾ ਪੱਖ ਅਨੁਸਾਰ ਮਰਚੈਂਟ ਨੇ ਪਾਕਿਸਤਾਨ ਤੋਂ ਅਮਰੀਕਾ ਆਉਣ ਤੋਂ ਪਹਿਲਾਂ ਕੁਝ ਸਮਾਂ ਇਰਾਨ ਵਿੱਚ ਬਿਤਾਇਆ। ਮਰਚੈਂਟ ਵਿਰੁੱਧ ਨਿਊਯਾਰਕ ਦੇ ਬਰੁੱਕਲਿਨ ਵਿੱਚ ਸੰਘੀ ਅਦਾਲਤ ਵਿੱਚ ਭਾੜੇ 'ਤੇ ਕਤਲ ਕਰਵਾਉਣ ਦੇ ਦੋਸ਼ ਆਇਦ ਕੀਤੇ ਗਏ ਹਨ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਨਿਆਂ ਵਿਭਾਗ ਪਿਛਲੇ ਸਾਲਾਂ ਤੋਂ ਇਰਾਨੀ ਜਨਰਲ ਸੋਲੀਮਨੀ ਦੀ ਹੱਤਿਆ ਦਾ ਬਦਲਾ ਲੈਣ ਲਈ ਅਮਰੀਕੀ ਰਾਜਨੇਤਾ ਨੂੰ ਮਾਰਨ ਲਈ ਇਰਾਨ ਦੀ ਸੰਭਾਵੀ ਕੋਸ਼ਿਸ਼ ਨੂੰ ਨਾਕਾਮ ਕਰਨ ਵਾਸਤੇ ਸਖਤ ਮਿਹਨਤ ਕਰ ਰਿਹਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਭਾਰਤੀ ਹਾਕੀ 'ਚ ਹਮੇਸ਼ਾ ਰਹੀ ਹੈ ਸਿੱਖ ਖਿਡਾਰੀਆਂ ਦੀ ਸਰਦਾਰੀ

## ਸਿੱਖ ਖਿਡਾਰੀਆਂ ਨੇ ਖ਼ੂਨ ਪਸੀਨੇ ਨਾਲ ਸਿੰਜਿਆ ਹੈ ਭਾਰਤੀ ਹਾਕੀ ਨੂੰ

## ਭਾਰਤੀ ਹਾਕੀ ਟੀਮ ਨੂੰ ਸਿੰਜਣ ਵਿੱਚ ਸਿੱਖ ਖਿਡਾਰੀਆਂ ਦਾ ਵੱਡਾ ਯੋਗਦਾਨ

ਅੰਮ੍ਰਿਤਸਰ ਟਾਈਮਜ਼ ਬਿਊਰੋ









ਪੈਰਿਸ ਉਲੰਪਿਕ 2024 ਖੇਡ ਮੇਲਾ 19 ਦਿਨ ਚੱਲਿਆ ਤੇ ਕਈ ਯਾਦਾਂ ਦੇ ਨਾਲ ਅਲਵਿਦਾ ਕਹਿ ਗਿਆ ਹੈ। ਇਸ ਉਲੰਪਿਕ ਖੇਡਾਂ ਦੇ ਵਿੱਚ ਇੱਕ ਤੋਂ ਜ਼ਿਆਦਾ ਮੌਕੇ ਅਜਿਹੇ ਰਹੇ ਜਦੋਂ ਭਾਰਤੀ ਖਿਡਾਰੀ ਗੋਲਡ ਦੇ ਬਹੁਤ ਨੇੜੇ ਪਹੁੰਚ ਕੇ ਵੀ ਹਾਰ ਗਏ। ਭਾਰਤ ਦੇ ਹਿੱਸੇ ਇਸ ਵਾਰੀ 6 ਤਗਮੇ ਆਏ ਹਨ ਪਰ ਅਸੀਂ ਗੱਲ ਕਰਾਂਗੇ ਭਾਰਤ ਦੀ ਹਾਕੀ ਟੀਮ ਦੀ, ਜੋ ਉਲੰਪਿਕ ਦੇ ਵਿਚੋਂ ਕਾਂਸੀ ਮੈਡਲ ਜਿੱਤ ਕੇ ਤੀਜੇ ਨੰਬਰ 'ਤੇ ਰਹੀ ਹੈ। ਇਸ ਤੋਂ ਪਹਿਲਾਂ ਦੀ ਗੱਲ ਕਰੀਏ ਤਾਂ ਸੋਨੇ ਦੇ 8 ਤਗਮੇ ਹਾਕੀ ਟੀਮ ਨੇ ਉਲੰਪਿਕ ਦੇ ਵਿੱਚ ਜਿੱਤੇ ਹਨ, ਇਸ ਵਾਰ 24 ਮੈਂਬਰੀ ਹਾਕੀ ਟੀਮ ਦੇ ਵਿੱਚ 12 ਮੈਂਬਰ ਸਿੱਖ ਪਰਿਵਾਰਾਂ ਵਿਚੋਂ ਹਨ। ਹਾਕੀ ਟੀਮ ਦੇ ਵਿੱਚ ਹਮੇਸ਼ਾ ਹੀ ਸਰਦਾਰਾਂ ਭਾਵ ਗੁਰਸਿੱਖਾਂ ਦਾ ਦਬਦਬਾ ਰਿਹਾ ਹੈ। ਹੋਵੇ ਵੀ ਕਿਉਂ ਨਾ ਪੰਜਾਬ ਨੂੰ ਹਾਕੀ ਦਾ ਗੜ੍ਹ ਮੰਨਿਆ ਜਾਂਦਾ ਹੈ। ਜਲੰਧਰ ਦੇ ਲਾਗੇ ਇੱਕ ਪਿੰਡ ਪੈਂਦਾ ਹੈ ਸੰਸਾਰਪੁਰ। ਇਸ ਪਿੰਡ ਨੂੰ ਹਾਕੀ ਦੀ ਨਰਸਰੀ ਮੰਨਿਆ ਜਾਂਦਾ ਹੈ। ਇਸ ਪਿੰਡ ਦੀ ਹਰ ਗਲੀ ਨੇ ਉਲੰਪੀਅਨ ਪੈਦਾ ਕੀਤਾ ਹੈ।

ਭਾਵੇਂ ਕਿ ਧਿਆਨ ਚੰਦ ਤੋਂ ਬਿਨਾਂ ਹਾਕੀ ਦੀ ਗੱਲ ਅਧੂਰੀ ਹੁੰਦੀ ਹੈ ਪਰ 1947 ਤੋਂ ਬਾਅਦ ਉਲੰਪਿਕ ਦੇ ਵਿੱਚ ਜਦੋਂ ਵੀ ਭਾਰਤ ਨੂੰ ਕੋਈ ਕਾਮਯਾਬੀ ਮਿਲੀ ਹੈ ਤਾਂ ਸਿੱਖ ਖਿਡਾਰੀਆਂ ਦੇ ਬਲਬੂਤੇ 'ਤੇ ਮਿਲੀ ਹੈ। ਕਹਿੰਦੇ ਨੇ ਇੱਕ ਵਾਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਹਾਕੀ ਦੇ ਪ੍ਰਬੰਧਕਾਂ ਨੂੰ ਪੁੱਛਿਆ ਸੀ " ਹਾਕੀ ਟੀਮ ਮੇਂ ਇਤਨੇ ਸਰਦਾਰ ਕਿਉਂ ਹੈ ? ਔਰ ਲੋਗ ਸਿਲੇਕਟ ਕਿਉਂ ਨਹੀਂ ਕਰਤੇ ? " ਤੇ ਜਵਾਬ ਸੀ ਕਿ ਸਰਦਾਰ ਖਿਡਾਰੀਆਂ ਦੇ ਹੁਨਰ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਹ ਜਵਾਬ ਦੇਣ ਵਾਲੇ ਸਨ ਅਸ਼ਵਨੀ ਕੁਮਾਰ। ਅਸ਼ਵਨੀ ਕੁਮਾਰ ਜਲੰਧਰ ਤੋਂ ਸਨ। ਪੁਲਿਸ ਮੁਖੀ ਦੇ ਨਾਲ ਨਾਲ 1954 ਤੋਂ 1974 ਤੱਕ ਭਾਰਤੀ ਹਾਕੀ ਫੈਡਰੇਸ਼ਨ ਦੇ ਪ੍ਰਧਾਨ ਵੀ ਰਹੇ। ਉਨ੍ਹਾਂ ਨੇ ਆਪਣੀ ਜੀਵਨੀ ਦੇ ਵਿੱਚ ਲਿਖਿਆ ਹੈ ਕਿ 1974 ਵਿੱਚ ਜਦੋਂ ਉਹ ਬਾਰਡਰ ਸਿਕਿਓਰਟੀ ਫ਼ੋਰਸ ਵਿੱਚ ਇੰਸਪੈਕਟਰ ਜਨਰਲ ਸੀ ਤਾਂ ਉਸ ਸਮੇਂ ਉਹਨਾਂ ਨੂੰ ਪ੍ਰਧਾਨ ਮੰਤਰੀ ਦੇ ਦਫ਼ਤਰ ਤੋਂ ਫੋਨ ਆਇਆ ਸੀ ਕਿ ਸ੍ਰੀਮਤੀ ਇੰਦਰਾ ਗਾਂਧੀ ਤੁਹਾਨੂੰ ਤੁਰੰਤ ਮਿਲਣਾ ਚਾਹੁੰਦੇ ਹਨ। ਉਸ ਸਮੇਂ ਇਸ ਚੁੱਭਵੇਂ ਜਿਹੇ ਸਵਾਲ ਤੋਂ ਖ਼ਫ਼ਾ ਹੋ ਕੇ ਅਸ਼ਵਨੀ ਕੁਮਾਰ ਨੇ ਇੰਡੀਆ ਹਾਕੀ ਫੈਡਰੇਸ਼ਨ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦਿੱਤਾ ਸੀ। ਆਪਣੀ ਸਵੈ ਜੀਵਨੀ ਵਿੱਚ ਉਹ ਲਿਖਦੇ ਹਨ ਕਿ ਹਾਕੀ ਵਿੱਚ ਸਿੱਖਾਂ ਦਾ ਯੋਗਦਾਨ ਖਿਡਾਰੀਆਂ ਤੱਕ ਸੀਮਿਤ ਨਹੀਂ ਰਿਹਾ ਸਗੋਂ ਏਸ਼ੀਆ, ਆਸਟ੍ਰੇਲੀਆ, ਅਫਰੀਕਾ, ਉਤਰੀ ਅਮਰੀਕਾ ਇਥੋਂ ਤੱਕ ਕਿ ਯੂਰੋਪ ਦੀਆਂ ਹਾਕੀ ਟੀਮਾਂ ਨੂੰ ਸਿੱਖਾਂ ਦੁਆਰਾ ਟ੍ਰੇਨਿੰਗ ਦਿੱਤੀ ਗਈ। ਬਾਲਕ੍ਰਿਸ਼ਨ ਸਿੰਘ, ਅਜੀਤਪਾਲ ਸਿੰਘ, ਗਿਆਨ ਸਿੰਘ ਤੇ ਕਈ ਹੋਰ ਸਤਿਕਾਰਤ ਸ਼ਖਸ਼ੀਅਤਾਂ ਦੇ ਨਾਮ ਸਿੱਖ ਕੋਚਾਂ ਦੇ ਵਿੱਚ ਆਉਂਦੇ ਹਨ। ਭਾਰਤ ਹੀ ਨਹੀਂ ਪੰਜਾਬ ਦੇ ਸਿੱਖ ਖਿਡਾਰੀਆਂ ਨੇ ਕੀਨੀਆ, ਯੁਗਾਂਡਾ, ਕੈਨੇਡਾ, ਇੰਗਲੈਂਡ ਵੱਲੋਂ ਵੀ ਹਾਕੀ ਖੇਡੀ ਤੇ ਜਿੱਤਾਂ ਵੀ ਦਿਵਾਈਆਂ। ਖਿਡਾਰੀਆਂ ਤੇ ਕੋਚਾਂ ਤੋਂ ਇਲਾਵਾ ਪ੍ਰਿੰਸੀਪਲ ਗੁਰਸੇਵਕ ਸਿੰਘ,ਗੁਰਦੇਵ ਸਿੰਘ ਬਰਾੜ, ਤਰਲੋਕ ਸਿੰਘ ਭੁੱਲਰ ਤੇ ਅਵਤਾਰ ਸਿੰਘ ਤਾਰੀ ਸਿੱਖ ਕੌਮ ਵੱਲੋਂ ਪੈਦਾ ਕੀਤੇ ਅੰਤਰਰਾਸ਼ਟਰੀ ਤੇ ਉਲੰਪਿਕਸ ਹਾਕੀ ਅੰਪਾਇਰਾਂ ਦੇ ਵਿਚੋਂ ਇੱਕ ਗਿਣੇ ਜਾਂਦੇ ਰਹੇ ਨੇ। ਅਸ਼ਵਨੀ ਕੁਮਾਰ ਆਪਣੀ ਸਵੈ ਜੀਵਨੀ ਦੇ ਵਿੱਚ ਇਹ ਵੀ ਦਸਦੇ ਨੇ ਕਿ ਹਰਦਿਆਲ ਸਿੰਘ ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ ਦੇ ਉਪ ਪ੍ਰਧਾਨ ਰਹੇ ਹਨ, ਰਾਜ ਕੁਮਾਰ ਸਿੰਘ ਇੰਡੋਨੇਸ਼ੀਆ ਹਾਕੀ ਫੈਡਰੇਸ਼ਨ ਦੇ ਮੁਖੀ ਰਹੇ ਨੇ। ਸੋ ਪਿਛਲੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਸਾਫ ਹੈ ਕਿ ਹਾਕੀ ਤੇ ਸਿੱਖਾਂ ਦਾ ਆਪਸੀ ਰਿਸ਼ਤਾ ਬੜਾ ਗੂੜਾ ਤੇ ਪੀਡਾ ਹੈ। ਇਸ ਵਾਰ ਵੀ ਜੇ ਭਾਰਤੀ ਹਾਕੀ ਟੀਮ ਜਿੱਤੀ ਹੈ ਤਾਂ ਇਸ ਦੇ ਵਿੱਚ ਸਿੱਖ ਖਿਡਾਰੀਆਂ ਦਾ ਵੱਡਾ ਯੋਗਦਾਨ ਹੈ। ਇਤਿਹਾਸ ਤੇ ਵਰਤਮਾਨ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿਉਂਕਿ ਪੰਜਾਬ ਦੇ ਖੇਤਾਂ ਵਿੱਚ ਖੇਡੀ ਖਿਦੋ ਖੂੰਡੀ ਵਾਲੇ ਨੌਜਵਾਨਾਂ ਨੇ ਕਈ ਕਹਿੰਦੇ ਕਹਾਉਂਦੇ ਹਾਕੀ ਦੇ ਖਿਡਾਰੀਆਂ ਨੂੰ ਵਾਹਣੀ ਪਾਈ ਰੱਖਿਆ। ਹਾਕੀ ਤੇ ਸਿੱਖ ਦੋਵਾਂ ਦਾ ਆਪਸ ਵਿੱਚ ਗੂੜਾ ਰਿਸ਼ਤਾ ਸੀ ਤੇ ਸੰਭਾਵਨਾਵਾਂ ਇਹ ਨੇ ਕਿ ਇਹ ਅੱਗੇ ਵੀ ਕਾਇਮ ਰਹੇਗਾ।

# ਇੰਟਰਨੈਸ਼ਨਲ ਸਿੱਖ ਫ਼ੈਡਰੇਸ਼ਨ ਪ੍ਰਧਾਨ ਭਾਈ ਪਰਮਜੀਤ ਸਿੰਘ ਖ਼ਾਲਸਾ ਦਾ ਦਿਹਾਂਤ



ਲੁਧਿਆਣਾ/ਏ.ਟੀ.ਨਿਊਜ਼ : ਇੰਟਰਨੈਸ਼ਨਲ ਸਿੱਖ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਖ਼ਾਲਸਾ ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ।ਉਹ ਪਿਛਲੇ ਕੁਝ ਸਮੇਂ ਤੋਂ ਹਸਪਤਾਲ ਵਿੱਚ ਦਾਖ਼ਲ ਰਹੇ ਸਨ ਪਰ ਤਬੀਅਤ ਕੁਝ ਠੀਕ ਹੋਣ 'ਤੇ ਘਰ ਪਰਤ ਆਏ ਸਨ।

ਉਨ੍ਹਾਂ ਨੂੰ ਅਚਾਨਕ ਹੀ ਦਿਲ ਦਾ ਦੌਰਾ ਪਿਆ ਜਿਸ 'ਤੇ ਉਨ੍ਹਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਅੰਤਿਮ ਸਵਾਸ ਲਏ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸੀਨੀਅਰ ਆਗੂ ਅਤੇ ਧਰਮ ਯੁੱਧ ਮੋਰਚੇ ਦੌਰਾਨ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੰਗਤ ਮਾਨਣ ਵਾਲੀ ਪੰਥਪ੍ਰਸਤ ਸ਼ਖ਼ਸੀਅਤ ਭਾਈ ਪਰਮਜੀਤ ਸਿੰਘ ਖ਼ਾਲਸਾ (ਲੁਧਿਆਣਾ) ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਬਿਆਨ ਵਿੱਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਈ ਪਰਮਜੀਤ ਸਿੰਘ ਖ਼ਾਲਸਾ ਹਮੇਸ਼ਾ ਪੰਥ ਦੀ ਚੜ੍ਹਦੀਕਲਾ ਅਤੇ ਏਕਤਾ ਦੇ ਹਾਮੀ ਰਹੇ ਹਨ। ਉਨ੍ਹਾਂ ਵਰਗੀ ਪੰਥਪ੍ਰਸਤ ਸ਼ਖ਼ਸੀਅਤ ਦਾ ਅਚਾਨਕ ਸਰੀਰਕ ਵਿਛੋੜਾ ਨਾ-ਸਿਰਫ ਪਰਿਵਾਰ ਸਗੋਂ ਪੰਥ ਲਈ ਵੱਡਾ ਘਾਟਾ ਹੈ।ਗਿਆਨੀ ਰਘਬੀਰ ਸਿੰਘ ਨੇ ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਭਾਈ ਖ਼ਾਲਸਾ ਦੀ ਰੂਹ ਨੂੰ ਆਪਣੇ ਚਰਨਾਂ ਦੇ ਵਿਚ ਨਿਵਾਸ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਰਤਨ ਪ੍ਰਣਾਲੀ ਵਿੱਚ ਕੀਤੇ ਬਦਲਾਅ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐਸ.ਜੀ.ਐਮ.ਸੀ.) ਨੇ ਇੱਕ ਅਹਿਮ ਫੈਸਲਾ ਲੈਂਦਿਆਂ ਗੁਰਦੁਆਰਿਆਂ ਵਿੱਚ ਫਿਲਮੀ ਧੁਨਾਂ ਜਾਂ ਸੰਗੀਤ 'ਤੇ ਆਧਾਰਿਤ ਕੀਰਤਨ ਕਰਨ 'ਤੇ ਪਾਬੰਦੀ ਲਾ ਦਿੱਤੀ ਹੈ। ਕਮੇਟੀ ਨੇ ਫੈਸਲਾ ਕੀਤਾ ਹੈ ਕਿ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਿਰਧਾਰਤ ਮਰਿਆਦਾ ਅਨੁਸਾਰ ਕੀਰਤਨ ਕਰਨ ਵਾਲੇ ਜਥਿਆਂ ਨੂੰ ਹੀ ਸਮਾਂ ਦਿੱਤਾ ਜਾਵੇਗਾ।

ਇਸ ਦੇ ਨਾਲ ਹੀ ਕੀਰਤਨ ਪ੍ਰਣਾਲੀ ਵਿੱਚ ਵੀ ਬਦਲਾਅ ਕੀਤੇ ਗਏ ਹਨ। ਹੁਣ ਕੀਰਤਨੀ ਜਥੇ ਦੇ ਪਹਿਰਾਵੇ ਨੂੰ ਪੰਥ ਪ੍ਰਵਾਨਿਤ ਕਰੇਗਾ, ਭਾਵ ਸ੍ਰੀ ਦਰਬਾਰ ਸਾਹਿਬ ਦੀ ਤਰਜ਼ 'ਤੇ। ਇਸ ਸਬੰਧੀ ਗੁਰਦੁਆਰਾ ਕਮੇਟੀ ਵੱਲੋਂ ਸਮੂਹ ਗੁਰਦੁਆਰਿਆਂ ਦੇ ਹੈੱਡ ਗ੍ਰੰਥੀਆਂ ਨੂੰ ਆਦੇਸ਼ ਜਾਰੀ ਕਰ ਦਿੱਤੇ ਗਏ ਹਨ।

ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਦੇਖਿਆ ਗਿਆ ਹੈ ਕਿ ਰਾਗੀ ਜਥੇ ਫਿਲਮੀ ਧੁਨਾਂ ਜਾਂ ਸੰਗੀਤ 'ਤੇ ਆਧਾਰਿਤ ਧੁਨਾਂ ਤਿਆਰ ਕਰਕੇ ਕੀਰਤਨ ਕਰ ਰਹੇ ਹਨ। ਇਸ ਦੇ ਨਾਲ ਹੀ ਕੁਝ ਰਾਗੀ ਜਥੇ ਗੁਰਬਾਣੀ ਵਿੱਚੋਂ ਇੱਕ ਪੰਗਤੀ ਲੈ ਕੇ ਅੱਧ ਵਿਚਕਾਰ ਛੱਡ ਕੇ ਵਾਹਿਗੁਰੂ ਦਾ ਜਾਪ ਸ਼ੁਰੂ ਕਰ ਦਿੰਦੇ ਹਨ।

ਫਿਰ ਉਹ ਇੱਕ ਹੋਰ ਲਾਈਨ ਲੈ ਕੇ ਕੀਰਤਨ ਸ਼ੁਰੂ ਕਰ ਦਿੰਦੇ ਹਨ ਜੋ ਮਰਿਆਦਾ ਦੇ ਵਿਰੁੱਧ ਹੈ। ਪਹਿਲੇ ਸਮਿਆਂ ਵਿੱਚ ਰਾਗਾਂ ਦੇ ਆਧਾਰ 'ਤੇ ਕੀਰਤਨ ਕੀਤਾ ਜਾਂਦਾ ਸੀ। ਜੇਕਰ ਇਨ੍ਹਾਂ ਨੂੰ ਸਮੇਂ ਸਿਰ ਨਾ ਰੋਕਿਆ ਗਿਆ ਤਾਂ ਜਿਸ ਤਰ੍ਹਾਂ ਸਿੱਖ ਇਤਿਹਾਸ ਨਾਲ ਛੇੜਛਾੜ ਕੀਤੀ ਗਈ ਹੈ, ਉਸੇ ਤਰ੍ਹਾਂ ਭਵਿੱਖ ਵਿੱਚ ਗੁਰਬਾਣੀ ਨਾਲ ਵੀ ਛੇੜਛਾੜ ਕੀਤੀ ਜਾਵੇਗੀ। ਗੁਰਦੁਆਰਾ ਕਮੇਟੀ ਦਾ ਮੰਨਣਾ ਹੈ ਕਿ ਕੀਰਤਨ ਸਿੱਖ ਧਰਮ ਦੇ ਮੂਲ ਸਿਧਾਂਤਾਂ ਅਤੇ ਰਵਾਇਤਾਂ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ। ਫਿਲਮੀ ਧੁਨਾਂ ਦੀ ਵਰਤੋਂ ਇਸ ਪਰੰਪਰਾ ਦਾ ਅਪਮਾਨ ਹੈ, ਗੁਰਬਾਣੀ ਦੀ ਪਵਿੱਤਰਤਾ ਦੀ ਉਲੰਘਣਾ ਹੈ।

(ਬਾਕੀ ਸਫ਼ਾ 30 'ਤੇ)

# ਪਰਮਜੀਤ ਸਿੰਘ ਖ਼ਾਲਸਾ ਜੀ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ



ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ: ਭਾਈ ਪਰਮਜੀਤ ਸਿੰਘ ਖ਼ਾਲਸਾ ਜੀ ਦੇ ਅਕਾਲ ਚਲਾਣੇ 'ਤੇ ਫੈਡਰੇਸ਼ਨ ਪ੍ਰਧਾਨ ਅਵਤਾਰ ਸਿੰਘ ਮਾਕਨ ਅਤੇ 13 ਆਸਾ ਵੈਲਫੇਅਰ ਟਰੱਸਟ ਦੇ ਪ੍ਰਧਾਨ ਇੰਦਰਜੀਤ ਸਿੰਘ ਵਿਕਾਸ ਪੁਰੀ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪਰਮਜੀਤ ਸਿੰਘ ਖਾਲਸਾ ਜੀ ਬੜੇ ਹੀ ਧਾਰਮਿਕ ਪ੍ਰਵਿਰਤੀ ਦੇ ਗੁਰਸਿੱਖ ਸਨ, ਉਨ੍ਹਾਂ ਨੇ ਅਪਣਾ ਜੀਵਨ ਪੰਥਕ ਮਸਲਿਆਂ ਨੂੰ ਹੱਲ ਕਰਨ ਲਈ ਲਾਇਆ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ, ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦੇ ਕੌਮੀ ਪ੍ਰਧਾਨ, ਜਿੰਨ੍ਹਾ ਦਾ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਪੰਥ ਨੂੰ ਕਾਫੀ ਸਮੇਂ ਤੱਕ ਮਹਿਸੂਸ ਰਹੇਗਾ।ਉਨ੍ਹਾਂ ਕਿਹਾ ਕਿ ਪਰਮਜੀਤ ਸਿੰਘ ਖਾਲਸਾ ਹਮੇਸ਼ਾ ਪੰਥ ਦਾ ਦਰਦ ਰੱਖਣ ਵਾਲੇ ਬਹੁਤ ਹੀ ਸਤਿਕਾਰਯੋਗ ਸਖਸ਼ੀਅਤ ਸਨ ਵਾਹਿਗੂਰੂ ਜੀ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ। ਫੈਡਰੇਸ਼ਨ ਪ੍ਰਧਾਨ ਅਵਤਾਰ ਸਿੰਘ ਮਾਕਨ ਨੇ ਕਿਹਾ ਭਾਈ ਸਾਹਿਬ ਵਰਗੀ ਪੰਥਪ੍ਰਸਤ ਸ਼ਖ਼ਸੀਅਤ ਦਾ ਅਚਾਨਕ ਸਰੀਰਕ ਵਿਛੋੜਾ ਨਾ-ਸਿਰਫ ਪਰਿਵਾਰ ਸਗੋਂ ਪੰਥ ਲਈ ਵੱਡਾ ਘਾਟਾ ਹੈ।

# ਸ਼੍ਰੋਮਣੀ ਕਮੇਟੀ ਚੋਣਾਂ : ਸਿੱਖ ਵੋਟਰ ਫ਼ਾਰਮ ਭਰਨ ਦੀ ਤਰੀਕ 16 ਸਤੰਬਰ ਤਕ ਵਧਾਈ

ਚੰਡੀਗੜ੍ਹ/ਏ.ਟੀ.ਨਿਊਜ਼: ਤਿੰਨ ਸਾਲ ਪਹਿਲਾਂ 1 ਜੁਲਾਈ 2021 ਨੂੰ ਬਤੌਰ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਦੇ ਮਹੱਤਵਪੂਰਨ ਅਹੁਦੇ ਦਾ ਚਾਰਜ ਸੰਭਾਲਣ ਵਾਲੇ ਸੇਵਾ ਮੁਕਤ ਜੱਜ ਜਸਟਿਸ ਐਸ.ਐਸ. ਸਾਰੋਂ ਨੇ ਪੰਜਾਬ, ਹਿਮਾਚਲ ਅਤੇ ਯੂ.ਟੀ. ਚੰਡੀਗੜ੍ਹ ਦੀਆਂ ਕੁਲ 112 ਸੀਟਾਂ ਤੋਂ ਸਿੱਖ ਮਰਦਾਂ ਤੇ ਸਿੱਖ ਬੀਬੀਆਂ ਲਈ ਵੋਟਰ ਫ਼ਾਰਮ ਭਰਨ ਦੀ ਤਰੀਕ ਹੁਣ 16 ਸਤੰਬਰ ਤਕ ਵਧਾ ਦਿੱਤੀ ਹੈ।

ਸਿੱਖ ਵੋਟਰਾਂ ਵਿੱਚ ਫ਼ਾਰਮ ਭਰਨ ਲਈ ਦਿਲਚਸਪੀ ਘਟਦੀ ਵੇਖਦਿਆਂ ਇਸ ਆਖ਼ਰੀ ਤਰੀਕ ਵਿੱਚ ਵਾਧਾ 5ਵੀਂ ਵਾਰ ਕੀਤਾ ਹੈ। ਪਿਛਲੇ ਸਾਲ 21 ਅਕਤੂਬਰ ਨੂੰ ਸ਼ੁਰੂ ਕੀਤੀ ਇਹ ਪ੍ਰਕਿਰਿਆ ਪਹਿਲਾਂ ਨਵੰਬਰ 30 ਤਕ ਸੀ, ਫਿਰ 3 ਮਹੀਨੇ ਵਧਾ ਕੇ ਫ਼ਰਵਰੀ 29 ਕੀਤੀ, ਤੀਜਾ ਵਾਧਾ 31 ਮਈ ਤਕ, ਚੌਥੀ ਵਾਰ 31 ਜੁਲਾਈ ਤਕ ਤਰੀਕ ਵਧਾਈ। ਹੁਣ 47 ਦਿਨ ਹੋਰ ਵਧਾ ਕੇ ਸਤੰਬਰ 16 ਆਖ਼ਰੀ ਤਰੀਕ ਸਿੱਖ ਵੋਟਰ ਫ਼ਾਰਮ ਭਰਨ ਲਈ ਰੱਖੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਚੋਣਾਂ ਸਬੰਧੀ ਦਫ਼ਤਰ ਤੋਂ ਮਿਲੀ ਜਾਣਕਾਰੀ ਅਨੁਸਾਰ ਜੋ ਵੋਟਰਾਂ ਦੀ ਗਿਣਤੀ 13 ਸਾਲ ਪਹਿਲਾਂ ਸਤੰਬਰ 2011 ਵਿੱਚ ਸੀ ਉਹ 55 ਲੱਖ ਤੋਂ ਘੱਟ ਕੇ ਅੱਧੀਆਂ ਯਾਨੀ 27,79,610 ਰਹਿ ਗਈਆਂ, ਜਿਸ ਕਰ ਕੇ 31 ਜੁਲਾਈ ਤੋਂ ਮਗਰੋਂ ਸਿੱਖ ਵੋਟਰਾਂ ਨੂੰ

(ਬਾਕੀ ਸਫ਼ਾ 30 'ਤੇ)

# ਸਿੰਘ ਸਾਹਿਬਾਨ ਨੁਮਾਇੰਦਾ ਇਕੱਠ ਬੁਲਾਕੇ ਦਾਗੀ ਅਕਾਲੀ ਲੀਡਰਾਂ ਬਾਰੇ ਫੈਸਲਾ ਲੈਣ : ਸਿੱਖ ਚਿੰਤਕ

## ਵੱਡੇ ਬਾਦਲ ਦਾ ਫ਼ਖ਼ਰੇ ਕੌਮ ਅਵਾਰਡ ਵਾਪਸ ਲੈਣ ਦੀ ਮੰਗ



ਜਲੰਧਰ/ਏ.ਟੀ.ਨਿਊਜ਼: ਸਿੱਖ ਪੰਥ ਦੇ ਚਿੰਤਕ ਗੁਰਤੇਜ ਸਿੰਘ ਆਈ.ਏ.ਐਸ., ਪਰਮਿੰਦਰ ਪਾਲ ਸਿੰਘ ਖ਼ਾਲਸਾ ਸੂਬਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਸਿੱਖ ਚਿੰਤਕ ਭਾਈ ਹਰਸਿਮਰਨ ਸਿੰਘ ਅਨੰਦਪੁਰ ਸਾਹਿਬ,ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਨੇ ਸਿੰਘ ਸਾਹਿਬਾਨਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਅਕਾਲੀ ਸੰਕਟ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ, ਜੋ 30 ਅਗਸਤ ਨੂੰ ਹੋਣੀ ਹੈ, ਉਸ ਸਬੰਧ ਵਿੱਚ ਜਥੇਦਾਰ ਸਾਹਿਬਾਨ ਅਕਾਲ ਤਖ਼ਤ ਸਾਹਿਬ ਤੋਂ ਇਸ ਬਾਰੇ ਪੰਥਕ ਇੱਛਾ ਤੇ ਗੁਰੂ ਸਿਧਾਂਤ ਅਨੁਸਾਰ ਫੈਸਲਾ ਕਰਨ। ਉਨ੍ਹਾਂ ਕਿਹਾ ਕਿ ਜਥੇਦਾਰ ਸਾਹਿਬਾਨ ਅਕਾਲ ਤਖ਼ਤ ਸਾਹਿਬ ਤੋਂ 1920 ਵਾਲੇ ਰਵਾਇਤੀ ਅਕਾਲੀ ਦਲ ਦੀ ਪੁਨਰ ਉਸਾਰੀ ਅਤੇ ਅਕਾਲ ਤਖ਼ਤ ਦੀ ਆਜ਼ਾਦ ਹਸਤੀ ਦੀ ਮੁੜ ਬਹਾਲੀ ਕਰਨ ਤਾਂ ਜੋ ਸਿੱਖ ਪੰਥ ਨੂੰ ਨਵੀਂ ਦਿਸ਼ਾ ਮਿਲ ਸਕੇ।

ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਸਿੱਖ ਪੰਥ ਦੇ ਵੱਡੇ ਦੋਸ਼ੀ ਤੇ ਗੁਨਾਹਗਾਰ ਹਨ, ਜਿਸ ਵਿੱਚ ਦੋਵੇਂ ਅਕਾਲੀ ਧੜਿਆਂ ਦੇ ਕੁਝ ਪ੍ਰਮੁਖ ਦਾਗੀ ਲੀਡਰ ਵੀ ਇਸ ਗੁਨਾਹ ਵਿੱਚ ਸ਼ਾਮਲ ਹਨ। ਬਾਦਲ ਪਰਿਵਾਰ ਦੀ ਅਗਵਾਈ ਵਿੱਚ ਅਕਾਲੀ ਰਾਜ ਦੌਰਾਨ ਸੱਤਾ ਦੀ ਲਾਲਸਾ ਵਿੱਚ ਬਹਿਬਲ ਗੋਲੀ ਕਾਂਡ,ਕੋਟਕਪੂਰਾ ਗੋਲੀ ਕਾਂਡ ਦਾ ਆਰਡਰ ਦਿੱਤਾ। ਇਜਹਾਰ ਆਲਮ, ਸੁਮੇਧ ਸੈਣੀ ਨੂੰ ਸਰਕਾਰੀ ਉਚ ਪ੍ਰਸ਼ਾਸਨਿਕ ਅਹੁਦਿਆਂ ਉੱਪਰ ਨਿਵਾਜਿਆ ਗਿਆ।

ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਸਿੱਖ ਪੰਥ ਨਾਲ ਸਿੱਖ ਸੰਤਾਪ ਦੀ ਜਾਂਚ ਦਾ ਵਾਅਦਾ ਕਰਕੇ ਸੱਤਾ ਪ੍ਰਾਪਤ ਕੀਤੀ ਪਰ ਸੱਤਾ ਪ੍ਰਾਪਤੀ ਬਾਅਦ ਜਾਂਚ ਤੋਂ ਇਨਕਾਰੀ ਹੋਏ, ਗੁਨਾਹਗਾਰ ਪੁਲਿਸ ਅਫਸਰਾਂ ਦੇ ਹਕ ਵਿੱਚ ਭੁਗਤੇ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਅਨੰਦਪੁਰ ਮਤੇ ਦਾ ਕਤਲ ਕਰਕੇ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਸਿਰਜਿਆ।ਬਾਦਲ ਰਾਜ ਦੌਰਾਨ ਪ੍ਰੋਫੈਸਰ ਮਨਜੀਤ ਸਿੰਘ ਵੇਲੇ ਪੰਥਕ ਏਕਤਾ ਦੇ ਹੁਕਮਨਾਮੇ ਤੇ ਭਾਈ ਰਣਜੀਤ ਸਿੰਘ ਵੇਲੇ ਖ਼ਾਲਸਾ ਸ਼ਤਾਬਦੀ ਤਕ ਮਤਭੇਦ ਭੁਲਾਉਣ ਦੇ ਹੁਕਮਨਾਮੇ ਤੇ ਜਥੇਦਾਰ ਵੇਦਾਂਤੀ ਸਮੇਂ ਸੰਘ ਪਰਿਵਾਰ ਦੇ ਵਿਰੁੱਧ ਹੁਕਮਨਾਮੇ ਦਾ ਉਲੰਘਣ ਕੀਤਾ ਤੇ ਅਕਾਲ ਤਖ਼ਤ ਸਾਹਿਬ ਨੂੰ ਟਿਚ ਜਾਣਕੇ ਪੰਥਕ ਰਵਾਇਤਾਂ ਦਾ ਅਪਮਾਨ ਕੀਤਾ।

ਪਰ ਇਸ ਦੇ ਬਾਵਜੂਦ ਅਕਾਲ ਤਖ਼ਤ ਸਾਹਿਬ ਤੋਂ ਬਾਦਲ ਨੂੰ ਦੋਸ਼ੀ ਨਹੀਂ ਠਹਿਰਾਇਆ। ਉਸ ਸਮੇਂ ਦੇ ਜਥੇਦਾਰ ਗੁਰਬਚਨ ਸਿੰਘ ਨੇ ਫਖਰੇ ਕੌਮ ਦਾ ਅਕਾਲ ਤਖ਼ਤ ਸਾਹਿਬ ਅਵਾਰਡ ਦੇਕੇ ਇਤਿਹਾਸਕ ਗੁਨਾਹ ਕੀਤਾ। ਇਹ ਅਵਾਰਡ ਵਾਪਸ ਲਿਆ ਜਾਣਾ ਚਾਹੀਦਾ ਹੈ।

ਇਨ੍ਹਾਂ ਦੋਸ਼ਾਂ ਵਿੱਚ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਗਿਆਨੀ ਗੁਰਮੁਖ ਸਿੰਘ,ਗਿਆਨੀ ਇਕਬਾਲ ਸਿੰਘ ਭਾਈਵਾਲ ਹਨ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਸੱਦ ਕੇ ਪੰਥ ਦੇ ਸਾਹਮਣੇ ਬੀਤੇ ਸਮੇਂ ਦੌਰਾਨ ਸਿੱਖ ਪੰਥ ਵਿਰੁੱਧ ਕੀਤੇ ਅਪਰਾਧਾਂ ਦਾ ਸੱਚ ਰਖਣਾ ਚਾਹੀਦਾ ਹੈ। ਇਸ ਬਾਰੇ ਅਕਾਲ ਤਖ਼ਤ ਸਾਹਿਬ ਤੋਂ ਵਾਈਟ ਪੇਪਰ ਜ਼ਾਰੀ ਹੋਣਾ ਚਾਹੀਦਾ ਹੈ ਕਿ ਅਕਾਲੀ ਦਲ ਤੇ ਸਿੱਖ ਪੰਥ ਨੂੰ ਖੁਆਰ ਕਰਨ ਦੇ ਦੋਸ਼ੀ ਕੋਣ ਹਨ ? ਸੌਦਾ ਸਾਧ ਨੂੰ ਮਾਫੀ ਦੇਣ ਬਾਰੇ ਉਨ੍ਹਾਂ ਤੋਂ ਸੱਚ ਪੁਛਿਆ ਜਾਣਾ ਚਾਹੀਦਾ ਹੈ ਤਾਂ ਜੋ ਹਕੀਕਤ ਸਾਹਮਣੇ ਆ ਸਕੇ।

ਸਿੱਖ ਚਿੰਤਕਾਂ ਨੇ ਕਿਹਾ ਕਿ ਨਿਰੰਕਾਰੀ ਕਾਂਡ ਤੋਂ ਸੌਦਾ ਸਾਧ ਕਾਂਡ ਤੇ ਮਾਫੀਨਾਮੇ ਤੋਂ ਲੈਕੇ ਹੁਣ ਤਕ ਸੱਤਾ ਦੀ ਖਾਤਰ ਇਸ ਬਾਦਲ ਪਰਿਵਾਰ ਦੀ ਲੀਡਰਸ਼ਿਪ ਨੇ ਵੱਡੇ ਅਪਰਾਧ ਤੇ ਗੁਨਾਹ ਕੀਤੇ ਹਨ। ਉਨ੍ਹਾਂ ਕਿਹਾ ਕਿ ਇਹਨਾਂ ਗੁਨਾਹਗਾਰ ਅਕਾਲੀ ਲੀਡਰਾਂ ਦਾ ਪੰਜਾਬ ਅਤੇ ਸਿੱਖ ਕੌਮ ਪ੍ਰਤੀ ਕੋਈ ਏਜੰਡਾ ਨਹੀਂ ਹੈ ਜੋ ਕਿ ਪੰਜਾਬ ਦੇ ਹੱਕਾਂ ਵਿਰੁੱਧ ਭੁਗਤਦੇ ਰਹੇ ਹਨ, ਕਸ਼ਮੀਰ ਦੀ ਧਾਰਾ 370 ਦਾ ਵਿਰੋਧ ਕਰਕੇ ਇੱਕ ਰਾਸ਼ਟਰ-ਇੱਕ ਚੋਣ ਬਾਰੇ ਕੇਂਦਰ ਦੀ ਹਮਾਇਤ ਕਰਕੇ ਸੰਘੀ ਢਾਂਚੇ ਨਾਲ ਬੇਵਫਾਈ ਕੀਤੀ ਹੈ। ਇਸ ਲਈ ਇਨ੍ਹਾਂ ਨੂੰ ਸਿਆਸੀ ਆਗੂਆਂ ਸਿੱਖ ਪੰਥ ਦੀ ਅਗਵਾਈ ਕਰਨ ਦਾ ਕੋਈ ਹੱਕ ਨਹੀਂ।

ਉਨ੍ਹਾਂ ਕਿਹਾ ਕਿ ਦੁੱਖ ਵਾਲੀ ਗੱਲ ਹੈ ਕਿ 1984 ਵਿੱਚ ਫੌਜੀ ਹਮਲੇ, ਨਵੰਬਰ 84 ਦੌਰਾਨ ਪੰਜਾਬ ਤੋਂ ਬਾਹਰ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਉਸ ਦਾ ਵੀ ਕੋਈ ਇਨਸਾਫ ਨਹੀਂ ਮਿਲਿਆ। ਉਸ ਦੇ ਲਈ ਸੱਤਾ ਦੀ ਲਾਲਸਾ ਰਖਣ ਵਾਲੀ ਦਾਗੀ ਅਕਾਲੀ ਲੀਡਰਸ਼ਿਪ ਦੋਸ਼ੀ ਹੈ ਜੋ ਨਿਜੀ ਹਿਤਾਂ ਲਈ,ਪਰਿਵਾਰ ਦੀ ਰਾਜਨੀਤੀ ਠੋਸਣ ਲਈ ਕੇਂਦਰੀ ਸੱਤਾ ਦੀ ਬਿਨਾਂ ਸ਼ਰਤ ਹਮਾਇਤ ਕਰਦੀ ਰਹੀ ਹੈ ਤੇ ਕੇਂਦਰ ਤੋਂ ਪੰਜਾਬ ਦੇ ਹਕ ਲੈਕੇ ਨਹੀਂ ਦਿਤੇ ਨਾ ਹੀ ਪੰਜਾਬ ਦਾ ਕਰਜ਼ਾ ਮਾਫ ਕਰਵਾਇਆ ਜੋ ਪੰਜਾਬ ਸੰਤਾਪ ਤੋਂ ਹੁਣ ਤਕ ਲਗਾਤਾਰ ਵਧਦਾ ਜਾ ਰਿਹਾ ਹੈ।

ਸਿੱਖ ਚਿੰਤਕਾਂ ਨੇ ਗੁਨਾਹਗਾਰ ਅਕਾਲੀ ਲੀਡਰਸ਼ਿਪ ਤੋਂ ਸਿੰਘ ਸਾਹਿਬਾਨ ਨੂੰ ਸੁਚੇਤ ਕਰਦਿਆਂ ਕਿਹਾ ਕਿ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿੱਪ, ਜੋ ਸੱਤਾ ਜਾਣ ਕਾਰਨ ਨਿਰਾਸ਼ ਹੈ ਅਤੇ ਮੁੜ ਸੱਤਾ ਪ੍ਰਾਪਤੀ ਲਈ ਅਕਾਲ ਤਖ਼ਤ ਸਾਹਿਬ ਨੂੰ ਜਰੀਆ ਬਣਾਕੇ ਡਰਾਮੇ ਕਰ ਰਹੀ ਹੈ। ਇਸੇ ਕਰਕੇ ਅਕਾਲ ਤਖ਼ਤ ਨੂੰ ਮੁੜ ਆਪਣੇ ਸਿਆਸੀ ਝਮੇਲੇ ਦਾ ਅਖਾੜਾ ਬਣਾ ਲਿਆ ਹੈ। ਇਹਨਾਂ ਕਾਰਨ ਅਕਾਲ ਤਖ਼ਤ ਸਾਹਿਬ ਦਾ ਅਕਸ ਫਿਰ ਦਾਅ ਉਪਰ ਲਗ ਗਿਆ ਹੈ। ਸਿੰਘ ਸਾਹਿਬ ਭਾਵੇਂ ਇਨ੍ਹਾਂ ਨੂੰ ਧਾਰਮਿਕ ਸਜ਼ਾ ਲਗਾ ਦੇਣਗੇ ਪਰ ਪੰਥ ਵਿਰੋਧੀ ਗੁਨਾਹਾਂ, ਸਿਆਸੀ ਅਤੇ ਕਾਨੂੰਨੀ ਉਕਾਈਆਂ ਦਾ ਫੈਸਲਾ ਕਿੰਝ ਹੋਵੇਗਾ ਜਿਸਦੇ ਦਾਗੀ ਅਕਾਲੀ ਲੀਡਰ ਜ਼ਿੰਮੇਵਾਰ ਹਨ, ਜਿਸ ਕਾਰਨ ਸਿੱਖ ਪੰਥ ਸੰਤਾਪ ਭੋਗ ਰਿਹਾ ਹੈ ? ਉਨ੍ਹਾਂ ਕਿਹਾ ਕਿ ਸਾਨੂੰ ਚਿੰਤਾ ਹੈ ਕਿ ਇਸ ਸਿਆਸੀ ਡਰਾਮੇ ਤੇ ਅਕਾਲੀ ਲੀਡਰਸ਼ਿਪ ਦੀਆਂ ਚਤੁਰਾਈਆਂ' ਕਾਰਨ ਅਕਾਲ ਤਖ਼ਤ ਦੀ ਸੰਸਥਾ ਨੂੰ ਖੋਰਾ ਨਾ ਲਗ ਜਾਵੇ।

ਉਨ੍ਹਾਂ ਕਿਹਾ ਕਿ ਇਹ ਮਸਲਾ ਹਲ ਕਰਨਾ ਜਾਂ ਤਨਖਾਹ ਲਗਾਕੇ ਨਿਪਟਾਉਣਾ ਅਕਾਲ ਤਖ਼ਤ ਸਾਹਿਬ ਦੀ ਇਤਿਹਾਸਕ ਪਰੰਪਰਾ ਅਨੁਸਾਰ ਠੀਕ ਨਹੀਂ ਹੋਵੇਗਾ। ਇਸ ਸਬੰਧ ਵਿੱਚ ਪੰਥ ਦੀ ਰਵਾਇਤੀ ਇਤਿਹਾਸਕ ਪਰੰਪਰਾ ਅਨੁਸਾਰ ਚੋਣਵੀਆਂ ਪੰਥਕ ਸੰਸਥਾਵਾਂ ਤੇ ਸਿੱਖ ਬੁਧੀਜੀਵੀਆਂ ਦਾ 150 -200 ਕਰੀਬ ਇੱਕਠ ਸਦਕੇ ਰਾਇ ਲੈਣੀ ਚਾਹੀਦੀ ਹੈ ਕਿ ਅਕਾਲ ਤਖ਼ਤ ਸਾਹਿਬ ਤੋਂ ਫੈਸਲਾ ਉਹ ਲੈਣਾ ਚਾਹੀਦਾ ਹੈ ਜੋ ਸਿਖ ਪੰਥ ਨੂੰ ਮਨਜੂਰ ਹੋਵੇ ਤੇ ਜਿਸ ਨਾਲ ਅਕਾਲ ਤਖ਼ਤ ਸਾਹਿਬ ਦਾ ਅਕਸ ਇਤਿਹਾਸ ਵਿੱਚ ਚਮਕਦਾ ਰਹੇ।

## ਡੇਰਾ ਸੌਦਾ ਮੁਖੀ 21 ਦਿਨਾਂ ਦੀ ਫਰਲੋ 'ਤੇ ਜੇਲ੍ਹ ਤੋਂ ਆਇਆ ਬਾਹਰ

ਰੋਹਤਕ/ਏ.ਟੀ.ਨਿਊਜ਼:ਬੀਤੇ ਦਿਨੀਂ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਅਤੇ ਹੱਤਿਆ ਦੇ ਮਾਮਲੇ ਵਿੱਚ ਸਜ਼ਾ ਕੱਟ ਰਹੇ ਡੇਰਾ ਮੁਖੀ ਰਾਮ ਰਹੀਮ ਦੀ 21 ਦਿਨਾਂ ਦੀ ਫਰਲੋ ਮਨਜ਼ੂਰ ਹੋ ਗਈ ਸੀ।



ਰਾਮ ਰਹੀਮ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ ਯੂ ਪੀ ਲਈ ਰਵਾਨਾ ਹੋ ਗਿਆ। ਹਰਿਆਣਾ ਸਰਕਾਰ ਨੇ ਰਾਮ ਰਹੀਮ ਨੂੰ ਇਸ ਸ਼ਰਤ 'ਤੇ ਫਰਲੋ ਦਿੱਤੀ ਹੈ ਕਿ ਉਹ ਬਾਗਪਤ ਸਥਿਤ ਬਰਨਾਵਾ ਆਸ਼ਰਮ 'ਚ 21 ਦਿਨਾਂ ਤੱਕ ਰਹੇਗਾ। ਸਜ਼ਾ ਸੁਣਾਏ ਜਾਣ ਤੋਂ ਬਾਅਦ ਰਾਮ ਰਹੀਮ 10 ਵਾਰ ਜੇਲ੍ਹ ਤੋਂ ਬਾਹਰ ਆ ਚੁੱਕਾ ਹੈ। ਅਜੇ 2 ਦਿਨ ਪਹਿਲਾਂ ਹੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ ਕਿਹਾ ਸੀ ਕਿ ਇਸ ਮਾਮਲੇ 'ਚ ਧਿਆਨ ਨਾਲ ਸੋਚ ਕੇ ਹੀ ਫਰਲੋ ਜਾਂ ਪੈਰੋਲ ਦੇਵੇ। ਬੀਤੇ ਦਿਨੀਂ ਸੌਦਾ ਸਾਧ ਰਾਮ ਰਹੀਮ ਨੂੰ ਵੱਡੀ ਰਾਹਤ ਦਿੰਦਿਆਂ ਹਾਈਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਾਇਰ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਸੀ। ਜਿਸ ਵਿੱਚ ਡੇਰਾ ਮੁਖੀ ਨੂੰ ਪੈਰੋਲ ਜਾਂ ਫਰਲੋ 'ਤੇ ਰਿਹਾਅ ਨਾ ਕਰਨ ਦੀਆਂ ਹਦਾਇਤਾਂ ਦੇਣ ਦੀ ਮੰਗ ਕੀਤੀ ਗਈ।

## ਜਥੇਦਾਰ ਦੇ ਹੁਕਮਾਂ ਤੋਂ ਬਾਅਦ ਗੁਰਦੁਆਰਾ ਸਾਹਿਬਾਨ 'ਚ ਲੱਗੇ ਭਗਵੇਂ ਰੰਗ ਦੇ ਨਿਸ਼ਾਨ ਸਾਹਿਬ ਬਦਲਣੇ ਹੋਏ ਸ਼ੁਰੂ

ਅੰਮ੍ਰਿਤਸਰ/ਏ.ਟੀ.ਨਿਊਜ਼: ਪੰਜ ਤਖ਼ਤਾਂ ਦੇ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਅਧੀਨ ਪੈਂਦੇ 472 ਤੋਂ ਵੱਧ ਗੁਰਦੁਆਰਾ ਸਾਹਿਬਾਨ ਵਿੱਚ ਲੱਗੇ ਭਗਵੇਂ ਰੰਗ ਦੇ ਨਿਸ਼ਾਨ ਸਾਹਿਬ ਦਾ ਰੰਗ ਬਦਲਣ ਸਬੰਧੀ ਜਾਰੀ ਕੀਤੇ ਹੁਕਮਾਂ 'ਤੇ ਅਮਲ ਸ਼ੁਰੂ ਹੋ ਗਿਆ ਹੈ।

ਜਥੇਦਾਰ ਸਾਹਿਬਾਨ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਚੀਫ਼ ਖ਼ਾਲਸਾ ਦੀਵਾਨ ਨੇ ਆਪਣੇ ਦਫ਼ਤਰ ਸਥਿਤ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਦਾ ਭਗਵਾਂ ਰੰਗ ਬਦਲ ਕੇ ਸੁਰਮਈ ਰੰਗ ਕਰ ਦਿੱਤਾ ਹੈ।




ਇਸ ਤਰ੍ਹਾਂ ਸਰਹੱਦੀ ਖੇਤਰ ਅਜਨਾਲਾ ਅਤੇ ਸੁਲਤਾਪੁਰ ਲੋਧੀ ਦੇ ਕਰੀਬ 6 ਗੁਰਦੁਆਰਾ ਸਾਹਿਬਾਨ ਵਿੱਚ ਭਗਵੇਂ ਰੰਗ ਦੀ ਥਾਂ 'ਤੇ ਸੁਰਮਈ ਰੰਗ ਦੇ ਨਿਸ਼ਾਨ ਸਾਹਿਬ ਲਗਾਏ ਗਏ ਹਨ। ਟਾਂਗਰਾ ਦੇ ਨਜ਼ਦੀਕੀ ਪਿੰਡ ਜੋਧਨਗਰੀ ਦੇ ਲੋਕਾਂ ਵਲੋਂ ਜਥੇਦਾਰ ਕਰਤਾਰ ਸਿੰਘ, (ਤਰਨਾ ਦਲ) ਰਾਜਬੀਰ ਸਿੰਘ ਜੋਬਨਜੀਤ ਸਿੰਘ ਡੇਹਰੀਵਾਲ ਵਲੋਂ ਪੁਰਾਣੇ ਨਿਸ਼ਾਨ ਸਾਹਿਬ ਦੀ ਥਾਂ 'ਤੇ ਸੁਰਮਈ ਰੰਗ ਵਿੱਚ ਨਵਾਂ ਨਿਸ਼ਾਨ ਸਾਹਿਬ (ਬਾਬਾ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ) ਸਥਾਪਤ ਕੀਤਾ।

### ਅਕਾਲ ਤਖ਼ਤ ਸਾਹਿਬ ਤੋਂ ਨਿਸ਼ਾਨ ਸਾਹਿਬ ਦੇ ਰੰਗ ਲਈ ਲਿਆ ਗਿਆ ਫੈਸਲਾ ਸਹੀ : ਸਰਨਾ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ: ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਦੀ ਰੌਸ਼ਨੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਆਦੇਸ਼ ਨਿਸ਼ਾਨ ਸਾਹਿਬ ਦੇ ਰੰਗ ਬਸੰਤੀ/ ਪੀਲ਼ਾ (ਅਸਲ ਕੇਸਰੀ) ਜਾਂ ਸੁਰਮਈ ਹੋਣ ਬਾਰੇ ਆਇਆ ਹੈ। ਇਸ ਫੈਸਲੇ ਅੱਗੇ ਸਮੁੱਚੀ ਸਿੱਖ ਕੌਮ ਨੇ ਸ਼ਰਧਾ ਤੇ ਸਤਿਕਾਰ ਨਾਲ ਸੀਸ ਝੁਕਾਉਂਦੇ ਹੋਏ ਨਾ ਸਿਰਫ ਇਸਨੂੰ ਪ੍ਰਵਾਨ ਕੀਤਾ ਹੈ, ਸਗੋਂ ਇਸ ਉੱਪਰ ਖੁਸ਼ੀ - ਖੁਸ਼ੀ ਫੁੱਲ ਵੀ ਚੜ੍ਹਾਏ ਹਨ। ਸਮੁੱਚੇ ਖ਼ਾਲਸਾ ਪੰਥ ਨੇ ਇਸ ਆਦੇਸ਼ 'ਤੇ ਅਥਾਹ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸਨੂੰ ਸਲਾਹਿਆ ਹੈ ਤੇ ਇਹ ਮੰਨਿਆ ਹੈ ਕਿ ਇਹ ਫੈਸਲਾ ਸਿੱਖ ਕੌਮ ਦੀ ਅੱਡਰੀ ਪਹਿਚਾਣ ਦੇ ਪੱਖੋਂ ਮੀਲ ਪੱਥਰ ਸਾਬਤ ਹੋਵੇਗਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇੱਕ ਬਿਆਨ ਰਾਹੀਂ ਕਿਹਾ ਕਿ ਜਦੋਂ ਇਸ ਆਦੇਸ਼ ਦੇ ਜਾਰੀ ਹੋਣ ਤੋਂ ਬਾਅਦ ਵੱਖ - ਵੱਖ ਚੈਨਲਾਂ ਉੱਪਰ ਵਿਚਾਰ - ਚਰਚਾਵਾਂ ਹੋਈਆਂ ਤਾਂ ਇਸਦਾ ਸਭ ਤੋਂ ਵੱਧ ਵਿਰੋਧ ਸੰਘ ਤੇ ਆਰੀਆ (ਬਾਕੀ ਸਫ਼ਾ 30 'ਤੇ)

## ਦਲਿਤ ਆਗੂ ਸੁੱਖੀ ਅਕਾਲੀ ਦਲ ਛੱਡ ਕੇ 'ਆਪ' 'ਚ ਹੋਇਆ ਸ਼ਾਮਲ

ਜਲੰਧਰ/ਏ.ਟੀ.ਨਿਊਜ਼ : ਅਕਾਲੀ ਦੇ ਬੰਗਾ ਤੋਂ ਵਿਧਾਇਕ ਸੁਖਵਿੰਦਰ ਸੁੱਖੀ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਹੁਣ ਸਵਾਲ ਇਹ ਹੈ ਕਿ ਉਨ੍ਹਾਂ ਦੀ ਐਂਟੀ ਡਿਫੈਕਸ਼ਨ ਲਾਅ ਮੁਤਾਬਿਕ ਮੈਂਬਰਸ਼ਿਪ ਵੀ ਰੱਦ ਹੋਵੇਗੀ ? ਅਤੇ ਹੁਣ ਕੀ ਪੰਜਾਬ ਵਿੱਚ 4 ਜ਼ਿਮਨੀ ਚੋਣਾਂ ਦੀ ਥਾਂ 5 ਹੋਣਗੀਆਂ ? ਇਸ ਦੇ ਬਾਰੇ ਜਦੋਂ ਸੁਖਵਿੰਦਰ ਸੁੱਖੀ ਨੂੰ ਪੁੱਛਿਆ ਗਿਆ ਕੀ ਤੁਸੀਂ ਵਿਧਾਇਕੀ ਤੋਂ ਅਸਤੀਫ਼ਾ ਦਿਓਗੇ ਤਾਂ ਉਨ੍ਹਾਂ ਨੇ ਕਾਨੂੰਨੀ ਰਾਏ ਦਾ ਹਵਾਲਾ ਦਿੱਤਾ।



ਪਰ ਜਦੋਂ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸਤਪਾਨ ਜੈਨ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਐਂਟੀ ਡਿਫੈਕਸ਼ਨ ਕਾਨੂੰਨ ਦੇ ਮੁਤਾਬਿਕ ਸੁਖਵਿੰਦਰ ਸੁੱਖੀ ਨੂੰ ਅਸਤੀਫ਼ਾ ਦੇਣਾ ਹੀ ਹੋਵੇਗਾ ਪਰ ਨਾਲ ਹੀ ਸਤਪਾਲ ਜੈਨ ਨੇ ਕਿਹਾ ਅਕਾਲੀ ਦਲ ਸੁੱਖੀ ਦੀ ਮੈਂਬਰਸ਼ਿਪ ਰੱਦ ਕਰਨ ਦੀ ਸਪੀਕਰ ਨੂੰ ਅਰਜ਼ੀ ਦੇਵੇਗਾ, ਜੇਕਰ ਕੋਈ ਵੀ ਅਰਜ਼ੀ ਨਹੀਂ ਦਿੰਦਾ ਹੈ ਤਾਂ ਸੁਖਵਿੰਦਰ ਸੁੱਖੀ ਦੀ ਵਿਧਾਇਕੀ ਬਰਕਾਰ ਰਹੇਗੀ ਅਤੇ ਉਹ 5 ਸਾਲ ਪੂਰੇ ਵਿਧਾਇਕ ਰਹਿ ਸਕਦੇ ਹਨ।

ਐਂਟੀ ਡਿਫੈਕਸ਼ਨ ਲਾਅ ਦੇ ਮੁਤਾਬਿਕ ਜੇਕਰ ਕਿਸੇ ਮੌਜੂਦਾ ਪਾਰਟੀ ਦਾ ਵਿਧਾਇਕ ਛੱਡ ਕੇ ਦੂਜੀ ਪਾਰਟੀ ਵਿੱਚ ਸ਼ਾਮਲ ਹੁੰਦਾ ਹੈ ਤਾਂ ਉਸ ਦੀ ਮੈਂਬਰਸ਼ਿਪ ਰੱਦ ਹੋਵੇਗੀ ਪਰ ਜੇਕਰ 2/ 3 ਵਿਧਾਇਕ ਪਾਰਟੀ ਛੱਡ ਕੇ ਦੂਜੀ ਪਾਰਟੀ ਵਿੱਚ ਸ਼ਾਮਲ ਹੁੰਦੇ ਹਨ ਤਾਂ ਮੈਂਬਰਸ਼ਿਪ ਰੱਦ ਨਹੀਂ ਹੁੰਦੀ ਹੈ। ਅਕਾਲੀ ਦਲ ਦੇ ਵਿਧਾਨਸਭਾ ਵਿੱਚ ਕੁੱਲ 3 ਵਿਧਾਇਕ ਸਨ, ਯਾਨੀ 2/3 ਦੀ ਸ਼ਰਤ ਪੂਰੀ ਕਰਨ ਦੇ ਲਈ 3 ਵਿੱਚੋਂ 2 ਵਿਧਾਇਕਾਂ ਦਾ ਸ਼ਾਮਲ ਹੋਣਾ ਜ਼ਰੂਰੀ ਹੈ। ਪਰ ਕਿਉਂਕਿ ਸਿਰਫ਼ 1 ਵਿਧਾਇਕ ਨੇ ਹੀ ਪਾਰਟੀ ਛੱਡੀ ਹੈ ਇਸ ਲਈ ਜੇਕਰ ਅਕਾਲੀ ਦਲ ਜਾਂ ਕੋਈ ਹੋਰ ਪਾਰਟੀ ਸਪੀਕਰ ਨੂੰ ਸੁੱਖੀ ਦੀ ਵਿਧਾਇਕੀ ਰੱਦ ਕਰਨ ਦੀ ਅਪੀਲ ਕਰਦਾ ਹੈ ਤਾਂ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਹੋਵੇਗਾ ਅਤੇ ਨਵੇਂ ਸਿਰੇ ਤੋਂ ਚੋਣ ਲੜਨੀ ਹੋਵੇਗੀ।

# ਕੇਜਰੀਵਾਲ ਤੇ ਮੋਦੀ ਵਿਚਾਲੇ ਛਿੜੀ ਇਸ਼ਤਿਹਾਰਬਾਜ਼ੀ ਦੀ ਜੰਗ

## ਹਰਿਆਣਾ ਚੋਣਾਂ ਵਿੱਚ ਉਜਾੜਿਆ ਜਾ ਰਿਹਾ ਹੈ ਪੰਜਾਬ ਦਾ ਖ਼ਜ਼ਾਨਾ

## ਨਿਯਮਾਂ ਦੀ ਉਲੰਘਣਾ ਕਾਰਨ ਕੇਂਦਰ ਸਰਕਾਰ ਪੰਜਾਬ ਦੇ ਪ੍ਰੋਜੈਕਟ ਕਰ ਰਹੀ ਹੈ ਬੰਦ






ਸਰਕਾਰੀ ਇਸ਼ਤਿਹਾਰਾਂ ਰਾਹੀਂ ਆਪਣੇ ਅਕਸ ਚਮਕਾਉਣ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਪਾਰਟੀ ਦਾ ਮੁਕਾਬਲਾ ਸਿਰਫ਼ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਆਮ ਆਦਮੀ ਪਾਰਟੀ ਹੀ ਕਰ ਸਕਦੀ ਹੈ। ਹਰਿਆਣਾ ਵਿੱਚ ਅਗਲੇ ਦੋ ਮਹੀਨਿਆਂ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ। ਹਰਿਆਣਾ ਦੇ ਨਾਲ ਲਗਦੇ ਸੂਬੇ ਪੰਜਾਬ ਵਿੱਚ 2027 ’ਚ ਵਿਧਾਨ ਸਭਾ ਦੀਆਂ ਚੋਣਾਂ ਹੋਣਗੀਆਂ ਪਰ ਦੋਵਾਂ ਰਾਜਾਂ ਦੀਆਂ ਸਰਕਾਰਾਂ ਵਿਚਾਲੇ ਇਸ਼ਤਿਹਾਰਬਾਜ਼ੀ ਦੀ ਜੰਗ ਛਿੜ ਚੁੱਕੀ ਹੈ। ਦੋਵਾਂ ਰਾਜਾਂ ਦੀਆਂ ਸਰਕਾਰਾਂ ਦਿੱਲੀ ਦੇ ਅਖ਼ਬਾਰਾਂ ’ਚ ਰੋਜ਼ਾਨਾ ਘੱਟੋ ਘੱਟ ਇੱਕ-ਇੱਕ ਪੰਨੇ ਦਾ ਇਸ਼ਤਿਹਾਰ ਦੇ ਰਹੀਆਂ ਹਨ। ਹਰਿਆਣਾ ’ਚ ਅਜੇ ਚੋਣਾਂ ਹੋਣੀਆਂ ਹਨ, ਲਿਹਾਜ਼ਾ ਉਸ ਦਾ ਤਾਂ ਸਮਝਿਆ ਜਾ ਸਕਦਾ ਹੈ ਕਿ ਉੱਥੇ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਰਾਜ ਸਰਕਾਰ ਨੂੰ ਸਰਕਾਰੀ ਪੈਸਿਆਂ ਨਾਲ ਜੰਮ ਕੇ ਭਾਜਪਾ ਲਈ ਪ੍ਰਚਾਰ ਕਰਨਾ ਹੈ ਪਰ ਪੰਜਾਬ ਦਾ ਕੀ ਮਕਸਦ ਹੈ ?

ਦਰਅਸਲ ਪੰਜਾਬ ਸਰਕਾਰ ਦੇ ਇੰਨੇ ਇਸ਼ਤਿਹਾਰ ਦੇਣ ਦਾ ਮਕਸਦ ਵੀ ਹਰਿਆਣਾ ਦੀਆਂ ਚੋਣਾਂ ਹੀ ਹਨ। ਪੰਜਾਬ ਦਾ ਖ਼ਜ਼ਾਨਾ ਹਰਿਆਣਾ ਚੋਣਾਂ ਉਪਰ ਉਜਾੜਿਆ ਜਾ ਰਿਹਾ ਹੈ।

ਆਮ ਆਦਮੀ ਪਾਰਟੀ ਨੇ ਹਰਿਆਣਾ ਦੀਆਂ ਸਾਰੀਆਂ 90 ਸੀਟਾਂ ’ਤੇ ਇਕੱਲਿਆਂ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਹਰਿਆਣਾ ਅਰਵਿੰਦ ਕੇਜਰੀਵਾਲ ਦਾ ਗ੍ਰਹਿ ਰਾਜ ਹੈ ਅਤੇ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਉੱਥੇ ਲਗਾਤਾਰ ਪ੍ਰਚਾਰ ਕਰ ਰਹੀ ਹੈ। ਪਿਛਲੀ ਵਾਰ ਵੀ ਪਾਰਟੀ ਨੇ ਹਰਿਆਣਾ ’ਚ ਚੋਣਾਂ ਲੜੀਆਂ ਸਨ, ਪਰ ਕੁਝ ਖ਼ਾਸ ਹਾਸਿਲ ਨਹੀਂ ਸੀ ਹੋਇਆ। ਉਸ ਤੋਂ ਬਾਅਦ ਪੰਜਾਬ ’ਚ ਜ਼ਰੂਰ ਆਮ ਆਦਮੀ ਪਾਰਟੀ ਦੀ ਸਰਕਾਰ ਬਣ ਗਈ।

ਸੋ, ਉਸ ਦਾ ਫਾਇਦਾ ਉਠਾਉਂਦਿਆਂ ਹੋਇਆ ਪੰਜਾਬ ਸਰਕਾਰ ਦੇ ਇਸ਼ਤਿਹਾਰ ਦਿੱਲੀ ਅਤੇ ਹਰਿਆਣਾ ਦੇ ਅਖ਼ਬਾਰਾਂ ਵਿੱਚ ਛਪ ਰਹੇ ਹਨ ਅਤੇ ਇਸ ਨਾਲ ਆਮ ਆਦਮੀ ਪਾਰਟੀ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਵੇਂ ਆਪ ਪਾਰਟੀ ਸਫਲ ਨਹੀਂ ਹੋ ਰਹੀ,ਪਰ ਆਪ ਪਾਰਟੀ ਪੰਜਾਬ ਦਾ ਖ਼ਜ਼ਾਨਾ ਪੂਰੇ ਭਾਰਤ ਵਿੱਚ ਸਿਆਸਤ ਚਮਕਾਉਣ ਲਈ ਉਜਾੜ ਰਹੀ ਹੈ। ਕਾਂਗਰਸ ਦੇ ਸੀਨੀਅਰ ਨੇਤਾ ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਸਰਕਾਰੀ ਖ਼ਜ਼ਾਨੇ ਵਿੱਚੋਂ ਸੈਂਕੜੇ ਕਰੋੜ ਰੁਪਏ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਇਸ਼ਤਿਹਾਰਾਂ ’ਤੇ ਖ਼ਰਚ ਕੀਤੇ ਸਨ। ਹੁਣ ਹਰਿਆਣੇ ਵਿੱਚ ਅਜਿਹਾ ਕਰ ਰਹੀ ਹੈ।

ਯਾਦ ਰਹੇ ਕਿ ਪੰਜਾਬ ਆਰਥਿਕ ਸੰਕਟ ਵਿੱਚ ਹੈ। ਲਗਾਤਾਰ ਕਰੋੜਾਂ ਦੇ ਕਰਜ਼ੇ ਚੁੱਕ ਕੇ ਇਸ਼ਤਿਹਾਰਬਾਜ਼ੀ ਤਾਂ ਕੀਤੀ ਜਾ ਸਕਦੀ ਹੈ, ਸਿਆਸਤ ਚਮਕਾਈ ਜਾ ਸਕਦੀ ਹੈ ਪਰ ਠੋਸ ਪ੍ਰਾਪਤੀਆਂ ਨਹੀਂ ਕੀਤੀਆਂ ਜਾ ਸਕਦੀਆਂ। ਸੂਬੇ ਵਿਚੋਂ ਵੱਡੇ ਸਨਅਤਕਾਰ ਅਤੇ ਵਪਾਰੀ ਗ਼ਾਇਬ ਹੁੰਦੇ ਜਾ ਰਹੇ ਹਨ। ਕੇਂਦਰ ਸਰਕਾਰ ਸੂਬੇ ਨਾਲ ਸਖ਼ਤ ਨਾਰਾਜ਼ ਚੱਲ ਰਹੀ ਹੈ, ਕਿਉਂਕਿ ਉਸ ਵਲੋਂ ਉਲੀਕੀਆਂ ਯੋਜਨਾਵਾਂ ’ਤੇ ਕਾਂਟਾ ਮਾਰ ਕੇ ਆਪਣੀ ਹੀ ਪਿੱਠ ਥਪਥਪਾਉਣ ਲਈ ਯੋਜਨਾਵਾਂ ਦੇ ਨਾਂਅ ਬਦਲ ਕੇ ਉਨ੍ਹਾਂ ਨੂੰ ਆਪਣੀਆਂ ਯੋਜਨਾਵਾਂ ਪ੍ਰਚਾਰ ਕੇ ਚਲਾਇਆ ਜਾ ਰਿਹਾ ਹੈ। ਰਾਜ ਨੂੰ ਕਈ ਪਿਛਲੀਆਂ ਯੋਜਨਾਵਾਂ ਲਈ ਭੇਜੀ ਆਰਥਿਕ ਸਹਾਇਤਾ ਦਾ ਹਿਸਾਬ-ਕਿਤਾਬ ਵੀ ਰਾਜ ਸਰਕਾਰ ਵਲੋਂ ਕੇਂਦਰ ਨੂੰ ਮੁਹੱਈਆ ਨਹੀਂ ਕੀਤਾ ਗਿਆ। ਪਿਛਲੇ ਲੰਮੇ ਸਮੇਂ ਤੋਂ, ਕੇਂਦਰ ਵੱਲੋਂ ਪੰਜਾਬ ਵਿੱਚ ਬਣਾਏ ਜਾਣ ਵਾਲੇ ਸ਼ਾਹਰਾਹਾਂ ਦੇ ਨਿਰਮਾਣ ਸੰਬੰਧੀ ਆ ਰਹੀਆਂ ਔਕੜਾਂ ਦਾ ਮੁੱਦਾ ਰਾਜ ਸਰਕਾਰ ਕੋਲ ਉਠਾਇਆ ਜਾ ਰਿਹਾ ਹੈ। ਇਨ੍ਹਾਂ ਨੂੰ ਅੱਗੇ ਵਧਣ ਲਈ ਜਿਸ ਤਰ੍ਹਾਂ ਦੇ ਸਹਿਯੋਗ ਦੀ ਲੋੜ ਸੀ, ਸੂਬਾ ਸਰਕਾਰ ਉਹ ਦੇਣ ਤੋਂ ਅਸਮਰੱਥ ਰਹੀ ਹੈ। ਇਸ ਸੰਬੰਧੀ ਕੇਂਦਰੀ ਸੜਕੀ ਆਵਾਜਾਈ ਅਤੇ ਰਾਜ ਮਾਰਗ ਮੰਤਰੀ ਨਿਤਿਨ ਗਡਕਰੀ ਨੇ ਪਹਿਲਾਂ ਵੀ ਚਿਤਾਵਨੀਆਂ ਦਿੱਤੀਆਂ ਸਨ। ਸੂਬੇ ਦੇ ਸੰਬੰਧਿਤ ਮੰਤਰੀ ਅਤੇ ਅਫ਼ਸਰਾਂ ਨੂੰ ਵੀ ਬੁਲਾ ਕੇ ਉਨ੍ਹਾਂ ਨਾਲ ਲੰਮੀਆਂ ਮੁਲਾਕਾਤਾਂ ਕੀਤੀਆਂ ਗਈਆਂ ਸਨ ਅਤੇ ਇੱਕ ਨਿਸ਼ਚਿਤ ਸਮੇਂ ਵਿੱਚ ਦਰਪੇਸ਼ ਔਕੜਾਂ ਨੂੰ ਦੂਰ ਕਰਨ ਲਈ ਵੀ ਕਿਹਾ ਗਿਆ ਸੀ, ਪਰ ਸੂਬੇ ਦੇ ਪ੍ਰਸ਼ਾਸਨ ਦੀ ਚਾਲ ਸੁਸਤ ਬਣੀ ਰਹੀ। ਅਖੀਰ ਕੇਂਦਰ ਨੂੰ 104 ਕਿੱਲੋਮੀਟਰ ਲੰਮੇ ਤਿੰਨ ਪ੍ਰਾਜੈਕਟ ਬੰਦ ਕਰਨ ਦਾ ਐਲਾਨ ਕਰਨਾ ਪਿਆ। ਇਨ੍ਹਾਂ ਦੀ ਕੀਮਤ 23000 ਕਰੋੜ ਤੋਂ ਉੱਪਰ ਸੀ। ਇਸ ਤੋਂ ਵੀ ਸੂਬਾ ਸਰਕਾਰ ਦੀ ਜਾਗ ਨਹੀਂ ਖੁੱਲ੍ਹੀ। ਅਖੀਰ ਹੁਣ ਥੱਕ ਹਾਰ ਕੇ ਕੇਂਦਰੀ ਮੰਤਰੀ ਨੇ 8 ਹੋਰ ਸ਼ਾਹਰਾਹਾਂ ਦੀਆਂ ਯੋਜਨਾਵਾਂ, ਜਿਨ੍ਹਾਂ ਵਿੱਚ ਦਿੱਲੀ-ਅੰਮ੍ਰਿਤਸਰ-ਕੱਟੜਾ ਹਾਈਵੇਅ ਵੀ ਸ਼ਾਮਿਲ ਹੈ ਅਤੇ ਜਿਨ੍ਹਾਂ ’ਤੇ ਕੇਂਦਰ ਵਲੋਂ 14000 ਕਰੋੜ ਰੁਪਏ ਤੋਂ ਵਧੇਰੇ ਖ਼ਰਚ ਕੀਤੇ ਜਾਣੇ ਹਨ, ਸੰਬੰਧੀ ਵੀ ਚਿਤਾਵਨੀ ਦੇ ਦਿੱਤੀ ਹੈ।

ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇਸ ਸੰਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੂੰ ਇੱਕ ਸਖ਼ਤ ਪੱਤਰ ਲਿਖਿਆ ਹੈ, ਜਿਸ ਵਿੱਚ ਉਨ੍ਹਾਂ ਨੇ ਇਹ ਕਿਹਾ ਹੈ ਕਿ ਜੇਕਰ ਸੂਬੇ ਵਿੱਚ ਸੰਬੰਧਿਤ ਇੰਜੀਨੀਅਰਾਂ ਅਤੇ ਅਫ਼ਸਰਾਂ ਨੂੰ ਧਮਕੀਆਂ ਦੇਣ ਅਤੇ ਉਨ੍ਹਾਂ ਨੂੰ ਮਾਰਨ-ਕੁੱਟਣ ਦੀਆਂ ਕਾਰਵਾਈਆਂ ਜਾਰੀ ਰਹੀਆਂ ਅਤੇ ਇਸ ਦੇ ਨਾਲ ਹੀ ਜੇਕਰ ਲੋੜੀਂਦੀਆਂ ਜ਼ਮੀਨਾਂ ਮੁਹੱਈਆ ਨਾ ਕਰਵਾਈਆਂ ਗਈਆਂ ਤਾਂ, ਇਨ੍ਹਾਂ ਯੋਜਨਾਵਾਂ ਨੂੰ ਵੀ ਰੱਦ ਕਰ ਦਿੱਤਾ ਜਾਏਗਾ। ਕੇਂਦਰੀ ਮੰਤਰੀ ਦੀ ਇਸ ਧਮਕੀ ਨੇ ਪੰਜਾਬ ਵਿੱਚ ਵਿਕਾਸ ਦੀ ਆਸ ਰੱਖਦੀਆਂ ਸਾਰੀਆਂ ਹੀ ਧਿਰਾਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਬਿਨਾਂ ਸ਼ੱਕ ਪੰਜਾਬ ਦੇ ਵਿਕਾਸ ਨੂੰ ਪਹਿਲਾਂ ਹੀ ਬਰੇਕਾਂ ਲੱਗ ਚੁੱਕੀਆਂ ਹਨ, ਪਰ ਨਵੇਂ ਬਣ ਰਹੇ ਮਾਹੌਲ ਵਿੱਚ ਜੇਕਰ ਕਰੋੜਾਂ ਰੁਪਏ ਦੇ ਸ਼ਾਹਰਾਹਾਂ ਦਾ ਕੰਮ ਕਾਜ ਵੀ ਠੱਪ ਹੋ ਜਾਂਦਾ ਹੈ ਤਾਂ ਰਾਜ ਵਿੱਚ ਜਿਥੇ ਮੁੱਢਲੇ ਢਾਂਚੇ ਦੇ ਵਿਕਾਸ ਦੇ ਪੱਖ ਤੋਂ ਵੱਡਾ ਨੁਕਸਾਨ ਹੋਵੇਗਾ, ਉਥੇ ਭਵਿੱਖ ਵਿੱਚ ਇਸ ਦੇ ਹੋਰ ਵੀ ਪਛੜ ਜਾਣ ਦੇ ਹਾਲਾਤ ਬਣ ਜਾਣਗੇ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



ਸੇਬੀ ਦੀ ਭਰੋਸੇਯੋਗਤਾ ਦਾਅ ਉੱਤੇ ਲੱਗੀ

# ਹਿੰਡਨਬਰਗ ਦੇ ਨਵੇਂ ਖ਼ੁਲਾਸਿਆਂ ਦੀ ਅਸਲੀਅਤ ਸਾਹਮਣੇ ਲਿਆਉਣ ਦੀ ਲੋੜ

## ਹਿੰਡਨਬਰਗ ਵੱਲੋਂ ਜਾਰੀ ਇੱਕ ਹੋਰ ਰਿਪੋਰਟ ਤੇ ਦੋਸ਼ਾਂ ਨੂੰ ਬੁਚ ਜੋੜੇ ਅਤੇ ਅਡਾਨੀ ਗਰੁੱਪ ਦੋਵਾਂ ਨੇ ਨਕਾਰਿਆ

### ਨਵੀਂ ਰਿਪੋਰਟ ਕਾਰਨ ਭਾਰਤ ਦੀ ਸਿਆਸਤ ਵਿਚ ਆਇਆ ਭੂਚਾਲ







-ਅਮਰੀਕੀ ਸ਼ਾਰਟ ਸੇਲਿੰਗ ਰਿਸਰਚ ਫਰਮ 'ਹਿੰਡਨਬਰਗ ਰਿਸਰਚ' ਦੀ ਰਿਪੋਰਟ ਜਦੋਂ ਵੀ ਆਉਂਦੀ ਹੈ ਤਾਂ ਅਨੇਕਾਂ ਵੱਡੇ ਲੋਕਾਂ ਦੇ ਚਿਹਰਿਆਂ 'ਤੇ ਤਰੇਲੀਆਂ ਆ ਜਾਂਦੀਆਂ ਹਨ। ਇਸ ਦੀ ਰਿਪੋਰਟ ਤੋਂ ਬਾਅਦ ਮੁਨਾਫ਼ੇ ਵਿੱਚ ਜਾ ਰਹੀਆਂ ਅਨੇਕਾਂ ਕੰਪਨੀਆਂ ਵਿੱਤੀ ਘਾਟੇ ਦਾ ਸ਼ਿਕਾਰ ਹੋ ਜਾਂਦੀਆਂ ਹਨ। ਇਸੇ ਕਰਕੇ ਕੰਪਨੀਆਂ ਲਈ ਹਿੰਡਨਬਰਗ ਦੀ ਰਿਪੋਰਟ ਇੱਕ ਹਊਆ ਬਣ ਜਾਂਦੀ ਹੈ। ਹਿੰਡਨਬਰਗ ਅਤੇ 'ਸੇਬੀ' ਪ੍ਰਮੁੱਖ ਮਾਧਵੀ ਪੁਰੀ ਬੁੱਚ ਅੱਜ ਕੱਲ ਸੁਰਖ਼ੀਆਂ ਵਿੱਚ ਹਨ। ਵਿੱਤੀ ਘੁਟਾਲਿਆਂ, ਕਾਰਪੋਰੇਟ ਬੇਨਿਯਮੀਆਂ ਅਤੇ ਸੰਭਾਵਿਤ ਧੋਖਾਧੜੀ ਦੀਆਂ ਗਤੀਵਿਧੀਆਂ ਦਾ ਪਰਦਾਫਾਸ਼ ਕਰਨ ਵਾਲੀ ਫਰਮ 'ਹਿੰਡਨਬਰਗ ਰਿਸਰਚ' ਵੱਲੋਂ ਜਾਰੀ ਕੀਤੀ ਗਈ ਤਾਜ਼ਾ ਰਿਪੋਰਟ ਵਿੱਚ ਸੇਬੀ ਪ੍ਰਮੁੱਖ ਮਾਧਵੀ ਬੁੱਚ ਦੇ ਅਡਾਨੀ ਸਮੂਹ ਨਾਲ ਕਾਰੋਬਾਰੀ ਰਿਸ਼ਤਿਆਂ ਦੇ ਖ਼ੁਲਾਸਿਆਂ ਤੋਂ ਬਾਅਦ ਭਾਰਤ ਦੀ ਰਾਜਨੀਤੀ ਵਿੱਚ ਭੂਚਾਲ ਆ ਗਿਆ ਹੈ। ਇਸ ਰਿਪੋਰਟ ਦੇ ਆਉਣ ਤੋਂ ਬਾਅਦ ਸੇਬੀ ਪ੍ਰਮੁੱਖ ਮਾਧਵੀ ਬੁੱਚ ਅਤੇ ਉਸ ਦੇ ਪਤੀ ਨੇ ਜੋ ਕਿਹਾ, ਉਸ ਦੇ ਜਵਾਬ ਵਿੱਚ ਹਿੰਡਨਬਰਗ ਦਾ ਕਹਿਣਾ ਹੈ ਕਿ ਆਪਣੀ ਸਫਾਈ ਦਿੰਦਿਆਂ ਸੇਬੀ ਪ੍ਰਮੁੱਖ ਨੇ ਕਈ ਮਹੱਤਵਪੂਰਨ ਦੋਸ਼ ਮੰਨ ਵੀ ਲਏ ਹਨ। ਹਿੰਡਨਬਰਗ ਵੱਲੋਂ ਲਗਾਏ ਗਏ ਦੋਸ਼ਾਂ ਅਤੇ ਸੇਬੀ ਪ੍ਰਮੁੱਖ ਵੱਲੋਂ ਕੀਤੇ ਗਏ ਇਸ ਦੇ ਖੰਡਨ ਤੋਂ ਬਾਅਦ ਦੇਸ਼ ਵਾਸੀਆਂ ਅੱਗੇ ਵੱਡਾ ਸਵਾਲ ਇਹ ਪੈਦਾ ਹੋ ਗਿਆ ਹੈ, ਕਿ ਦੋਵਾਂ ਵਿਚੋਂ ਸੱਚਾ ਕੌਣ ਹੈ। ਉਂਝ ਆਮ ਲੋਕਾਂ ਵਿੱਚ ਚਰਚਾ ਹੋ ਰਹੀ ਹੈ ਕਿ ਸੇਬੀ ਵੱਲੋਂ ਅਡਾਨੀ ਸਮੂਹ ਪ੍ਰਤੀ ਜੋ ਨਰਮਾਈ ਵਰਤੀ ਗਈ ਹੈ, ਉਸ ਵਿੱਚ ਕੁਝ ਘਾਲਾ ਮਾਲਾ ਜ਼ਰੂਰ ਹੈ। ਹਿੰਡਨਬਰਗ ਨੇ ਆਪਣੀ ਰਿਪੋਰਟ ਵਿੱਚ ਸਪਸ਼ਟ ਦੋਸ਼ ਲਗਾਏ ਹਨ ਕਿ ਅਡਾਨੀ ਸਮੂਹ ਨਾਲ ਕਾਰੋਬਾਰੀ ਰਿਸ਼ਤੇ ਹੋਣ ਕਾਰਨ ਹੀ ਸੇਬੀ ਪ੍ਰਮੁੱਖ ਬੁੱਚ ਵੱਲੋਂ ਅਡਾਨੀ ਸਮੂਹ ਦੀਆਂ ਕੰਪਨੀਆਂ ਵੱਲੋਂ ਕੀਤੀਆਂ ਗਈਆਂ ਹੇਰਾ-ਫੇਰੀਆਂ ਪ੍ਰਤੀ ਨਰਮਾਈ ਵਰਤੀ ਗਈ। ਹੁਣ ਇਹਨਾਂ ਦੋਸ਼ਾਂ ਦੀ ਪੂਰੀ ਜਾਂਚ ਤੋਂ ਬਾਅਦ ਹੀ ਸੱਚਾਈ ਸਾਹਮਣੇ ਆ ਸਕਦੀ ਹੈ। ਪੂਰੇ ਦੇਸ਼ ਸਾਹਮਣੇ ਹਿੰਡਨਬਰਗ ਵੱਲੋਂ ਸੇਬੀ ਪ੍ਰਮੁੱਖ ਤੇ ਲਗਾਏ ਗਏ ਦੋਸ਼ਾਂ ਦੀ ਸੱਚਾਈ ਸਾਹਮਣੇ ਲਿਆਉਣੀ ਭਾਰਤ ਸਰਕਾਰ ਲਈ ਜ਼ਰੂਰੀ ਹੈ ਤਾਂ ਕਿ ਦੇਸ਼ ਵਾਸੀਆਂ ਨੂੰ ਇਸ ਮਾਮਲੇ ਦੀ ਪੂਰੀ ਅਸਲੀਅਤ ਦਾ ਪਤਾ ਚੱਲ ਸਕੇ।

ਵਿਰੋਧੀ ਪਾਰਟੀਆਂ ਦੋਸ਼ ਲਗਾ ਰਹੀਆਂ ਹਨ ਕਿ ਹਿੰਡਨਬਰਗ ਦੀ ਤਾਜ਼ਾ ਰਿਪੋਰਟ ਤੋਂ ਡਰਦਿਆਂ ਹੀ ਸੰਸਦ ਦਾ ਇਜਲਾਸ ਸਮੇਂ ਤੋਂ ਤਿੰਨ ਦਿਨ ਪਹਿਲਾਂ ਹੀ ਉਠਾ ਦਿੱਤਾ ਗਿਆ ਕਿਉਂਕਿ ਜੇ ਸੰਸਦ ਦੇ ਚਲਦੇ ਇਜਲਾਸ ਦੌਰਾਨ ਇਹ ਰਿਪੋਰਟ ਆ ਜਾਂਦੀ ਤਾਂ ਸੰਸਦ ਵਿੱਚ ਵੱਡਾ ਹੰਗਾਮਾ ਹੋਣਾ ਸੀ ਅਤੇ ਵਿਰੋਧੀ ਧਿਰ ਵਲੋਂ ਇਸ ਮਾਮਲੇ ਸਬੰਧੀ ਜੇ. ਪੀ. ਸੀ. ਭਾਵ ਜਾਇੰਟ ਪਾਰਲੀਮੈਂਟਰੀ ਕਮੇਟੀ ਬਣਾਉਣ ਦੀ ਮੰਗ ਕੀਤੀ ਜਾਣੀ ਸੀ ਤੇ ਸਰਕਾਰ ਨੂੰ ਹਿੰਡਨਬਰਗ ਵੱਲੋਂ ਲਗਾਏ ਗਏ ਦੋਸ਼ਾਂ ਦਾ ਜਵਾਬ ਦੇਣ ਲਈ ਮਜਬੂਰ ਹੋਣਾ ਪੈਣਾ ਸੀ। ਇਸ ਸਭ ਤੋਂ ਬਚਣ ਲਈ ਹੀ ਸੰਸਦ ਦਾ ਇਜਲਾਸ ਸਮੇਂ ਤੋਂ ਤਿੰਨ ਦਿਨ ਪਹਿਲਾਂ ਹੀ ਉਠਾ ਦਿੱਤਾ ਗਿਆ।

ਵਿਰੋਧੀ ਧਿਰ ਦੇ ਆਗੂ ਅਤੇ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਹਿੰਡਨਬਰਗ ਰਿਸਰਚ ਰਿਪੋਰਟ ਦੇ ਆਧਾਰ 'ਤੇ ਸੇਬੀ 'ਤੇ ਸਵਾਲ ਖੜ੍ਹੇ ਕੀਤੇ ਹਨ। ਇਸ ਰਾਹੀਂ ਉਨ੍ਹਾਂ ਕੇਂਦਰ ਸਰਕਾਰ ਨੂੰ ਘੇਰਿਆ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਛੋਟੇ ਪ੍ਰਚੂਨ ਨਿਵੇਸ਼ਕਾਂ ਦੀਆਂ ਜਾਇਦਾਦਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਰੈਗੂਲੇਟਰ ਸੇਬੀ ਦੀ ਅਖੰਡਤਾ ਨੂੰ ਇਸ ਦੇ ਚੇਅਰਮੈਨ ਵਿਰੁੱਧ ਦੋਸ਼ਾਂ ਨਾਲ ਗੰਭੀਰ ਸੱਟ ਵੱਜੀ ਹੈ।ਰਾਹੁਲ ਗਾਂਧੀ ਨੇ ਕਿਹਾ ਕਿ ਦੇਸ਼ ਭਰ ਦੇ ਇਮਾਨਦਾਰ ਨਿਵੇਸ਼ਕ ਸਰਕਾਰ ਨੂੰ ਸਵਾਲ ਪੁੱਛ ਰਹੇ ਹਨ, 'ਸੇਬੀ ਦੀ ਚੇਅਰਪਰਸਨ ਮਾਧਬੀ ਪੁਰੀ ਬੁਚ ਨੇ ਅਜੇ ਤੱਕ ਅਸਤੀਫ਼ਾ ਕਿਉਂ ਨਹੀਂ ਦਿੱਤਾ ? ਜੇਕਰ ਨਿਵੇਸ਼ਕਾਂ ਦੀ ਮਿਹਨਤ ਦੀ ਕਮਾਈ ਖਤਮ ਹੋ ਜਾਂਦੀ ਹੈ ਤਾਂ ਕੌਣ ਜ਼ਿੰਮੇਵਾਰ ਹੋਵੇਗਾ ? ਪ੍ਰਧਾਨ ਮੰਤਰੀ ਮੋਦੀ, ਸੇਬੀ ਚੇਅਰਮੈਨ ਜਾਂ ਗੌਤਮ ? ਅਡਾਨੀ ਦੇ ਸਾਹਮਣੇ ਆਏ ਨਵੇਂ ਅਤੇ ਬਹੁਤ ਗੰਭੀਰ ਦੋਸ਼ਾਂ ਦੇ ਮੱਦੇਨਜ਼ਰ, ਕੀ ਸੁਪਰੀਮ ਕੋਰਟ ਇਸ ਮਾਮਲੇ ਦੀ ਦੁਬਾਰਾ ਆਪਣੇ ਆਪ 'ਤੇ ਜਾਂਚ ਕਰੇਗੀ ? ਹਿੰਡਨਬਰਗ ਵੱਲੋਂ ਕਿਹਾ ਗਿਆ ਹੈ ਕਿ ਸਿੰਗਾਪੁਰ ਸਥਿਤ ਐਗੋਰਾ ਐਡਵਾਇਜ਼ਰੀ ਲਿਮਟਿਡ (ਇੰਡੀਆ) ਨਾਂਅ ਦੀ ਇੱਕ ਕੰਪਨੀ ਵਿੱਚ ਮਾਧਵੀ ਦੀ ਹਾਲੇ ਵੀ 99 ਫ਼ੀਸਦੀ ਮਾਲਕੀ ਹੈ ਅਤੇ ਉਸੇ ਨੂੰ ਅਡਾਨੀ ਸਮੂਹ ਦੀ ਜਾਂਚ ਕਰਨ ਦਾ ਕੰਮ ਸੌਂਪਿਆ ਗਿਆ ਸੀ। ਹਿੰਡਨਬਰਗ ਨੇ ਮਾਧਵੀ ਨੂੰ ਸਵਾਲ ਕੀਤਾ ਹੈ ਕਿ ਕੀ ਉਹ ਇਸ ਸਾਰੇ ਕੇਸ ਦੀ ਜਨਤਕ ਜਾਂਚ ਲਈ ਸਹਿਮਤ ਹੋਵੇਗੀ ?ਇਸ ਤੋਂ ਪਹਿਲਾਂ ਜਨਵਰੀ ਵਿੱਚ, ਹਿੰਡਨਬਰਗ ਰਿਸਰਚ ਨੇ ਦੋਸ਼ ਲਗਾਇਆ ਸੀ ਕਿ ਅਡਾਨੀ ਸਮੂਹ 'ਸ਼ੇਅਰ ਹੇਰਾ-ਫੇਰੀ ਅਤੇ ਅਕਾਊਂਟਿੰਗ ਫਰਾਡ' ਵਿੱਚ ਸ਼ਾਮਲ ਸੀ। ਹਾਲਾਂਕਿ ਅਡਾਨੀ ਸਮੂਹ ਨੇ ਇਸ ਦੋਸ਼ ਨੂੰ ਪੂਰੀ ਤਰ੍ਹਾਂ ਬੇਬੁਨਿਆਦ ਕਰਾਰ ਦਿੱਤਾ ਸੀ। ਉਸ ਨੇ ਕਿਹਾ ਕਿ ਅਜਿਹਾ ਉਸ ਦੇ ਹਿੱਸੇ ਦੀ ਵਿਕਰੀ ਨੂੰ ਨੁਕਸਾਨ ਪਹੁੰਚਾਉਣ ਦੇ ਮਾੜੇ ਇਰਾਦੇ ਨਾਲ ਕੀਤਾ ਗਿਆ ਸੀ। ਉਸ ਸਮੇਂ, ਅਡਾਨੀ ਗਰੁੱਪ ਦੀ ਪ੍ਰਮੁੱਖ ਕੰਪਨੀ ਅਡਾਨੀ ਇੰਟਰਪ੍ਰਾਈਜਿਜ਼ 20,000 ਕਰੋੜ ਰੁਪਏ ਦੀ ਫਾਲੋ-ਆਨ ਪਬਲਿਕ ਪੇਸ਼ਕਸ਼ ਲਾਂਚ ਕਰਨ ਦੀ ਤਿਆਰੀ ਕਰ ਰਹੀ ਸੀ।

ਬੰਦਰਗਾਹਾਂ ਤੋਂ ਲੈ ਕੇ ਊਰਜਾ ਤੱਕ ਦੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਅਡਾਨੀ ਸਮੂਹ ਨੇ ਕਿਹਾ ਸੀ ਕਿ ਹਿੰਡਨਬਰਗ ਰਿਪੋਰਟ ਚੋਣਵੀਆਂ ਗਲਤ ਸੂਚਨਾਵਾਂ ਅਤੇ ਬੇਬੁਨਿਆਦ ਜਾਣਕਾਰੀ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ ਅਤੇ ਇਰਾਦੇ ਵਿੱਚ ਪੂਰੀ ਤਰ੍ਹਾਂ ਨਾਲ ਗਲਤ ਹੈ। ਜਿਨ੍ਹਾਂ ਤੱਥਾਂ ਦੇ ਆਧਾਰ 'ਤੇ ਰਿਪੋਰਟ ਤਿਆਰ ਕੀਤੀ ਗਈ ਹੈ, ਉਨ੍ਹਾਂ ਨੂੰ ਵੀ ਭਾਰਤ ਦੀਆਂ ਅਦਾਲਤਾਂ ਨੇ ਰੱਦ ਕਰ ਦਿੱਤਾ ਹੈ, ਇਸ ਰਿਪੋਰਟ ਤੋਂ ਬਾਅਦ ਅਡਾਨੀ ਸਮੂਹ ਦੇ ਸ਼ੇਅਰ ਡਿੱਗ ਗਏ ਸਨ, ਹਾਲਾਂਕਿ ਬਾਅਦ ਵਿੱਚ ਇਹ ਨੁਕਸਾਨ ਤੋਂ ਉਭਰਨ ਵਿੱਚ ਕਾਮਯਾਬ ਹੋ ਗਿਆ ਸੀ।ਇਸ ਤੋਂ ਪਹਿਲਾਂ ਵੀ ਕਈ ਵੱਡੇ ਮਾਮਲਿਆਂ 'ਚ ਹਿੰਡਨਬਰਗ ਰਿਸਰਚ ਨੇ ਅਹਿਮ ਭੂਮਿਕਾ ਨਿਭਾਈ ਹੈ, ਜਿਸ ਕਾਰਨ ਨਿਕੋਲ, ਲਾਰਡਸਟਾਊਨ ਮੋਟਰਜ਼ ਵਰਗੀਆਂ ਕੰਪਨੀਆਂ ਦੀ ਸਾਖ ਨੂੰ ਡੂੰਘੀ ਸੱਟ ਵੱਜੀ ਸੀ।

ਜਨਵਰੀ 2023 ਵਿੱਚ, ਹਿੰਡਨਬਰਗ ਰਿਸਰਚ ਨੇ ਗੌਤਮ ਅਡਾਨੀ ਦੇ ਅਡਾਨੀ ਸਮੂਹ ਨੂੰ ਨਿਸ਼ਾਨਾ ਬਣਾਉਂਦੇ ਹੋਏ ਇੱਕ ਰਿਪੋਰਟ ਜਾਰੀ ਕੀਤੀ ਸੀ। ਇਸ ਰਿਪੋਰਟ ਨੇ ਹਲਚਲ ਪੈਦਾ ਕਰ ਦਿੱਤੀ ਸੀ ਕਿਉਂਕਿ ਹਿੰਡਨਬਰਗ ਨੇ ਅਡਾਨੀ ਗਰੁੱਪ 'ਤੇ ਕਈ ਗੰਭੀਰ ਦੋਸ਼ ਲਾਏ ਸਨ। ਜਿਵੇਂ ਹੀ ਹਿੰਡਨਬਰਗ ਰਿਸਰਚ ਰਿਪੋਰਟ ਸਾਹਮਣੇ ਆਈ, ਅਡਾਨੀ ਗਰੁੱਪ ਦੇ ਸਾਰੇ ਸ਼ੇਅਰਾਂ 'ਚ ਭਾਰੀ ਗਿਰਾਵਟ ਆਈ ਅਤੇ ਗੌਤਮ ਅਡਾਨੀ ਦੁਨੀਆਂ ਦੇ ਨੰਬਰ 2 ਅਰਬਪਤੀ ਬਣਨ ਤੋਂ ਬਾਅਦ 36ਵੇਂ ਨੰਬਰ 'ਤੇ ਖਿਸਕ ਗਏ ਸਨ, ਕਿਉਂਕਿ ਉਨ੍ਹਾਂ ਦੀ ਜਾਇਦਾਦ 'ਚ ਰਿਕਾਰਡ ਗਿਰਾਵਟ ਦਰਜ ਕੀਤੀ ਗਈ।24 ਜਨਵਰੀ 2023 ਨੂੰ ਅਡਾਨੀ ਗਰੁੱਪ 'ਤੇ ਰਿਪੋਰਟ ਆਉਣ ਤੋਂ ਬਾਅਦ ਸਾਰੇ ਸ਼ੇਅਰਾਂ 'ਚ ਭਾਰੀ ਗਿਰਾਵਟ ਆਈ, ਜਿਸ ਤੋਂ ਬਾਅਦ ਕੰਪਨੀ ਦਾ ਮੁੱਲ ਵੀ ਤੇਜ਼ੀ ਨਾਲ ਡਿੱਗਿਆ ਸੀ। ਸਥਿਤੀ ਇਹ ਸੀ ਕਿ ਅਡਾਨੀ ਸਮੂਹ ਦਾ ਮੁੱਲ ਕੁਝ ਦਿਨਾਂ ਵਿੱਚ 86 ਅਰਬ ਡਾਲਰ ਘਟ ਗਿਆ ਸੀ।

### ਕੀ ਹੈ ਹਿੰਡਨਬਰਗ ਰਿਸਰਚ ?

ਹਿੰਡਨਬਰਗ ਰਿਸਰਚ ਨੂੰ ਨਾਥਨ ਐਂਡਰਸਨ ਵੱਲੋਂ 2017 'ਚ ਸਥਾਪਿਤ ਕੀਤਾ ਗਿਆ ਸੀ। ਇਹ ਇੱਕ ਅਮਰੀਕੀ ਸ਼ਾਰਟ-ਵੇਲ ਰਿਸਰਚ ਫ਼ਰਮ ਹੈ। ਹਿੰਡਨਬਰਗ ਰਿਸਰਚ ਉਹਨਾਂ ਕੰਪਨੀਆਂ ਦੀ ਪਛਾਣ ਕਰਨ ਵਿੱਚ ਮਾਹਿਰ ਹੈ ਜੋ ਸੰਭਾਵੀ ਧੋਖਾਧੜੀ, ਵਿੱਤੀ ਬੇਨਿਯਮੀਆਂ, ਜਾਂ ਕਾਰਪੋਰੇਟ ਬੇਨਿਯਮੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ।

ਕੰਪਨੀ ਦਾ ਮੁੱਖ ਉਦੇਸ਼ ਉਹਨਾਂ ਕੰਪਨੀਆਂ ਦਾ ਪਰਦਾਫਾਸ਼ ਕਰਨਾ ਹੈ ਜੋ ਨਿਵੇਸ਼ਕਾਂ ਨੂੰ ਗੁੰਮਰਾਹ ਕਰ ਸਕਦੀਆਂ ਹਨ ਅਤੇ ਇਸ ਦੇ ਨਾਲ ਹੀ, ਅਨੇਕਾਂ ਚਾਲਾਂ ਦੀ ਵਰਤੋਂ ਕਰਕੇ ਵਿੱਤੀ ਲਾਭ ਕਮਾਉਂਦੀਆਂ ਹਨ। ਫ਼ਰਮ ਦਾ ਨਾਮ 1937 ਦੇ ਹਿੰਡਨਬਰਗ ਏਅਰਸ਼ਿਪ ਕਰੈਸ਼ ਦੇ ਬਾਅਦ ਰੱਖਿਆ ਗਿਆ ਹੈ, ਜੋ ਕਿ ਇੱਕ ਵੱਡਾ ਅਤੇ ਨਾਟਕੀ ਹਾਦਸਾ ਸੀ। ਇਹ ਨਾਮ ਪ੍ਰਤੀਕਾਤਮਕ ਸੰਕੇਤ ਵਜੋਂ ਚੁਣਿਆ ਗਿਆ ਸੀ ਕਿ ਉਹ ਕੰਪਨੀਆਂ, ਜਿਨ੍ਹਾਂ 'ਤੇ ਉਹ ਰਿਪੋਰਟ ਕਰਦੇ ਹਨ, ਉਸੇ ਤਰ੍ਹਾਂ ਤਬਾਹ ਹੋ ਸਕਦੇ ਹਨ।

### ਕਿਵੇਂ ਕੰਮ ਕਰਦੀ ਹੈ ਹਿੰਡਨਬਰਗ ਰਿਸਰਚ ਫ਼ਰਮ ?




ਹਿੰਡਨਬਰਗ ਰਿਸਰਚ ਫਰਮ ਆਧੁਨਿਕ ਤਰੀਕਿਆਂ ਨਾਲ ਆਪਣਾ ਕੰਮ ਕਰਦੀ ਹੈ। ਇਸ ਰਿਪੋਰਟ ਆਮ ਕਰਕੇ ਕਿਸੇ ਨਾ ਕਿਸੇ ਕੰਪਨੀ ਦੇ ਸ਼ੇਅਰ ਅਤੇ ਸਟਾਕ ਦੀਆਂ ਕੀਮਤਾਂ ਨੂੰ ਡੇਗ ਦਿੰਦੀ ਹੈ ਅਤੇ ਇਸ ਫਰਮ ਵੱਲੋਂ ਦਾਅਵਾ ਕੀਤਾ ਜਾਂਦਾ ਹੈ ਕਿ ਉਸ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਬਿਲਕੁਲ ਸਹੀ ਹੈ।

**ਖੋਜ ਅਤੇ ਡੇਟਾ ਵਿਸ਼ਲੇਸ਼ਣ:** ਹਿੰਡਨਬਰਗ ਖੋਜ ਕੰਪਨੀਆਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਅਤੇ ਜਾਂਚ ਕਰਦੀ ਹੈ। ਉਹ ਜਨਤਕ ਤੌਰ 'ਤੇ ਉਪਲਬਧ ਡੇਟਾ, ਵਿੱਤੀ ਰਿਪੋਰਟਾਂ, ਕਾਨੂੰਨੀ ਦਸਤਾਵੇਜ਼ਾਂ, ਇੰਟਰਵਿਊਆਂ ਅਤੇ ਹੋਰ ਸਰੋਤਾਂ ਦੀ ਵਰਤੋਂ ਕਰਦੀ ਹੈ। ਉਸ ਦਾ ਉਦੇਸ਼ ਉਹਨਾਂ ਕੰਪਨੀਆਂ ਦੀ ਖੋਜ ਕਰਨਾ ਹੈ ਜੋ ਗਲਤ ਕੰਮਾਂ, ਧੋਖਾਧੜੀ ਜਾਂ ਗਲਤ ਬਿਆਨਬਾਜ਼ੀ ਵਿੱਚ ਸ਼ਾਮਲ ਹੋ ਸਕਦੀਆਂ ਹਨ।

**ਸ਼ਾਰਟ - ਸੇਲਿੰਗ:** ਜਦੋਂ ਹਿੰਡਨਬਰਗ ਰਿਸਰਚ ਨੂੰ ਕਿਸੇ ਕੰਪਨੀ ਵਿੱਚ ਬੇਨਿਯਮੀਆਂ ਜਾਂ ਧੋਖਾਧੜੀ ਦਾ ਸ਼ੱਕ ਹੁੰਦਾ ਹੈ, ਤਾਂ ਹਿੰਡਨਬਰਗ ਵੱਲੋਂ ਉਸ ਕੰਪਨੀ ਦੇ ਵਿਰੁੱਧ ਖਰੀਦ-ਵੇਚਣ ਦੀਆਂ ਸਥਿਤੀਆਂ ਦਾ ਜਾਇਜ਼ਾ ਲਿਆ ਜਾਂਦਾ ਹੈ।

ਸ਼ਾਰਟ-ਸੇਲਿੰਗ ਇੱਕ ਵਿੱਤੀ ਤਕਨੀਕ ਹੈ ਜਿਸ ਵਿੱਚ ਇੱਕ ਨਿਵੇਸ਼ਕ ਇੱਕ ਸਟਾਕ ਦੀ ਕੀਮਤ ਡਿੱਗਣ ਦੀ ਉਮੀਦ ਕਰਦਾ ਹੈ ਅਤੇ ਉਹ ਉਸ ਸਟਾਕ ਨੂੰ ਉਧਾਰ ਲੈਂਦੇ ਹਨ ਅਤੇ ਵੇਚਦੇ ਹਨ, ਬਾਅਦ ਵਿੱਚ ਇਸਨੂੰ ਘੱਟ ਕੀਮਤ 'ਤੇ ਵਾਪਸ ਖਰੀਦਣ ਦੀ ਕੋਸ਼ਿਸ਼ ਕਰਦੇ ਹਨ।

**ਇੱਕ ਰਿਪੋਰਟ ਜਾਰੀ ਕਰਨਾ:** ਕੰਪਨੀ ਦੀ ਵਿਸਤ੍ਰਿਤ ਜਾਂਚ ਅਤੇ ਵਿਸ਼ਲੇਸ਼ਣ ਤੋਂ ਬਾਅਦ, ਹਿੰਡਨਬਰਗ ਇੱਕ ਜਨਤਕ ਰਿਪੋਰਟ ਜਾਰੀ ਕਰਦੀ ਹੈ, ਜਿਸ ਵਿੱਚ ਉਹ ਆਪਣੀਆਂ ਖੋਜਾਂ ਨੂੰ ਉਜਾਗਰ ਕਰਦੀ ਹੈ। ਇਹ ਰਿਪੋਰਟਾਂ ਅਕਸਰ ਮਾਰਕੀਟ ਵਿੱਚ ਗੜਬੜ ਪੈਦਾ ਕਰਦੀਆਂ ਹਨ, ਜਿਸ ਨਾਲ ਰਿਪੋਰਟ ਕੀਤੀ ਕੰਪਨੀ ਦੇ ਸਟਾਕ ਦੀ ਕੀਮਤ ਵਿੱਚ ਗਿਰਾਵਟ ਆ ਸਕਦੀ ਹੈ।

### ਸਾਂਝੀ ਸੰਸਦੀ ਕਮੇਟੀ ਤੋਂ ਕਰਵਾਈ ਜਾਵੇ ਘਪਲੇ ਦੀ ਜਾਂਚ: ਖੜਗੇ

ਅਮਰੀਕੀ ਸ਼ਾਰਟ ਸੇਲਰ ਹਿੰਡਨਬਰਗ ਦੀ ਰਿਸਰਚ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੇਬੀ 'ਤੇ ਲੱਗੇ ਦੋਸ਼ਾਂ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਅਡਾਨੀ ਸਮੂਹ ਅਤੇ ਸੇਬੀ ਦੀ ਮਿਲੀਭੁਗਤ ਨਾਲ ਹੋਏ ਘਪਲੇ ਦੀ ਜਾਂਚ ਸਾਂਝੀ ਸੰਸਦੀ ਕਮੇਟੀ (ਜੇ.ਪੀ.ਸੀ.) ਤੋਂ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਇਸ ਮੁੱਦੇ ਦੀ ਜੇ.ਪੀ.ਸੀ. ਤੋਂ ਜਾਂਚ ਕਰਵਾਉਣਾ ਜ਼ਰੂਰੀ ਹੈ। ਨਹੀਂ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਦੀਆਂ ਸੰਵਿਧਾਨਿਕ ਸੰਸਥਾਵਾਂ ਨਾਲ ਸਮਝੌਤਾ ਕਰਕੇ ਆਪਣੇ ਸਹਿਯੋਗੀਆਂ ਨੂੰ ਬਚਾਉਂਦੇ ਰਹਿਣਗੇ।



ਕਾਂਗਰਸ ਪ੍ਰਧਾਨ ਨੇ ਕਿਹਾ ਕਿ ਸਰਕਾਰ ਨੂੰ ਅਡਾਨੀ ਸਮੂਹ ਦੇ ਘਪਲਿਆਂ ਦੀ ਜਾਂਚ ਕਰਵਾ ਕੇ ਸੇਬੀ 'ਤੇ ਲੱਗੇ ਦੋਸ਼ਾਂ 'ਤੇ ਸਥਿਤੀ ਸਪਸ਼ਟ ਕਰਨੀ ਹੋਵੇਗੀ। ਨਾਲ ਹੀ ਤੁਰੰਤ ਕਾਰਵਾਈ ਕਰਨੀ ਹੋਵੇਗੀ। ਐਕਸ 'ਤੇ ਕੀਤੇ ਗਏ ਇੱਕ ਪੋਸਟ 'ਤੇ ਖੜਗੇ ਨੇ ਕਿਹਾ ਕਿ ਜਨਵਰੀ 2023 'ਚ ਹਿੰਡਨਬਰਗ ਦੀ ਰਿਪੋਰਟ ਆਉਣ ਤੋਂ ਬਾਅਦ ਸੇਬੀ ਨੇ ਸੁਪਰੀਮ ਕੋਰਟ 'ਚ ਅਡਾਨੀ ਸਮੂਹ 'ਤੇ ਲੱਗੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਸੀ। ਹੁਣ ਸੇਬੀ ਮੁਖੀ 'ਤੇ ਦੋਸ਼ ਲੱਗੇ ਹਨ। ਉਨ੍ਹਾਂ ਕਿਹਾ ਕਿ ਮੱਧ ਵਰਗ ਦੇ ਨਿਵੇਸ਼ਕ ਆਪਣੀ ਮਿਹਨਤ ਦੀ ਕਮਾਈ ਸ਼ੇਅਰ ਬਾਜ਼ਾਰ 'ਚ ਨਿਵੇਸ਼ ਕਰਦੇ ਹਨ। ਅਜਿਹੇ ਘਪਲਿਆਂ ਅਤੇ ਦੋਸ਼ਾਂ ਤੋਂ ਬਾਅਦ ਨਿਵੇਸ਼ਕ ਚਿੰਤਤ ਹਨ। ਉਨ੍ਹਾਂ ਨੂੰ ਸੁਰੱਖਿਆ ਦੀ ਲੋੜ ਹੈ। ਖੜਕੇ ਨੇ ਕਿਹਾ ਕਿ ਇਸ ਘਪਲੇ ਦੀ ਜਾਂਚ ਜੀ.ਪੀ.ਸੀ. ਤੋਂ ਕਰਵਾਉਣੀ ਜ਼ਰੂਰੀ ਹੈ।

## ਦਰਪਣ ਝੂਠ ਨਹੀਂ ਬੋਲਦਾ

# ਕੀ ਸਿੱਧੂ ਮੂਸੇਵਾਲ ਦੇ ਕਤਲ ਲਈ ਮਿਲੇ ਹੋਏ ਨੇ ਸਰਕਾਰ, ਗੈਂਗਸਟਰ, ਦਾਗ਼ੀ ਅਫਸਰ ?

## ਲਾਰੈਂਸ ਦੀ ਇੰਟਰਵਿਊ ਸਬੰਧੀ ਖ਼ੁਲਾਸੇ ਤੋਂ ਬਾਅਦ ਸਰਕਾਰ ਕੁੜਿੱਕੀ ਵਿੱਚ ਫਸੀ

### ਜੇਲ੍ਹਾਂ ਵਿੱਚ ਦਿੱਤੀਆਂ ਜਾ ਰਹੀਆਂ ਨੇ ਗੈਂਗਸਟਰਾਂ ਨੂੰ ਸਹੂਲਤਾਂ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਸੰਬੰਧੀ ਹੋਏ ਖ਼ੁਲਾਸੇ ਕਿ ਇਹ ਇੰਟਰਵਿਊ ਨਸ਼ਿਆਂ ਤੇ ਗੈਂਗਸਟਰਾਂ ਸੰਬੰਧੀ ਵਿਸ਼ੇਸ਼ ਟਾਸਕ ਫੋਰਸ ਦੇ ਪੁੱਛ-ਗਿੱਛ ਸੈਂਟਰ ਸੀ.ਆਈ.ਏ. (ਖਰੜ) ਵਿਖੇ ਹੋਈ ਸੀ, ਨੇ ਜਿਥੇ ਪੰਜਾਬ ਸਰਕਾਰ ਕੁੜਿੱਕੀ ਵਿੱਚ ਫਸਾ ਦਿੱਤੀ ਹੈ, ਉਥੇ ਮੁੱਖ ਮੰਤਰੀ, ਡੀ.ਜੀ.ਪੀ. ਤੇ ਸੰਬੰਧਿਤ ਦੂਜੇ ਅਧਿਕਾਰੀ ਵੀ ਸੁੰਨ ਹੋਏ ਪਏ ਹਨ ਅਤੇ ਕੋਈ ਵੀ ਇਸ ਮੁੱਦੇ ’ਤੇ ਮੂੰਹ ਖੋਲ੍ਹਣ ਨੂੰ ਤਿਆਰ ਨਹੀਂ ਹੈ।

ਯਾਦ ਰਹੇ ਕਿ ਹਿਰਾਸਤ ਦੌਰਾਨ ਲਾਰੈਂਸ ਬਿਸ਼ਨੋਈ ਦੀ ਪਹਿਲੀ ਇੰਟਰਵਿਊ ਖਰੜ ਸੀ.ਆਈ.ਏ. ਕੰਪਲੈਕਸ ਵਿੱਚ ਹੋਈ ਸੀ। ਸਤੰਬਰ 2023 ਵਿੱਚ ਰਿਕਾਰਡ ਕੀਤੀ ਗਈ ਇਹ ਇੰਟਰਵਿਊ ਸੱਤ ਮਹੀਨੇ ਬਾਅਦ ਮਾਰਚ 2023 ਵਿੱਚ ਜਾਰੀ ਕੀਤੀ ਗਈ ਸੀ। ਦੂਜੀ ਇੰਟਰਵਿਊ ਰਾਜਸਥਾਨ ਦੀ ਜੇਲ੍ਹ ਵਿੱਚ ਹੋਈ ਸੀ। ਇਹ ਖ਼ੁਲਾਸਾ ਇਸ ਮਾਮਲੇ ਦੀ ਜਾਂਚ ਲਈ ਗਠਿਤ ਐੱਸ.ਆਈ.ਟੀ. ਦੀ ਰਿਪੋਰਟ ਵਿੱਚ ਹੋਇਆ ਹੈ। ਇਸ ਰਿਪੋਰਟ ਨਾਲ ਪੰਜਾਬ ਸਰਕਾਰ ਦੇ ਉਸ ਦਾਅਵੇ ਦੀ ਪੋਲ ਖੁੱਲ੍ਹ ਗਈ ਹੈ ਜਿਸ ਵਿੱਚ ਕਿਹਾ ਗਿਆ ਸੀ ਕਿ ਇਹ ਇੰਟਰਵਿਊ ਪੰਜਾਬ ਵਿੱਚ ਇੰਟਰਵਿਊ ਨਹੀਂ ਹੋਈ। ਇਸ ਤੋਂ ਸਪਸ਼ਟ ਹੈ ਕਿ ਜੇਲ੍ਹੀਂ ਬੈਠੇ ਗੈਂਗਸਟਰਾਂ ਪਿਛੇ ਵੱਡੀਆਂ ਸਿਆਸੀ ਤਾਕਤਾਂ ਹਨ।

ਸੰਗਰੂਰ ਦੀ ਜੇਲ੍ਹ ਵਿੱਚ ਪਾਕਸੋ ਐਕਟ ਤਹਿਤ ਵਿਚਾਰ ਅਧੀਨ ਇੱਕ ਕੈਦੀ ਵੱਲੋਂ ਪੀੜਤਾ ਨੂੰ ਜੇਲ੍ਹ ਦੇ ਅੰਦਰੋਂ ਮੋਬਾਈਲ ਫੋਨ ਰਾਹੀਂ ਵੀਡੀਓ ਭੇਜਣ ਦਾ ਮਾਮਲੇ ਦੀ ਸੁਣਵਾਈ ਦੌਰਾਨ ਦੌਰਾਨ ਲਾਰੈਂਸ ਬਿਸ਼ਨੋਈ ਦੀ ਜੇਲ੍ਹ ਵਿੱਚ ਕੀਤੀ ਗਈ ਇੰਟਰਵਿਊ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ’ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਸੀ। ਬਾਅਦ ਵਿੱਚ ਹਾਈ ਕੋਰਟ ਨੇ ਇਸ ਮਾਮਲੇ ਦੀ ਜਾਂਚ ਸਪੈਸ਼ਲ ਡੀ.ਜੀ.ਪੀ. ਹਿਊਮਨ ਰਾਈਟਸ ਪ੍ਰਬੋਧ ਕੁਮਾਰ ਦੀ ਅਗਵਾਈ ਵਾਲੀ ਐੱਸ.ਆਈ.ਟੀ. ਨੂੰ ਸੌਂਪੀ ਸੀ।

ਐੱਸ.ਆਈ.ਟੀ. ਨੇ ਬੀਤੇ ਹਫਤੇ ਜਾਂਚ ਸਬੰਧੀ ਸੀਲਬੰਦ ਰਿਪੋਰਟ ਹਾਈ ਕੋਰਟ ਵਿੱਚ ਪੇਸ਼ ਕੀਤੀ ਸੀ। ਹਾਈ ਕੋਰਟ ਨੇ ਰਿਪੋਰਟ ਦਾ ਕੁਝ ਹਿੱਸਾ ਕੋਰਟ ਵਿੱਚ ਪੜ੍ਹਿਆ। ਐੱਸ.ਆਈ.ਟੀ. ਨੇ ਰਿਪੋਰਟ ਵਿੱਚ ਦੱਸਿਆ ਹੈ ਕਿ ਲਾਰੈਂਸ ਬਿਸ਼ਨੋਈ ਦੀ ਪਹਿਲੀ ਇੰਟਰਵਿਊ ਸੀ.ਆਈ.ਏ. ਕੰਪਲੈਕਸ ਖਰੜ ਵਿੱਚ ਹੋਈ ਸੀ। ਖ਼ਾਸ ਗੱਲ ਇਹ ਹੈ ਕਿ ਸਤੰਬਰ 2022 ਵਿੱਚ ਰਿਕਾਰਡ ਹੋਈ ਇਹ ਇੰਟਰਵਿਊ ਸੱਤ ਮਹੀਨੇ ਬਾਅਦ ਮਾਰਚ 2023 ਵਿੱਚ ਜਾਰੀ ਕੀਤੀ ਗਈ। ਦੂਜੀ ਇੰਟਰਵਿਊ ਬਾਰੇ ਦੱਸਿਆ ਗਿਆ ਕਿ ਇਹ ਰਾਜਸਥਾਨ ਦੀ ਜੇਲ੍ਹ ਵਿੱਚ ਹੋਈ ਸੀ।

ਖਰੜ ਵਿੱਚ ਹੋਈ ਇੰਟਰਵਿਊ ਦੇ ਮਾਮਲੇ ਵਿੱਚ ਹਾਈ ਕੋਰਟ ਨੇ ਹੁਣ ਉਨ੍ਹਾਂ ਮੁਲਾਜ਼ਮਾਂ ਦੀ ਪਛਾਣ ਕਰ ਕੇ ਕਾਰਵਾਈ ਦਾ ਆਦੇਸ਼ ਦਿੱਤਾ ਹੈ ਜਿਨ੍ਹਾਂ ਨੇ ਇੰਟਰਵਿਊ ਕਰਾਉਣ ਵਿੱਚ ਭੂਮਿਕਾ ਨਿਭਾਈ ਸੀ। ਕੋਰਟ ਨੇ ਮਾਮਲੇ ਦੀ ਜਾਂਚ ਲਈ ਪੰਜਾਬ ਦੇ ਮੁੱਖ ਸਕੱਤਰ ਤੇ ਡੀ.ਜੀ.ਪੀ. ਨੂੰ ਐੱਸ.ਆਈ.ਟੀ. ਦਾ ਸਹਿਯੋਗ ਕਰਨ ਦਾ ਆਦੇਸ਼ ਦਿੱਤਾ ਹੈ।

ਇਸੇ ਤਰ੍ਹਾਂ ਰਾਜਸਥਾਨ ਵਿੱਚ ਹੋਈ ਇੰਟਰਵਿਊ ’ਤੇ ਹਾਈ ਕੋਰਟ ਨੇ ਕੋਰਟ ਮਿੱਤਰ ਨੂੰ ਆਦੇਸ਼ ਦਿੱਤਾ ਹੈ ਕਿ ਉਹ ਰਾਜਸਥਾਨ ਸਰਕਾਰ ਨੂੰ ਮੁੱਖ ਸਕੱਤਰ ਜ਼ਰੀਏ ਧਿਰ ਬਣਾਉਣ। ਕੋਰਟ ਨੇ ਰਾਜਸਥਾਨ ਦੇ ਐਡਵੋਕੇਟ ਜਨਰਲ ਨੂੰ ਅਗਲੀ ਸੁਣਵਾਈ ’ਤੇ ਵੀਸੀ ਰਾਹੀਂ ਪੇਸ਼ ਹੋਣ ਦਾ ਆਦੇਸ਼ ਦਿੱਤਾ ਹੈ।



ਸੁਣਵਾਈ ਦੌਰਾਨ ਹਾਈ ਕੋਰਟ ਨੇ ਸੁਣਵਾਈ ਦੌਰਾਨ ਜੇਲ੍ਹ ਵਿਚੋਂ ਉਗਰਾਹੀ ਤੇ ਧਮਕੀਆਂ ਦਿੱਤੇ ਜਾਣ ਦੇ ਮਾਮਲੇ ’ਤੇ ਵੀ ਚਿੰਤਾ ਪ੍ਰਗਟਾਈ। ਕੋਰਟ ਨੇ ਕਿਹਾ ਕਿ ਜੇਲ੍ਹ ਦੇ ਅੰਦਰੋਂ ਉਗਰਾਹੀ ਤੇ ਧਮਕੀ ਦੇ ਮਾਮਲੇ ਸਭ ਤੋਂ ਜ਼ਿਆਦਾ ਪੰਜਾਬ ਤੋਂ ਹੀ ਸਾਹਮਣੇ ਆਉਂਦੇ ਹਨ। ਇਸ ਹਾਲਤ ਵਿੱਚ ਅਗਲੀ ਸੁਣਵਾਈ ’ਤੇ ਇਹ ਦੱਸਿਆ ਜਾਵੇ ਕਿ ਪੰਜਾਬ ਦੀਆਂ ਜੇਲ੍ਹਾਂ ਵਿਚੋਂ ਇਸ ਤਰ੍ਹਾਂ ਦੇ ਫੋਨ ਕੀਤੇ ਜਾਣ ਦੇ ਕਿੰਨੇ ਮਾਮਲੇ ਸਾਹਮਣੇ ਆਏ ਹਨ ਤੇ ਉਨ੍ਹਾਂ ਮਾਮਲਿਆਂ ’ਚ ਕੀ ਕਾਰਵਾਈ ਕੀਤੀ ਗਈ ਹੈ।

ਸੁਆਲ ਤਾਂ ਇਹ ਹੈ ਕਿ ਪੁਲਿਸ ਵਿਭਾਗ ਦੇ ਇੱਕ ਮਹੱਤਵਪੂਰਨ ਪੁੱਛ-ਗਿੱਛ ਸੈਂਟਰ ਇੱਕ ਗੈਂਗਸਟਰ ਦੀ ਇੰਟਰਵਿਊ ਲਈ ਟੀ.ਵੀ. ਸਟੂਡੀਓ ਵਿੱਚ ਕਿਸ ਦੀ ਇਜਾਜ਼ਤ ਨਾਲ ਤਬਦੀਲ ਹੋਇਆ ਅਤੇ ਇੰਟਰਵਿਊ ਨੂੰ 6 ਮਹੀਨੇ ਤੋਂ ਵੀ ਬਾਅਦ ਰਿਲੀਜ਼ ਜਾਂ ਜਨਤਕ ਕਰਨ ਦਾ ਫ਼ੈਸਲਾ ਕਿਸ ਪੱਧਰ ’ਤੇ ਹੋਇਆ ਅਤੇ ਇਸ ਇੰਟਰਵਿਊ ਪਿੱਛੇ ਏਜੰਡਾ, ਮੰਤਵ ਜਾਂ ਸਾਜ਼ਿਸ਼ ਕੀ ਸੀ ?

ਮੁੱਖ ਮੰਤਰੀ ਭਗਵੰਤ ਮਾਨ ਜੋ ਮੁੱਖ ਮੰਤਰੀ ਦੇ ਨਾਲ ਗ੍ਰਹਿ ਮੰਤਰੀ ਤੇ ਜੇਲ੍ਹ ਮੰਤਰੀ ਵੀ ਹਨ, ਅਜਿਹੇ ਵੱਡੇ ਇਨਸਾਫ਼ ਤੋਂ ਬਾਅਦ ਖਾਮੋਸ਼ ਕਿਉਂ ਹਨ ?

ਕੀ ਉਨ੍ਹਾਂ ਦੇ ਗ੍ਰਹਿ ਮੰਤਰੀ ਹੁੰਦਿਆਂ ਇਸ ਮਾਮਲੇ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਬਣਦੀ ?

ਪੁਲਿਸ ਵਿਭਾਗ ਅਤੇ ਗੈਂਗਸਟਰਾਂ ਦਰਮਿਆਨ ਇਸ ਮਾਮਲੇ ਵਿੱਚ ਜੋ ਸਾਂਝ ਸਾਹਮਣੇ ਆਈ ਹੈ, ਪੁਲਿਸ ਵਿਭਾਗ ਤੇ ਮੁੱਖ ਮੰਤਰੀ ਹੁਣ ਤੱਕ ਇਸ ਨੂੰ ਕਿਉਂ ਲੁਕੋ ਰਹੇ ਸਨ ?

ਕੀ ਇੰਟਰਵਿਊ ਨੂੰ ਰਿਲੀਜ਼ ਕਰਨ ਦੀ ਟਾਈਮਿੰਗ ਵੀ ਸੂਬੇ ਵਿੱਚ ਉਠ ਰਹੇ ਕੁਝ ਹੋਰ ਮੁੱਦਿਆਂ ਨੂੰ ਦਬਾਉਣ ਲਈ ਹੋਈ, ਇਹ ਵੀ ਜਾਂਚ ਦਾ ਵਿਸ਼ਾ ਹੈ ?

ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਪੰਜਾਬ ਅਤੇ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਸਭ ਤਾਂ ਉਨ੍ਹਾਂ ਨੇ ਬਹੁਤ ਪਹਿਲਾਂ ਹੀ ਦੱਸ ਦਿੱਤਾ ਸੀ, ਪਰ ਪੰਜਾਬ ਦੇ ਡੀ.ਜੀ.ਪੀ. ਅਦਾਲਤ ਵਿੱਚ ਇਹ ਇੰਟਰਵਿਊ ਪੰਜਾਬ ਤੋਂ ਬਾਹਰ ਹੋਣ ਦਾ ਦਾਅਵਾ ਕਰ ਰਹੇ ਸਨ। ਹੁਣ ਜਦੋਂ ਅਦਾਲਤ ਵਿੱਚ ਇਸ ਦਾ ਖ਼ੁਲਾਸਾ ਹੋ ਗਿਆ ਹੈ ਤਾਂ ਡੀ.ਜੀ.ਪੀ. ਇਸ ਦਾ ਜਵਾਬ ਦੇਣ। ਉਨ੍ਹਾਂ ਕਿਹਾ ਕਿ ਅਦਾਲਤ ਵੱਲੋਂ ਇਹ ਖ਼ੁਲਾਸਾ ਹੋਣ ਮਗਰੋਂ ਉਨ੍ਹਾਂ ਨੂੰ ਇਨਸਾਫ਼ ਮਿਲਣ ਦੀ ਉਮੀਦ ਜਾਗੀ ਹੈ। ਉਨ੍ਹਾਂ ਸਪਸ਼ਟ ਕਿਹਾ ਕਿ ਸਰਕਾਰ, ਪੁਲਿਸ ਅਫਸਰ ਤੇ ਗੈਂਗਸਟਰ ਆਪਸ ਵਿੱਚ ਮਿਲੇ ਹੋਏ ਹਨ। ਇਸੇ ਕਰਕੇ ਸਾਨੂੰ ਸਿੱਧੂ ਮੂਸੇਵਾਲ ਦੇ ਕਤਲ ਦਾ ਇਨਸਾਫ ਨਹੀਂ ਮਿਲਿਆ।

# ਇਰਾਨ ਅਮਰੀਕੀ ਚੋਣਾਂ ਨੂੰ ਕਰ ਰਿਹੈ ਪ੍ਰਭਾਵਿਤ

### ➢ ਵਧੀਆਂ ਸਾਈਬਰ ਗਤੀਵਿਧੀਆਂ... ਮਾਈਕ੍ਰੋਸਾਫਟ ਨੇ ਦਿੱਤੀ ਚਿਤਾਵਨੀ ➢ ਇਰਾਨ ਨੇ ਦਖ਼ਲ-ਅੰਦਾਜ਼ੀ ਤੋਂ ਕੀਤਾ ਇਨਕਾਰ

ਦੁਨੀਆਂ ਦੀ ਪ੍ਰਮੁੱਖ ਆਈ.ਟੀ. ਕੰਪਨੀ ਮਾਈਕ੍ਰੋਸਾਫਟ ਨੇ ਬੀਤੇ ਦਿਨੀਂ ਦਾਅਵਾ ਕੀਤਾ ਕਿ ਇਰਾਨ ਆਨਲਾਈਨ ਗਤੀਵਿਧੀਆਂ ਨੂੰ ਤੇਜ਼ ਕਰ ਰਿਹਾ ਹੈ, ਜਿਸ ਦਾ ਮਕਸਦ ਅਮਰੀਕੀ ਚੋਣਾਂ ਨੂੰ ਪ੍ਰਭਾਵਿਤ ਕਰਨਾ ਜਾਪਦਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਇੱਕ ਮਾਮਲੇ ਵਿੱਚ ਰਾਸ਼ਟਰਪਤੀ ਚੋਣ ਮੁਹਿੰਮ ਨੂੰ ‘ਈਮੇਲ ਫਿਸ਼ਿੰਗ’ ਹਮਲੇ ਰਾਹੀਂ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਔਨਲਾਈਨ ਖਾਤਿਆਂ ਤੋਂ ਨਿੱਜੀ ਜਾਣਕਾਰੀ ਜਾਂ ਜਾਣਕਾਰੀ ਚੋਰੀ ਕਰਨ ਦੀਆਂ ਕੋਸ਼ਿਸ਼ਾਂ ਨੂੰ ‘ਫਿਸ਼ਿੰਗ’ ਕਿਹਾ ਜਾਂਦਾ ਹੈ। ਇਸ ਦੇ ਲਈ, ਧੋਖਾਧੜੀ ਵਾਲੀਆਂ ਈਮੇਲਾਂ, ਸੰਦੇਸ਼ਾਂ, ਇਸ਼ਤਿਹਾਰਾਂ ਜਾਂ ਸਾਈਟਾਂ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਤੁਹਾਡੇ ਦੁਆਰਾ ਪਹਿਲਾਂ ਤੋਂ ਵਰਤ ਰਹੇ ਸਾਈਟਾਂ ਵਰਗੀਆਂ ਦਿਖਾਈ ਦਿੰਦੀਆਂ ਹਨ। ਮਾਈਕਰੋਸਾਫਟ ਦੀ ਇੱਕ ਨਵੀਂ ਖੁਫ਼ੀਆ ਰਿਪੋਰਟ ਦੇ ਨਤੀਜਿਆਂ ਤੋਂ ਪਤਾ ਚੱਲਦਾ ਹੈ ਕਿ ਇਰਾਨ, ਜੋ ਕਿ ਹਾਲ ਹੀ ਵਿੱਚ ਅਮਰੀਕੀ ਚੋਣਾਂ ਵਿੱਚ ਸਰਗਰਮ ਰਿਹਾ ਹੈ, ਇੱਕ ਹੋਰ ਚੋਣ ਲਈ ਆਪਣੀ ਰਣਨੀਤੀ ਤਿਆਰ ਕਰ ਰਿਹਾ ਹੈ ਜਿਸ ਦਾ ਵਿਸ਼ਵ-



ਵਿਆਪੀ ਪ੍ਰਭਾਵ ਹੋਣ ਦੀ ਉਮੀਦ ਹੈ। ਇਸ ਦੌਰਾਨ, ਇਰਾਨ ਦੇ ਸੰਯੁਕਤ ਰਾਸ਼ਟਰ ਮਿਸ਼ਨ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਸ ਦੀ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਦਖਲ ਦੇਣ ਜਾਂ ਸਾਈਬਰ ਹਮਲੇ ਕਰਨ ਦੀ ਕੋਈ ਯੋਜਨਾ ਹੈ। ਰਿਪੋਰਟ ਵਿੱਚ ਅਮਰੀਕਾ ਵਿੱਚ ਅਰਾਜਕਤਾ ਫੈਲਾਉਣ ਤੋਂ ਇਲਾਵਾ ਇਰਾਨ ਦੇ ਇਰਾਦਿਆਂ ਬਾਰੇ ਕੁਝ ਵੀ ਨਹੀਂ ਦੱਸਿਆ ਗਿਆ ਹੈ। ਅਮਰੀਕੀ ਅਧਿਕਾਰੀਆਂ ਨੇ ਹਾਲਾਂ ਕਿ ਪਹਿਲਾਂ ਇਹ ਸੰਕੇਤ ਦਿੱਤਾ ਹੈ ਕਿ ਈਰਾਨ ਖਾਸ ਤੌਰ ’ਤੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਵਿਰੋਧੀ ਹੈ। ਰਿਪੋਰਟ ਇਹ ਵੀ ਦੱਸਦੀ ਹੈ ਕਿ ਕਿਸ ਤਰ੍ਹਾਂ ਰੂਸ ਅਤੇ ਚੀਨ ਭਵਿੱਖ ਵਿੱਚ ਆਪਣੇ ਵੰਡਵਾਦੀ ਸੰਦੇਸ਼ ਨੂੰ ਅੱਗੇ ਵਧਾਉਣ ਲਈ ਅਮਰੀਕਾ ਦੇ ਸਿਆਸੀ ਧਰੁਵੀਕਰਨ ਦਾ ਫਾਇਦਾ ਉਠਾ ਰਹੇ ਹਨ।

ਮਾਈਕਰੋਸਾਫਟ ਦੀ ਰਿਪੋਰਟ ਨੇ ਇਰਾਨ ਵਿੱਚ ਹਾਲ ਹੀ ਦੀਆਂ ਗਤੀਵਿਧੀਆਂ ਦੀਆਂ ਚਾਰ ਉਦਾਹਰਣਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਬਾਰੇ ਵਿੱਚ ਕੰਪਨੀ ਨੂੰ ਉਮੀਦ ਹੈ ਕਿ ਨਵੰਬਰ ਦੀਆਂ ਚੋਣਾਂ ਦੇ ਨੇੜੇ ਆਉਣ ਉਪਰੰਤ ਇਸ ਵਿੱਚ ਵਾਧਾ ਹੋਵੇਗਾ। (**ਬਾਕੀ ਸਫ਼ਾ 30 ’ਤੇ**)

# ਸਿੱਖ ਕੌਮ ਨੂੰ ਇੱਕ ਲੜੀ ’ਚ ਪਰੋਣ ਲਈ ਇੱਕ ‘ਆਲ ਇੰਡੀਆ ਗੁਰਦੁਆਰਾ ਐਕਟ’ ਦੀ ਲੋੜ

### ਸ਼੍ਰੋਮਣੀ ਕਮੇਟੀ ਇਸ ਬਾਰੇ ਉੱਦਮ ਕਰੇ

ਅਕਾਲੀ ਲੀਡਰਸ਼ਿਪ ਨੇ ਆਲ ਇੰਡੀਆ ਗੁਰਦੁਆਰਾ ਐਕਟ ਦੀ ਮੰਗ ਨੂੰ ਠੰਢੇ ਬਸਤੇ ਵਿੱਚ ਪਾ ਕੇ ਸਿੱਖ ਕੌਮ ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ। ਬੇਸ਼ੱਕ ਹੁਣ ਆਲ ਇੰਡੀਆ ਗੁਰਦੁਆਰਾ ਐਕਟ ਬਣਵਾਉਣਾ ਸੌਖਾ ਨਹੀਂ, ਪਰ ਅਜੇ ਵੀ ਇਹ ਅਸੰਭਵ ’ਤੇ ਨਹੀਂ। ਇਸ ਨੂੰ ਫੈਡਰਲ (ਸੰਘਾਤਮਿਕ) ਤਰਜ਼ ਦਾ ਆਲ ਇੰਡੀਆ ਐਕਟ ਬਣਾਇਆ ਜਾ ਸਕਦਾ ਹੈ। ਬੇਸ਼ੱਕ ਹਾਲ ਦੀ ਘੜੀ ਅਕਾਲੀ ਲੀਡਰਸ਼ਿਪ ਆਪਸੀ ਲੜਾਈ ਵਿੱਚ ਉਲਝੀ ਹੋਈ ਹੈ ਪਰ ਇਹ ਲੜਾਈ ਸਦਾ ਤਾਂ ਜਾਰੀ ਨਹੀਂ ਰਹਿਣੀ। ਇਸ ਦਾ ਕੋਈ ਹੱਲ ਨਿਕਲੇਗਾ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਇਸ ਨੂੰ ਅੱਗੇ ਵਧਾ ਸਕਦੀ ਹੈ।

ਸਾਡੀ ਜਾਣਕਾਰੀ ਅਨੁਸਾਰ ਆਲ ਇੰਡੀਆ ਗੁਰਦੁਆਰਾ ਐਕਟ ਦਾ ਖਰੜਾ 2 ਜਾਂ 3 ਵਾਰ ਬਣ ਚੁੱਕਾ ਹੈ। ਆਖਰੀ ਖਰੜਾ ਸ਼ਾਇਦ ਜਸਟਿਸ ਕੇ.ਐੱਸ. ਟਿਵਾਣਾ ਦੀ ਅਗਵਾਈ ਵਾਲੇ 7 ਮੈਂਬਰੀ ਪੈਨਲ ਨੇ ਬਣਾਇਆ ਸੀ। ਇਸ ਪੈਨਲ ਵਿੱਚ ਮੌਜੂਦਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਉਸ ਵੇਲੇ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੀ ਮੈਂਬਰ ਸਨ। ਇਹ ਠੀਕ ਹੈ ਕਿ ਇਹ ਖਰੜਾ ਹੁਣ ਸ਼ਾਇਦ ਅੱਜ ਦੇ ਹਾਲਾਤ ਮੁਤਾਬਿਕ ਪੂਰੀ ਤਰ੍ਹਾਂ ਫਿਟ ਨਾ ਬੈਠਦਾ ਹੋਵੇ, ਕਿਉਂਕਿ ਇਸ ਦਰਮਿਆਨ ਗੁਰਦੁਆਰਾ ਪ੍ਰਬੰਧ ਵਿੱਚ ਬਹੁਤ ਕੁਝ ਬਦਲ ਚੁੱਕਾ ਹੈ ਪਰ ਇਸ ਵਿੱਚ ਅੱਜ ਦੇ ਹਾਲਾਤ ਦੀ ਨਜ਼ਰਸਾਨੀ ਕਰਕੇ ਅਤੇ ਲੋੜੀਂਦੀਆਂ ਸੋਧਾਂ ਕਰਕੇ ਸਿੱਖ ਕੌਮ ਨੂੰ ਇੱਕ ਲੜੀ ਵਿੱਚ ਪਰੋਣ ਲਈ ਇੱਕ ‘ਆਲ ਇੰਡੀਆ ਗੁਰਦੁਆਰਾ ਐਕਟ’ ਦੀ ਅੱਜ ਵੀ ਲੋੜ ਹੈ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਇਸ ਖਰੜੇ ਨੂੰ ਜਨਤਕ ਕਰਕੇ ਸਿੱਖਾਂ ਦੀਆਂ ਵੱਖ-ਵੱਖ ਸੰਸਥਾਵਾਂ, ਸੰਪਰਦਾਵਾਂ, ਗੁਰਦੁਆਰਾ ਕਮੇਟੀਆਂ, ਸਿੰਘ ਸਭਾਵਾਂ ਤੇ ਹੋਰ ਸਿੱਖ ਧਾਰਮਿਕ ਸ਼ਖ਼ਸੀਅਤਾਂ ਤੇ ਵਿਦਵਾਨਾਂ ਦੀ ਰਾਏ ਲੈ ਕੇ ਅੱਜ ਦੀ ਜ਼ਰੂਰਤ ਮੁਤਾਬਿਕ ਆਲ ਇੰਡੀਆ ਗੁਰਦੁਆਰਾ ਐਕਟ ਬਣਵਾਉਣ ਲਈ ਫਿਰ ਤੋਂ ਨਵੀਂ ਸ਼ੁਰੂਆਤ ਕਰੇ। ਗੌਰ ਤਲਬ ਹੈ ਇਸ ਖਰੜੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਾਕੀ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿਯੁਕਤੀ ਤੇ ਹਟਾਉਣ ਦੇ ਵਿਧੀ ਵਿਧਾਨ ਸੰਬੰਧੀ ਵੀ ਸੁਝਾਅ ਦਿੱਤੇ ਹੋਏ ਹਨ। ਜਾਣਕਾਰੀ ਅਨੁਸਾਰ ਇਸ ਖਰੜੇ ਵਿੱਚ ਕਿਹਾ ਗਿਆ ਹੈ ਕਿ ਜਥੇਦਾਰ ਬਣਨ ਦੇ ਚਾਹਵਾਨ ਤੇ ਆਪਣੇ ਆਪ ਨੂੰ ਇਸ ਅਹੁਦੇ ਦੇ ਕਾਬਲ ਸਮਝਣ ਵਾਲੇ ਵਿਅਕਤੀ ਵਕਤ ਆਉਣ ’ਤੇ ਇਸ ਅਹੁਦੇ ਲਈ ਨਿਸ਼ਚਿਤ ਸਮੇਂ ਅੰਦਰ ਆਪਣੀਆਂ ਸੰਖੇਪ ਜੀਵਨੀਆਂ ਤੇ ਪ੍ਰਾਪਤੀਆਂ ਦਾ ਲੇਖਾ-ਜੋਖਾ ਪੇਸ਼ ਕਰਨ। ਇਹ ਚਾਹਵਾਨ 15-15 ਦਿਨ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਕਥਾ ਕਰਨ ਤਾਂ ਜੋ ਸਭ ਨੂੰ ਉਨ੍ਹਾਂ ਦੀ ਸਿੱਖ ਇਤਿਹਾਸ, ਗੁਰਬਾਣੀ ਦੀ ਸਮਝ ਬਾਰੇ ਪਤਾ ਲੱਗ ਸਕੇ। ਇਸ ਵੇਲੇ ਸਾਰੇ ਸਿੱਖਾਂ ਅਤੇ ਸਿੱਖ ਸੰਸਥਾਵਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਵੇ ਕਿ ਉਨ੍ਹਾਂ ਬਾਰੇ ਆਪਣੇ ਵਿਚਾਰ ਤੇ ਸੁਝਾਅ ਪੇਸ਼ ਕਰਨ। ਇਸ ਉਪਰੰਤ ਬਹੁਮਤ ਦੀ ਸਲਾਹ ਦੀ ਰੌਸ਼ਨੀ ਵਿੱਚ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਜਥੇਦਾਰਾਂ ਦੀ ਨਿਯੁਕਤੀ ਕਰੇ।

ਜਾਣਕਾਰੀ ਅਨੁਸਾਰ ਇਸ ਖਰੜੇ ਅਨੁਸਾਰ ਜਥੇਦਾਰ ਨੂੰ ਹਟਾਉਣ ਲਈ ਸ਼੍ਰੋਮਣੀ ਕਮੇਟੀ ਐਗਜ਼ੈਕਟਿਵ ਸਮਰੱਥ ਨਹੀਂ ਹੋਵੇਗੀ ਤੇ ਨਾ ਹੀ ਪ੍ਰਧਾਨ, ਸਗੋਂ ਜੇਕਰ ਜਥੇਦਾਰ ਤੋਂ ਧਰਮ ਪ੍ਰਤੀ ਕੋਈ ਨਾ-ਕਾਬਲ-ਏ-ਬਰਦਾਸ਼ਤ ਗ਼ਲਤੀ ਹੁੰਦੀ ਹੈ ਤਾਂ ਹਟਾਉਣ ਲਈ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦਾ ਦੋ ਤਿਹਾਈ ਬਹੁਮਤ ਹੋਣਾ ਜ਼ਰੂਰੀ ਹੋਵੇਗਾ। ਇਹ ਸਥਿਤੀ ਜਥੇਦਾਰ ਨੂੰ ਨਿਡਰਤਾ ਨਾਲ ਕੰਮ ਕਰਨ ਲਈ ਕਾਫ਼ੀ ਖੁੱਲ੍ਹ ਦੇ ਸਕਦੀ ਹੈ ਪਰ ਜੇਕਰ ਆਲ ਇੰਡੀਆ ਗੁਰਦੁਆਰਾ ਐਕਟ ਬਣ ਜਾਵੇ ਤਾਂ ਸਿਰਫ਼ ਸ਼੍ਰੋਮਣੀ ਕਮੇਟੀ ਹੀ ਨਹੀਂ, ਸਗੋਂ ਉਸ ਨਾਲ ਜੁੜੀਆਂ ਬਾਕੀ ਕਮੇਟੀਆਂ ਦੇ ਦੋ ਤਿਹਾਈ ਬਹੁਮਤ ਦੀ ਲੋੜ ਪਵੇਗੀ ਤੇ ਇਨ੍ਹਾਂ ਵਲੋਂ ਬਹੁਸੰਮਤੀ ਨਾਲ ਹੀ ਜਥੇਦਾਰ ਨੂੰ ਹਟਾਇਆ ਜਾ ਸਕੇਗਾ। ਇਹ ਸਥਿਤੀ ਜਥੇਦਾਰ ਸਾਹਿਬਾਨ ਨੂੰ ਇੱਕ ਆਜ਼ਾਦ ਹਸਤੀ ਵਜੋਂ ਕੰਮ ਕਰਨ ਦੇ ਸਮਰੱਥ ਬਣਾ ਸਕੇਗੀ।

ਪਰ ਮਸਲਾ ਇਹ ਹੈ ਕਿ ਅਕਾਲੀ ਲੀਡਰਸ਼ਿਪ ਵਲੋਂ ਆਲ ਇੰਡੀਆ ਗੁਰਦੁਆਰਾ ਐਕਟ ਦੀ ਲੋੜ ਕਿਉਂ ਨਹੀਂ ਸਮਝੀ ਜਾ ਰਹੀ ਕੀ ਸਮੁੱਚਾ ਗੁਰਦੁਆਰਾ ਪ੍ਰਬੰਧ ਸਿੱਖ ਪੰਥ ਦੀ ਅਗਵਾਈ ਤੇ ਪ੍ਰਬੰਧਾਂ ਵਿੱਚ ਆਵੇ। ਸਰਕਾਰੀ ਬੋਰਡ ਖਤਮ ਹੋਣ। ਸਰਕਾਰ ਦੀ ਦਖ਼ਲ-ਅੰਦਾਜ਼ੀ ਖਤਮ ਹੋਵੇ।

# ਬਸੰਤੀ ਨਿਸ਼ਾਨ ਸਾਹਿਬ ਦੇ ਹੱਕ ਵਿੱਚ ਪੂਰਾ ਸਿੱਖ ਪੰਥ ਪਰ ਟਕਸਾਲ ਕੇਸਰੀ ਝੰਡੇ ਦੇ ਹੱਕ ਵਿੱਚ

## ਦਰਬਾਰ ਸਾਹਿਬ ਵਿੱਚ 13 ਨਿਸ਼ਾਨ ਸਾਹਿਬਾਨ ਦੇ ਚੋਲੇ ਬਸੰਤੀ ਰੰਗ ਵਿੱਚ ਬਦਲੇ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਆਈ.ਪੀ. ਸਿੰਘ ਪੱਤਰਕਾਰ ਟਾਈਮਜ਼ ਆਫ਼ ਇੰਡੀਆ ਨੇ ਨਿਸ਼ਾਨ ਸਾਹਿਬ ਦੇ ਰੰਗ ਬਾਰੇ ਦਮਦਮੀ ਟਕਸਾਲ ਦੀ ਅਸਹਿਮਤੀ ਬਾਰੇ ਸਟੋਰੀ ਕੀਤੀ ਹੈ।ਉਨ੍ਹਾਂ ਲਿਖਿਆ ਹੈ ਕਿ ਬੀਤੇ ਸ਼ੁੱਕਰਵਾਰ ਨੂੰ ਦਰਬਾਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਦਾ ਰੰਗ 'ਕੇਸਰੀ' ਤੋਂ 'ਬਸੰਤੀ' ਵਿੱਚ ਬਦਲਣਾ ਅਤੇ ਇਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੇ ਹੋਰ ਗੁਰਦੁਆਰਿਆਂ ਵਿੱਚ ਲਾਗੂ ਕਰਨਾ ਸ਼੍ਰੋਮਣੀ ਕਮੇਟੀ ਵੱਲੋਂ ਕੁਝ ਦਿਨਾਂ ਵਿੱਚ ਲਿਆ ਗਿਆ ਪਹਿਲਾ ਵੱਡਾ ਇਤਿਹਾਸਕ ਫ਼ੈਸਲਾ ਹੈ। ਇਹ ਫ਼ੈਸਲਾ ਬਾਦਲ ਅਕਾਲੀ ਦਲ ਦਾ ਕਰੀਬੀ ਸਾਥੀ ਦਮਦਮੀ ਟਕਸਾਲ ਦੀ ਮਰਜ਼ੀ ਨਾਲ ਮੇਲ ਨਹੀਂ ਖਾਂਦਾ।

ਦਮਦਮੀ ਟਕਸਾਲ 'ਕੇਸਰੀ ਨਿਸ਼ਾਨ ਸਾਹਿਬ' 'ਤੇ ਜ਼ੋਰ ਦਿੰਦੀ ਰਹੀ ਹੈ ਅਤੇ ਨਿਸ਼ਾਨ ਸਾਹਿਬ ਦੇ ਰੰਗ ਵਿੱਚ ਤਬਦੀਲੀ ਨਹੀਂ ਚਾਹੁੰਦੀ ਸੀ, ਪਰ ਇਸ ਨੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਸੂਖਮਤਾ ਅਤੇ ਸੰਤੁਲਿਤ ਪਹੁੰਚ ਦਾ ਸਹਾਰਾ ਲਿਆ। ਦਰਬਾਰ ਸਾਹਿਬ ਵਿੱਚ ਨਿਸ਼ਾਨ ਸਾਹਿਬ ਦਾ ਰੰਗ ਬਦਲਣਾ ਇਸ ਵਿਸ਼ੇ 'ਤੇ ਸਭ ਤੋਂ ਮਹੱਤਵਪੂਰਨ ਅਤੇ ਇਤਿਹਾਸਕ ਕਦਮ ਹੈ।

ਇਸ ਦੌਰਾਨ, ਸ਼ੁੱਕਰਵਾਰ ਸਵੇਰੇ ਰੰਗ ਬਦਲਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਆਈਆਂ ਸਿੱਖਾਂ ਦੇ ਪ੍ਰਤੀਕਰਮ ਨੂੰ ਦੇਖਦੇ ਹੋਏ, ਕੁਝ ਅਪਵਾਦਾਂ ਨੂੰ ਛੱਡ ਕੇ, ਵੱਡੇ ਸਿੱਖ ਪੰਥ ਦੁਆਰਾ ਇਸ ਤਬਦੀਲੀ ਨੂੰ ਸਰਬਸੰਮਤੀ ਨਾਲ ਸਵੀਕਾਰ ਕੀਤਾ ਗਿਆ ਹੈ।

2011 ਦੀਆਂ ਐਸ.ਜੀ.ਪੀ.ਸੀ. ਚੋਣਾਂ ਤੋਂ ਪਹਿਲਾਂ, ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਦਾ ਵਿਰੋਧ ਕਰਨ ਵਾਲੇ ਸਿੱਖ ਸਮੂਹਾਂ ਅਤੇ ਜਥੇਬੰਦੀਆਂ ਦੇ ਬਦਲ ਵਜੋਂ ਦਮਦਮੀ ਟਕਸਾਲ ਸ਼੍ਰੋਮਣੀ ਅਕਾਲੀ ਦਲ ਦੇ ਨੇੜੇ ਆਈ ਅਤੇ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਕੁਝ ਟਿਕਟਾਂ ਵੀ ਪ੍ਰਾਪਤ ਕੀਤੀਆਂ।

ਪਿਛਲੇ ਇੱਕ ਦਹਾਕੇ ਤੋਂ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਕਰੀਬੀ ਸਹਿਯੋਗੀ ਰਿਹਾ ਹੈ ਅਤੇ ਵਿਧਾਨ ਸਭਾ ਅਤੇ ਸੰਸਦੀ ਚੋਣਾਂ ਦੌਰਾਨ ਵੀ ਸ਼੍ਰੋਮਣੀ ਅਕਾਲੀ ਦਲ ਦਾ ਸਮਰਥਨ ਕਰਦਾ ਰਿਹਾ ਹੈ।

ਸਿੱਖ ਹਲਕਿਆਂ ਵਿੱਚ ਆਮ ਧਾਰਨਾ ਇਹ ਹੈ ਕਿ ਦਮਦਮੀ ਟਕਸਾਲ ਨੇ, ਬਦਲੇ ਵਿੱਚ, ਮਹੱਤਵਪੂਰਨ ਨਿਯੁਕਤੀਆਂ ਲਈਆਂ ਸਮੇਤ, ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿੱਚ ਕਾਫ਼ੀ ਪ੍ਰਭਾਵ ਪਾ ਰਹੀ ਹੈ। ਇਸ ਦੇ ਪ੍ਰਤੀ ਵਫ਼ਾਦਾਰ ਸਿੱਖ ਪ੍ਰਚਾਰਕਾਂ ਨੂੰ ਗੁਰਦੁਆਰਾ ਮੰਜੀ ਸਾਹਿਬ ਵਿਖੇ ਰੋਜ਼ਾਨਾ ਪ੍ਰਵਚਨ ਲਈ ਲੋੜੀਂਦੀ ਗਿਣਤੀ ਵਿੱਚ ਸਲਾਟ ਮਿਲ ਰਹੇ ਹਨ, ਜਿਸ ਦਾ ਸਿੱਧਾ ਪ੍ਰਸਾਰਣ ਕੀਤਾ ਜਾਂਦਾ ਹੈ।ਪੰਜ ਸਿੰਘ ਸਾਹਿਬਾਨਾਂ ਵੱਲੋਂ 15 ਜੁਲਾਈ ਨੂੰ ਹੋਈ ਮੀਟਿੰਗ ਵਿੱਚ ਮਤਾ ਪਾਸ ਕਰਨ ਤੋਂ ਬਾਅਦ ਇਹ ਹਦਾਇਤ ਕੀਤੀ ਗਈ ਸੀ ਕਿ ਨਿਸ਼ਾਨ ਸਾਹਿਬ ਦੇ ਚੋਲੇ ਦੇ ਰੰਗ ਨੂੰ ਲੈ ਕੇ ਪੈਦਾ ਹੋਏ ਭੰਬਲਭੂਸੇ ਨੂੰ ਦੂਰ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਦੀ ਰੌਸ਼ਨੀ ਵਿੱਚ ਇਸ ਨੂੰ ਲਾਗੂ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਸੰਗਤ ਅਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਬਸੰਤੀ ਤੇ ਸੁਰਮਈ ਨਿਸ਼ਾਨ ਸਾਹਿਬ ਬਾਰੇ ਜਾਣਕਾਰੀ ਪ੍ਰਦਾਨ ਕਰੇ। ਇਸ ਨੂੰ ਲਾਗੂ ਕਰਨ ਲਈ ਸ਼੍ਰੋਮਣੀ ਕਮੇਟੀ ਨੇ 26 ਜੁਲਾਈ ਨੂੰ ਇੱਕ ਸਰਕੂਲਰ ਜਾਰੀ ਕੀਤਾ ਸੀ, ਜਿਸ ਤੋਂ ਬਾਅਦ ਟਕਸਾਲ ਔਖੀ ਹੋ ਗਈ ਸੀ। ਇਨ੍ਹਾਂ ਵਿੱਚ ਉਹ ਸਖਸ਼ੀਅਤਾਂ ਸ਼ਾਮਲ ਸਨ ਜੋ ਦਮਦਮੀ ਟਕਸਾਲ ਦੇ ਪ੍ਰਤੀ ਵਫ਼ਾਦਾਰ ਸਨ।

ਬਾਬਾ ਬੰਤਾ ਸਿੰਘ, ਜੋ ਕਿ ਟਕਸਾਲ ਦੇ ਪ੍ਰਤੀ ਨਿਸ਼ਠਾ ਰੱਖਦੇ ਹਨ ਅਤੇ ਮੰਜੀ ਸਾਹਿਬ ਸਟੇਜ ਤੋਂ ਪ੍ਰਵਚਨ ਵੀ ਕਰਦੇ ਹਨ, ਨੇ ਆਪਣੇ ਫ਼ੇਸਬੁੱਕ ਪੇਜ 'ਤੇ ਇਹ ਕਹਿ ਕੇ ਦੂਹਰੇ ਸਟੈਂਡਰਡ ਦੇ ਵਿਚਾਰ ਦਾ ਸਹਾਰਾ ਲਿਆ ਕਿ ਉਹ ਅਕਾਲ ਤਖ਼ਤ ਦੇ ਹੁਕਮਾਂ ਦੀ ਪਾਲਣਾ ਕਰਨਗੇ ਅਤੇ ਦੂਜੇ ਪਾਸੇ 'ਕੇਸਰੀ' ਰੰਗ ਦੀ ਮਹੱਤਤਾ ਨੂੰ ਰੇਖਾਂਕਿਤ ਕਰਨ ਲਈ ਇੱਕ ਵੀਡੀਓ ਵੀ ਪੋਸਟ ਕੀਤੀ ਹੈ।

ਫ਼ੇਸਬੁੱਕ ਪੇਜ, ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ , ਜੋ ਕਿ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਦੇ ਪ੍ਰਵਚਨ ਲਗਾਤਾਰ ਪੋਸਟ ਕਰਦਾ ਹੈ, ਨੇ ਪਿਛਲੇ ਹਫ਼ਤੇ ਨਿਸ਼ਾਨ ਸਾਹਿਬ ਦੇ 'ਕੇਸਰੀ' ਰੰਗ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਦੇ ਭਾਸ਼ਣ ਦੀਆਂ ਕੁਝ ਵੀਡੀਓਜ਼ ਪੋਸਟ ਕੀਤੀਆਂ ਸਨ। ਬਾਅਦ ਵਿੱਚ, ਜਨਤਕ ਖੇਤਰ ਵਿੱਚ ਇਸ ਮੁੱਦੇ 'ਤੇ ਉਨ੍ਹਾਂ ਦੇ ਪੱਖ ਤੋਂ ਕੁਝ ਵੀ ਸਾਹਮਣੇ ਨਹੀਂ ਆਇਆ।

ਹਾਲਾਂਕਿ,ਦਮਦਮੀ ਟਕਸਾਲ ਦੇ ਇੱਕ ਹੋਰ ਧੜੇ ਦੇ ਮੁਖੀ ਅਮਰੀਕ ਸਿੰਘ ਅਜਨਾਲਾ ਬਸੰਤੀ ਨਿਸ਼ਾਨ ਸਾਹਿਬ ਦੇ ਵਿਰੋਧ ਵਿੱਚ ਸਪੱਸ਼ਟ ਤੌਰ 'ਤੇ ਸਨ। ਟਕਸਾਲ ਦੇ ਇਨ੍ਹਾਂ ਦੋ ਧੜਿਆਂ ਨੂੰ ਛੱਡ ਕੇ ਕਿਸੇ ਹੋਰ ਸਿੱਖ ਸੰਪਰਦਾ (ਰਵਾਇਤੀ ਧੜੇ) ਨੇ ਸਿੰਘ ਸਾਹਿਬਾਨਾਂ ਅਤੇ ਸ਼੍ਰੋਮਣੀ ਕਮੇਟੀ ਦੇ ਤਾਜ਼ਾ ਨਿਰਦੇਸ਼ਾਂ ਨਾਲ ਅਸਹਿਮਤੀ ਨਹੀਂ ਪ੍ਰਗਟਾਈ ਹੈ।



ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਫ਼ੇਸਬੁਕ ਪੇਜ 'ਤੇ ਨਿਸ਼ਾਨ ਸਾਹਿਬ ਦੀਆਂ ਤਸਵੀਰਾਂ ਨੂੰ ਨਿਸ਼ਾਨ ਸਾਹਿਬ ਦੇ ਇਤਿਹਾਸਕ ਨਵੇਂ ਰੰਗ ਬਸੰਤੀ ਨੂੰ ਪੋਸਟ ਕਰਕੇ ਇਸ ਕਦਮ ਦਾ ਸਵਾਗਤ ਕੀਤਾ ਹੈ।

ਆਈ.ਪੀ. ਸਿੰਘ ਦੀ ਇਸ ਸਟੋਰੀ ਤੋਂ ਸਪਸ਼ਟ ਹੈ ਕਿ ਪੂਰਾ ਸਿੱਖ ਪੰਥ ਸ੍ਰੀ ਅਕਾਲ ਤਖਤ ਸਾਹਿਬ ਦੇ ਇਸ ਫ਼ੈਸਲੇ ਨਾਲ ਸਹਿਮਤ ਹੈ।ਇਥੋਂ ਤੱਕ ਬਾਬਾ ਸਰਬਜੋਤ ਸਿੰਘ ਬੇਦੀ ਅੰਸ਼ ਵੰਸ਼ਜ ਖਾਲਸਾ ਰਾਜ ਦੇ ਬਾਨੀ ਤੇ ਅਠਾਰਵੀਂ ਸਦੀ ਦੇ ਜਥੇਦਾਰ ਅਕਾਲ ਤਖਤ ਬਾਬਾ ਸਾਹਿਬ ਸਿੰਘ ਬੇਦੀ ਨੇ ਅਕਾਲ ਤਖਤ ਸਾਹਿਬ ਦੇ ਪੰਥਕ ਫ਼ੈਸਲੇ ਨਾਲ ਸਹਿਮਤੀ ਪ੍ਰਗਟਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਠਾਰਵੀਂ ਸਦੀ ਦੌਰਾਨ ਦੋ ਰੰਗ ਹੀ ਸਨ ਬਸੰਤੀ ਤੇ ਸੁਰਮਈ। ਬਸੰਤੀ ਰੰਗ ਸਰੋਂ ਦੇ ਫ਼ੁੱਲ ਵਰਗਾ ਨਹੀਂ ਥੋੜਾ ਗੂੜਾ ਹੁੰਦਾ ਸੀ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਪੁਰਾਤਨ ਨਿਸ਼ਾਨ ਸਾਹਿਬ ਦੀ ਖੋਜ ਕਰਕੇ ਜੋ ਅਠਾਰਵੀਂ ਸਦੀ ਵਿੱਚ ਸਨ, ਉਸਨੂੰ ਬਹਾਲ ਕਰੇ।

ਯਾਦ ਰਹੇ ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਵਿਚਲੇ ਗੁਰਦੁਆਰਿਆਂ ਵਿੱਚ ਸਥਾਪਿਤ ਨਿਸ਼ਾਨ ਸਾਹਿਬਾਨ ਦੇ ਚੋਲਿਆਂ ਦੇ ਰੰਗ ਬਦਲਣ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਤਹਿਤ ਅੰਮ੍ਰਿਤਸਰ ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਮੀਰੀ ਪੀਰੀ ਦੇ ਨਿਸ਼ਾਨ ਸਾਹਿਬਾਨ ਸਮੇਤ ਕੰਪਲੈਕਸ ਵਿੱਚ ਲਗਭਗ 13 ਨਿਸ਼ਾਨ ਸਾਹਿਬਾਨ ਦੇ ਚੋਲੇ ਕੇਸਰੀ ਤੋਂ ਬਸੰਤੀ ਰੰਗ ਵਿੱਚ ਬਦਲੇ ਗਏ।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਅਰਦਾਸ ਮਗਰੋਂ ਜੈਕਾਰਿਆਂ ਦੀ ਗੂੰਜ ਵਿੱਚ ਮੀਰੀ ਪੀਰੀ ਦੇ ਨਿਸ਼ਾਨ ਸਾਹਿਬਾਨ ਦੇ ਪੁਸ਼ਾਕੇ ਬਦਲੇ ਗਏ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ, ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ, ਲਾਚੀ ਬੇਰ, ਬੇਰ ਬਾਬਾ ਬੁੱਢਾ ਸਾਹਿਬ, ਦੁਖ ਭੰਜਣੀ ਬੇਰੀ, ਸ੍ਰੀ ਦਰਬਾਰ ਸਾਹਿਬ ਦੀ ਮੁੱਖ ਇਮਾਰਤ, ਬਾਬਾ ਦੀਪ ਸਿੰਘ ਸ਼ਹੀਦ ਦਾ ਅਸਥਾਨ, ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਅਤੇ ਹੋਰ ਥਾਈਂ ਨਿਸ਼ਾਨ ਸਾਹਿਬਾਨ ਦੇ ਨਵੇਂ ਰੰਗ ਦੇ ਪੁਸ਼ਾਕੇ ਪਹਿਨਾਏ ਗਏ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਇਨ੍ਹਾਂ ਤੋਂ ਇਲਾਵਾ ਗੁਰਦੁਆਰਾ ਸ਼ਹੀਦਾਂ ਸਮੇਤ ਕੁੱਲ 18 ਨਿਸ਼ਾਨ ਸਾਹਿਬਾਨ ਦੇ ਪੁਸ਼ਾਕੇ ਪਹਿਲੇ ਦਿਨ ਬਦਲੇ ਗਏ ਹਨ। ਇਸ ਤੋਂ ਬਾਅਦ ਅੰਮ੍ਰਿਤਸਰ ਦੇ ਹੋਰ ਗੁਰਦੁਆਰਿਆਂ ਦੇ ਨਿਸ਼ਾਨ ਸਾਹਿਬਾਨ ਦੇ ਪੁਸ਼ਾਕੇ ਵੀ ਬਦਲ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਮਗਰੋਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਗਿਆ ਸੀ ਕਿ ਸਿੱਖ ਸੰਸਥਾ ਦੇ ਪ੍ਰਬੰਧ ਹੇਠਲੇ ਸਮੂਹ ਗੁਰਦੁਆਰਿਆਂ ਵਿੱਚ ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਵਿੱਚ ਦਰਸਾਏ ਗਏ ਨਿਸ਼ਾਨ ਸਾਹਿਬ ਦੇ ਚੋਲੇ ਦੇ ਰੰਗ ਨੂੰ ਅਪਣਾਇਆ ਜਾਵੇ। ਰਹਿਤ ਮਰਿਆਦਾ ਵਿੱਚ ਨਿਸ਼ਾਨ ਸਾਹਿਬਾਨ ਦੇ ਚੋਲੇ ਦਾ ਰੰਗ ਬਸੰਤੀ ਅਤੇ ਸੁਰਮਈ ਦੱਸਿਆ ਗਿਆ ਹੈ।ਸ੍ਰੀ ਅਕਾਲ ਤਖ਼ਤ ਵਿਖੇ ਵੱਖ ਵੱਖ ਸਿੱਖ ਜਥੇਬੰਦੀਆਂ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਗੁਰਦੁਆਰਿਆਂ ਵਿੱਚ ਸਿੱਖ ਰਹਿਤ ਮਰਿਆਦਾ ਵਿੱਚ ਦਰਸਾਏ ਗਏ ਨਿਸ਼ਾਨ ਸਾਹਿਬਾਨ ਦੇ ਚੋਲੇ ਦੇ ਰੰਗ ਦੀ ਥਾਂ ਭਗਵੇਂ ਰੰਗ ਦੇ ਚੋਲੇ ਚੜ੍ਹਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 85 ਤਹਿਤ ਸ਼੍ਰੋਮਣੀ ਕਮੇਟੀ ਦੇ ਸਿੱਧੇ ਪ੍ਰਬੰਧ ਹੇਠ 70 ਤੋਂ ਵਧ ਇਤਿਹਾਸਕ ਗੁਰਦੁਆਰੇ ਹਨ, ਜਦੋਂ ਕਿ ਧਾਰਾ 87 ਤਹਿਤ ਸਥਾਨਕ ਕਮੇਟੀਆਂ ਦੇ ਪ੍ਰਬੰਧ ਹੇਠਲੇ 150 ਤੋਂ ਵੱਧ ਗੁਰਦੁਆਰੇ ਹਨ ਜਿੱਥੇ ਹੁਣ ਨਿਸ਼ਾਨ ਸਾਹਿਬਾਨ ਦੇ ਪੁਸ਼ਾਕੇ ਦਾ ਰੰਗ ਤਬਦੀਲ ਹੋਵੇਗਾ। ਸ੍ਰੀ ਅਕਾਲ ਤਖ਼ਤ ਦਾ ਆਦੇਸ਼ ਸਾਰੇ ਗੁਰਦੁਆਰਿਆਂ 'ਤੇ ਲਾਗੂ ਹੁੰਦਾ ਹੈ, ਇਸ ਲਈ ਦੇਸ਼-ਵਿਦੇਸ਼ ਵਿੱਚ ਗੁਰਦੁਆਰਿਆਂ 'ਚ ਸਥਾਪਿਤ ਨਿਸ਼ਾਨ ਸਾਹਿਬਾਨ ਦੇ ਚੋਲਿਆਂ ਦਾ ਰੰਗ ਵੀ ਤਬਦੀਲ ਹੋਵੇਗਾ।

ਭਗਵੇਂ ਨਿਸ਼ਾਨ ਸਾਹਿਬ ਬਾਰੇ ਜਦੋਂ ਮੈਂ ਆਵਾਜ਼ ਉਠਾਈ: ਜਦੋਂ ਕ੍ਰਿਪਾਲ ਸਿੰਘ ਬਡੂੰਗਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਸਨ ਤਾਂ ਜਲੰਧਰ ਵਿੱਚ ਪ੍ਰੈਸ ਕਾਨਫ਼ਰੰਸ ਸੀ ਤਾਂ ਉਦੋਂ ਮੈਂ ਹਿੰਦ ਸਮਾਚਾਰ ਅਦਾਰੇ ਦਾ ਵਿਸ਼ੇਸ਼ ਪੱਤਰਕਾਰ ਸੀ ਤੇ ਮੇਰੇ ਕੋਲ ਸਿੱਖ ਰਾਜਨੀਤੀ ਤੇ ਪੰਥਕ ਬੀਟ ਸੀ। ਮੈਂ ਉਸ ਸਮੇਂ ਬਡੂੰਗਰ ਜੀ ਕੋਲ ਸੁਆਲ ਕੀਤਾ ਕਿ ਖ਼ਾਲਸਾ ਰਾਜ ਦੇ ਨਿਸ਼ਾਨ ਬਸੰਤੀ ਹਨ ਜੋ ਰੋਪੜ ਕੋਲ ਮੌਜੂਦ ਹਨ ਤੇ ਅਕਾਲ ਤਖ਼ਤ ਸਾਹਿਬ ਦੀ ਪੰਥ ਪ੍ਰਵਾਨਿਤ ਮਰਿਯਾਦਾ ਅਨੁਸਾਰ ਬਸੰਤੀ ਜਾਂ ਸੁਰਮਈ ਹਨ।

(ਬਾਕੀ ਸਫ਼ਾ 30 'ਤੇ)

# ਭਾਰਤ ਦੇ ਚੀਫ਼ ਜਸਟਿਸ ਡੀ. ਵਾਈ. ਚੰਦਰਚੂੜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ

## ਸੋਸ਼ਲ ਮੀਡੀਆ 'ਤੇ ਸਿੱਖਾਂ ਵਿਰੁੱਧ ਨਫ਼ਰਤੀ ਪ੍ਰਾਪੇਗੰਡਾ ਰੋਕਣ ਲਈ ਸੌਂਪਿਆ ਮੰਗ ਪੱਤਰ

ਅੰਮ੍ਰਿਤਸਰ/ਏ.ਟੀ.ਨਿਊਜ਼: ਭਾਰਤ ਦੇ ਚੀਫ ਜਸਟਿਸ ਸ੍ਰੀ ਧਨੰਜਯ ਵਾਈ. ਚੰਦਰਚੂੜ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਜਸਟਿਸ ਚੰਦਰਚੂੜ ਨੇ ਆਪਣੀਆਂ ਭਾਵਨਾਵਾਂ ਵਿਅਕਤ ਕਰਦਿਆਂ ਯਾਤਰੀ ਕਿਤਾਬ ਵਿੱਚ ਲਿਖਿਆ ਕਿ ਇਲਾਹੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਨ ਦਾ ਸੁਪਨਾ ਸਾਕਾਰ ਹੋਇਆ ਹੈ। ਦੇਸ਼ ਅਤੇ ਮਨੁੱਖਤਾ ਦੀ ਸੇਵਾ ਵਿੱਚ ਇੱਥੇ ਅਰਦਾਸ ਕਰਨ ਦੇ ਯੋਗ ਹੋਣ ਦਾ ਇੱਕ ਵਡਭਾਗਾ ਪਲ ਹੈ।

ਇਸ ਮੌਕੇ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਸਿਰੋਪਾਓ ਅਤੇ ਇਤਿਹਾਸਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਅਤੇ ਸੋਸ਼ਲ ਮੀਡੀਆ ਮੰਚਾਂ ਉੱਤੇ ਸਿੱਖਾਂ ਵਿਰੁੱਧ ਕੀਤੇ ਜਾ ਰਹੇ ਨਫ਼ਰਤੀ ਪ੍ਰਾਪੇਗੰਡਾ ਰੋਕਣ ਲਈ ਮੰਗ ਪੱਤਰ ਸੌਂਪਿਆ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖਾਂ ਨੇ ਭਾਰਤ ਦੇਸ਼ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਪਰੰਤੂ ਕੁਝ ਸ਼ਰਾਰਤੀ ਲੋਕਾਂ ਵੱਲੋਂ ਜਾਣਬੁੱਝ ਕੇ ਸਿੱਖ ਸਿਧਾਂਤਾਂ, ਇਤਿਹਾਸ, ਮਰਯਾਦਾ ਅਤੇ ਪਛਾਣ ਆਦਿ ਨੂੰ ਲੈ ਕੇ ਸੋਸ਼ਲ ਮੀਡੀਆ ਮੰਚਾਂ ਉੱਤੇ ਨਫ਼ਰਤੀ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਬੀਤੇ ਸਮੇਂ ਵਿੱਚ ਹੋਏ ਜਨਰਲ ਇਜਲਾਸਾਂ ਦੌਰਾਨ ਮਤੇ ਪਾਸ ਕਰਕੇ ਵੀ ਭਾਰਤ ਅਤੇ ਸੂਬਾ ਸਰਕਾਰਾਂ ਨੂੰ ਭੇਜੇ ਗਏ ਹਨ ਪਰ ਸਿੱਖਾਂ ਖ਼ਿਲਾਫ਼ ਨਫ਼ਰਤੀ ਵਰਤਾਰਾ ਲਗਾਤਾਰ ਜਾਰੀ ਹੈ। ਸਰਕਾਰਾਂ ਵੀ ਇਸ ਨੂੰ ਲੈ ਕੇ ਕੋਈ ਠੋਸ ਕਦਮ ਨਹੀਂ ਚੁੱਕ ਰਹੀਆਂ।



ਐਡਵੋਕੇਟ ਧਾਮੀ ਨੇ ਚੀਫ਼ ਜਸਟਿਸ ਤੋਂ ਮੰਗ ਕੀਤੀ ਕਿ ਉਹ ਭਾਰਤੀ ਨਿਆਂ ਪ੍ਰਣਾਲੀ ਦੇ ਸਭ ਤੋਂ ਸਿਖਰਲੇ ਅਹੁਦੇ 'ਤੇ ਹੁੰਦਿਆਂ ਇਸ ਸੰਜੀਦਾ ਮਸਲੇ ਦਾ ਨੋਟਿਸ ਲੈਣ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ, ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਸੁਰਜੀਤ ਸਿੰਘ ਤੁਗਲਵਾਲਾ, ਸਕੱਤਰ ਸ. ਪ੍ਰਤਾਪ ਸਿੰਘ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਘਨਸ਼ਾਮ ਥੋਰੀ, ਪੁਲਿਸ ਕਮਿਸ਼ਨਰ ਸ. ਰਣਜੀਤ ਸਿੰਘ ਢਿੱਲੋਂ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਸ਼ਾਹਬਾਜ਼ ਸਿੰਘ, ਸ. ਹਰਭਜਨ ਸਿੰਘ ਵਕਤਾ, ਕਾਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ, ਮੈਨੇਜਰ ਸ੍ਰੀ ਦਰਬਾਰ ਸਾਹਿਬ ਸ. ਨਰਿੰਦਰ ਸਿੰਘ, ਸੂਚਨਾ ਅਧਿਕਾਰੀ ਸ. ਅੰਮ੍ਰਿਤਪਾਲ ਸਿੰਘ, ਸ. ਜਤਿੰਦਰਪਾਲ ਸਿੰਘ, ਸ. ਸਰਬਜੀਤ ਸਿੰਘ, ਫੈਡਰੇਸ਼ਨ ਆਗੂ ਭਾਈ ਪਰਮਜੀਤ ਸਿੰਘ ਧਰਮ ਸਿੰਘ ਵਾਲਾ ਆਦਿ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ 'ਚ ਵੋਟਾਂ ਬਣਾਉਣ ਨੂੰ ਮੱਠਾ ਹੁੰਗਾਰਾ ਤੇ ਨਕਲੀ ਸਿੱਖਾਂ ਦੀਆਂ ਵੋਟਾਂ ਚਿੰਤਾ ਦਾ ਵਿਸ਼ਾ ਬਣੀਆਂ

## ਅਕਾਲੀ ਦਲ ਜਾਅਲੀ ਵੋਟਾਂ ਬਣਨ ਤੋਂ ਪਰੇਸ਼ਾਨ, ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਨੂੰ ਭੇਜੀ ਸ਼ਿਕਾਇਤ

ਬੇਅਦਬੀ ਕਾਂਡ ਨੇ ਸ਼੍ਰੋਮਣੀ ਅਕਾਲੀ ਦਲ ਦੇ ਨਿਘਾਰ ਕਾਰਨ ਸਿੱਖ ਸੰਗਤ ਵਿੱਚ ਉੱਠੇ ਭਾਰੀ ਰੋਹ ਬਾਅਦ ਸਿੱਖ ਸੰਗਤ ਦਾ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਉੱਪਰ ਵਿਸ਼ਵਾਸ ਡਗਮਗਾ ਗਿਆ ਹੈ। ਸੁਚੇਤ ਪੰਥਕ ਹਲਕੇ ਸਿੱਖ ਸੰਗਤ ਦੀਆਂ ਘੱਟ ਵੋਟਾਂ ਬਣਨ ਤੇ ਜਾਅਲੀ ਵੋਟਾਂ ਬਣਨ ਤੋਂ ਚਿੰਤਤ ਹਨ। ਇਸ ਗੱਲ ਦੀ ਚਿੰਤਾ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੇ ਜਤਾਈ ਹੈ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਹਿੱਸਾ ਲੈਣ ਲਈ ਵੱਡੀ ਗਿਣਤੀ ਵਿੱਚ ਲੋਕ ਵੋਟਰ ਬਣਨ ਨੂੰ ਹੀ ਤਿਆਰ ਨਹੀਂ ਹਨ। ਇਹ ਤੀਜੀ ਵਾਰ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਲਈ ਤਰੀਕ ਵਿੱਚ ਵਾਧਾ ਕਰਨਾ ਪਿਆ ਹੈ। ਪਹਿਲਾਂ ਦੋ ਵਾਰ ਤਰੀਕਾਂ ਵਧਾਉਣ ਨਾਲ ਵੀ ਪਿਛਲੀ ਵਾਰ ਦੀਆਂ ਵੋਟਾਂ ਦੇ ਮੁਕਾਬਲੇ ਅੱਧੀਆਂ ਵੋਟਾਂ ਵੀ ਨਹੀਂ ਦਰਜ ਹੋ ਸਕੀਆਂ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਤੇਰਾਂ ਸਾਲ ਪਹਿਲਾਂ 2011 ਵਿੱਚ ਹੋਈਆਂ ਸਨ। ਅੰਕੜੇ ਦੱਸਦੇ ਹਨ ਕਿ 25 ਜੁਲਾਈ ਤੱਕ ਕੇਵਲ 27 ਲੱਖ 87 ਹਜ਼ਾਰ ਵੋਟਾਂ ਹੀ ਬਣੀਆਂ ਸਨ ਜਦਕਿ ਪਿਛਲੀਆਂ ਆਮ ਚੋਣਾਂ ਵੇਲੇ ਇਹ ਗਿਣਤੀ 52 ਲੱਖ ਸੀ।

ਕਮਿਸ਼ਨ ਵੱਲੋਂ ਪਿਛਲੇ ਸਾਲ 21 ਅਕਤੂਬਰ ਨੂੰ ਵੋਟਾਂ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਅਤੇ ਆਖ਼ਰੀ ਤਰੀਕ 15 ਨਵੰਬਰ ਦੱਸੀ ਗਈ ਸੀ। ਵੋਟਰਾਂ ਦਾ ਹੁੰਗਾਰਾ ਨਾ ਮਿਲਦਿਆਂ ਦੇਖ ਕੇ ਤਰੀਕ 29 ਫਰਵਰੀ ਤੱਕ ਵਧਾਉਣੀ ਪਈ ਸੀ। ਇਸ ਤੋਂ ਬਾਅਦ ਕਮਿਸ਼ਨ ਵੱਲੋਂ 30 ਅਪ੍ਰੈਲ ਅਤੇ ਆਖ਼ਰੀ ਵਾਰ 31 ਜੁਲਾਈ ਤੱਕ ਵਾਧਾ ਕੀਤਾ ਗਿਆ ਸੀ। ਕੁਝ ਦਿਨ ਪਹਿਲਾਂ ਸ਼੍ਰੋਮਣੀ ਕਮੇਟੀ ਲਈ ਵੋਟਾਂ ਬਣਾਉਣ ਦੀ ਤਰੀਕ ਹੁਣ 16 ਸਤੰਬਰ ਤੱਕ ਵਧਾ ਦਿੱਤੀ ਗਈ ਹੈ।

ਇਸ ਤੱਥ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਸਿੱਖ ਯੂਥ ਦੇ ਵੱਡੀ ਗਿਣਤੀ ਵਿੱਚ ਹੋਏ ਪਰਵਾਸ ਕਰਕੇ ਵੀ ਵੋਟਰਾਂ ਦੀ ਗਿਣਤੀ ਘਟੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਇਸ ਵਾਰ ਪਹਿਲਾਂ ਦੀ ਤਰ੍ਹਾਂ ਵੋਟਾਂ ਬਣਾਉਣ ਵਿੱਚ ਦਿਲਚਸਪੀ ਨਹੀਂ ਦਿਖਾਈ ਗਈ ਹੈ। ਦੂਜੇ ਬੰਨੇ ਸ਼੍ਰੋਮਣੀ ਅਕਾਲੀ ਦਲ ਦੇ ਵਿਰੋਧੀ ਧੜੇ ਵੋਟਾਂ ਬਣਾਉਣ ਵਿੱਚ ਜੁਟੇ ਹੋਏ ਹਨ। ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਤੇ ਹਲਕਾ ਫਰੀਦਕੋਟ ਤੋਂ ਸਰਬਜੀਤ ਸਿੰਘ ਖ਼ਾਲਸਾ ਨੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਦਿਲਚਸਪੀ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ।

### ਕਿਥੇ ਸਭ ਤੋਂ ਵਧ ਵੋਟਾਂ ਬਣੀਆਂ

ਮੁੱਖ ਚੋਣ ਕਮਿਸ਼ਨਰ ਜਸਟਿਸ ਸੇਵਾ ਮੁਕਤ ਐੱਸ.ਐੱਸ. ਸੋਰੋਂ ਦਾ ਕਹਿਣਾ ਹੈ ਕਿ ਮੁਲਕ ਦੀਆਂ ਆਮ ਚੋਣਾਂ ਕਰਕੇ ਵੋਟਾਂ ਬਣਾਉਣ ਦਾ ਕੰਮ ਰਫ਼ਤਾਰ ਨਹੀਂ ਫੜ ਸਕਿਆ ਹੈ। ਇਹ ਨਿਸ਼ਚੇ ਹੀ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ। ਗੁਰਦੁਆਰਾ ਚੋਣ ਕਮਿਸ਼ਨ ਦੇ ਅੰਕੜੇ ਅਨੁਸਾਰ ਸਭ ਤੋਂ ਵੱਧ ਵੋਟਾਂ ਜ਼ਿਲ੍ਹਾ ਗੁਰਦਾਸਪੁਰ ਵਿੱਚ 3 ਲੱਖ 22 ਹਜ਼ਾਰ ਬਣੀਆਂ ਹਨ। ਉਸ ਤੋਂ ਬਾਅਦ ਲੁਧਿਆਣਾ ਜ਼ਿਲ੍ਹੇ ਵਿੱਚ ਬਣੀਆਂ ਵੋਟਾਂ ਦੀ ਗਿਣਤੀ 3 ਲੱਖ 13 ਹਜ਼ਾਰ ਹੈ। ਅੰਮ੍ਰਿਤਸਰ ਵਿੱਚ 3 ਲੱਖ 2000 ਵੋਟਾਂ ਬਣੀਆਂ ਹਨ। ਸ਼ਹੀਦ ਭਗਤ ਸਿੰਘ ਨਗਰ ਦੀ ਗੱਲ ਕਰੀਏ ਤਾਂ ਉੱਥੇ ਸਿਰਫ਼ 25 ਹਜ਼ਾਰ 90 ਵੋਟਾਂ ਅਤੇ ਪਠਾਨਕੋਟ ਵਿੱਚ 26023 ਵੋਟਾਂ ਹੀ ਬਣ ਸਕੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹਰ ਪੰਜ ਸਾਲ ਪਿੱਛੋਂ ਹੁੰਦੀਆਂ ਹਨ ਜਦਕਿ ਅਹੁਦੇਦਾਰਾਂ ਦੀ ਚੋਣ ਹਰੇਕ ਸਾਲ ਹੁੰਦੀ ਹੈ। ਇਸ ਦੀਆਂ ਪਿਛਲੀ ਵਾਰ ਚੋਣਾਂ 2011 ਵਿੱਚ ਹੋਈਆਂ ਸਨ। ਸਹਿਜਧਾਰੀ ਸਿੱਖ ਫੈਡਰੇਸ਼ਨ ਵੱਲੋਂ ਅਦਾਲਤ ਵਿੱਚ ਪਟੀਸ਼ਨ ਦਾਇਰ ਕਰ ਕੇ ਕੇਵਲ ਸਾਬਤ-ਸੂਰਤ ਸਿੱਖਾਂ ਨੂੰ ਹੀ ਵੋਟ ਦਾ ਅਧਿਕਾਰ ਦੇਣ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀਆਂ ਪਿਛਲੀਆਂ ਦੋ ਵਾਰ ਦੀਆਂ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਨੂੰ ਜਿੱਤ ਦਾ ਸਾਹਮਣਾ ਕਰਨਾ ਪਿਆ ਹੈ। ਦੋਵੇਂ ਵਾਰ ਨਤੀਜੇ ਉਸ ਦੇ ਹੱਕ ਵਿੱਚ ਰਹੇ ਸਨ। ਇਸ ਵਾਰ ਜਦੋਂ ਦੋ ਨੌਜਵਾਨ ਸਿੱਖ ਪਾਰਲੀਮੈਂਟ ਲਈ ਚੁਣੇ ਗਏ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਦੋ ਧੜਿਆਂ ਦਰਮਿਆਨ ਡੂੰਘੀ ਲਕੀਰ ਖਿੱਚੀ ਜਾ ਚੁੱਕੀ ਹੈ ਤਾਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਾਸਤੇ ਜਿੱਤ ਪਹਿਲਾਂ ਜਿੰਨੀ ਆਸਾਨ ਨਹੀਂ ਹੋਵੇਗੀ। ਹਾਲਾਂ ਕਿ ਉਨ੍ਹਾਂ ਵੱਲੋਂ ਪਿਛਲੇ ਦਿਨੀਂ ਕੀਤੇ ਸ਼ਕਤੀ ਪ੍ਰਦਰਸ਼ਨ ਵੇਲੇ ਸ਼੍ਰੋਮਣੀ ਕਮੇਟੀ ਦੇ ਵੱਡੀ ਗਿਣਤੀ ਮੈਂਬਰ ਉਨ੍ਹਾਂ ਦੇ ਖੱਬੇ-ਸੱਜੇ ਦਿਸੇ ਹਨ।

ਗੁਰਦੁਆਰਾ ਕਮਿਸ਼ਨ ਵੱਲੋਂ ਵੋਟਾਂ ਦੀ ਤਰੀਕ 16 ਸਤੰਬਰ ਤੱਕ ਵਧਾਏ ਜਾਣ ਤੋਂ ਬਾਅਦ ਲੱਗਦਾ ਹੈ ਕਿ ਇਸ ਸਾਲ ਵੀ ਕਮੇਟੀ ਦੀਆਂ ਚੋਣਾਂ ਸ਼ਾਇਦ ਹੀ ਹੋਣ। ਗੁਆਚੀ ਹੋਈ ਪੰਥਕ ਜ਼ਮੀਨ ਮੁੜ ਹਾਸਲ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਸ਼ਿੱਦਤ ਨਾਲ ਕੰਮ ਕਰਨਾ ਪਵੇਗਾ। ਅਜਿਹਾ ਨਹੀਂ ਹੁੰਦਾ ਤਾਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਵਾਂਗ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਵੀ ਉਸ ਨੂੰ ਨਮੋਸ਼ੀ ਝੇਲਣੀ ਪੈ ਸਕਦੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਸਾਂਝੀ ਕੀਤੀ ਹੈ ਕਿ ਆਉਣ ਵਾਲੀਆਂ ਸ਼੍ਰੋਮਣੀ ਚੋਣਾਂ ਲਈ ਜਾਅਲੀ ਵੋਟਾਂ ਦੀ ਰਜਿਸਟਰੇਸ਼ਨ ਹੋ ਰਹੀ ਹੈ ਤੇ ਇਹ ਸਭ ਸੂਬਾ ਸਰਕਾਰ ਦੇ ਇਸ਼ਾਰੇ 'ਤੇ ਹੋ ਰਿਹਾ ਹੈ। ਇਸ ਦੇ ਵਿਰੁੱਧ ਅਕਾਲੀ ਦਲ ਨੇ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਸੇਵਾਮੁਕਤ ਜਸਟਿਸ ਐਸ. ਐਸ. ਸਾਰੋਂ ਕੋਲ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ। ਇਸ ਵਿੱਚ ਪਾਰਟੀ ਨੇ ਜਾਅਲੀ ਵੋਟਾਂ ਦੀ ਰਜਿਸਟਰੇਸ਼ਨ ਸਬੰਧੀ ਉੱਚ ਪੱਧਰੀ ਜਾਂਚ ਕਰਾਉਣ ਅਤੇ ਇਸ ਦੇ ਮੁਲਜ਼ਮਾਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ। ਆਪਣੀ ਸ਼ਿਕਾਇਤ ਵਿੱਚ ਅਕਾਲੀ ਦਲ ਨੇ ਲਿਖਿਆ ਹੈ ਕਿ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਪਾਰਦਰਸ਼ੀ ਤਰੀਕੇ ਨਾਲ ਬਣਾਉਣ ਲਈ ਸਪਸ਼ਟ ਹਦਾਇਤਾਂ ਕੀਤੀਆਂ ਗਈਆਂ ਹਨ ਪਰ ਹੇਠਾਂ ਸਰਕਾਰੀ ਪੱਧਰ 'ਤੇ ਵੱਡੀਆਂ ਗੜਬੜੀਆਂ ਸਾਹਮਣੇ ਆ ਰਹੀਆਂ ਹਨ। ਸਬੂਤ ਵਜੋਂ ਅਕਾਲੀ ਦਲ ਨੇ ਵ੍ਹਟਸਐਪ ਚੈਟ ਦੇ ਸਕ੍ਰੀਨਸ਼ੌਟ ਵੀ ਨੱਥੀ ਕੀਤੇ ਹਨ।

### ਇਸ ਸਾਲ ਚੋਣਾਂ ਹੋਣ ਦੀ ਸੰਭਾਵਨਾ ਘੱਟ



### ਯੋਗ ਸਿੱਖ ਵੋਟਰਾਂ ਦੀ ਹੀ ਰਜਿਸਟ੍ਰੇਸ਼ਨ ਯਕੀਨੀ ਬਣਾਵੇ ਕਮਿਸ਼ਨ: ਸ਼੍ਰੋਮਣੀ ਕਮੇਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਬਣ ਰਹੀਆਂ ਵੋਟਾਂ ਨੂੰ ਪਾਰਦਰਸ਼ੀ ਅਤੇ ਯੋਗ ਸਿੱਖ ਵੋਟਰਾਂ ਦੀ ਰਜਿਸਟ੍ਰੇਸ਼ਨ ਯਕੀਨੀ ਬਣਾਉਣ ਲਈ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐੱਸ. ਐੱਸ. ਸਾਰੋਂ ਨੂੰ ਪੱਤਰ ਲਿਖਿਆ ਹੈ।

ਐਡਵੋਕੇਟ ਧਾਮੀ ਨੇ ਇਸ ਗੱਲ ਦਾ ਸਖ਼ਤ ਇਤਰਾਜ਼ ਪ੍ਰਗਟਾਇਆ ਕਿ ਪੰਜਾਬ ਸਰਕਾਰ ਵੱਲੋਂ ਗੁਰਦੁਆਰਾ ਚੋਣਾਂ ਲਈ ਰਜਿਸਟ੍ਰੇਸ਼ਨ ਵਾਸਤੇ ਨਿਰਧਾਰਤ ਨਿਯਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਸੰਗਤ ਵੱਲੋਂ ਸ਼ਿਕਾਇਤਾਂ ਅਤੇ ਜਾਣਕਾਰੀ ਦਿੱਤੀ ਗਈ ਹੈ ਕਿ ਵੋਟਾਂ ਬਣਾਉਣ ਵਾਲੇ ਸਰਕਾਰ ਦੇ ਕਰਮਚਾਰੀ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਵੋਟਰ ਲਿਸਟਾਂ ਵਿੱਚੋਂ ਬਿਨਾਂ ਤਸਦੀਕ ਕੀਤਿਆਂ ਆਪਣੇ ਤੌਰ 'ਤੇ ਹੀ ਨਾਮ ਚੁੱਕ ਕੇ ਨਿਯਮਾਂ ਨੂੰ ਅਣਦੇਖਾ ਕਰਦਿਆਂ ਵੋਟਰ ਬਣਾ ਰਹੇ ਹਨ ।ਇਸ ਤਹਿਤ ਅੰਮ੍ਰਿਤਧਾਰੀ ਤੇ ਸਾਬਤ ਸੂਰਤ ਸਿੱਖ ਦੀ ਸ਼ਰਤ ਦੀ ਉਲੰਘਣਾ ਹੋਣ ਦਾ ਖਦਸ਼ਾ ਹੈ। ਐਡਵੋਕੇਟ ਧਾਮੀ ਨੇ ਜਸਟਿਸ ਸਾਰੋਂ ਨੂੰ ਲਿਖਿਆ ਕਿ ਉਹ ਇਸ ਮਾਮਲੇ ਵਿੱਚ ਸਖ਼ਤ ਆਦੇਸ਼ ਜਾਰੀ ਕਰਨ, ਤਾਂ ਜੋ ਇਹ ਯਕੀਨੀ ਬਣ ਸਕੇ ਕਿ ਕਿਸੇ ਵੀ ਗੈਰ ਸਿੱਖ ਅਤੇ ਪਤਿਤ ਦੀ ਵੋਟ ਨਾ ਬਣੇ।

# ਸਿੱਖ ਪੰਥ ਅਕਾਲ ਤਖ਼ਤ ਸਾਹਿਬ ਦੇ ਨਾਮ ਛਪ ਰਹੇ ਨਕਲੀ ਬਿਆਨਾਂ ਤੋਂ ਸੁਚੇਤ ਰਹੇ

## ਜਥੇਦਾਰ ਨੇ ਸੁਣਾਇਆ ਫ਼ੈਸਲਾ ਕਿ ਰਹਿਤ ਮਰਯਾਦਾ ਅਨੁਸਾਰ ਨਿਸ਼ਾਨ ਸਾਹਿਬ ਦਾ ਰੰਗ ਬਸੰਤੀ ਤੇ ਸੁਰਮਈ



ਅੰਮ੍ਰਿਤਸਰ/ਏ.ਟੀ.ਨਿਊਜ਼ : ਇੰਗਲੈਂਡ ਦੀ ਇੱਕ ਵੀਕਲੀ ਪੰਜਾਬੀ ਅਖਬਾਰ ਵਲੋਂ ਜਥੇਦਾਰ ਅਕਾਲ ਤਖਤ ਸਾਹਿਬ ਦਾ ਬਿਆਨ ਛਾਪਿਆ ਕਿ ਉਹ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਅਨੁਸਾਰ ਨਿਸ਼ਾਨ ਸਾਹਿਬ ਦੇ ਰੰਗ ਦੇ ਹੱਕ ਵਿੱਚ ਨਹੀਂ ਹਨ। ਇਹ ਫੈਸਲਾ ਸ੍ਰੋਮਣੀ ਕਮੇਟੀ ਦਾ ਹੈ। ਜਦ ਕਿ ਸਿੰਘ ਸਾਹਿਬਾਨ ਨੇ ਖੁਦ ਇਹ ਪੰਥਕ ਫੈਸਲਾ ਦਿਤਾ ਕਿ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਅਨੁਸਾਰ ਨਿਸ਼ਾਨ ਸਾਹਿਬ ਦੇ ਰੰਗ ਬਸੰਤੀ ਜਾਂ ਸੁਰਮਈ ਹੋਣਗੇ।

ਪਰ ਹੁਣ ਇੰਗਲੈਂਡ ਤੋਂ ਛਪੀਆਂ ਖਬਰਾਂ ਦਾ ਜਥੇਦਾਰ ਜੀ ਨੇ ਖੰਡਨ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਮੁਤਾਬਿਕ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਠੀਕ ਕਰਨ ਦੇ ਸਬੰਧ ਵਿੱਚ ਉਨ੍ਹਾਂ ਦੇ ਹਵਾਲੇ ਨਾਲ ਫੈਲਾਈਆਂ ਜਾ ਰਹੀਆਂ ਗੁੰਮਰਾਹਕੁੰਨ ਖ਼ਬਰਾਂ ਦਾ ਖੰਡਨ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵੱਲੋਂ ਜਾਰੀ ਲਿਖਤੀ ਬਿਆਨ ਵਿੱਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਹੈ ਕਿ ਲੰਘੇ ਦਿਨੀਂ ਇੰਗਲੈਂਡ ਦੌਰੇ ਦੌਰਾਨ ਉਨ੍ਹਾਂ ਨੂੰ ਕੁਝ ਸਿੰਘ ਮਿਲੇ ਸਨ, ਜਿਨ੍ਹਾਂ ਨੇ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਸਬੰਧੀ ਸਵਾਲ ਕੀਤੇ। ਇਸ ਦੇ ਸਬੰਧ ਵਿੱਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉਨ੍ਹਾਂ ਸਿੰਘਾਂ ਨੂੰ ਦੱਸਿਆ ਸੀ ਕਿ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਦਲਣ ਸਬੰਧੀ ਪੰਜ ਸਿੰਘ ਸਾਹਿਬਾਨ ਨੇ ਨਵਾਂ ਜਾਂ ਕੋਈ ਵੱਖਰਾ ਫੈਸਲਾ ਨਹੀਂ ਕੀਤਾ ਬਲਕਿ 1936 ਦੀ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਵਿੱਚ ਲਿਖਿਆ ਹੈ ਕਿ ਨਿਸ਼ਾਨ ਸਾਹਿਬ ਦੇ ਪੁਸ਼ਾਕੇ 'ਬਸੰਤੀ ਜਾਂ ਸੁਰਮਈ' ਰੰਗ ਦੇ ਹੋਣੇ ਚਾਹੀਦੇ ਹਨ। ਇਸ ਕਰਕੇ ਸਿੱਖ ਰਹਿਤ ਮਰਯਾਦਾ ਦੇ ਅਨੁਸਾਰ ਨਿਸ਼ਾਨ ਸਾਹਿਬ ਦਾ ਰੰਗ ਸਹੀ ਕੀਤਾ ਗਿਆ ਹੈ।

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉਨ੍ਹਾਂ ਸਿੰਘਾਂ ਨੂੰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਨੂੰ ਲੈ ਕੇ ਸੰਗਤ ਵਲੋਂ ਪ੍ਰਗਟਾਈ ਜਾ ਰਹੀ ਦੁਬਿਧਾ ਨੂੰ ਦੂਰ ਕਰਨ ਦੇ ਸਬੰਧ ਵਿੱਚ, 15 ਜੁਲਾਈ 2024 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਹੋਇਆ ਆਦੇਸ਼ ਪੱਤਰ ਪੜ੍ਹ ਕੇ ਵੀ ਸੁਣਾਇਆ ਸੀ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਹਵਾਲੇ ਨਾਲ ਸੱਚਾਈ ਤੋਂ ਦੂਰ ਫੈਲਾਈਆਂ ਜਾ ਰਹੀਆਂ ਖ਼ਬਰਾਂ ਬਿਲਕੁਲ ਝੂਠੀਆਂ ਅਤੇ ਗੁੰਮਰਾਹਕੁੰਨ ਹਨ ਅਤੇ ਸੰਗਤ ਸੁਚੇਤ ਰਹੇ।

(ਬਾਕੀ ਸਫ਼ਾ 30 'ਤੇ)

# ਮਿੰਨਤਾਂ ਕਰ ਕਰ ਹਾਰੇ ਬੜੀਆਂ ਸਾਉਣ ਦੀਆਂ...

## ਲੋਕ ਸਾਹਿਤ ਸੰਗਮ ਦੇ ਸਾਵਣ ਕਵੀ ਦਰਬਾਰ ਵਿੱਚ ਸਾਹਿਤਕਾਰਾਂ ਨੇ ਰੰਗ ਬੰਨਿਆ




ਰਾਜਪੁਰਾ/ਏ.ਟੀ.ਨਿਊਜ਼ : ਲੋਕ ਸਾਹਿਤ ਸੰਗਮ (ਰਜਿ.) ਰਾਜਪੁਰਾ ਦਾ ਸਾਵਣ ਨੂੰ ਸਮਰਪਿਤ ਸਾਵਣ ਕਵੀ ਦਰਬਾਰ ਰੋਟਰੀ ਭਵਨ ਵਿਖੇ ਡਾ. ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਵਿੱਚ ਕਵੀਆਂ ਨੇ ਰੰਗ ਬੰਨਿਆ। ਸਭਾ ਦਾ ਆਗਾਜ਼ ਕਰਮ ਸਿੰਘ ਹਕੀਰ ਨੇ ਆਪਨੇ ਗੀਤ 'ਕੱਠੀਆਂ ਹੋ ਆਈਆਂ ਮੁਟਿਆਰਾਂ,ਅੰਬਰ 'ਚੋ ਜਿਓਂ ਕੂੰਜਾਂ ਦੀਆਂ ਡਾਰਾਂ' ਸੁਣਾਕੇ ਕੀਤਾ। ਰਣਜੀਤ ਸਿੰਘ ਫਤਿਹਗੜ੍ਹ ਸਾਹਿਬ ਨੇ 'ਮਿਹਰ ਖ਼ੁਦਾ ਦੀ ਹੋਈ ਸਾਵਣ ਆਇਆ' ਸੁਣਾਕੇ ਰੰਗ ਬੰਨਿਆ। ਹਰਪਾਲ ਸਿੰਘ ਪਾਲ ਨੇ ਅਮਨ ਨੂੰ ਮੁਖਾਤਿਵ ਸ਼ੇਅਰ ਸੁਣਾਏ। ਸੂਫ਼ੀ ਸ਼ਾਇਰਾ ਸੁਰਿੰਦਰ ਕੌਰ ਬਾੜਾ ਨੇ ਬੁਲੰਦ ਆਵਾਜ਼ ਵਿੱਚ ਤੀਆਂ ਦੀਆਂ ਬੋਲੀਆਂ ਪਾਕੇ ਮਾਹੌਲ ਖੁਸ਼ ਗਵਾਰ ਕਰ ਦਿੱਤਾ। ਕਰਮ ਸਿੰਘ ਟਿਵਾਣਾ ਨੇ ਹਿੰਦੂ ਸਿੱਖ ਏਕਤਾ 'ਤੇ ਗੀਤ ਸੁਣਾਇਆ। ਤਾਰਾ ਸਿੰਘ ਮੱਠਿਆੜਾਂ ਨੇ ਬੁਲੰਦ ਆਵਾਜ਼ ਵਿੱਚ ਧਾਰਮਿਕ ਗੀਤ ਸੁਣਾਇਆ। ਮਨਜੀਤ ਸਿੰਘ ਨਾਗਰਾ ਨੇ ਹਿੰਦੀ ਗੀਤ ਸੁਣਾਇਆ। ਅਰਸ਼ਪ੍ਰੀਤ ਕੌਰ ਨੇ 'ਕਿਥੋਂ ਚੱਲੇ ਕਿਥੋਂ ਲੰਘੇ ਕਿੱਥੇ ਆਣ ਖਲੋਤੇ ਹਾਂ' ਸੁਣਾਇਆ। ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀ ਹਰਿ ਸ਼ੁਬੇਗ ਸਿੰਘ ਦੀ ਕਵਿਤਾ ਕਾਬਲੇ ਤਾਰੀਫ਼ ਸੀ। ਗ਼ਜ਼ਲਗੋ ਅਵਤਾਰ ਸਿੰਘ ਪੁਆਰ ਨੇ 'ਮਿਨਤਾਂ ਕਰ ਕਰ ਹਾਰੇ ਸਾਉਣ ਦੀਆਂ, ਪਰ ਤਾਂ ਵੀ ਨਾ ਲੱਗੀਆਂ ਝੜੀਆਂ ਸਾਉਣ ਦੀਆਂ' ਲੋਕ ਗੀਤਕਾਰ ਸੁਰਿੰਦਰ ਸਿੰਘ ਸੋਹਣਾ ਰਾਜੇਮਾਰੀਆ ਨੇ 'ਵਾਅਦੇ ਸਾਡੇ ਨਾਲ ਕੀਤੇ,ਮੌਜਾਂ ਹੋਰ ਨਾਲ ਨੀ' ਅਤੇ 'ਸਾਉਣ ਦਾ ਮਹੀਨਾ ਆਜਾ ਬੂੰਦਾਂ ਪੈਂਦੀਆਂ' ਸੁਣਾਕੇ ਗਰਮੀ ਵਿੱਚ ਕਲੇਜਾ ਠਾਰ ਦਿੱਤਾ। ਬਲਦੇਵ ਸਿੰਘ ਖੁਰਾਣਾ ਨੇ ਵੱਖਰੇ ਅੰਦਾਜ਼ ਵਿੱਚ ਕਾਲੇ ਕੁੱਤੇ ਕਰਮਾਂ ਵਾਲੇ ਹੁੰਦੇ ਹਨ ਸੁਣਾਕੇ ਹਾਸਿਆਂ ਦਾ ਮਾਹੌਲ ਸਿਰਜਿਆ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ 'ਚੰਗੀ ਮੰਮੀ' ਕਹਾਣੀ ਸੁਣਾਕੇ ਮਾਹੌਲ ਸਿਰਜਿਆ। ਅੰਤ ਵਿੱਚ ਕਵੀਆਂ ਦੀਆਂ ਰਚਨਾਵਾਂ ਬਾਰੇ ਭਰਪੂਰ ਸਮੀਖਿਆ ਕੀਤੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਕਿਤਾਬਾਂ ਦੇ 'ਲੰਗਰ' ਦੀ ਪ੍ਰਥਾ ਨੂੰ ਵਧਾਉਣ ਦੀ ਲੋੜ

ਕਿਤਾਬਾਂ ਗਿਆਨ ਦਾ ਸੋਮਾ ਹੁੰਦੀਆਂ ਹਨ। ਕਿਤਾਬਾਂ ਪੜ੍ਹਨ ਵਾਲੇ ਇਨਸਾਨ ਦੀ ਜ਼ਿੰਦਗੀ ਬਦਲ ਜਾਂਦੀ ਹੈ ਅਤੇ ਉਸ ਦੇ ਗਿਆਨ ਦਾ ਘੇਰਾ ਬਹੁਤ ਵਿਸ਼ਾਲ ਹੋ ਜਾਂਦਾ ਹੈ। ਪੰਜਾਬੀ ਉਹ ਭਾਸ਼ਾ ਹੈ ਜੋ ਆਦਿ ਕਾਲ ਤੋਂ ਹੀ ਚਲਦੀ ਆ ਰਹੀ ਹੈ, ਪੰਜਾਬੀ ਦੇ ਪਹਿਲੇ ਕਵੀ ਬਾਬਾ ਸ਼ੇਖ ਫ਼ਰੀਦ ਨੂੰ ਕਿਹਾ ਜਾਂਦਾ ਹੈ। ਗੁਰੂ ਸਾਹਿਬਾਨ ਨੇ ਵੀ ਗੁਰਬਾਣੀ ਦੀ ਰਚਨਾ ਪੰਜਾਬੀ ਭਾਸ਼ਾ-ਗੁਰਮੁੱਖੀ ਲਿਪੀ ਵਿੱਚ ਕੀਤੀ ।ਪੰਜਾਬੀ ਵਿੱਚ ਕਿਤਾਬਾਂ ਦੀ ਬਹੁਤਾਤ ਹੈ। ਹਰ ਵਿਸ਼ੇ ਸਬੰਧੀ ਹੀ ਪੰਜਾਬੀ ਵਿੱਚ ਕਿਤਾਬਾਂ ਮਿਲ ਜਾਂਦੀਆਂ ਹਨ। ਮਨੁੱਖ ਦਾ ਅਸਲੀ ਅਧਿਆਪਕ ਤਾਂ ਚੰਗੀਆਂ ਕਿਤਾਬਾਂ ਹੀ ਹੁੰਦੀਆਂ ਹਨ, ਚੰਗੀਆਂ ਕਿਤਾਬਾਂ ਤੋਂ ਹੀ ਹਰ ਮਨੁੱਖ ਚੰਗਾ ਇਨਸਾਨ ਬਣਨ ਦੀ ਪ੍ਰੇਰਨਾ ਲੈਂਦਾ ਹੈ।

ਸਿੱਖ ਕੌਮ 'ਲੰਗਰ' ਲਗਾਉਣ ਲਈ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਹੈ। ਜਿਥੇ ਵੱਡੀ ਗਿਣਤੀ ਗੁਰਧਾਮਾਂ ਵਿੱਚ ਦਿਨ ਰਾਤ 'ਗੁਰੂ ਕੇ ਲੰਗਰ' ਚਲਦੇ ਰਹਿੰਦੇ ਹਨ, ਉਥੇ ਦੁਨੀਆਂ ਦੇ ਵੱਖ-ਵੱਖ ਇਲਾਕਿਆਂ ਵਿੱਚ ਆਈਆਂ ਕੁਦਰਤੀ ਆਫ਼ਤਾਂ ਅਤੇ ਹੋਰ ਦੁਰਘਟਨਾਵਾਂ ਮੌਕੇ ਵੀ ਸਿੱਖ ਕੌਮ ਵੱਲੋਂ ਖਾਣ ਪੀਣ ਦੇ ਪਦਾਰਥਾਂ, ਲੋੜੀਂਦੇ ਸਮਾਨ, ਦਵਾਈਆਂ ਆਦਿ ਦੇ 'ਲੰਗਰ' ਵੀ ਲਗਾਏ ਜਾਂਦੇ ਹਨ ਅਤੇ ਪੀੜਤਾਂ ਦੀ ਮਦਦ ਕਰਕੇ ਮਾਨਵਤਾ ਦੀ ਸੇਵਾ ਕੀਤੀ ਜਾਂਦੀ ਹੈ। ਹੁਣ ਸਿੱਖ ਕੌਮ ਵੱਲੋਂ ਵੱਖ- ਵੱਖ ਧਾਰਮਿਕ ਸਮਾਗਮਾਂ ਮੌਕੇ 'ਗੁਰੂ ਕੇ ਲੰਗਰ' ਦੇ ਨਾਲ-ਨਾਲ ' ਧਾਰਮਿਕ ਕਿਤਾਬਾਂ ਦੇ ਲੰਗਰ' ਵੀ ਲਗਾਏ ਜਾਂਦੇ ਹਨ, ਭਾਵੇਂ ਕਿ 'ਕਿਤਾਬਾਂ ਦੇ ਲੰਗਰ' ਲਗਾਉਣ ਦੀ ਪ੍ਰਥਾ ਕਾਫੀ ਸਮੇਂ ਤੋਂ ਜਾਰੀ ਹੈ, ਲੋੜ ਤਾਂ ਇਸ ਪ੍ਰਥਾ ਨੂੰ ਵਧਾਉਣ ਦੀ ਹੈ।

ਹਰ ਬੋਲੀ ਵਿੱਚ ਅਜਿਹੀਆਂ ਕਿਤਾਬਾਂ ਹੁੰਦੀਆਂ ਹਨ, ਜਿਹੜੀਆਂ ਉਸ ਬੋਲੀ ਦੇ ਸਾਹਿਤ ਵਿੱਚ ਮੀਲ ਪੱਥਰ ਸਾਬਤ ਹੁੰਦੀਆਂ ਹਨ। ਪੰਜਾਬੀ ਵਿੱਚ ਅਜਿਹੀਆਂ ਬਹੁਤ ਸਾਰੀਆਂ ਕਿਤਾਬਾਂ ਹਨ, ਜਿਨ੍ਹਾਂ ਨੇ ਇਤਿਹਾਸ ਸਿਰਜਿਆ ਹੈ, ਜਿਨ੍ਹਾਂ ਨੂੰ ਪੜ੍ਹ ਕੇ ਪੜ੍ਹਨ ਵਾਲਿਆਂ ਨੂੰ ਜ਼ਿੰਦਗੀ ਦੀ ਸੋਝੀ ਆ ਜਾਂਦੀ ਹੈ। ਅਸਲ ਵਿੱਚ ਇਹ ਕਿਤਾਬਾਂ ਹੀ ਹੁੰਦੀਆਂ ਨੇ, ਜੋ ਕਿ ਇਨਸਾਨ ਨੂੰ ਚੰਗਾ ਇਨਸਾਨ ਬਣਾਉਂਦੀਆਂ ਨੇ। ਮਨੁੱਖ ਵਿੱਚ ਭਾਈਚਾਰਕ ਸਾਂਝ ਵੀ ਕਿਤਾਬਾਂ ਹੀ ਪੈਦਾ ਕਰਦੀਆਂ ਨੇ। ਇਸ ਤੋਂ ਇਲਾਵਾ ਇਹ ਕਿਤਾਬਾਂ ਹੀ ਹੁੰਦੀਆਂ ਨੇ ਜੋ ਹਮੇਸ਼ਾ ਮਨੁੱਖ ਦੇ ਅੰਗ ਸੰਗ ਰਹਿੰਦੀਆਂ ਹਨ। ਕਿਤਾਬਾਂ ਤੋਂ ਪ੍ਰਾਪਤ ਗਿਆਨ ਨੂੰ ਕੋਈ ਖੋਹ ਨਹੀਂ ਸਕਦਾ। ਇਸ ਤੋਂ ਇਲਾਵਾ ਕਿਤਾਬਾਂ ਪੜ੍ਹ-ਪੜ੍ਹ ਕੇ ਪ੍ਰਾਪਤ ਹੋਇਆ ਗਿਆਨ ਸਾਰੀ ਉਮਰ ਮਨੁੱਖ ਦੇ ਕੋਲ ਰਹਿੰਦਾ ਹੈ। ਹਰ ਧਰਮ ਵਿੱਚ ਹੀ ਧਾਰਮਿਕ ਗ੍ਰੰਥ ਅਤੇ ਧਾਰਮਿਕ ਕਿਤਾਬਾਂ ਦੀ ਰਚਨਾ ਹੋ ਚੁੱਕੀ ਹੈ। ਸਿੱਖ ਧਰਮ ਵਿੱਚ ਵੀ ਅਨੇਕਾਂ ਹੀ ਮਹਾਨ ਧਾਰਮਿਕ ਕਿਤਾਬਾਂ ਦੀ ਰਚਨਾ ਹੋ ਚੁੱਕੀ ਹੈ। ਅਜਿਹੀਆਂ ਧਾਰਮਿਕ ਕਿਤਾਬਾਂ ਨੂੰ ਹਰ ਸਿੱਖ ਨੂੰ ਜਰੂਰ ਪੜ੍ਹਨਾ ਚਾਹੀਦਾ ਹੈ ਤਾਂ ਕਿ ਉਹਨਾਂ ਦੇ ਗਿਆਨ ਵਿੱਚ ਵਾਧਾ ਹੋ ਸਕੇ ਅਤੇ ਧਰਮ ਬਾਰੇ ਉਹਨਾਂ ਨੂੰ ਹੋਰ ਜਾਣਕਾਰੀ ਮਿਲ ਸਕੇ।

ਕਿਤਾਬਾਂ ਸਾਡੇ ਜੀਵਨ ਦਾ ਸਭ ਤੋਂ ਵਧੀਆ ਸਾਥੀ ਹਨ। ਜਦੋਂ ਵੀ ਸਾਨੂੰ ਕਿਤਾਬਾਂ ਦੀ ਲੋੜ ਹੁੰਦੀ ਹੈ ਤਾਂ ਉਹ ਸਾਡੇ ਲਈ ਉਪਲਬਧ ਹੁੰਦੀਆਂ ਹਨ। ਕਿਤਾਬਾਂ ਸਾਡੇ ਆਲ਼ੇ ਦੁਆਲ਼ੇ ਦੀ ਦੁਨੀਆਂ ਨੂੰ ਸਮਝਣ, ਸਹੀ ਅਤੇ ਗਲਤ ਵਿਚਕਾਰ ਫੈਸਲਾ ਕਰਨ ਵਿੱਚ ਸਾਡੀ ਮਦਦ ਕਰਦੀਆਂ ਹਨ। ਉਹ ਸਾਡੇ ਜੀਵਨ ਵਿੱਚ ਸਾਡੇ ਰੋਲ ਮਾਡਲ, ਗਾਈਡ ਜਾਂ ਹਰ ਸਮੇਂ ਦੇ ਅਧਿਆਪਕ ਵਜੋਂ ਵੀ ਮੌਜੂਦ ਹਨ। ਪੁਸਤਕਾਂ ਪੜ੍ਹਨ ਨਾਲ ਸਾਡੀ ਸ਼ਖ਼ਸੀਅਤ ਵਿੱਚ ਗੁਣਾਤਮਕ ਤਬਦੀਲੀ ਆਉਂਦੀ ਹੈ। ਕਿਤਾਬਾਂ ਸਾਡੇ ਟੀਚਿਆਂ 'ਤੇ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰਦੀਆਂ ਹਨ ਅਤੇ ਸਮੇਂ ਸਿਰ ਸਾਡੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਵੀ ਮਦਦਗਾਰ ਹੁੰਦੀਆਂ ਹਨ। ਕਿਤਾਬਾਂ ਸਾਨੂੰ ਇੱਕ ਵੱਖਰੀ ਦੁਨੀਆਂ ਵਿੱਚ ਲੈ ਜਾਂਦੀਆਂ ਹਨ ਜਿਸ ਨੂੰ ਅਸੀਂ ਸ਼ਾਂਤੀ ਦੀ ਦੁਨੀਆਂ ਕਹਿ ਸਕਦੇ ਹਾਂ। ਲੋਕਾਂ ਦੇ ਉਲਟ, ਕਿਤਾਬਾਂ ਕਦੇ ਵੀ ਬਦਲੇ ਵਿੱਚ ਕੁਝ ਨਹੀਂ ਮੰਗਦੀਆਂ, ਸਗੋਂ ਸਾਡੇ ਗਿਆਨ ਅਤੇ ਰਚਨਾਤਮਕਤਾ ਨੂੰ ਵਧਾਉਣ ਵਿੱਚ ਸਾਡੀ ਮਦਦ ਕਰਦੀਆਂ ਹਨ। ਵਿਦਿਆਰਥੀ ਜੀਵਨ ਸੰਘਰਸ਼ ਦੀ ਅਨੋਖੀ ਕਹਾਣੀ ਹੈ ਅਤੇ ਇਸ ਸੰਘਰਸ਼ ਦੌਰਾਨ ਕਿਤਾਬਾਂ ਹੀ ਸੱਚੀਆਂ ਸਾਥੀ ਹੁੰਦੀਆਂ ਹਨ। ਹਰ ਵਿਦਿਆਰਥੀ ਨੂੰ ਕਿਤਾਬਾਂ ਪੜ੍ਹਨ ਦੀ ਆਦਤ ਜ਼ਰੂਰ ਪੈਦਾ ਕਰਨੀ ਚਾਹੀਦੀ ਹੈ। ਕਿਤਾਬਾਂ ਨਾ ਸਿਰਫ਼ ਮੁਕਾਬਲੇ ਵਾਲੀ ਜ਼ਿੰਦਗੀ ਵਿੱਚ ਸਾਡੀਆਂ ਸਾਥੀ ਹੁੰਦੀਆਂ ਹਨ, ਸਗੋਂ ਜ਼ਿੰਦਗੀ ਦੇ ਹਰ ਪੜਾਅ 'ਤੇ ਸਾਡਾ ਮਾਰਗ ਦਰਸ਼ਨ ਕਰਦੀਆਂ ਹਨ ਕਿਉਂਕਿ ਵਿਦਿਆਰਥੀ ਜੀਵਨ ਦਾ ਵਿਕਾਸਸ਼ੀਲ ਪੜਾਅ ਹੁੰਦੇ ਹਨ, ਇਸ ਲਈ ਉਨ੍ਹਾਂ ਨੂੰ ਆਪਣੇ ਮਾਤਾ-ਪਿਤਾ, ਅਧਿਆਪਕਾਂ ਅਤੇ ਬਜ਼ੁਰਗਾਂ ਤੋਂ ਵੀ ਚੰਗੀ ਸੇਧ ਲੈਣ ਦੀ ਲੋੜ ਹੁੰਦੀ ਹੈ। ਇਸ ਦੇ ਨਾਲ ਹੀ ਕਿਤਾਬਾਂ ਜੀਵਨ ਵਿੱਚ ਫੈਸਲੇ ਲੈਣ ਦੀ ਕਲਾ ਸਿਖਾਉਂਦੀਆਂ ਹਨ। ਆਖਰਕਾਰ ਸਾਡੀ ਜ਼ਿੰਦਗੀ ਸਾਡੇ ਫੈਸਲਿਆਂ ਦਾ ਨਤੀਜਾ ਹੈ। ਇਸੇ ਲਈ ਕਿਤਾਬਾਂ ਸਾਡੀਆਂ ਸਹਿ-ਯਾਤਰੀ ਹੁੰਦੀਆਂ ਹਨ।

ਸਿੱਖ ਕੌਮ ਨੂੰ ਜਿਥੇ ਇਹ ਮਾਣ ਜਾਂਦਾ ਹੈ ਕਿ ਵੱਖ- ਵੱਖ ਧਾਰਮਿਕ ਸਮਾਗਮਾਂ ਮੌਕੇ ਅਤੇ ਇਤਿਹਾਸਿਕ ਦਿਹਾੜਿਆਂ ਮੌਕੇ ਸੰਗਤਾਂ ਵੱਲੋਂ ਵੱਖ- ਵੱਖ ਖਾਧ ਪਦਾਰਥਾਂ ਦੇ ਲੰਗਰ ਲਗਾਏ ਜਾਂਦੇ ਹਨ, ਉਥੇ ਕੁਝ ਸਮੇਂ ਤੋਂ ਸਿੱਖ ਕੌਮ ਵੱਲੋਂ ਪੌਦਿਆਂ ਦੇ ਲੰਗਰ ਵੀ ਲਗਾਏ ਜਾਂਦੇ ਹਨ ਅਤੇ ਵੱਖ- ਵੱਖ ਕਿਸਮਾਂ ਦੇ ਪੌਦਿਆਂ ਨੂੰ ਪ੍ਰਸ਼ਾਦਿ ਦੇ ਰੂਪ ਵਿੱਚ ਵੰਡਿਆ ਜਾਂਦਾ ਹੈ। ਸੰਗਤਾਂ ਵੱਲੋਂ ਪੌਦਿਆਂ ਦੇ ਰੂਪ ਵਿੱਚ ਮਿਲੇ ਪ੍ਰਸ਼ਾਦਿ ਨੂੰ ਸਤਿਕਾਰ ਦਿੰਦਿਆਂ ਇਹਨਾਂ ਪੌਦਿਆਂ ਨੂੰ ਧਰਤੀ ਵਿੱਚ ਲਗਾਇਆ ਵੀ ਜਾਂਦਾ ਹੈ ਤਾਂ ਕਿ ਪੰਜਾਬ ਦਾ ਵਾਤਾਵਰਣ ਮੁੜ ਹਰਿਆ ਭਰਿਆ ਹੋ ਸਕੇ। ਪੌਦਿਆਂ ਨੂੰ ਪ੍ਰਸ਼ਾਦਿ ਰੂਪ ਵਿੱਚ ਵੰਡਣ ਦੇ ਰੁਝਾਨ ਨੂੰ ਵੀ ਚੰਗੀ ਰੀਤ ਕਿਹਾ ਜਾ ਸਕਦਾ ਹੈ। ਅਸਲ ਵਿੱਚ ਲੰਗਰ ਦੀ ਸ਼ੁਰੂਆਤ ਤਾਂ ਗੁਰੂ ਨਾਨਕ ਦੇਵ ਜੀ ਨੇ ਹੀ ਭੁੱਖੇ ਸਾਧੂਆਂ ਨੂੰ ਭੋਜਨ ਖਵਾ ਕੇ ਕਰ ਦਿੱਤੀ ਸੀ। ਕੁਝ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਉਸ ਸਮੇਂ ਗੁਰੂ ਜੀ ਦੀ ਕੀਤੀ ਗਈ 20 ਰੁਪਏ ਦੀ ਐਫ.ਡੀ. ਨਾਲ ਅਜੇ ਤੱਕ ਪੂਰੀ ਦੁਨੀਆਂ ਵਿੱਚ ਲੰਗਰ ਚੱਲ ਰਹੇ ਹਨ। ਹੁਣ ਧਾਰਮਿਕ ਸਮਾਗਮਾਂ ਮੌਕੇ ਧਾਰਮਿਕ ਕਿਤਾਬਾਂ ਦੇ ਲੰਗਰ ਲਗਾਉਣ ਦੀ ਜੋ ਪਿਰਤ ਸ਼ੁਰੂ ਹੋ ਚੁੱਕੀ ਹੈ, ਉਸ ਨੂੰ ਅੱਗੇ ਵਧਾਉਣ ਦੀ ਲੋੜ ਹੈ। ਹਰ ਗੁਰਧਾਮ ਵਿੱਚ ਹੀ ਗੁਰੂ ਕੇ ਲੰਗਰ ਦੇ ਨਾਲ ਨਾਲ ਸਿੱਖ ਧਰਮ ਨਾਲ ਸਬੰਧਿਤ ਕਿਤਾਬਾਂ ਦੇ ਲੰਗਰ ਵੀ ਲਗਾਏ ਜਾਣੇ ਚਾਹੀਦੇ ਹਨ ਤਾਂ ਕਿ ਸਿੱਖ ਧਰਮ ਦਾ ਹੋਰ ਪ੍ਰਚਾਰ ਹੋ ਸਕੇ।

# ਅਕਾਲ ਤਖ਼ਤ ਸਾਹਿਬ ਦੀ ਸਰਬ-ਉੱਚਤਾ ਨੂੰ ਨੀਵਾਂ ਦਿਖਾਉਣ ਵਾਲੇ ਪੱਤਰਾਂ ਦੀ ਸੱਚਾਈ ਅਤੇ ਪ੍ਰਸੰਗਕਿਤਾ



ਬਘੇਲ ਸਿੰਘ ਧਾਲੀਵਾਲ
99142-58142



ਪਿਛਲੇ ਦਿਨੀਂ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਲ ਸਪੱਸ਼ਟੀਕਰਨ ਦੇਣ ਵਾਲਿਆਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਸ਼ਾਮਲ ਸਨ। ਪਹਿਲਾਂ ਸ੍ਰ. ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੇ ਬੰਦ ਲਿਫਾਫਾ ਸਪੱਸ਼ਟੀਕਰਨ ਦੀ ਗੱਲ ਕਰਦੇ ਹਾਂ, ਜਿਸ ਵਿੱਚ ਉਨ੍ਹਾਂ ਇੱਕ ਪੱਤਰ ਉਹ ਵੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸੌਂਪਿਆ ਹੈ, ਜਿਹੜਾ ਮਰਹੂਮ ਸ੍ਰ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਉਸ ਮੌਕੇ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸੌਂਪਿਆ ਗਿਆ ਸੀ । ਉਸ ਮੌਕੇ ਵੀ ਇਹ ਪ੍ਰਚਾਰਨ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਸ੍ਰ. ਪ੍ਰਕਾਸ਼ ਸਿੰਘ ਬਾਦਲ ਆਪਣੇ ਗੁਨਾਹਾਂ ਦਾ ਪਸ਼ਤਾਤਾਪ ਕਰਨ ਲਈ ਤਤਲਾਕੀ ਜਥੇਦਾਰ ਕੋਲ ਪੇਸ਼ ਹੋਏ ਹਨ ਅਤੇ ਉਨ੍ਹਾਂ ਵੱਲੋਂ ਆਪਣੀ ਭੁੱਲ ਬਖਸ਼ਾਈ ਗਈ ਹੈ, ਪਰ ਪੱਤਰ ਪੜ੍ਹਕੇ ਪਤਾ ਲੱਗਦਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਉਸ ਪੱਤਰ ਵਿੱਚ ਮੁਆਫੀ ਤਾਂ ਮੰਗੀ ਹੀ ਨਹੀਂ ਹੈ। ਉਨ੍ਹਾਂ ਨੇ ਤਾਂ ਇਹ ਕਿਹਾ ਕਿ ਹੈ ਕਿ ਕਈ ਵਾਰ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਗਲਤੀਆਂ ਹੋ ਜਾਂਦੀਆਂ ਹਨ, ਵਾਹਿਗੁਰੂ ਮੈਨੂੰ ਤਾਕਤ ਦੇਣ। ਉਹ 17 ਅਕਤੂਬਰ 2015 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸੌਂਪੇ ਆਪਣੇ ਪੱਤਰ ਵਿੱਚ ਲਿਖਦੇ ਹਨ ਕਿ ਪਿਛਲੇ ਦਿਨੀਂ ਜੋ ਘਟਨਾਕ੍ਰਮ ਵਾਪਰਿਆ ਹੈ ਉਹ ਬੇਹੱਦ ਦੁੱਖਦਾਈ ਅਤੇ ਪੀੜ੍ਹਾ ਭਰਿਆ ਹੈ, ਇਸ ਨਾਲ ਪੰਜਾਬੀ ਸਮਾਜ ਅਤੇ ਖਾਸ ਤੌਰ 'ਤੇ ਸਿੱਖ ਭਾਈਚਾਰੇ ਦੀ ਮਾਨਸਿਕਤਾ ਨੂੰ ਵੱਡੀ ਸੱਟ ਵੱਜੀ ਹੈ ਅਤੇ ਅਣਕਿਆਸੀਆਂ ਘਟਨਾਵਾਂ ਨਵੇਂ ਰਸਤੇ ਅਖਤਿਆਰ ਕਰ ਰਹੀਆਂ ਹਨ, ਜੋ ਹੋਰ ਵੀ ਜੋਖਮ ਭਰੇ ਬਣ ਸਕਦੇ ਹਨ । ਪੰਜਾਬ ਦਾ ਪ੍ਰਸ਼ਾਸ਼ਨਿਕ ਮੁੱਖੀ ਹੋਣ ਕਾਰਨ ਮੈਨੂੰ ਵਾਪਰ ਰਹੇ ਅਜਿਹੇ ਅਣਕਿਆਸੇ ਘਟਨਾਕ੍ਰਮ ਦਾ ਅਹਿਸਾਸ ਹੈ। ਪਿਛਲੇ ਲੰਬੇ ਸਮੇਂ ਤੋਂ ਮੈਂ ਸੌਂਪੇ ਗਏ ਫਰਜ਼ਾਂ ਦੀ ਪਾਲਣਾ ਪੂਰੀ ਤਨਦੇਹੀ ਅਤੇ ਸ਼ਿੱਦਤ ਨਾਲ ਕਰਨ ਦਾ ਯਤਨ ਕੀਤਾ ਹੈ ।ਮੈਂ ਆਪਣਾ ਸਮੁਚਾ ਜੀਵਨ ਸਿਦਕ ਅਤੇ ਧਾਰਮਿਕ ਮਾਨਤਾਵਾਂ ਦੇ ਅਨੁਸਾਰੀ ਹੋ ਕੇ ਬਤੀਤ ਕੀਤਾ ਹੈ। ਸਿਦਕਦਿਲੀ ਨਾਲ ਆਪਣੇ ਫਰਜਾਂ ਦੀ ਪਾਲਣਾ ਕਰਦਿਆਂ ਕਈ ਵਾਰ ਅਜਿਹਾ ਕੁੱਝ ਵਾਪਰ ਜਾਂਦਾ ਹੈ ਜੋ ਕਿਆਸ ਤੋਂ ਬਾਹਰ ਹੁੰਦਾ ਹੈ, ਜਿਸ ਨਾਲ ਤੁਹਾਡੇ ਮਨ ਨੂੰ ਗਹਿਰੀ ਪੀੜ੍ਹਾ ਵਿਚੋਂ ਗੁਜਰਨਾ ਪੈਂਦਾ ਹੈ ਅਤੇ ਤੁਸੀਂ ਆਤਮਿਕ ਤੌਰ 'ਤੇ ਝੰਜੋੜੇ ਜਾਂਦੇ ਹੋ, ਤੁਹਾਡੇ ਅੰਦਰ ਪਸਚਾਤਾਪ ਦੀਆਂ ਭਾਵਨਾਵਾਂ ਪ੍ਰਬਲ ਹੋ ਜਾਂਦੀਆਂ ਹਨ। ਇਸ ਮੌਕੇ ਮੈਂ ਅਜਿਹੀ ਅੰਤਰ ਮਨ ਦੀਆਂ ਪੀੜ੍ਹਾ ਤੋਂ ਗੁਜ਼ਰ ਰਿਹਾ ਹਾਂ। ਇਸ ਦਿਸ਼ਾ ਵਿੱਚ ਪਿਛਲੇ ਸਮੇਂ ਵਿੱਚ ਜੋ ਵੀ ਦੁਖਦਾਈ ਵਾਪਰਿਆ ਹੈ ਉਸਨੇ ਆਤਮਿਕ ਤੌਰ 'ਤੇ ਮੈਨੂੰ ਧੁਰ ਅੰਦਰ ਝੰਜੋੜ ਕੇ ਰੱਖ ਦਿੱਤਾ ਹੈ। ਅਜਿਹੀਆਂ ਭਾਵਨਾਵਾਂ ਨੂੰ ਆਪਣੇ ਮਨ ਅੰਦਰ ਸਮੋਈ ਮੈਂ ਆਪਣੇ ਗੁਰੂ ਅੱਗੇ ਨਤਮਸਤਕ ਹੁੰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਬਲ ਬਖਸ਼ਣ ਅਤੇ ਮਿਹਰ ਕਰਨ। ਇਸ ਪੱਤਰ ਵਿੱਚ ਸ੍ਰ. ਬਾਦਲ ਅਹਿਸਾਸ ਤਾਂ ਕਰਦੇ ਹਨ ਪਰ ਮੁਆਫ਼ੀ ਲਈ ਖਿਮਾ ਯਾਚਨਾ ਸ਼ਬਦ ਦਾ ਜਿਕਰ ਤੱਕ ਵੀ ਸਾਰੇ ਪੱਤਰ ਵਿੱਚ ਕਿਧਰੇ ਵੀ ਨਹੀ ਕੀਤਾ ਗਿਆ। ਉਹ ਤਾਂ ਅਖੀਰ ਵਿੱਚ ਸਿਰਫ਼ ਐਨਾ ਹੀ ਲਿਖਦੇ ਹਨ ਕਿ ਵਾਹਿਗੂਰੂ ਬਲ ਬਖਸ਼ਣ ਅਤੇ ਮਿਹਰ ਕਰਨ,ਜਦੋਂਕਿ ਵਿਰੋਧੀਆਂ ਨੂੰ ਸਬਕ ਸਿਖਾਉਣ ਲਈ ਤਾਂ ਜਥੇਦਾਰ ਵੱਲੋਂ ਸਜ਼ਾ ਲਾਈ ਜਾਂਦੀ ਹੈ, ਪੰਥ 'ਚੋਂ ਛੇਕਣ ਤੱਕ ਦਾ ਵਿਧੀ ਵਿਧਾਨ ਵੀ ਹੈ, ਇਹ ਪੱਤਰ ਭਾਵੇਂ ਸ਼ੁਰੂ ਸਿੰਘ ਸਾਹਿਬ ਨੂੰ ਸੰਬੋਧਨ ਹੋ ਕੇ ਕੀਤਾ ਗਿਆ ਹੈ, ਪਰ ਪੱਤਰ ਵਿੱਚ ਸ੍ਰ. ਬਾਦਲ ਨੇ ਜਥੇਦਾਰ ਨਾਲ ਗੱਲ ਹੀ ਨਹੀ ਕੀਤੀ, ਉਹ ਤਾਂ ਸਿਰਫ ਆਪਣੇ ਗੁਰੂ ਅੱਗੇ ਅਰਦਾਸ ਕਰਕੇ ਆਪ ਹੀ ਸੁਰਖਰੂ ਹੋਕੇ ਚਲੇ ਗਏ, ਜਦੋਂਕਿ ਸੁਖਬੀਰ ਸਿੰਘ ਬਾਦਲ ਵੱਲੋਂ ਜੋ ਪੱਤਰ ਦਿੱਤਾ ਗਿਆ ਹੈ, ਉਹਦੇ ਵਿੱਚ ਵਰਤੀ ਗਈ ਸ਼ੈਲੀ ਦਾ ਆਪਣੇ ਪਿਤਾ ਦੀ ਸ਼ੈਲੀ ਤੋਂ ਜ਼ਮੀਨ ਅਸਮਾਨ ਜਿੰਨਾ ਅੰਤਰ ਹੈ, ਉਹ ਸਿੰਘ ਸਾਹਿਬ ਨੂੰ ਸੰਬੋਧਨ ਹੋਕੇ ਲਿਖਦੇ ਹਨ ਕਿ ਅਕਾਲ ਤਖਤ ਸਾਹਿਬ ਬਖਸ਼ਿੰਦ ਗੁਰੂ ਦਾ ਬਖਸ਼ਿੰਦ ਤਖ਼ਤ ਹੈ, ਸਮਰੱਥ ਗੁਰੂ ਜਾਣੀ ਜਾਣ ਹੈ, ਤਰਕ ਤੇ ਦਲੀਲਾਂ ਉਥੇ ਹੁੰਦੀਆਂ ਹਨ, ਜਿਥੇ ਕਿਸੇ ਨੂੰ ਸਮਝਾਉਣ ਦੀ ਲੋੜ ਹੋਵੇ ਜਾਂ ਕੁਝ ਲੁਕਾਉਣ ਦੀ ਮਨਸ਼ਾ ਹੋਵੇ, ਦਾਸ ਗੁਰੂ ਘਰ ਦਾ ਨਿਮਾਣਾ ਸੇਵਕ ਹੈ, ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਰਿਹਾ ਹੈ । ਮੈਂ ਬਿਨਾਂ ਕਿਸੇ ਸਵਾਲ ਜਵਾਬ ਦੇ ਸੱਚੇ ਦਿਲੋਂ ਵਾਹਿਗੁਰੂ ਅੱਗੇ ਜੋਦੜੀ ਕਰ ਰਿਹਾ ਹਾਂ। ਜੋ ਵੀ ਸਾਡੇ ਖ਼ਿਲਾਫ਼ ਲਿਖਕੇ ਦਿੱਤਾ ਗਿਆ ਹੈ, ਦਾਸ ਉਸ ਵਾਸਤੇ ਗੁਰੂ ਦੇ ਮਹਾਨ ਤਖਤ 'ਤੇ ਹਾਜ਼ਰ ਹੋ ਕੇ ਗੁਰੂ ਸਾਹਿਬ ਅਤੇ ਗੁਰੂ ਪੰਥ ਪਾਸੋਂ ਬਿਨਾਂ ਸ਼ਰਤ ਖਿਮਾ ਜਾਚਨਾ ਕਰਦਾ ਹੈ, ਪਰਿਵਾਰ ਦਾ ਮੁਖੀ ਹੋਣ ਦੇ ਨਾਤੇ ਦਾਸ ਸਾਰੀਆਂ ਭੁੱਲਾਂ ਨੂੰ ਆਪਣੀ ਝੋਲੀ ਪਾਉਂਦਾ ਹੈ, ਚਾਹੇ ਇਹ ਭੁੱਲਾਂ ਪਾਰਟੀ ਕੋਲੋਂ ਹੋਈਆਂ ਹਨ ਜਾਂ ਸਰਕਾਰ ਕੋਲੋਂ, ਦਾਸ ਚੇਤ-ਅਚੇਤ ਵਿੱਚ ਹੋਈਆਂ ਇਨ੍ਹਾਂ ਸਾਰੀਆਂ ਭੁੱਲਾਂ-ਚੁੱਕਾਂ ਲਈ ਖਿਮਾ ਦਾ ਜਾਚਕ ਹੈ। ਅਕਾਲ ਤਖਤ ਸਾਹਿਬ ਵੱਲੋਂ ਗੁਰਮਤਿ ਪ੍ਰੰਪਰਾਵਾਂ ਅਨੁਸਾਰ ਜਾਰੀ ਕੀਤੇ ਹਰ ਹੁਕਮ ਨੂੰ ਦਾਸ ਅਤੇ ਮੇਰੇ ਸਾਥੀ ਖਿੜੇ ਮੱਥੇ ਪ੍ਰਵਾਨ ਕਰਨਗੇ, ਮੇਰੀ ਅਰਦਾਸ ਹੈ ਕਿ ਅਕਾਲ ਪੁਰਖ ਪੰਥ ਅਤੇ ਪੰਜਾਬ ਨੂੰ ਹਮੇਸ਼ਾ ਚੜ੍ਹਦੀਕਲਾ 'ਚ ਰੱਖੇ ਇਹ ਦੋ ਪੱਤਰਾਂ ਵਿੱਚ ਜੋ ਅੰਤਰ ਹੈ ਉਹਦੇ ਪਿੱਛੇ ਵੱਖੋ ਵੱਖਰੇ ਕਾਰਨ ਹਨ। ਪ੍ਰਕਾਸ਼ ਸਿੰਘ ਬਾਦਲ ਨੇ ਜਦੋਂ ਇਹ ਪੱਤਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੌਂਪਿਆ, ਉਸ ਸਮੇਂ ਉਹ ਪੰਜਾਬ ਦੇ ਮੁੱਖ ਮੰਤਰੀ ਸਨ। ਉਹ ਬਤੌਰ ਨਿਮਾਣਾ ਸਿੱਖ ਪੇਸ਼ ਨਹੀਂ ਹੋਏ ਬਲਕਿ ਬਤੌਰ ਸ਼ਾਸਕ ਪੇਸ਼ ਹੋਏ। ਉਸ ਮੌਕੇ ਉਨ੍ਹਾਂ ਦੇ ਹੱਥ ਵਿੱਚ ਅਥਾਹ ਤਾਕਤ ਸੀ। ਪੱਤਰ ਦਾ ਮਜਬੂਨ ਇਹ ਸਪੱਸ਼ਟ ਬਿਆਨ ਕਰਦਾ ਹੈ ਕਿ ਚੇਤ ਅਚੇਤ ਮਨ ਤੋਂ ਉਹ ਉਸ ਮੌਕੇ ਵੀ ਸੱਤਾ ਦੇ ਹੰਕਾਰ ਅਤੇ ਹਉਮੈਂ ਵਿੱਚ ਗ੍ਰਸੇ ਹੋਏ ਸਨ। ਉਹਨਾਂ ਨੂੰ ਜਥੇਦਾਰ ਕੋਲ ਪੇਸ਼ ਹੋਣਾ ਆਪਣੇ ਰੁਤਬੇ ਦੀ ਹੇਠੀ ਜਾਪਦਾ ਹੋਵੇਗਾ, ਕਿਉਂਕਿ ਜਿਹੜੇ ਜਥੇਦਾਰ ਉਹਦੇ ਘਰ ਆ ਕੇ ਉਹਨਾਂ ਦੇ ਹੁਕਮ ਲੈ ਕੇ ਜਾਂਦੇ ਹੋਣ, ਉਨ੍ਹਾਂ ਅੱਗੇ ਪੇਸ਼ ਹੋਣਾ ਉਹਨਾਂ ਦੇ ਅੰਦਰਲੇ ਸ਼ਾਸ਼ਕ ਨੂੰ ਗੁਵਾਰਾ ਨਹੀਂ ਸੀ ਖਾ ਸਕਦਾ । ਹੁਣ ਜਦੋਂ ਸੁਖਬੀਰ ਸਿੰਘ ਬਾਦਲ ਨੇ ਜਥੇਦਾਰ ਨੂੰ ਆਪਣਾ ਅਤੇ ਆਪਣੇ ਪਿਤਾ ਦਾ ਪੱਤਰ ਸੌਂਪਿਆ ਹੈ, ਉਦੋਂ ਹਾਲਾਤ 2015 ਤੋਂ ਬਿਲਕੁਲ ਉਲਟ ਹਨ। ਹੁਣ ਸੱਤਾ ਖੁਸ ਚੁੱਕੀ ਹੈ, ਸਿਆਸੀ ਜ਼ਮੀਨ ਖੁੱਸ ਚੁੱਕੀ ਹੈ। ਉਹਦੀਆਂ ਸੱਜੀਆਂ ਖੱਬੀਆਂ ਬਾਹਵਾਂ ਸਾਥ ਛੱਡ ਗਈਆਂ ਹਨ। ਨਜ਼ਦੀਕੀ ਰਿਸ਼ਤੇਦਾਰ ਵੀ ਪੱਲਾ ਛੁਡਵਾਉਂਦੇ ਪ੍ਰਤੀਤ ਹੁੰਦੇ ਹਨ। ਇੱਥੋਂ ਤੱਕ ਕਿ ਆਪਣੇ ਪਰਛਾਵੇ 'ਤੇ ਵੀ ਭਰੋਸਾ ਟੁੱਟਦਾ ਜਾ ਰਿਹਾ ਹੈ। ਉਸ ਮੌਕੇ ਉਹਨਾਂ ਦਾ ਪੱਤਰ ਜਥੇਦਾਰ ਸਾਹਿਬ ਦੇ ਰਾਹੀਂ ਸਿੱਖਾਂ ਤੋਂ ਰਹਿਮ ਦੀ ਭੀਖ ਮੰਗਦਾ ਪ੍ਰਤੀਤ ਹੁੰਦਾ ਹੈ। ਉਹ ਜਾਣਦੇ ਹਨ ਕਿ ਭਾਵੇਂ ਉਹਨਾਂ ਦੇ ਹੱਥੋਂ ਤਾਕਤ ਪੂਰੀ ਤਰਾਂ ਨਿਕਲ ਚੁੱਕੀ ਹੈ, ਪਰ ਫਿਰ ਵੀ ਡੁੱਬਦੇ ਨੂੰ ਤਿਣਕੇ ਦਾ ਸਹਾਰਾ ਦੇਣ ਲਈ ਸ਼੍ਰੋਮਣੀ ਕਮੇਟੀ ਅਤੇ ਤਖ਼ਤ ਸਾਹਿਬਾਨਾਂ ਦੇ ਜਥੇਦਾਰ ਉਹਨਾਂ ਦੇ ਹੁਕਮਾਂ ਦੀ ਤਾਮੀਲ ਜਰੂਰ ਕਰਨਗੇ, ਇਸ ਲਈ ਉਨ੍ਹਾਂ ਨੇ ਲਿਖਿਆ ਹੈ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਗੁਰਮਤਿ ਪ੍ਰੰਪਰਾਵਾਂ ਅਨੁਸਾਰ ਜਾਰੀ ਕੀਤੇ ਹਰ ਹੁਕਮ ਨੂੰ ਦਾਸ ਅਤੇ ਮੇਰੇ ਸਾਥੀ ਖਿੜੇ ਮੱਥੇ ਪ੍ਰਵਾਨ ਕਰਨਗੇ । ਭਾਵੇਂ ਉਨ੍ਹਾਂ ਦਾ ਭਰੋਸਾ ਹਰ ਪਾਸੇ ਤੋਂ ਟੁੱਟ ਚੁੱਕਾ ਹੈ, ਪਰ ਫਿਰ ਵੀ ਉਹ ਜਥੇਦਾਰ ਸਾਹਿਬ ਤੋਂ ਅਜੇ ਵੀ ਵਫ਼ਾਦਾਰੀ ਦੀ ਆਸ ਰੱਖਦੇ ਹਨ। ਜੇਕਰ ਭਰੋਸਾ ਨਾ ਹੁੰਦਾ ਤਾਂ ਸ਼ਾਇਦ ਉਹਨਾਂ ਨੇ ਵੀ ਹਰ ਹੁਕਮ ਮੰਨਣ ਵਾਲੀਆਂ ਉਪਰੋਕਤ ਸਤਰਾਂ ਨਹੀਂ ਲਿਖਣੀਆਂ ਸਨ। ਹੁਣ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਸੌਂਪੇ ਪੱਤਰ ਸਬੰਧੀ ਚਰਚਾ ਕਰਨੀ ਬਣਦੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਜੋ ਕੀਤਾ ਗਿਆ ਹੈ, ਉਹ ਬਿਲਕੁਲ ਹੀ ਸਿੱਖ ਸੰਗਤ ਨੂੰ ਮੂਰਖ ਬਣਾਉਣ ਵਾਲਾ ਵਰਤਾਰਾ ਹੈ, ਕਿਉਂਕਿ ਜੋ ਪੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪਿਆ ਹੈ, ਉਹ ਪੱਤਰ ਬਿਲਕੁਲ ਝੂਠ ਦਾ ਪੁਲੰਦਾ ਅਤੇ ਨਿਰ-ਅਧਾਰ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਸੌਂਪੇ ਪੱਤਰ ਦੇ ਹੇਠਾਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਦਸਤਖਤ ਹੀ ਨਹੀ ਹਨ, ਬਲਕਿ ਇੱਕ ਸਕੱਤਰ ਦੇ ਦਸਤਖਤਾਂ ਵਾਲਾ ਪੱਤਰ ਜਥੇਦਾਰ ਨੂੰ ਸੌਂਪਕੇ ਜਿੱਥੇ ਸਿੱਖ ਸੰਗਤਾਂ ਨਾਲ ਧੋਖਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਥੇ ਸ੍ਰੀ ਅਕਾਲ ਤਖਤ ਸਾਹਿਬ ਵਰਗੀ ਮਹਾਨ ਸੰਸਥਾ ਦਾ ਵੀ ਅਪਮਾਨ ਕਰਨ ਦਾ ਗੁਨਾਹ ਕੀਤਾ ਗਿਆ ਹੈ । ਕਿਸੇ ਵੀ ਪੱਧਰ ਦੇ ਅਧਿਕਾਰੀ ਨੂੰ ਪੱਤਰ ਸੌਂਪਣ ਸਮੇਂ ਇਹ ਤਾਂ ਹੁੰਦਾ ਹੈ ਕਿ ਕਿਸੇ ਵੀ ਜਥੇਬੰਦੀ,ਸੰਸਥਾ ਜਾਂ ਕਲੱਬ ਦੇ ਪ੍ਰਧਾਨ ਦੇ ਦਸਤਖਤਾਂ ਵਾਲਾ ਪੱਤਰ ਉਹਨਾਂ ਦੇ ਜਨਰਲ ਸਕੱਤਰ ਜਾਂ ਮੀਤ ਪ੍ਰਧਾਨ ਆਦਿ ਅਧੀਨ ਅਹੁਦੇਦਾਰ ਕਿਸੇ ਉੱਚ ਅਧਿਕਾਰੀ ਨੂੰ ਸੌਂਪਣ, ਪਰ ਅਜਿਹਾ ਕਿਤੇ ਵੀ ਨਹੀਂ ਦੇਖਿਆ ਗਿਆ ਕਿ ਪ੍ਰਧਾਨ ਆਪਣੇ ਅਧੀਨ ਕੰਮ ਕਰਦੇ ਮੁਲਾਜ਼ਮਾਂ ਜਾਂ ਛੋਟੇ ਅਧਿਕਾਰੀ ਦੇ ਦਸਤਖਤਾਂ ਵਾਲਾ ਕੋਈ ਪੱਤਰ ਕਿਸੇ ਉੱਚ ਅਧਿਕਾਰੀ ਨੂੰ ਸੌਂਪਣ, ਫਿਰ ਇੱਥੇ ਤਾਂ ਉਹ ਸੰਸਥਾ ਹੈ,ਜਿਹੜੀ ਸਿੱਖ ਕੌਮ ਲਈ ਸਾਰੀ ਦੁਨੀਆਂ ਤੋਂ ਸਰਬ ਉੱਚ ਮੰਨੀ ਜਾਂਦੀ ਹੈ। ਇਹ ਸਰਾਸਰ ਅਪਮਾਨ, ਧੋਖਾ ਅਤੇ ਅਯੋਗ ਕਾਰਜ ਹੈ, ਜਿਸ ਲਈ ਜਥੇਦਾਰ ਨੂੰ ਚਾਹੀਦਾ ਹੈ ਕਿ ਉਹ ਕੌਮ ਦੀਆਂ ਭਾਵਨਾਵਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਯਾਦਾ ਅਤੇ ਆਨ, ਬਾਨ ਤੇ ਸ਼ਾਨ ਨੂੰ ਠੇਸ ਪਹੁੰਚਾਉਣ ਵਾਲੇ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਹੋਰ ਵੀ ਕਰੜੀ ਕਾਰਵਾਈ ਕਰਨ ਦੀ ਹਿੰਮਤ ਦਿਖਾਉਣ। ਸੁਖਬੀਰ ਸਿੰਘ ਬਾਦਲ ਤਾਂ ਖੁਦ ਹੀ ਕਹਿ ਚੁੱਕੇ ਹਨ ਕਿ ਉਹਨਾਂ ਨੂੰ ਹਰ ਹੁਕਮ ਪ੍ਰਵਾਨ ਹੋਵੇਗਾ, ਹੁਣ ਦੇਖਣਾ ਇਹ ਹੋਵੇਗਾ ਕਿ ਜਥੇਦਾਰ ਆਪਣੇ ਗੁਰੂ ਸਾਹਿਬ ਨੂੰ ਹਾਜ਼ਰ ਨਾਜ਼ਰ ਸਮਝਦੇ ਹਨ ਜਾਂ ਸੁਖਬੀਰ ਸਿੰਘ (ਬਾਦਲ ਹੀ ਉਹਨਾਂ ਲਈ ਗੁਰੂ ਤੋਂ ਪਹਿਲਾਂ ਹੋਵੇਗਾ ? ਕੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਯਾਦਾ ਨਾਲ ਖਿਲਵਾੜ ਕਰਨ ਵਾਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪਹਿਲਾਂ ਹੋਣਗੇ ਜਾਂ ਮੀਰੀ ਪੀਰੀ ਦੇ ਸਿਧਾਂਤਕਾਰ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਵਰੋਸਾਈ ਇਹ ਉੱਚੀ ਸੁੱਚੀ ਸੰਸਥਾ ਸੇਵਾਦਾਰ ਹੋਣ ਦਾ ਫਰਜ਼ ਅਦਾ ਕਰਨਗੇ। ਉਹਨਾਂ ਨੇ ਨਿੱਜ ਲਾਲਸਾ ਖਾਤਰ ਆਪਣੇ ਗੁਰੂ ਅਤੇ ਕੌਮ ਨੂੰ ਧੋਖਾ ਦੇਣਾ ਹੈ ਜਾਂ ਫਿਰ ਸਰਬ ਉੱਚ ਸੰਸਥਾ ਦੇ ਅਸਲ ਪਹਿਰੇਦਾਰ ਹੋਣ ਦਾ ਫਰਜ ਅਦਾ ਕਰਨਾ ਹੈ, ਇਹ ਜਥੇਦਾਰ ਸਾਹਿਬ ਦੀ ਅੰਤਰ ਆਤਮਾ 'ਤੇ ਨਿਰਭਰ ਕਰਦਾ ਹੈ।

# ਕੀ ਦਲਿਤਾਂ ਤੇ ਹੋਰ ਪਛੜੇ ਵਰਗਾਂ ਦੀ ਰਾਜਨੀਤੀ ਬਦਲੇਗੀ?




**ਅਭੈ ਕੁਮਾਰ ਦੂਬੇ**

ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।




ਭਾਰਤੀ ਸਮਾਜ ਦੀ ਵਿਭਿੰਨਤਾ ਅਤੇ ਵਿਲੱਖਣਤਾ ਕਿਸੇ ਨੂੰ ਵੀ ਚੱਕਰਾਂ 'ਚ ਪਾ ਦੇਣ ਵਾਲੀ ਹੈ। ਇਸ 'ਚ ਗੁੰਝਲਾਂ ਇੰਨੀਆਂ ਜ਼ਿਆਦਾ ਹਨ ਕਿ ਅਸੀਂ ਭਾਰਤਵਾਸੀ ਵੀ ਇਨ੍ਹਾਂ ਨੂੰ ਪੂਰੀ ਤਰ੍ਹਾਂ ਜਾਣ ਸਕਣ ਦਾ ਦਾਅਵਾ ਨਹੀਂ ਕਰ ਸਕਦੇ। ਇਸ ਦੇਸ਼ ਨੂੰ ਸਮਝਣ ਲਈ ਸਾਨੂੰ ਸਾਰਿਆਂ ਨੂੰ ਇੱਕ ਅਜਿਹੀ ਯੋਜਨਾ ਬਣਾਉਣੀ ਪੈਂਦੀ ਹੈ, ਜਿਸ ਨਾਲ ਸ਼੍ਰੇਣੀਆਂ ਘੱਟ ਹੋ ਜਾਣ ਅਤੇ ਸਮਾਜ ਦੀ ਇੱਕ ਸਪੱਸ਼ਟ ਤਸਵੀਰ ਉੱਭਰ ਸਕੇ। ਇਸ ਲਈ ਸੰਵਿਧਾਨ ਨਿਰਮਾਤਾਵਾਂ ਨੇ ਸਮਾਜ ਦੀ ਨਕਸ਼ਾ-ਨਵੀਸੀ ਕਰਦਿਆਂ ਇਸ ਨੂੰ ਦੋ (ਪਛੜੇ ਅਤੇ ਅਗੜੇ ਭਾਵ ਉੱਚੀਆਂ ਜਾਤਾਂ) ਹਿੱਸਿਆਂ 'ਚ ਵੰਡਿਆ ਸੀ। ਇਸ ਤੋਂ ਬਾਅਦ ਪਛੜੇ ਵਰਗ ਦੀ ਵਿਸ਼ਾਲ ਬਹੁਗਿਣਤੀ ਦੀ ਸ਼੍ਰੇਣੀ ਵੰਡ ਤਿੰਨ ਹਿੱਸਿਆਂ (ਐੱਸ.ਸੀ. ਐੱਸ.ਟੀ. ਅਤੇ ਓ.ਬੀ.ਸੀ.) 'ਚ ਕਰ ਦਿੱਤੀ ਗਈ ਸੀ। ਇਸੇ ਸਾਫ਼-ਸੁਥਰੇ ਲੱਗਣ ਵਾਲੇ ਨਕਸ਼ੇ ਅਨੁਸਾਰ ਹੌਲੀ-ਹੌਲੀ ਸਾਡੀ ਚੋਣਾਂਵੀ ਗੋਲਬੰਦੀ ਦੀ ਰੂਪਰੇਖਾ ਤਿਆਰ ਹੋਣ ਲੱਗੀ। ਸਾਡੇ ਪਾਰਟੀ-ਸਿਸਟਮ 'ਤੇ ਇਸ ਦੀ ਡੂੰਘੀ ਛਾਪ ਹੈ। ਇਸੇ ਦੇ ਮੁਤਾਬਿਕ ਰਾਖਵਾਂਕਰਨ ਰਾਹੀਂ ਇਹ ਤੈਅ ਹੋਣਾ ਸ਼ੁਰੂ ਹੋਇਆ ਕਿ ਰਾਜ ਦੇ ਸਾਧਨਾਂ 'ਤੇ ਕਿਸ ਦਾ ਕਿੰਨਾ ਹੱਕ ਹੋਵੇਗਾ। ਇਹ ਕਹਿਣ ਦੀ ਲੋੜ ਨਹੀਂ ਹੈ ਕਿ ਮੋਟੇ ਤੌਰ 'ਤੇ ਇਸੇ ਨੂੰ ਮੰਨ ਲਿਆ ਗਿਆ। ਦੂਜੇ ਪਾਸੇ ਇਸ ਸੰਵਿਧਾਨਕ ਨਕਸ਼ੇ 'ਚ ਸੋਧ ਕਰਨ ਦੀਆਂ ਕੋਸ਼ਿਸ਼ਾਂ ਵੀ ਹੋਈਆਂ ਅਤੇ ਉਨ੍ਹਾਂ ਦੀ ਚਰਚਾ ਵੀ ਖ਼ੂਬ ਹੁੰਦੀ ਰਹੀ ਪਰ ਇਨ੍ਹਾਂ 'ਚੋਂ ਕਿਸੇ ਨੂੰ ਕਾਨੂੰਨੀ ਨਜ਼ਰੀਏ ਨਾਲ ਕਾਮਯਾਬੀ ਨਹੀਂ ਮਿਲੀ।

ਪਰ, ਸੁਪਰੀਮ ਕੋਰਟ ਦੇ ਤਾਜ਼ੇ ਫ਼ੈਸਲੇ ਦੇ ਆਉਂਦਿਆਂ ਹੀ ਅਜਿਹਾ ਲੱਗਣ ਲੱਗਾ ਹੈ ਕਿ ਹੁਣ ਇਹ ਤਮਾਮ ਕੋਸ਼ਿਸ਼ਾਂ ਭਾਰਤ ਦੀ ਬਦਲੀ ਹੋਈ ਸਮਾਜਿਕ-ਰਾਜਨੀਤਕ ਰੂਪਰੇਖਾ ਦਾ ਆਧਾਰ ਬਣਨ ਵਾਲੀਆਂ ਹਨ। ਕੁਲ ਮਿਲਾ ਕੇ ਇਸ ਫ਼ੈਸਲੇ ਨੇ ਸੰਵਿਧਾਨ ਦੇ ਸਥਾਪਿਤ ਸਮਾਜ ਸ਼ਾਸਤਰ ਨੂੰ ਖ਼ਤਰੇ 'ਚ ਪਾ ਦਿੱਤਾ ਹੈ।

ਦਲਿਤਾਂ ਅਤੇ ਆਦਿਵਾਸੀਆਂ ਦੇ ਵਰਗੀਕਰਨ ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਜੇਕਰ ਪਲਟਿਆ ਜਾਂ ਸੋਧਿਆ ਨਾ ਗਿਆ ਤਾਂ ਉਹ ਸਮਾਜ ਅਤੇ ਰਾਜਨੀਤੀ ਦੇ ਸੰਬੰਧਾਂ ਨੂੰ ਅੰਦਰੋਂ ਬਾਹਰ ਤੱਕ ਬਦਲਣ ਵੱਲ ਲੈ ਜਾ ਸਕਦਾ ਹੈ। ਇਸ ਦਾ ਅਸਰ ਸਿਰਫ਼ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਤੱਕ ਹੀ ਸੀਮਤ ਨਹੀਂ ਰਹੇਗਾ। ਇਸ ਦਾ ਹੋਰ ਪਛੜੇ ਵਰਗ 'ਤੇ ਵੀ ਡੂੰਘਾ ਅਤੇ ਪਰਿਵਰਤਨਕਾਰੀ ਅਸਰ ਪਵੇਗਾ। ਅਗਲੇ 10 ਤੋਂ 15 ਸਾਲਾਂ ਦੇ ਅੰਦਰ-ਅੰਦਰ ਦੇਸ਼ ਦੀ 60 ਤੋਂ 70 ਫ਼ੀਸਦੀ ਆਬਾਦੀ ਦੀ ਰਾਜਨੀਤਕ-ਸਮਾਜਿਕ ਆਤਮ-ਪਛਾਣ ਪਹਿਲਾਂ ਵਰਗੀ ਨਹੀਂ ਰਹਿ ਜਾਵੇਗੀ। ਜ਼ਾਹਿਰ ਹੈ ਕਿ ਇਸ ਫ਼ੈਸਲੇ ਨੂੰ ਲਾਗੂ ਹੋਣ ਤੋਂ ਪਹਿਲਾਂ ਗੰਭੀਰ ਰਾਜਨੀਤਕ ਅਤੇ ਕਾਨੂੰਨੀ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਉਦਾਹਰਨ ਲਈ ਹੁਣ ਬਿਹਾਰ 'ਚ ਕਰਪੂਰੀ ਠਾਕੁਰ ਦੇ ਜ਼ਮਾਨੇ ਵਾਲੇ ਉਸ ਮੁੰਗੇਰੀ ਲਾਲ ਕਮਿਸ਼ਨ ਦੀ ਪ੍ਰਾਸੰਗਿਕਤਾ ਨਵੇਂ ਸਿਰਿਓਂ ਸਮਝ 'ਚ ਆ ਸਕਦੀ ਹੈ, ਜਿਸ ਨੇ ਓ.ਬੀ.ਸੀ. 'ਚ ਨਵੇਂ ਸਮਾਨਤਾਵਾਦੀ ਵਰਗੀਕਰਨ ਦਾ ਪ੍ਰਸਤਾਵ ਦਿੱਤਾ ਸੀ। ਇਸੇ ਤਰ੍ਹਾਂ ਮੰਡਲ ਕਮਿਸ਼ਨ ਦੀ ਰਿਪੋਰਟ ਦੇ ਨਾਲ ਨੱਥੀ ਆਰ.ਐੱਲ. ਨਾਇਕ (ਕਮਿਸ਼ਨ ਦੇ ਇਕਲੌਤੇ ਦਲਿਤ ਮੈਂਬਰ) ਦੀ ਉਸ ਅਸਹਿਮਤੀ 'ਤੇ ਨਜ਼ਰ ਮਾਰਨ ਦੀ ਲੋੜ ਮਹਿਸੂਸ ਹੋਵੇਗੀ, ਜਿਸ 'ਚ ਹੋਰ ਪਛੜੇ ਵਰਗ ਨੂੰ ਖੇਤੀਹਰ ਅਤੇ ਕਾਰੀਗਰ ਜਾਤੀਆਂ ਦੇ ਦੋ ਹਿੱਸਿਆਂ 'ਚ ਵੰਡ ਕੇ ਉਸ ਮੁਤਾਬਿਕ ਰਾਖਵਾਂਕਰਨ ਦਾ ਪ੍ਰਤੀਸ਼ਤ ਵੱਖ-ਵੱਖ ਤੈਅ ਕਰਨ ਦੀ ਅਪੀਲ ਕੀਤੀ ਗਈ ਸੀ। ਮੁੰਗੇਰੀ ਲਾਲ ਅਤੇ ਨਾਇਕ ਦੇ ਪ੍ਰਸਤਾਵਾਂ ਤੋਂ ਇਲਾਵਾ ਇਹ ਵੀ ਸੰਭਾਵਨਾ ਹੋ ਸਕਦੀ ਹੈ ਕਿ ਇਹ ਫ਼ੈਸਲਾ ਕਾਕਾ ਕਾਲੇਲਕਰ ਕਮਿਸ਼ਨ ਦੇ ਮੈਂਬਰ ਸ਼ਿਵ ਦਿਆਲ ਸਿੰਘ ਚੌਰਸੀਆ ਵਲੋਂ ਜਤਾਈ ਗਈ ਉਸ ਵਿਸਥਾਰਤ ਅਸਹਿਮਤੀ 'ਤੇ ਗੌਰ ਕਰਨ ਵੱਲ ਵੀ ਲੈ ਜਾਏ, ਜਿਸ 'ਚ ਆਰਥਿਕ ਆਧਾਰ 'ਤੇ ਰਾਖਵਾਂਕਰਨ ਦੇਣ ਦੀ ਅਪੀਲ ਦੀ ਸਖ਼ਤ ਆਲੋਚਨਾ ਦਰਜ ਹੈ। ਭਾਵ, ਹੁਣ ਹਾਲ ਹੀ 'ਚ ਬਣਾਏ ਗਏ ਈ.ਡਬਲਿਊ.ਐੱਸ. ਵਰਗ 'ਤੇ ਮੁੜ ਵਿਚਾਰ ਕਰਨ ਦੀ ਗੁੰਜਾਇਸ਼ ਪੈਦਾ ਹੋ ਸਕਦੀ ਹੈ। ਮੋਦੀ ਸਰਕਾਰ ਵਲੋਂ ਬਣਾਏ ਗਏ ਰੋਹਿਣੀ ਕਮਿਸ਼ਨ ਦੇ ਅੰਕੜੇ ਪਹਿਲਾਂ ਤੋਂ ਹੀ ਓ.ਬੀ.ਸੀ. ਦੇ ਮੁੜ ਵਰਗੀਕਰਨ ਦੀ ਜ਼ਮੀਨ ਤਿਆਰ ਕਰਨ ਦਾ ਕੰਮ ਕਰ ਰਹੇ ਹਨ। ਹੁਣ ਇਹ ਅੰਕੜੇ ਨਵੇਂ ਸੰਦਰਭ 'ਚ ਹੋਰ ਵੀ ਪ੍ਰਭਾਵਸ਼ਾਲੀ ਲੱਗਣਗੇ। ਸੁਪਰੀਮ ਕੋਰਟ ਦੇ ਫ਼ੈਸਲੇ ਦੀ ਖ਼ਾਸ ਗੱਲ ਇਹ ਹੈ ਕਿ ਉਸ ਨੇ ਪੰਜਾਬ ਸਮੇਤ ਕੁਝ ਰਾਜ ਸਰਕਾਰਾਂ ਵਲੋਂ ਸ਼ੁਰੂ ਕੀਤੀ ਗਈ ਉਸ ਪ੍ਰਕਿਰਿਆ 'ਤੇ ਕਾਨੂੰਨੀ ਮੋਹਰ ਲਗਾ ਦਿੱਤੀ ਹੈ, ਜੋ ਐੱਸ.ਸੀ.-ਐੱਸ.ਟੀ. ਸ਼੍ਰੇਣੀਆਂ 'ਚ ਉਪ-ਵਰਗੀਕਰਨ ਵੱਲ ਲੈ ਜਾਂਦੀ ਹੈ। ਜੇਕਰ ਇਹ ਫ਼ੈਸਲਾ ਪਹਿਲਾਂ ਆ ਗਿਆ ਹੁੰਦਾ ਤਾਂ ਬਿਹਾਰ 'ਚ ਨਿਤੀਸ਼ ਕੁਮਾਰ ਦੁਆਰਾ ਬਣਾਈ ਗਈ ਮਹਾਦਲਿਤ ਸ਼੍ਰੇਣੀ 'ਚ ਪਾਸਵਾਨ, ਪਾਸੀ, ਧੋਬੀ ਅਤੇ ਚਮਾਰ ਜਾਤੀਆਂ (ਕੁੱਲ ਦਲਿਤ ਸਮਾਜ ਦਾ 69 ਫ਼ੀਸਦੀ) ਰਾਜਨੀਤਕ ਦਬਾਅ ਪਾ ਕੇ ਨਾ ਦਾਖ਼ਲ ਹੋ ਪਾਉਂਦੀਆਂ। ਉਸ ਸੂਰਤ 'ਚ ਬਿਹਾਰ ਦਾ ਦਲਿਤ ਰਾਖਵਾਂਕਰਨ ਦੋ ਹਿੱਸਿਆਂ 'ਚ ਵੰਡਿਆ ਗਿਆ ਹੁੰਦਾ। ਜ਼ਿਆਦਾ ਵੱਡਾ ਹਿੱਸਾ ਉਨ੍ਹਾਂ 18 ਬਰਾਦਰੀਆਂ ਨੂੰ ਮਿਲ ਰਿਹਾ ਹੁੰਦਾ, ਜੋ ਗਿਣਤੀ ਪੱਖੋਂ ਕਮਜ਼ੋਰ ਅਤੇ ਸਮਾਜਿਕ-ਸਿੱਖਿਅਕ ਤੌਰ 'ਤੇ ਬਹੁਤ ਜ਼ਿਆਦਾ ਪਿੱਛੇ ਮੰਨੀਆਂ ਜਾਂਦੀਆਂ ਹਨ। ਹੁਣ ਜੇਕਰ ਉੱਤਰ ਪ੍ਰਦੇਸ਼ ਸਰਕਾਰ ਚਾਹੇ ਤਾਂ ਬਹੁਜਨ ਸਮਾਜ ਪਾਰਟੀ ਦੇ ਮੁੱਖ ਜਾਟਵ ਲੋਕ ਆਧਾਰ ਦੇ ਰਾਖਵਾਂਕਰਨ 'ਤੇ ਦਬਦਬੇ ਨੂੰ ਘਟਾ ਕੇ ਦੂਜੀਆਂ ਪਰ ਗਿਣਤੀ ਪੱਖੋਂ ਕਮਜ਼ੋਰ ਦਲਿਤ ਜਾਤੀਆਂ ਨੂੰ ਪ੍ਰਮੁੱਖਤਾ ਦੇ ਸਕਦੀ ਹੈ। ਇਸ ਰੌਸ਼ਨੀ 'ਚ ਅਦਾਲਤੀ ਫ਼ੈਸਲੇ ਨੂੰ ਲੈ ਕੇ ਚਿਰਾਗ ਪਾਸਵਾਨ ਅਤੇ ਬਹੁਜਨ ਸਮਾਜ ਪਾਰਟੀ ਦੀ ਬੇਚੈਨੀ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਇਹ ਫ਼ੈਸਲਾ ਛੂਆ-ਛਾਤ ਵਿਰੋਧੀ ਬਿੱਲ 'ਤੇ ਵੀ ਮੁੜ ਵਿਚਾਰ ਦੀ ਗੁੰਜਾਇਸ਼ ਪੈਦਾ ਕਰਦਾ ਹੈ। ਸੁਪਰੀਮ ਕੋਰਟ ਨੇ ਇਹ ਵੀ ਦੱਸਿਆ ਹੈ ਕਿ ਗੁਜਰਾਤ ਅਤੇ ਤਾਮਿਲਨਾਡੂ ਸਮੇਤ ਕਈ ਰਾਜਾਂ 'ਚ ਕੁਝ ਅਜਿਹੇ ਦਲਿਤ ਭਾਈਚਾਰੇ ਵੀ ਹਨ, ਜੋ ਕੁਝ ਦੂਜੇ ਦਲਿਤ ਭਾਈਚਾਰਿਆਂ ਨਾਲ ਉਹੋ ਜਿਹਾ ਹੀ ਛੂਆ-ਛਾਤ ਵਾਲਾ ਵਿਵਹਾਰ ਕਰਦੇ ਹਨ, ਜਿਹੋ ਜਿਹਾ ਉੱਚੀਆਂ ਜਾਤਾਂ ਵਲੋਂ ਉਨ੍ਹਾਂ ਦੇ ਨਾਲ ਕੀਤਾ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਇਹ ਇਕ ਯਥਾਰਥ ਹੈ, ਜਿਸ ਦਾ ਪ੍ਰਗਟਾਵਾ ਹਿੰਦੀ ਦੇ ਦਲਿਤ ਸਾਹਿਤ 'ਚ ਵੀ ਹੋ ਚੁੱਕਾ ਹੈ। ਓਮ ਪ੍ਰਕਾਸ਼ ਵਾਲਮੀਕਿ ਦੀ ਬਹੁਚਰਚਿਤ ਕਹਾਣੀ 'ਸ਼ਵਯਾਤਰਾ' ਇਸ ਦੀ ਸਭ ਤੋਂ ਪ੍ਰਸਿੱਧ ਉਦਾਹਰਨ ਹੈ। ਇਸ ਕਹਾਣੀ 'ਚ ਵਾਲਮੀਕਿ ਸਮਾਜ ਦੇ ਇੱਕ ਮੈਂਬਰ ਦੀ ਬੇਟੀ ਦੀ ਮੌਤ ਤੋਂ ਬਾਅਦ ਉਸ ਦੀ ਸ਼ਵਯਾਤਰਾ 'ਚ ਖ਼ੁਦ ਨੂੰ ਉੱਚਾ ਸਮਝਣ ਵਾਲਾ ਦਲਿਤ ਭਾਈਚਾਰਾ ਮੋਢਾ ਦੇਣ ਲਈ ਤਿਆਰ ਨਹੀਂ ਹੁੰਦਾ। ਇਸ ਕਹਾਣੀ 'ਤੇ ਦਲਿਤ ਲੇਖਕ ਫੈਡਰੇਸ਼ਨਾਂ ਵਲੋਂ ਕਾਫ਼ੀ ਇਤਰਾਜ਼ ਜਤਾਇਆ ਜਾ ਚੁੱਕਾ ਹੈ ਅਤੇ ਕਈ ਵਾਰ ਇਸ ਨੂੰ ਦਲਿਤ ਏਕਤਾ ਤੋੜਨ ਵਾਲੀ ਕਹਾਣੀ ਵੀ ਕਿਹਾ ਗਿਆ ਹੈ।

ਭਾਜਪਾ ਅਤੇ ਹਿੰਦੂ ਏਕਤਾ ਦੇ ਪ੍ਰਾਜੈਕਟ ਲਈ ਇਸ ਫ਼ੈਸਲੇ ਨੇ ਕਈ ਤਰ੍ਹਾਂ ਦੀਆਂ ਅਨਿਸ਼ਚਿਤਾਵਾਂ ਪੈਦਾ ਕਰ ਦਿੱਤੀਆਂ ਹਨ। ਇੱਕ ਪਾਸੇ ਉਹ ਅਤਿ ਦਲਿਤ ਅਤੇ ਅਤਿ ਪਿਛੜੇ ਵਰਗ ਨੂੰ ਨਵੇਂ ਭਰੋਸੇ ਦੇ ਕੇ ਇੱਕ ਵਾਰ ਫਿਰ ਆਪਣੇ ਵੱਲ ਖਿੱਚ ਸਕਦੀ ਹੈ ਅਤੇ

(ਬਾਕੀ ਸਫ਼ਾ 31 'ਤੇ)

# ਮੌਜੂਦਾ ਸੁਪਰੀਮ ਕੋਰਟ ਦੇ ਜੱਜ ਸਾਹਿਬ ਤੋਂ ਕਿਉਂ ਡਰੀ ਹੋਈ ਹੈ ਮੋਦੀ ਸਰਕਾਰ ?




**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**




ਬੀਤੇ ਦਿਨੀਂ ਦੇਸ਼ ਦੀ ਚੋਟੀ ਦੀ ਅਦਾਲਤ, ਭਾਵ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਮਾਣਯੋਗ ਚੰਦਰਚੂੜ ਜੀ ਨੇ ਆਪਣੇ ਚੰਗੇ ਸੁਭਾਅ ਮੁਤਾਬਕ ਦੇਸ਼ ਦੀਆਂ ਬਾਕੀ ਛੋਟੀਆਂ ਅਦਾਲਤਾਂ ਨੂੰ ਇੱਕ ਨਸੀਹਤ ਦਿੰਦਿਆਂ ਆਖਿਆ ਕਿ ਜਿਹੜੇ ਫ਼ੌਜਦਾਰੀ ਕੇਸਾਂ ਦੀਆਂ ਜ਼ਮਾਨਤਾਂ ਤੁਹਾਡੇ ਅੱਗੇ ਪੇਸ਼ ਹੁੰਦੀਆਂ ਹਨ, ਉਹ ਜ਼ਮਾਨਤਾਂ ਦੀਆਂ ਦਰਖਾਸਤਾਂ ਇਸ ਕਰਕੇ ਤੁਹਾਡੀ ਅਦਾਲਤ ਤੱਕ ਪਹੁੰਚਦੀਆਂ ਹਨ ਕਿਉਂਕਿ ਤੁਹਾਡੀ ਅਦਾਲਤ ਨੂੰ ਉਸ ਨੂੰ ਸੁਣਨ, ਵਿਚਾਰ ਕਰਨ ਅਤੇ ਉਸ 'ਤੇ ਯੋਗ ਹੁਕਮ ਕਰਨ ਦਾ ਅਧਿਕਾਰ ਹੁੰਦਾ ਹੈ। ਪਰ ਆਮ ਦੇਖਿਆ ਜਾਂਦਾ ਹੈ ਕਿ ਬਹੁਤੇ ਜੱਜ ਜ਼ਮਾਨਤ ਦੇਣ ਤੋਂ ਇਨਕਾਰ ਕਰਕੇ ਆਪਣੀ ਗਿਣਤੀ ਇਮਾਨਦਾਰਾਂ ਵਿੱਚ ਕਰਾਉਣਾ ਜਾਂ ਸ਼ਾਮਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਮਾਣਯੋਗ ਚੰਦਰਚੂੜ ਸਾਹਿਬ ਦਾ ਸਪਸ਼ਟ ਕਹਿਣਾ ਹੈ ਕਿ ਹਰ ਜ਼ਮਾਨਤ ਦੀ ਦਰਖਾਸਤ ਵੱਲ ਧਿਆਨ ਦਿਓ, ਕਾਨੂੰਨ ਨੂੰ ਚੰਗੀ ਤਰ੍ਹਾਂ ਵਿਚਾਰੋ, ਧਿਰਾਂ ਨੂੰ ਸੁਣਨ ਤੋਂ ਬਾਅਦ ਆਪਣੀ ਨਿੱਜੀ ਰਾਏ ਨੂੰ ਵੀ ਪਹਿਲ ਦੇ ਕੇ ਫੈਸਲਾ ਕਰੋ। ਇੰਨੀ ਡੂੰਘਾਈ ਤਕ ਸੋਚੋ, ਜਿਸ ਦਰਖਾਸਤ ਨੂੰ ਤੁਸੀਂ ਨਾ-ਮਨਜ਼ੂਰ ਕਰਦੇ ਹੋ, ਉਸ ਤੋਂ ਉੱਪਰਲੀ ਅਦਾਲਤ ਪਹਿਲੀ ਨਜ਼ਰੇ ਹੀ ਜ਼ਮਾਨਤ ਦੇ ਦਿੰਦੀ ਹੈ। ਜ਼ਮਾਨਤ ਦੇਣ ਵੇਲੇ ਸਮੁੱਚੇ ਕੇਸ ਬਾਰੇ ਸੋਚਿਆ ਜਾਵੇ, ਬਣਦੀ ਜ਼ਮਾਨਤ ਜ਼ਰੂਰ ਮਨਜ਼ੂਰ ਕਰੋ। ਜਿਹੜੀਆਂ ਜ਼ਮਾਨਤਾਂ ਸੈਸ਼ਨ ਜੱਜ ਤਕ ਨਹੀਂ ਲੈਂਦੇ, ਅਗਾਂਹ ਹਾਈ ਕੋਰਟਾਂ ਵੀ ਜ਼ਿਆਦਾ ਨਾ-ਮਨਜ਼ੂਰ ਕਰਨ ਦੇ ਰੁਝਾਨ ਵੱਲ ਵਧ ਰਹੀਆਂ ਹਨ, ਜਿਸ ਨਾਲ ਸੁਪਰੀਮ ਕੋਰਟ ਦਾ ਕੰਮ ਵਧ ਰਿਹਾ ਹੈ। ਇਸ ਨਾਲ ਨਿਰਦੋਸ਼ ਲੋਕਾਂ ਨੂੰ ਅਜਿਹੇ ਰੁਝਾਨ ਕਰਕੇ ਲੰਬਾ ਸਮਾਂ ਜੇਲ੍ਹਾਂ ਵਿੱਚ ਰਹਿਣਾ ਪੈਂਦਾ ਹੈ, ਜਿਸ ਕਰਕੇ ਲੋਕਾਂ ਦਾ ਵਿਸ਼ਵਾਸ ਨਿਆਂ ਪ੍ਰਣਾਲੀ ਤੋਂ ਉੱਠਦਾ ਹੈ। ਛੋਟੀਆਂ ਅਦਾਲਤਾਂ ਦੇ ਜੱਜਾਂ ਨੂੰ ਸੰਬੋਧਨ ਹੁੰਦਿਆਂ ਉਨ੍ਹਾਂ ਕਿਹਾ ਕਿ ਆਪਣੀ ਕਾਮਨਸੈਂਸ ਨੂੰ ਵੀ ਵੱਧ ਤੋਂ ਵੱਧ ਵਰਤੋ। ਬਣਦੀ ਜ਼ਮਾਨਤ ਦੇਣ ਨਾਲ ਵੱਡੀਆਂ ਅਦਾਲਤਾਂ ਦਾ ਕੰਮ ਘਟੇਗਾ। ਲੋਕਾਂ ਨੂੰ ਇਨਸਾਫ਼ ਮਿਲਣ ਦਾ ਸਮਾਂ ਘਟੇਗਾ। ਉਨ੍ਹਾਂ ਦਾ ਸਾਫ਼ ਇਸ਼ਾਰਾ ਸੀ ਕਿ ਨਿਰੋਲ ਜ਼ਮਾਨਤ ਨੂੰ ਨਾਂਹ ਕਰਨੀ ਇਮਾਨਦਾਰੀ ਦਾ ਸਬੂਤ ਨਹੀਂ ਬਣਦਾ।ਲੇਖਕ ਵੀ ਵਕਾਲਤ ਪੇਸ਼ੇ ਨਾਲ ਤਕਰੀਬਨ ਪੰਜਤਾਲੀ ਸਾਲ ਜੁੜਿਆ ਰਿਹਾ। ਤਜਰਬਾ ਇਹੀ ਕਹਿੰਦਾ ਹੈ ਕਿ ਚਿਰਾਂ ਤੋਂ ਛੋਟੀਆਂ ਅਦਾਲਤਾਂ ਵਿੱਚ ਇੰਝ ਹੀ ਹੋ ਰਿਹਾ ਹੈ। ਜ਼ਮਾਨਤ ਦੇਣ ਸਮੇਂ ਛੋਟੀਆਂ ਅਦਾਲਤਾਂ ਜੂਨੀਅਰ ਅਤੇ ਸੀਨੀਅਰ ਵਕੀਲ ਦੇਖ ਕੇ ਜ਼ਮਾਨਤ ਦੇਣ ਜਾਂ ਨਾ ਦੇਣ ਦਾ ਫੈਸਲਾ ਕਰਦੇ ਹਨ। ਸਾਰੇ ਸਿਸਟਮ ਨੂੰ ਸੁਧਾਰਨ, ਨਿਖਾਰਨ ਦੀ ਲੋੜ ਹੈ। ਰਾਹੁਲ ਗਾਂਧੀ ਮਾਣਹਾਨੀ ਕੇਸ ਵਿੱਚ ਸਭ ਨੇ ਦੇਖਿਆ ਹੋਵੇਗਾ। ਛੋਟੀ ਅਦਾਲਤ ਤੋਂ ਲੈ ਕੇ ਹਾਈ ਕੋਰਟ ਤੱਕ ਉਹੀ ਮੁਜਰਮ, ਉਹੀ ਵਕੀਲ, ਉਹੀ ਬਹਿਸ। ਸਭ ਦਾ ਇੱਕੋ ਹੁਕਮ ਭਾਵ ਸਭ ਅਦਾਲਤਾਂ ਨੇ ਬਣਦਾ ਇਨਸਾਫ਼ ਦੇਣ ਤੋਂ ਸਿਰ ਫੇਰਿਆ। ਸੁਪਰੀਮ ਕੋਰਟ ਜਾ ਕੇ ਉਹੀ ਕੇਸ, ਉਹੀ ਵਕੀਲ, ਉਹੀ ਬਹਿਸ ਹੁਕਮ ਸਿਰਫ਼ ਅਲੱਗ, ਭਾਵ ਜੋ ਬਣਦਾ ਸੀ ਉਹੀ ਝੋਲੀ ਪਿਆ। ਇੰਨਾ ਸਫ਼ਰ, ਇੰਨੀ ਦੇਰੀ, ਕਾਰਨ ਸਭ ਜਾਣ ਚੁੱਕੇ ਹਨ। ਅਜਿਹਾ ਸਭ ਕਿਉਂ ਹੋਇਆ, ਇਹ ਸਭ ਵੀ ਬਾਹਰ ਆ ਚੁੱਕਾ ਹੈ, ਜਿਸ ਨੂੰ ਜਨਤਾ ਵੀ ਜਾਣ ਚੁੱਕੀ ਹੈ। ਜਨਤਾ ਜਨਾਰਦਨ ਇਹ ਵੀ ਜਾਣ ਚੁੱਕੀ ਹੈ ਕਿ ਅਯੁੱਧਿਆ ਰਾਮ ਮੰਦਰ ਬਾਰੇ ਫੈਸਲਾ ਦੇਣ ਵਾਲੇ ਮਾਣਯੋਗ ਉਸ ਵੇਲੇ ਦੇ ਚੀਫ਼ ਜਸਟਿਸ ਸਾਹਿਬ ਨੂੰ ਕਿਵੇਂ ਰਾਜ ਸਭਾ ਦੀ ਮੈਂਬਰੀ ਝੋਲੀ ਵਿੱਚ ਪਾ ਕੇ ਸਨਮਾਨਿਤ ਕੀਤਾ ਗਿਆ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਮੈਂਬਰੀ ਕਬੂਲ ਕਰਕੇ ਅੱਜ ਤਕ ਕੋਈ ਮਾਰਕੇ ਵਾਲੀ ਸਪੀਚ ਜਾਂ ਭਾਸ਼ਨ ਨਹੀਂ ਦਿੱਤਾ, ਜਿਸ ਨੂੰ ਯਾਦ ਰੱਖਿਆ ਜਾਵੇ। ਇਹ ਅਲੱਗ ਗੱਲ ਹੈ ਕਿ ਉਹ ਆਪਣੀ ਪਾਰਟੀ ਵਿੱਚ ਹੱਥ ਉੱਚਾ ਚੁੱਕ ਕੇ ਸਪੋਰਟ ਕਰਦੇ ਹੋਣ। ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਸਭ ਨੂੰ ਆਪਣੀ ਜ਼ਮੀਰ ਮਾਰ ਕੇ ਪਾਰਟੀ ਪ੍ਰੋਗਰਾਮ ਮੁਤਾਬਕ ਚੱਲਣਾ ਪੈਂਦਾ ਹੈ।

ਮੌਜੂਦਾ ਚੀਫ਼ ਜਸਟਿਸ ਸਾਹਿਬ ਦਾ ਪਿਛੋਕੜ ਦੱਸਦਾ ਹੈ ਕਿ ਆਪ ਅਜਿਹੇ ਕੰਮਾਂ ਤੋਂ ਕੋਹਾਂ ਦੂਰ ਹਨ। ਅਜਿਹੇ ਪਰਿਵਾਰ ਨਾਲ ਸੰਬੰਧ ਰੱਖਦੇ ਹਨ ਕਿ ਮਾਣਯੋਗ ਚੰਦਰਚੂੜ ਸਾਹਿਬ ਦੇ ਪਿਤਾ ਜੀ ਸੁਪਰੀਮ ਕੋਰਟ ਤਕ ਪਹੁੰਚੇ ਸਨ। ਅਗਰ ਅੱਜ ਦੇ ਮਾਣਯੋਗ ਚੀਫ਼ ਜਸਟਿਸ ਦੀ ਗੱਲ ਕਰੀਏ ਤਾਂ ਇਹ ਸਤਿਕਾਰ, ਮਾਣ ਵੀ ਇਨ੍ਹਾਂ ਨੂੰ ਜਾਂਦਾ ਹੈ ਕਿ ਇਨ੍ਹਾਂ ਆਪਣੇ ਮਾਣਯੋਗ ਪਿਤਾ ਜੀ ਦੇ ਕਈ ਫ਼ੈਸਲੇ ਉਲੱਦੇ ਸਨ। ਭਾਵ ਉਨ੍ਹਾਂ ਆਰਡਰਾਂ ਨੂੰ ਰੱਦ ਕਰਕੇ ਆਪਣੇ ਫੈਸਲੇ ਸੁਣਾ ਚੁੱਕੇ ਹਨ।

ਮਾਣਯੋਗ ਚੰਦਰਚੂੜ ਸਾਹਿਬ ਜਦੋਂ ਦੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਬਣੇ ਹਨ, ਇਨ੍ਹਾਂ ਕਈ ਅਹਿਮ ਫ਼ੈਸਲੇ ਕੀਤੇ ਹਨ। ਸ੍ਰੀਮਤੀ ਬਾਨੋ ਕੇਸ ਵਿੱਚ ਉਮਰ ਕੈਦ ਭੁਗਤਦੇ ਦੋਸ਼ੀਆਂ ਨੂੰ ਮੌਜੂਦਾ ਭਾਜਪਾ ਸਰਕਾਰ ਵੱਲੋਂ ਉਨ੍ਹਾਂ ਨੂੰ ਸਜ਼ਾ ਪੂਰੀ ਕਰਨ ਤੋਂ ਪਹਿਲਾਂ ਰਿਹਾਈ ਦੇ ਕੇ ਅਜਿਹਾ ਸਨਮਾਨ ਦਿੱਤਾ ਕਿ ਫੁੱਲਾਂ ਨਾਲ ਲੱਦ ਦਿੱਤਾ। ਅਜਿਹਾ ਸਵਾਗਤ ਕੀਤਾ, ਜਿਵੇਂ ਇਹ ਸਭ ਦੇਸ਼ ਲਈ ਕੋਈ ਜੰਗ ਜਿੱਤ ਕੇ ਆਏ ਹੋਣ। ਬਲਾਤਕਾਰ ਦੀ ਸ਼ਿਕਾਰ ਸ੍ਰੀਮਤੀ ਬਾਨੋ ਨੇ ਜਦੋਂ ਇਸ ਆਰਡਰ ਜਾਂ ਰਿਹਾਈ ਖ਼ਿਲਾਫ਼ ਅਪੀਲ ਕੀਤੀ ਤਾਂ ਉਸ ਨੂੰ ਇਨਸਾਫ਼ ਮਿਲਿਆ। ਅੱਜ ਸਭ ਦੋਸ਼ੀ ਮੁੜ ਜੇਲ੍ਹ ਦੀ ਹਵਾ ਖਾ ਰਹੇ ਹਨ। ਰਿਹਾਈ ਵਾਸਤੇ ਕਿਹੜੀ ਸਰਕਾਰ ਦਾ ਕਿੰਨਾ ਕਸੂਰ ਸੀ, ਉਸ ਤੋਂ ਵੱਧ ਅਦਾਲਤ ਵੱਲੋਂ ਫਿਟਕਾਰ ਤੇ ਚਿਤਾਵਨੀ ਮਿਲੀ।

ਵਧੀਆ ਚੋਣਾਂ ਕਰਾਉਣ ਲਈ ਹਮੇਸ਼ਾ ਹੀ ਵਧੀਆ ਚੋਣ ਕਮਿਸ਼ਨ ਦਾ ਗਠਨ ਹੋਣਾ ਚਾਹੀਦਾ ਹੈ, ਜਿਸ ਵਾਸਤੇ ਮੌਜੂਦਾ ਚੀਫ਼ ਜਸਟਿਸ ਆਫ਼ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਦੇ ਗਠਨ ਲਈ ਜਿਹੜਾ ਸੁਝਾਅ ਪੇਸ਼ ਕੀਤਾ, ਉਸ ਦਾ ਮੌਜੂਦਾ ਸਰਕਾਰ ਨੇ ਵਿਰੋਧ ਕੀਤਾ। ਤਜਵੀਜ਼ ਮੁਤਾਬਕ ਉਸ ਵਿੱਚ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦਾ ਨੇਤਾ ਅਤੇ ਸੁਪਰੀਮ ਕੋਰਟ ਦਾ ਸਿਖਰਲਾ ਜੱਜ ਹੋਣਾ ਸੀ। ਪਰ ਉਸ ਵੇਲੇ ਦੇ ਅਤੇ ਅੱਜ ਦੇ ਪ੍ਰਧਾਨ ਮੰਤਰੀ ਨੇ ਅਜਿਹੇ ਸੰਦੇਸ਼ ਦੀ ਉਲੰਘਣਾ ਕਰਕੇ ਮਨਮਰਜ਼ੀ ਕੀਤੀ ਅਤੇ ਲੋੜ ਪੈਣ 'ਤੇ ਅਜਿਹੇ ਚੋਣ ਕਮਿਸ਼ਨਰ ਤੋਂ ਮਨਮਰਜ਼ੀ ਕਰਾਈ, ਜਿਸ ਨੂੰ ਸਭ ਦੇਸ਼ ਵਾਸੀਆਂ ਨੇ ਨੋਟ ਕੀਤਾ। ਅਸਲੀਅਤ ਵਿੱਚ ਅੰਦਰੋਂ-ਅੰਦਰੀ ਸਰਕਾਰ ਮੌਜੂਦਾ ਸੁਪਰੀਮ ਕੋਰਟ ਦੇ ਜੱਜ ਸਾਹਿਬ ਤੋਂ ਡਰੀ ਹੋਈ ਹੈ। ਸਭ ਦੇ ਧਿਆਨ ਵਿੱਚ ਹੋਵੇਗਾ ਕਿ ਮੌਜੂਦਾ ਚੀਫ਼ ਜਸਟਿਸ ਸਾਹਿਬ ਨੇ ਜੰਮੂ-ਕਸ਼ਮੀਰ ਬਾਰੇ ਜੋ ਮੌਜੂਦਾ ਸਰਕਾਰ ਨੇ ਧਾਰਾ 370 ਬਾਰੇ ਸੋਧ ਕੀਤੀ ਸੀ, ਜਸਟਿਸ ਸਾਹਿਬ ਨੇ ਆਪਣੇ ਹੁਕਮ ਵਿੱਚ ਇਹ ਕਹਿੰਦਿਆਂ ਠੀਕ ਠਹਿਰਾਇਆ ਕਿ ਜੰਮੂ-ਕਸ਼ਮੀਰ ਨੂੰ ਸਪੈਸ਼ਲ ਰਿਆਇਤ ਮਿਲੀ ਹੋਈ ਸੀ। ਦਰਅਸਲ ਉਹ ਪੱਕਾ ਸਦਾ ਵਾਸਤੇ ਨਹੀਂ ਸੀ ਬਲਕਿ ਜਦੋਂ ਵੇਲੇ ਦੀ ਸਰਕਾਰ ਚਾਹਵੇ ਸੋਧ ਕਰ ਸਕਦੀ ਹੈ। ਮੌਜੂਦਾ ਸਰਕਾਰ, ਜਦੋਂ ਭਾਜਪਾ ਦੀ ਹੀ ਨਿਰੋਲ ਸਰਕਾਰ ਸੀ, ਅਦਾਲਤੀ ਡਰ ਕਰਕੇ ਕਈ ਫ਼ੈਸਲਿਆਂ ਨੂੰ ਆਰਡੀਨੈਂਸ ਲਿਆ ਕੇ ਬਦਲਦੀ ਆਈ ਹੈ, ਜੋ ਦੇਸ਼ ਹਿਤ ਵਿੱਚ ਨਹੀਂ ਹੈ। ਮੌਜੂਦਾ ਚੀਫ਼ ਜਸਟਿਸ ਆਫ਼ ਸੁਪਰੀਮ ਕੋਰਟ ਦੇ ਹੋਰ ਕਈ ਫੈਸਲਿਆਂ ਦੀ, ਜਿਹੜੇ ਉਂਗਲਾਂ 'ਤੇ ਗਿਣਾਏ ਜਾ ਸਕਦੇ ਹਨ, ਵਕੀਲ ਭਾਈਚਾਰੇ ਅਤੇ ਦੇਸ਼-ਵਾਸੀਆਂ ਨੇ ਸਮੇਂ-ਸਮੇਂ ਸਿਰ ਪ੍ਰਸ਼ੰਸਾ ਕੀਤੀ ਹੈ। ਮਾਣਯੋਗ ਚੰਦਰਚੂੜ ਸਾਹਿਬ ਹਮੇਸ਼ਾ ਹੀ ਆਪਣੇ ਫੈਸਲਿਆਂ ਵਿੱਚ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰਦੇ ਆਏ ਹਨ। ਅਜਿਹੀ ਸ਼ਖਸੀਅਤ ਦੇਸ਼ ਨੂੰ ਕਦੇ ਕਦੇ ਨਸੀਬ ਹੁੰਦੀ ਹੈ। ਜਿਨ੍ਹਾਂ ਨੂੰ ਹੁੰਦੀ ਹੈ, ਉਨ੍ਹਾਂ ਵਿੱਚੋਂ ਅਸੀਂ ਵੀ ਇੱਕ ਹਾਂ।

# ਇੱਕ ਮੋਰਚਾ ਕਾਲੇ ਤੇ ਦੂਸ਼ਿਤ ਪਾਣੀਆਂ ਵਿਰੁੱਧ ਲਾਉਣ ਦੀ ਵੀ ਲੋੜ



ਵਿਜੈ ਬੰਬੇਲੀ





ਜਾਪਾਨ ਦੀ ਮਿਨਾਮਾਤਾ ਖਾੜੀ ਨੇੜੇ ਮਛੇਰਿਆਂ ਦੀ ਨਿੱਕੀ ਜਿਹੀ ਬਸਤੀ ਸੀ। ਮਛੇਰਿਆਂ ਨੇ ਰੋਜ਼ ਵਾਂਗ ਇਸ ਖਾੜੀ 'ਚੋਂ ਮੱਛੀਆਂ ਫੜੀਆਂ ਤੇ ਮੰਡੀ 'ਚ ਵੇਚ ਦਿੱਤੀਆਂ। ਮੱਛੀਆਂ ਖਾਂਦੇ ਸਾਰ ਸੈਂਕੜੇ ਜਾਪਾਨੀ ਮਰਨ ਕਿਨਾਰੇ ਹੋ ਗਏ। ਜਦੋਂ ਬਾਕੀ ਮੱਛੀਆਂ ਦੇ ਢਿੱਡ ਪਾੜੇ ਗਏ ਤਾਂ ਲੋਕੀਂ ਭੈਅ-ਭੀਤ ਹੋ ਗਏ। ਮੱਛੀਆਂ 'ਚ ਉਹ ਜ਼ਹਿਰੀਲਾ ਪਾਰਾ ਸੀ, ਜਿਹੜਾ ਮਿਨਾਮਾਤਾ ਕੰਢੇ ਲੱਗੇ ਕਾਰਖਾਨਿਆਂ ਨੇ ਸਾਗਰ 'ਚ ਗੰਦਗੀ ਵਜੋਂ ਡੋਲ੍ਹਿਆ ਸੀ। ਇਹੋ ਹਾਲ ਆਉਂਦੇ ਕੁਝ ਵਰ੍ਹਿਆਂ ਤੱਕ ਭਾਰਤ ਦੀਆਂ ਸਾਰੀਆਂ ਨਦੀਆਂ ਦਾ ਹੋ ਜਾਏਗਾ।

ਪਾਣੀ ਅੰਦਰ ਅਣਇੱਛਤ ਅਤੇ ਨੁਕਸਾਨਦੇਹ ਪਦਾਰਥਾਂ ਦੀ ਮੌਜੂਦਗੀ ਨੂੰ ਜਲ ਪ੍ਰਦੂਸ਼ਣ ਆਖਿਆ ਜਾਂਦਾ ਹੈ। ਮੁੱਖ ਰੂਪ 'ਚ ਕਾਰਖਾਨਿਆਂ ਦੇ ਜ਼ਹਿਰੀਲੇ ਨਿਕਾਸ, ਪੈਟਰੋ-ਕੈਮੀਕਲਜ਼, ਕੀਟਨਾਸ਼ਕ-ਨਦੀਨਨਾਸ਼ਕ ਤੇ ਕੂੜੇ-ਕਚਰੇ ਦਾ ਵਰਨਣ ਕੀਤਾ ਜਾ ਸਕਦਾ ਹੈ। ਮਲ-ਮੂਤਰ ਤੋਂ ਇਲਾਵਾ ਰੋਜ਼ਾਨਾ ਹਰ ਭਾਰਤੀ ਪਰਿਵਾਰ ਔਸਤਨ ਅੱਧੀ ਟੋਕਰੀ ਗੰਦਗੀ ਪੈਦਾ ਕਰਦਾ ਹੈ। ਦੇਸ਼ 'ਚ ਇਸ ਸਮੇਂ ਕਰੀਬ 20 ਕਰੋੜ ਟੱਬਰ ਹਨ। ਅਰਥਾਤ ਅਸੀਂ ਹਰ ਰੋਜ਼ 10 ਕਰੋੜ ਟੋਕਰੀਆਂ ਗੰਦਗੀ ਪੈਦਾ ਕਰ ਰਹੇ ਹਾਂ, 40 ਅਰਬ ਟੋਕਰੇ, ਸਾਲਾਨਾ, ਢੇਰਾਂ ਉੱਪਰ ਪੁੱਜ ਜਾਂਦੇ ਹਨ। ਇਹ ਕੂੜਾ ਨਿਸਚਿਤ ਥਾਵਾਂ ਦੀ ਬਜਾਏ, ਜਿੱਥੇ ਜੀਅ ਆਏ ਖਿਲਾਰ ਦਿੱਤਾ ਜਾਂਦਾ ਹੈ। ਮਗਰੋਂ ਇਹ ਜਲ-ਕੁੰਡਾਂ, ਜਲ-ਵਹਿਣਾ, ਫਿਰ ਸਾਗਰਾਂ ਦਾ ਹਿੱਸਾ ਬਣ ਜਾਂਦਾ ਹੈ। ਗੰਦਗੀ ਪਹਿਲਾਂ ਵੀ ਨਦੀਆਂ-ਝੀਲਾਂ 'ਚ ਰਲਦੀ ਸੀ, ਪਰ ਉਹ ਰਵਾਇਤੀ ਥੋੜ੍ਹੀ ਮਾਤਰਾ 'ਚ ਅਤੇ ਘੱਟ ਜ਼ਹਿਰੀਲੀ ਹੁੰਦੀ ਸੀ। ਕੁਦਰਤੀ ਕਾਰਕ ਇਸ ਗੰਦਗੀ ਨੂੰ ਸਮੇਟਣ, ਗਾਲਣ ਅਤੇ ਮੁੜ-ਚੱਕਰ 'ਚ ਲਿਆਉਣ ਦੇ ਸਮਰੱਥ ਹੁੰਦੇ ਸਨ। ਹੁਣ ਰਹਿੰਦ-ਖੂੰਹਦ 'ਚ ਸਿੰਥੈਟਿਕ ਪਦਾਰਥਾਂ ਦੀ ਭਰਮਾਰ ਹੈ। ਕੁਦਰਤੀ ਕਾਰਜ ਇਨ੍ਹਾਂ ਨਾ-ਮੁਰਾਦ ਵਸਤਾਂ ਨੂੰ ਕਾਬੂ 'ਚ ਰੱਖਣ ਦੀ ਯੋਗਤਾ ਨਹੀਂ ਰੱਖਦੇ। ਭਲਾ ਪਾਰੇ, ਪਲਾਸਟਿਕ ਅਤੇ ਪੈਟਰੋਲੀਅਮ ਆਦਿ ਪਦਾਰਥਾਂ ਦੀ ਰਹਿੰਦ-ਖੂੰਹਦ ਨੂੰ ਕੌਣ ਗਾਲੇਗਾ? ਪੱਛਮੀ ਦੇਸ਼ਾਂ 'ਚ ਹਰ ਸਾਲ ਔਸਤਨ 30 ਕਰੋੜ ਟਨ ਕਚਰਾ ਪੈਦਾ ਹੁੰਦਾ ਹੈ। ਬਹੁਤਾ ਵਿਕਾਸਸ਼ੀਲ ਮੁਲਕਾਂ ਦੇ ਪੱਲੇ ਪਾ ਦਿੱਤਾ ਜਾਂਦਾ ਹੈ। ਹੁਣ ਕਚਰੇ ਦੀ ਸਮੱਸਿਆ ਸਥਾਨਕ ਲੱਛਣਾਂ ਵਾਲੀ ਨਹੀਂ ਰਹੀ। ਉਦਾਹਰਨ ਵਜੋਂ ਜੇ ਅਸੀਂ ਗੰਗਾ 'ਚ ਕਾਰਖਾਨਿਆਂ ਦੇ ਰੋੜ੍ਹ ਅਤੇ ਸ਼ਹਿਰੀ ਗੰਦਗੀ ਡੋਲ੍ਹਦੇ ਹਾਂ ਤਾਂ ਇਸ ਨਾਲ ਬੰਗਾਲ ਦੀ ਖਾੜੀ ਮਲੀਨ ਹੁੰਦੀ ਹੈ, ਫਿਰ ਹਿੰਦ ਮਹਾਂਸਾਗਰ, ਮਗਰੋਂ ਮਹਾਂਸਾਗਰ ਭ੍ਰਿਸ਼ਟੇ ਜਾਂਦੇ ਹਨ। ਇਹੀ ਹਾਲ ਸਾਰੇ ਮੁਲਕਾਂ ਅਤੇ ਸਾਗਰਾਂ ਦਾ ਹੈ। ਵਾਤਾਵਰਣਿਕ ਸੰਗਠਨ ਓ.ਆਰ.ਆਰ.ਸੀ.ਏ. (ਓਰਕਾ) ਅਨੁਸਾਰ, 'ਕੂੜਾ ਕਰਕਟ 'ਚ 42 ਪ੍ਰਤੀਸ਼ਤ ਪਲਾਸਟਿਕ ਹੁੰਦਾ ਹੈ, ਜਿਹੜਾ ਗਲਣ ਲਈ ਚਾਰ ਸਦੀਆਂ ਲੈਂਦਾ ਹੈ। ਸਮੁੰਦਰ 'ਚੋਂ ਭੋਜਨ ਲਈ ਫੜੀ ਗਈ ਇੱਕ ਟਨ ਮੱਛੀ ਦੇ ਬਦਲੇ ਉਸ 'ਚ ਤਿੰਨ ਟਨ ਰਹਿੰਦ-ਖੂੰਹਦ ਸੁੱਟ ਦਿੱਤਾ ਜਾਂਦਾ ਹੈ।' ਸੰਸਥਾ ਨੇ ਕਿਹਾ, 'ਇਸ ਸਮੱਸਿਆ ਲਈ ਸਮਾਜ ਦੇ ਕਿਸੇ ਇੱਕ ਵਰਗ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਇਹ ਭਾਈਚਾਰਕ ਸਮੱਸਿਆ ਹੈ ਅਤੇ ਪੂਰੇ ਭਾਈਚਾਰੇ ਵਲੋਂ ਹੀ ਮਿਲ ਕੇ ਹੱਲ ਕੀਤੀ ਜਾ ਸਕਦੀ ਹੈ।'

### ਜਲ-ਵਹਿਣਾਂ ਦਾ ਪ੍ਰਦੂਸ਼ਣ



ਇਸ ਗੰਦਗੀ ਕਾਰਨ ਹੀ ਗੰਗਾ ਮਲੀਨ ਹੋ ਚੁੱਕੀ ਹੈ ਅਤੇ ਮੂਸੀ ਨਦੀ (ਹੈਦਰਾਬਾਦ) ਆਖਰੀ ਸੁਆਸ ਲੈ ਰਹੀ ਹੈ। ਜੰਮੂ-ਕਸ਼ਮੀਰ ਦੀ, ਆਰਥਿਕ ਸਾਹ-ਰਗ ਡੱਲ ਝੀਲ ਵੀ ਮਰਨ ਕਿਨਾਰੇ ਹੈ। ਜੇ ਸ੍ਰੀਨਗਰ 'ਚੋਂ ਡੱਲ ਮਨਫ਼ੀ ਕਰ ਦਿੱਤੀ ਜਾਵੇ ਤਾਂ ਬਾਕੀ ਬਚਦਾ ਹੀ ਕੀ ਹੈ? ਮਨੀਪੁਰ ਦੀ ਲੋਕਤਾਰ ਝੀਲ ਦਾ ਵੀ ਇਹੋ ਹਸ਼ਰ ਹੋ ਰਿਹਾ ਹੈ। ਓਡੀਸ਼ਾ ਦੀ ਝਿਲਕਾ ਝੀਲ ਨੂੰ ਵੀ ਖ਼ਤਰਾ ਪੈਦਾ ਹੋ ਚੁੱਕਿਆ ਹੈ, ਹਾਲਾਂਕਿ ਇੱਥੇ ਮਹੱਤਵਪੂਰਨ 'ਨੇਵਲ-ਬੇਸ' ਹੈ। ਇਹੀ ਹਾਲ ਕੂਮ ਨਦੀ ਅਤੇ ਹੈਦਰਾਬਾਦ ਤੇ ਸਿੰਕਦਰਾਬਾਦ ਨੂੰ ਵੰਡਦੇ ਹੁਸੈਨ ਸਾਗਰ ਦਾ ਹੈ। ਪਵਿੱਤਰ ਮੰਨੇ ਜਾਂਦੇ ਗੰਗਾ, ਜਮਨਾ, ਕਾਵੇਰੀ ਤੇ ਗੋਦਾਵਰੀ ਦਾ ਜਲ ਵੀ ਬੇਹੱਦ ਪ੍ਰਦੂਸ਼ਿਤ ਹੋ ਚੁੱਕਿਆ ਹੈ। ਗੰਗਾ ਨਦੀ ਦੇ ਕੰਢੇ ਉੱਪਰ 98 ਸ਼ਹਿਰ ਅਤੇ ਕਸਬੇ ਹਨ। ਇਸ ਦੀ 2525 ਕਿਲੋਮੀਟਰ ਦੀ ਲੰਬਾਈ 'ਚ ਲਗਭਗ 29 ਅਰਬ ਘਣ ਮੀਟਰ ਗੰਦਾ ਪਾਣੀ ਹਰ ਰੋਜ਼ ਡਿਗਦਾ ਹੈ। ਕੇਵਲ 16 ਸ਼ਹਿਰ ਅਜਿਹੇ ਹਨ, ਜਿਨ੍ਹਾਂ ਕੋਲ ਸੀਵਰ ਵਿਵਸਥਾ ਹੈ ਬਾਕੀ ਸ਼ਹਿਰਾਂ ਦਾ ਮਲ ਮੂਤਰ ਤੇ ਕਚਰਾ ਸਿੱਧਾ ਹੀ ਨਦੀ 'ਚ ਸੁੱਟਿਆ ਜਾ ਰਿਹਾ ਹੈ। ਜਮਨਾ 'ਚ ਹਰ ਰੋਜ਼ 200 ਮਿਲੀਅਨ ਲੀਟਰ ਅਣਸੋਧਿਆ ਸੀਵਰੇਜ ਮਿਲ ਜਾਂਦਾ ਹੈ। ਦਿੱਲੀ ਦੀ ਗੰਦਗੀ ਜਮਨਾ ਰਾਹੀਂ ਗੰਗਾ ਤੱਕ ਪੁੱਜਦੀ ਹੈ। ਸਭ ਤੋਂ ਵੱਧ ਗੰਦਗੀ ਕਾਨਪੁਰ, ਵਾਰਾਨਸੀ ਤੇ ਕਲਕੱਤਾ ਦੇ ਸ਼ਹਿਰ ਸੁੱਟ ਰਹੇ ਹਨ। ਵਾਰਾਨਸੀ ਦੀਆਂ ਪੌੜੀਆਂ ਉੱਪਰ ਖੜ੍ਹੇ ਹੋ ਜਾਓ, ਸ਼ਹਿਰ ਦਾ ਕਚਰਾ, ਮਲ ਮੂਤਰ ਅਤੇ ਅੱਧ-ਸੜੀਆਂ ਲਾਸ਼ਾਂ ਤੁਹਾਨੂੰ ਦਿਸ ਪੈਣਗੀਆਂ। ਕਾਨਪੁਰ ਦੇ ਚਮੜਾ ਉਦਯੋਗਾਂ ਦਾ ਸਾਰਾ ਰੋੜ੍ਹ ਇਸ 'ਚ ਹੀ ਡਿੱਗ ਰਿਹਾ ਹੈ। ਕਲਕੱਤਾ ਦੇ ਕਾਰਖਾਨੇ ਗੰਗਾ ਨੂੰ ਸੀਵਰ ਵਾਂਗ ਵਰਤ ਰਹੇ ਹਨ।

### ਪੰਜ-ਆਬ ਦੀ ਗਾਥਾ

ਬਹੁਤੀ ਬਾਤ ਸਤਲੁਜ ਦੀ ਪਾਵਾਂਗੇ। ਸ਼ਹਿਰਾਂ ਅਤੇ ਸਨਅਤੀ ਖੇਤਰਾਂ ਦੇ, ਬਿਨਾਂ ਸੋਧੇ ਇਸ 'ਚ ਪੈਂਦੇ ਪਾਣੀ ਨੇ ਇਸ ਨੂੰ ਬੇਹੱਦ ਮਲੀਨ ਅਤੇ ਜ਼ਹਿਰੀਲਾ ਕਰ ਦਿੱਤਾ ਹੈ। ਸਿੱਟਾ; ਇਸ ਦੇ ਚੌਗਿਰਦੇ ਅਤੇ ਖੱਪਤ ਖਿੱਤੇ ਦਾ ਸਮੁੱਚਾ ਜਲ-ਥਲੀ ਵਾਤਾਵਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਸਤਲੁਜ, ਭਾਖੜਾ ਡੈਮ ਅਤੇ ਪਾਕਿਸਤਾਨ ਦਰਮਿਆਨ 277 ਕਿੱਲੋਮੀਟਰ ਦੂਰੀ ਤੈਅ ਕਰਦਾ ਹੈ। ਵੱਖ-ਵੱਖ ਸ਼ਹਿਰਾਂ ਦਾ ਘਰੇਲੂ ਅਤੇ ਸਨਅਤੀ ਪਾਣੀ ਸਿੱਧਾ ਜਾਂ ਨਾਲਿਆਂ ਰਾਹੀਂ ਸਤਲੁਜ 'ਚ ਪੈਂਦਾ ਹੈ। ਬੁੱਢਾ ਨਾਲਾ ਸਮੇਤ, ਇਸ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ 'ਚ ਪੂਰਬੀ ਵੇਈਂ ਅਤੇ ਪੱਛਮੀ ਵੇਈਂ ਵੀ ਸ਼ਾਮਿਲ ਹਨ। ਇੱਕ ਅਧਿਐਨ ਅਨੁਸਾਰ, 'ਫ਼ੈਕਟਰੀਆਂ ਸਭ ਤੋਂ ਵੱਧ ਜਲ ਨੂੰ ਦੂਸ਼ਿਤ ਕਰਦੀਆਂ ਹਨ, ਜਿਹੜੀਆਂ ਬਿਨਾਂ ਸੋਧਿਆ ਜਲ-ਨਿਕਾਸ ਕਰਦੀਆਂ ਹਨ। ਸ਼ਰਾਬ-ਕਾਗਜ਼ ਮਿੱਲਾਂ, ਰੰਗਾਈ ਤੇ ਨਿਕਲ ਅਤੇ ਉੱਨ ਤੇ ਜੀਨ ਬਣਾਉਣ ਵਾਲੀਆਂ ਸਨਅਤਾਂ 100 ਕਿੱਲੋ ਮਾਲ ਪਿੱਛੇ 400 ਤੋਂ 800 ਲੀਟਰ ਗੰਧਲਾ-ਜ਼ਹਿਰੀਲਾ ਪਾਣੀ ਛੱਡਦੀਆਂ ਹਨ। ਲੁਧਿਆਣਾ ਸ਼ਹਿਰ ਅਤੇ ਫ਼ੈਕਟਰੀਆਂ ਦਾ ਗੰਦਾ ਅਤੇ ਜ਼ਹਿਰੀਲਾ ਪਾਣੀ, ਜੋ ਬੁੱਢੇ ਨਾਲੇ 'ਚ ਪੈਂਦਾ ਹੈ, ਵਿੱਚ ਤੰਦਰੁਸਤ ਮੱਛੀਆਂ ਛੱਡ ਕੇ ਵੇਖੋ, ਤੁਰੰਤ ਮਰ ਜਾਣਗੀਆਂ।' ਹਮੀਰਾ ਡਿਸਟਿਲਰੀ ਅਤੇ ਹੋਰ ਸ਼ਹਿਰਾਂ ਦੇ ਨਿਕਾਸ ਤੇ ਕਾਗਜ਼-ਸ਼ਰਾਬ ਮਿੱਲਾਂ ਕਾਰਨ ਜਲ-ਵਹਿਣਾਂ ਅਤੇ ਜਲ ਸੋਮਿਆਂ ਨੂੰ ਦੂਸ਼ਿਤ ਕਰਨ ਵਾਲੇ ਪਦਾਰਥਾਂ ਦੀ ਵਧਦੀ ਮਾਤਰਾ ਸਮੇਤ ਬਿਆਸ ਦਰਿਆ ਅਤੇ ਜੁੜਵੇਂ ਖੇਤਰਾਂ ਦਾ ਜਲ ਵੀ ਦੂਸ਼ਿਤ ਹੋ ਰਿਹਾ ਹੈ। ਚੰਡੀਗੜ੍ਹ ਦੀ ਸੁਖਨਾ ਝੀਲ 'ਚ ਕੂੜੇ-ਕਰਕਟ ਦੇ ਅੰਬਾਰ ਇਕੱਠੇ ਹੋਏ ਪਏ ਹਨ। ਮੌਸਮੀ ਜਲ-ਵਹਿਣ ਵੀ ਸੁਰੱਖਿਅਤ ਨਹੀਂ ਰਹੇ, ਇਹ ਲਾਗਲੇ ਸ਼ਹਿਰਾਂ ਦਾ ਸੀਵਰੇਜ ਬਣ ਗਏ ਹਨ।

### ਸ਼ਰਾਬ ਅਤੇ ਕਾਗਜ਼ ਮਿੱਲਾਂ ਦਾ ਕਾਰਾ

ਸ਼ਰਾਬ ਲਾਹਨਤ ਹੈ। ਕੋਈ ਵੀ ਮੁਲਕ 'ਨਸ਼ਿਆਂ ਦੀ ਵੱਟਤ ਨਾਲ ਵਿਕਾਸ' ਨਹੀਂ ਕਰ ਸਕਦਾ। ਫ਼ਰਜ਼ਾਂ ਅਤੇ ਨੈਤਿਕਤਾ ਤੋਂ ਮੂੰਹ ਮੋੜੀ ਬੈਠੇ ਹਾਕਮ 'ਸ਼ਰਾਬ ਦੀ ਕਮਾਈ' ਨਾਲ ਰਾਜ ਚਲਾਉਣਾ ਚਾਹੁੰਦੇ ਹਨ। ਹੋਰ ਅਲਾਮਤਾਂ ਸਮੇਤ ਨਸ਼ੇ, ਖਾਸ ਕਰਕੇ ਸ਼ਰਾਬ ਜਲ ਪ੍ਰਦੂਸ਼ਣ ਵੀ ਕਰਦੀ ਹੈ। ਸ਼ਰਾਬ ਦੀ ਖਪਤ ਘਟ ਜਾਵੇ ਤਾਂ ਕਾਰਖਾਨਿਆਂ ਦੀ ਰਹਿੰਦ-ਖੂੰਹਦ ਵੀ ਘਟੇਗੀ। ਸ਼ਰਾਬ ਦੇ ਕਾਰਖਾਨਿਆਂ 'ਚੋਂ ਨਿਕਲੀ ਤਰਲ ਗੰਦਗੀ ਨੂੰ ਲਾਹਣ ਕਹਿੰਦੇ ਹਨ, ਜਿਹੜਾ ਵਿਹੁਲਾ ਬਦਬੂਦਾਰ ਪਦਾਰਥ ਹੈ। ਇਸ ਗੰਦਗੀ ਨੂੰ ਬਾਹਰ ਸੁੱਟਣ ਤੋਂ ਪਹਿਲਾਂ ਸੋਧਣਾ ਬਹੁਤ ਜ਼ਰੂਰੀ ਹੁੰਦਾ ਹੈ ਪਰ ਕਿੰਨੇ ਕੁ ਕਾਰਖਾਨੇ ਇਨ੍ਹਾਂ ਨਿਯਮਾਂ ਦੀ ਪਾਲਣਾ ਕਰ ਰਹੇ ਹਨ? ਇਕ ਸਾਧਾਰਨ ਡਿਸਟਿਲਰੀ ਜਿਹੜੀ ਪ੍ਰਤੀ ਦਿਨ 40,000 ਲੀਟਰ ਸ਼ਰਾਬ ਬਣਾਉਂਦੀ ਹੈ, ਉਹ ਇਸ ਵਿਹੁਲੇ ਲਾਹਣ ਦੀ 4 ਤੋਂ 6 ਲੱਖ ਲੀਟਰ ਮਾਤਰਾ ਨਾਲ ਹੀ ਪੈਦਾ ਕਰ ਦਿੰਦੀ ਹੈ। ਇਹੀ ਹਾਲ ਕਾਗਜ਼ ਮਿੱਲਾਂ ਦਾ ਹੈ। ਵਾਤਾਵਰਨੀ ਸੁਰੱਖਿਅਤਾ ਅਧਿਨਿਯਮ ਇਸ ਰੋੜ੍ਹ ਨੂੰ ਪਾਣੀ 'ਚ ਰੋੜ੍ਹਨ ਲਈ 30 ਮਿਲੀਗ੍ਰਾਮ ਪ੍ਰਤੀ ਲੀਟਰ ਅਤੇ ਜ਼ਮੀਨੀ ਰੋੜ੍ਹ ਲਈ 100 ਮਿਲੀਗ੍ਰਾਮ ਪ੍ਰਤੀ ਲੀਟਰ ਦੀ ਆਗਿਆ ਦਿੰਦੀ ਹੈ ਪਰ ਸਾਡੇ ਕਾਰਖਾਨੇ ਇਹ ਮਾਤਰਾ 50,000 ਮਿਲੀਗ੍ਰਾਮ ਪ੍ਰਤੀ ਲੀਟਰ ਭਿਆਨਕ ਦਰ ਨਾਲ ਡੋਲ੍ਹ ਰਹੇ ਹਨ। 'ਰਸਾਇਣੀ ਆਕਸੀਜਨ ਮੰਗ' ਦੀ ਆਗਿਆ 250 ਮਿਲੀਗ੍ਰਾਮ ਪ੍ਰਤੀ ਲੀਟਰ ਹੈ। ਪਤਾ ਜੇ ਇਨ੍ਹਾਂ ਦੀ ਰੋੜ੍ਹ-ਦਰ ਕੀ ਹੈ? 85,000 ਮਿਲੀਗ੍ਰਾਮ ਪ੍ਰਤੀ ਲੀਟਰ, ਅਫ਼ਸੋਸ! ਕਾਰਖਾਨੇ ਫਿਰ ਵੀ ਚੱਲ ਰਹੇ ਹਨ।

### ਵਿਸਫੋਟਕ ਸਥਿਤੀ

ਗੁੰਮਰਾਹਕੁੰਨ ਕੈਮੀਕਲ ਖੇਤੀ ਨੇ ਵੀ ਮਿੱਟੀ ਅਤੇ ਜਲ ਸੋਮਿਆਂ ਦੇ ਜੜ੍ਹੀਂ ਅੱਕ ਦੇ ਦਿੱਤਾ ਹੈ। ਜਦੋਂ ਜ਼ਹਿਰ ਜਲ ਤੱਗੀਆ, ਜਲ-ਵਹਿਣਾਂ ਅਤੇ ਜਲ ਕੁੰਡਾਂ 'ਚ ਰਲਦੇ ਹਨ ਤਾਂ ਥਲ-ਮੰਡਲ ਅਤੇ ਪ੍ਰਾਣੀ-ਮੰਡਲ ਵੀ ਨਸ਼ਟ ਹੋਣ ਲਗਦਾ ਹੈ। ਆਂਧਰਾ ਪ੍ਰਦੇਸ਼ ਦੇ ਗੰਟੂਰ ਜ਼ਿਲ੍ਹੇ 'ਚ ਕੀ ਵਾਪਰਿਆ ਸੀ? ਮਾਲਾਧਾਰੂ ਪਿੰਡ ਦੇ ਕੋਲੋਂ ਛੋਟੀ ਜਿਹੀ 'ਚੱਪਾ ਡੀਬਾਗੂ' ਨਦੀ ਲੰਘਦੀ ਹੈ। ਇਸ ਪਿੰਡ ਦੀ ਵਸੋਂ ਮਸੀਂ ਇੱਕ ਹਜ਼ਾਰ ਦੀ ਸੀ। ਲੋਕਾਂ ਦੀ ਸਭ ਤੋਂ ਵੱਡੀ ਸੰਪਤੀ ਉਨ੍ਹਾਂ ਦੇ ਪਸ਼ੂ ਹੀ ਸਨ। 80ਵੇਂ ਦਹਾਕੇ 'ਚ ਇਸ ਪਿੰਡ ਦੇ ਲੋਕਾਂ ਉੱਪਰ ਇੱਕ ਆਫ਼ਤ ਆ ਡਿੱਗੀ। ਪਸ਼ੂਆਂ ਨੂੰ ਇੱਕ ਦਮ ਖੂਨੀ ਮਰੋੜ ਲੱਗ ਗਏ, ਦੇਖਦਿਆਂ-ਦੇਖਦਿਆਂ ਉਹ ਫੁੜਕਣ ਲੱਗੇ। ਪਸ਼ੂ-ਮਾਹਿਰ ਪਿੰਡ 'ਚ ਪੁੱਜੇ, ਘੋਖਿਆ ਤੇ ਚਿਤਾਵਨੀ ਦਿੱਤੀ, 'ਜਿਸ ਨਦੀ ਤੋਂ ਪਸ਼ੂ ਪਾਣੀ ਪੀ ਰਹੇ ਸਨ, ਉਹ ਨਦੀ ਵਿਹੁਲੀ ਹੋ ਚੁੱਕੀ ਸੀ। ਅੱਜ ਪਸ਼ੂ ਮਰ ਗਏ, ਕੱਲ੍ਹ ਨੂੰ ਮਨੁੱਖ ਦੀ ਵਾਰੀ ਹੈ।' 'ਪੱਛਮੀ ਮਹਾਰਾਸ਼ਟਰ ਵਿਕਾਸ ਨਿਗਮ' ਅਹਿਮਦਨਗਰ ਨੇੜੇ ਚੇਤਾਲੀ ਪਿੰਡ 'ਚ ਇੱਕ ਡਿਸਟਿਲਰੀ ਚਲਾਉਂਦਾ ਹੈ, ਜਿਸ ਨੇ ਚੇਤਾਲੀ ਪਿੰਡ ਨੂੰ ਤਬਾਹੀ ਕੰਢੇ ਲੈ ਆਂਦਾ। ਖੂਹਾਂ ਦਾ ਪਾਣੀ ਪੀਣਯੋਗ ਨਹੀਂ ਰਿਹਾ। ਰੁੱਖ ਸੁੱਕ ਗਏ, ਮੱਛੀਆਂ ਤੇ ਪੰਛੀ ਫੌਤ ਹੋ ਗਏ ਅਤੇ ਭੂਮੀ ਖਾਰੀ ਤੇ ਅਣ-ਉਪਜਾਊ ਬਣ ਗਈ। ਸ਼ਰਾਬ ਨੇ ਪਰਿਵਾਰਾਂ ਦਾ ਚੈਨ ਨਿਗਲ ਲਿਆ। ਅਫ਼ਸੋਸ! ਕਿਸੇ ਦੇ ਵੀ ਭੁਪਾਲ ਤੇ ਮਾਲਾਪਾਡ ਤ੍ਰਾਸਦੀ ਅਤੇ ਹੁਣ ਚੇਤਾਲੀ ਚੇਤਿਆਂ 'ਚ ਨਹੀਂ। ਹਾਂ; ਜਦੋਂ ਇੱਕ ਚੀਨੀ ਅਤੇ ਦੂਜੇ ਸ਼ਰਾਬ ਦੇ ਕਾਰਖਾਨੇ ਨੇ 'ਗੋਮਤੀ' ਨਦੀ ਦੇ ਪਾਣੀ ਨੂੰ ਵਰਤਣ ਵਾਲਾ ਨਹੀਂ ਸੀ ਰਹਿਣ ਦਿੱਤਾ ਤਾਂ ਉੱਤਰ ਪ੍ਰਦੇਸ਼ 'ਚ ਲੋਕਾਂ ਨੇ ਵਿਦਰੋਹ ਕਰ ਦਿੱਤਾ ਸੀ। ਛੱਤੀਸਗੜ੍ਹ 'ਚ ਸ਼ਰਾਬ ਕਾਰਖਾਨੇ ਨੇ ਜਦੋਂ ਖੂਹਾਂ ਤੇ ਖੇਤਾਂ ਨੂੰ ਜ਼ਹਿਰੀਲਾ ਬਣਾ ਦਿੱਤਾ ਤਾਂ ਲੋਕ ਭੜਕ ਪਏ। ਸਰਕਾਰ ਨੂੰ ਤਰੱਦਦ ਕਰਨੇ ਪਏ। ਪਰ ਇਹ ਚੇਤੰਨਤਾ ਹੋਰ ਕਿੰਨੀਆਂ ਕੁ ਥਾਵਾਂ 'ਤੇ ਹੈ? ਮੁੱਕਦੀ ਗੱਲ; ਤੁਹਾਡੇ-ਸਾਡੇ ਵਲੋਂ ਅਚੇਤ-ਸੁਚੇਤ, ਖਾਸ ਕਰਕੇ ਧੜਵੈਲਾਂ ਵਲੋਂ ਜਬਰੀ ਦੂਸ਼ਿਤ ਕੀਤੇ ਜਾ ਰਹੇ ਜਲ ਨਾਲ ਕਈ ਤਰ੍ਹਾਂ ਦੇ ਅਸਾਧ ਰੋਗ ਲੱਗ ਰਹੇ ਹਨ, ਜੀਵਾਂ ਨੂੰ ਵੀ, ਬਨਸਪਤੀ ਨੂੰ ਵੀ ਅਤੇ ਮਿੱਟੀ ਨੂੰ ਵੀ। ਕੀ; ਬਿਸਲੇਰੀ ਦੀ ਬੋਤਲ ਬੁੱਲ੍ਹਾਂ ਨੂੰ ਲਾਈ ਬੈਠੇ ਹਾਕਮ ਨੂੰ ਪਾਣੀ ਦੀ ਅਸ਼ੁੱਧਤਾ ਦੇ ਮਾਰੂ ਅਸਰਾਂ ਦਾ ਨਹੀਂ ਪਤਾ? ਜ਼ਰੂਰ ਪਤਾ। ਦਰ-ਹਕੀਕਤ; ਹੁਣ ਇੱਕ ਮੋਰਚਾ ਕਾਲੇ ਤੇ ਦੂਸ਼ਿਤ ਪਾਣੀਆਂ ਵਿਰੁੱਧ ਲਾਉਣ ਦੀ ਵੀ ਲੋੜ ਹੈ।

---



ਕੁੱਕੀ ਗਿੱਲ

# ਪੰਜਾਬ ਦੀ ਮੌਜੂਦਾ ਦਸ਼ਾ

ਧਾਰਮਿਕ ਆਗੂਆਂ ਉੱਪਰ ਕਦੇ ਵੀ ਵਿਸ਼ਵਾਸ਼ ਨਾ ਕਰੋ, ਜੋ ਏਹ ਦੱਸਣ ਰਾਜਨੀਤੀ ਵਿੱਚ ਵੋਟ ਕਿੱਥੇ ਪਾਉਣੀ ਹੈ ਕਿਉਂਕਿ ਜੇ ਧਾਰਮਿਕ ਆਗੂ ਰਾਜਨੀਤੀ ਵਿੱਚ ਲੱਤਾਂ ਫਸਾਉਂਦੇ ਨੇ ਤਾਂ ਏਨ੍ਹਾ ਦਾ ਕੰਮ ਕੌਣ ਕਰੂ ... ਏਹ ਦੁੱਧ ਵਾਂਗ ਸਾਫ਼ ਹੋ ਜਾਂਦੀ ਹੈ।

ਆਗੂ ਧਰਮ ਦੀ ਆੜ ਵਿੱਚ ਰਾਜਨੀਤਕ ਸੱਤਾ ਹਾਸਿਲ ਕਰਨੀ ਚਾਹੁੰਦੇ ਹਨ...ਦੂਸਰੇ ਪਾਸੇ ਰਾਜਨੀਤਕ ਆਗੂ 'ਤੇ ਕਦੀ ਭਰੋਸਾ ਨੀ ਕਰਨਾ ਜੋ ਇਹ ਦੱਸੇ ਕਿ ਅਰਦਾਸ ਕਿਵੇਂ ਕਰਨੀ ਹੈ...ਉਹ ਧਰਮ ਦੀ ਆੜ ਵਿੱਚ ਮੂਰਖ ਬਣਾ ਕੇ ਅੰਦਰੋਂ ਖੋਖਲਾ ਕਰ ਦੇਵੇਗਾ... ....ਦੋਵਾਂ ਦੇ ਕੰਮ ਵੱਖਰੇ ਵੱਖਰੇ ਨੇ...ਹੁਣ ਤੱਕ ਦੋਵਾਂ ਨੇ ਆਪਣਾ ਆਪਣਾ ਕੰਮ ਇਮਾਨਦਾਰੀ ਨਾਲ ਨਹੀਂ ਕੀਤਾ ...ਮਿਸਾਲ ਦੇ ਤੌਰ 'ਤੇ ਇੱਕ ਅੱਜ ਦਾ ਪੰਜਾਬ ਤੇ ਇੱਕ 45 ਸਾਲ ਵਾਲਾ ਪਹਿਲਾਂ ਵਾਲਾ ਪੰਜਾਬ ਕਿਉਂਕਿ ਧਰਮ ਦਾ ਕੰਮ ਹੈ ਸਾਡੀ ਸਮਝ ਨੂੰ ਵਧਾ ਕੇ ਜੀਵਨ ਨੂੰ ਉੱਚ ਦਾ ਬਣਾਉਣ ਵਿੱਚ ਮਦਦ ਕਰਨਾ ਤੇ ਨਸ਼ਿਆਂ ਵਰਗੇ ਅਨੇਕਾਂ ਕੋਹੜਾਂ ਤੋਂ ਮੁਕਤ ਸਮਾਜ ਦੀ ਸਿਰਜਣਾ ਕਰਨਾ... ਦੁਨੀਆਂ ਵਿੱਚ ਆਏ ਹਾਂ, ਰਹਿਣਾ ਕਿਵੇਂ ਆ ਇਹ ਸਿਖਾਉਣਾ ਹੈ..... ਤੇ ਦੂਸਰੇ ਪਾਸੇ.... ਰਾਜਨੀਤਕ ਆਗੂ ਦਾ ਕੰਮ ਸਮਾਜ ਨੂੰ ਇੱਕ ਕਾਮਯਾਬ ਯੋਜਨਾਬਧ ਤਰੀਕੇ ਵਿੱਚ ਚਲਾਉਣਾ, ਧਰਾਤਲ 'ਤੇ ਜਾ ਕੇ ਲੋਕਾਂ ਨੂੰ ਮਿਲ ਕੇ ਪ੍ਰੇਸ਼ਾਨੀਆਂ ਵਿਚੋਂ ਕੱਢਣਾ, ਯੂਥ ਦੀ ਸਹੀ ਅਗਵਾਈ ਕਰਨਾ ਤੇ ਪੰਜਾਬ ਦੇ ਮਸਲਿਆਂ ਉੱਪਰ ਇਮਾਨਦਾਰੀ ਨਾਲ ਕੰਮ ਕਰਨਾ.... ਧਾਰਮਿਕ ਆਗੂਆਂ ਨੇ ਤੇ ਰਾਜਨੀਤਕ ਸ਼੍ਰੇਣੀ ਨੇ ਇੱਕ ਦੂਜੇ ਕੰਮਾਂ ਵਿੱਚ ਲੱਤਾਂ ਫਸਾ ਕੇ ਪੰਜਾਬ ਤੇ ਪੰਥ ਦੋਹਾਂ ਨੂੰ ਤਹਿਸ-ਨਹਿਸ ਕਰ ਕੇ ਰੱਖ ਦਿੱਤਾ...ਤੀਸਰੇ ਨੰਬਰ 'ਤੇ ਬਾਹਰਲੇ ਵਸਨੀਕਾਂ ਉੱਪਰ ਐਨ ਆਰ ਆਈਆਂ ਉੱਪਰ ਜਿਹੜੇ ਬਾਹਰ ਬੈਠੇ ਕੰਧਾਂ ਕਾਲੀਆਂ ਕਰਵਾ ਰਹੇ ਹਨ...ਨੌਜਵਾਨੀ ਨੂੰ ਗੁੰਮਰਾਹ ਕਰ ਰਹੇ ਹਨ।

...ਏਨਾ 'ਤੇ ਭਰੋਸਾ ਨਾ ਕਰੋ, ਏਹ ਕਦੇ ਵੀ ਨਹੀਂ ਦੱਸ ਸਕਦੇ ਕਿ ਸਾਡੇ ਲਈ ਪੰਜਾਬ ਕੀ ਹੈ ਤੇ ਕਿਵੇਂ ਰਹਿਣਾ ਕਿਉਂਕਿ ਜੇ ਪੰਜਾਬ ਨਾਲ ਪਿਆਰ ਹੈ ਤਾਂ ਏਥੇ ਆ ਕੇ ਰਹਿਣ, ਬਾਹਰ ਵਾਲੀ ਨਾਗਰਿਕਤਾ ਨੂੰ ਛੱਡਣ ਤੇ ਪੰਜਾਬ ਨੂੰ ਪਹਿਲਾਂ ਵਾਲਾ ਪੰਜਾਬ ਬਣਾਉਣ ਵਿੱਚ ਦਿਨ ਰਾਤ ਇੱਕ ਕਰਨ.....ਨਹੀਂ ਤਾਂ ਚੁੱਪ ਕਰਕੇ ਘਰ ਸਾਂਭਣ ਤੇ ਬੱਚਿਆਂ ਨੂੰ ਪਾਲਣ.....।

# ਭਾਰਤ ਲਈ ਚਿੰਤਾਜਨਕ ਹੈ ਅਸਥਿਰ ਗੁਆਂਢ

ਰਿਸ਼ੀ ਗੁਪਤਾ



ਬੰਗਲਾਦੇਸ਼ ਵਿੱਚ ਹੋਏ ਤਖ਼ਤਾਪਲਟ ਦੇ ਮੁੱਦੇ ’ਤੇ ਭਾਰਤੀ ਸੰਸਦ ਦੇ ਦੋਵਾਂ ਸਦਨਾਂ ਵਿੱਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਪੰਜ ਅਗਸਤ ਨੂੰ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਸੁਰੱਖਿਆ ਏਜੰਸੀਆਂ ਨਾਲ ਬੈਠਕ ਤੋਂ ਬਾਅਦ ਸਪਸ਼ਟ ਤੌਰ ’ਤੇ ਅਸਤੀਫ਼ਾ ਦੇਣ ਦਾ ਫ਼ੈਸਲਾ ਕੀਤਾ ਅਤੇ ‘ਕੁਝ ਸਮੇਂ ਲਈ’ ਉਨ੍ਹਾਂ ਨੇ ਭਾਰਤ ਆਉਣ ਲਈ ਮਨਜ਼ੂਰੀ ਮੰਗੀ ਸੀ।

ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਹੁਣ ਭਾਰਤ ਵਿੱਚ ਹਨ ਅਤੇ ਮੰਨਿਆ ਜਾ ਰਿਹਾ ਹੈ ਕਿ ਉਹ ਕਿਸੇ ਤੀਜੇ ਦੇਸ਼ ਵਿੱਚ ਪਨਾਹ ਮਿਲਣ ਤੱਕ ਇੱਥੇ ਹੀ ਰਹਿਣਗੇ। ਜੇ ਇਸ ਹਾਲਾਤ ਨੂੰ ਭਾਰਤੀ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਇਹ ਇਕ ਅਸਾਧਾਰਨ ਸਥਿਤੀ ਹੈ ਜਿੱਥੇ ਭਾਰਤ ਨੂੰ ਕੁਝ ਸਖ਼ਤ ਫ਼ੈਸਲੇ ਲੈਣੇ ਪੈਣਗੇ ਜਿਸ ਵਿੱਚ ਗੁਆਂਢੀ ਪ੍ਰਥਮ ਨੀਤੀ ਤਹਿਤ ਮਦਦ ਵੀ ਕਰਨੀ ਹੈ।

ਬੰਗਲਾਦੇਸ਼ ਵਿੱਚ ਫਸੇ ਹਜ਼ਾਰਾਂ ਭਾਰਤੀਆਂ ਦੀ ਸੁਰੱਖਿਆ ਦੇ ਨਾਲ-ਨਾਲ ਇਸ ਗੱਲ ਨੂੰ ਵੀ ਯਕੀਨੀ ਬਣਾਉਣਾ ਹੈ ਕਿ ਕੋਈ ਗ਼ੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰ ਕੇ ਭਾਰਤ ਵਿੱਚ ਦਾਖ਼ਲ ਨਾ ਹੋ ਸਕੇ। ਇਸ ਪੂਰੇ ਘਟਨਾਚੱਕਰ ਕਾਰਨ ਦੇਸ਼ ਲਈ ਇੱਕ ਅਜੀਬੋ-ਗ਼ਰੀਬ ਸੁਰੱਖਿਆ ਸਥਿਤੀ ਪੈਦਾ ਹੋ ਗਈ ਹੈ। ਭਾਰਤ ਅੱਗੇ 1971 ਵਾਲੀ ਸਥਿਤੀ ਇੱਕ ਵਾਰ ਫਿਰ ਬਣ ਗਈ ਹੈ। ਬੰਗਲਾਦੇਸ਼ ਵਿੱਚ ਰਹਿ ਰਹੇ ਤਮਾਮ ਘੱਟ-ਗਿਣਤੀ ਭਾਈਚਾਰਿਆਂ ਖ਼ਾਸ ਤੌਰ ’ਤੇ ਵੱਡੀ ਤਾਦਾਦ ਵਿੱਚ ਹਿੰਦੂਆਂ ਵੱਲੋਂ ਭਾਰਤ ਵਿੱਚ ਸ਼ਰਨਾਰਥੀਆਂ ਵਜੋਂ ਆਉਣ ਦੀ ਅਰਜ਼ੋਈ ਕੀਤੀ ਜਾ ਸਕਦੀ ਹੈ। ਇਸ ਨਾਲ ਬੰਗਲਾਦੇਸ਼ ਦੀ ਸਰਹੱਦ ਨਾਲ ਲੱਗੇ ਬੰਗਾਲ ਤੇ ਤ੍ਰਿਪੁਰਾ ਜਿਹੇ ਸੂਬਿਆਂ ਵਿੱਚ ਚਿੰਤਾਜਨਕ ਹਾਲਾਤ ਪੈਦਾ ਹੋ ਸਕਦੇ ਹਨ। ਜੇ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਵਿੱਚ ਕੱਟੜਪੰਥੀਆਂ ਦਾ ਦਬਦਬਾ ਵਧਦਾ ਹੈ ਜਿਸ ਦੀ ਪੂਰੀ ਸ਼ੰਕਾ ਹੈ ਤਾਂ ਭਾਰਤ ਦੀਆਂ ਚੁਣੌਤੀਆਂ ਹੋਰ ਜ਼ਿਆਦਾ ਵਧ ਜਾਣਗੀਆਂ ਕਿਉਂਕਿ ਇਨ੍ਹਾਂ ’ਚੋਂ ਕੁਝ ਧੜਿਆਂ ਨੂੰ ਪਾਕਿਸਤਾਨ ਦਾ ਸਮਰਥਨ ਮਿਲਦਾ ਰਿਹਾ ਹੈ। ਇਸ ਕਾਰਨ ਇਹ ਲਗਾਤਾਰ ਭਾਰਤ ਵਿਰੋਧੀ ਸਰਗਰਮੀਆਂ ਚਲਾਉਂਦੇ ਰਹੇ ਹਨ।

ਪਾਕਿਸਤਾਨ ਅੱਜ ਤੱਕ ਭਾਰਤ ਨੂੰ ਆਪਣੇ ਬਟਵਾਰੇ ਅਰਥਾਤ ਬੰਗਲਾਦੇਸ਼ ਦੇ ਨਿਰਮਾਣ ਦਾ ਕਾਰਨ ਮੰਨਦਾ ਰਿਹਾ ਹੈ ਅਤੇ ਉਹ ਕੋਸ਼ਿਸ਼ ਕਰੇਗਾ ਕਿ ਬੰਗਲਾਦੇਸ਼ ਦੇ ਇਸਲਾਮਿਕ ਕੱਟੜਪੰਥੀ ਧੜਿਆਂ ਨਾਲ ਮਿਲ ਕੇ ਭਾਰਤ ਵਿਰੁੱਧ ਅੱਤਵਾਦੀ ਅਤੇ ਗ਼ੈਰ-ਸਮਾਜੀ ਅਨਸਰਾਂ ਨੂੰ ਸਰਗਰਮ ਕੀਤਾ ਜਾਵੇ। ਬੰਗਲਾਦੇਸ਼ ਵਿੱਚ ਬਦਅਮਨੀ ਦੌਰਾਨ ਦੱਖਣੀ ਏਸ਼ੀਆ ਵਿੱਚ ਅਸਥਿਰਤਾ ਹੋਰ ਵਧ ਗਈ ਹੈ ਜੋ ਭਾਰਤ ਦੇ ਹਿੱਤ ਵਿੱਚ ਬਿਲਕੁਲ ਵੀ ਨਹੀਂ ਹੈ। ਭਾਰਤ ਦੀ ਸੁਰੱਖਿਆ ਲਈ ਚੁਫੇਰਿਓਂ ਚੁਣੌਤੀਆਂ ਵਧ ਰਹੀਆਂ ਹਨ। ਬੀਤੇ ਦਿਨੀਂ ਹੀ ਨੇਪਾਲ ਵਿਚ ਚੀਨ ਦੀ ਹਮਾਇਤੀ ਸਰਕਾਰ ਬਣੀ ਹੈ ਜਿਸ ਦੀ ਅਗਵਾਈ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਕਰ ਰਹੇ ਹਨ। ਓਲੀ ਨੂੰ ‘ਇੰਡੀਆ ਆਊਟ’ ਮੁਹਿੰਮ ਦੀ ਅਗਵਾਈ ਕਰਨ ਲਈ ਜਾਣਿਆ ਜਾਂਦਾ ਹੈ ਅਤੇ ਹਾਲੀਆ ਸਾਲਾਂ ਵਿੱਚ ਉਨ੍ਹਾਂ ਨੇ ਆਪਣੀ ਰਾਜਨੀਤਕ ਸਾਖ਼ ਮਜ਼ਬੂਤ ਕਰਨ ਲਈ ਭਾਰਤ ਨਾਲ ਸਰਹੱਦੀ ਵਿਵਾਦ ਦਾ ਮੁੱਦਾ ਸ਼ਾਂਤ ਨਹੀਂ ਹੋਣ ਦਿੱਤਾ ਹੈ।

ਓਲੀ ਦਾ ‘ਰਾਸ਼ਟਰਵਾਦੀ ਅਕਸ’ ਕਿਉਂਕਿ ਭਾਰਤ ਦਾ ਵਿਰੋਧ ਕਰਨ ਸਦਕਾ ਬਣਿਆ ਹੈ, ਲਿਹਾਜ਼ਾ ਭਾਰਤ ਲਈ ਜ਼ਰੂਰੀ ਹੈ ਕਿ ਉਹ ਹਾਲਾਤ ’ਤੇ ਨਜ਼ਰ ਰੱਖੇ। ਜੇ ਨੇਪਾਲੀ ਜਨਤਾ ਪੁਰਾਣੀਆਂ ਪਾਰਟੀਆਂ ਅਤੇ ਪੁਰਾਣੇ ਨੇਤਾਵਾਂ ਦੀ ਕਾਰਜਸ਼ੈਲੀ ਤੋਂ ਮੂੰਹ ਮੋੜਦੀ ਹੈ ਤਾਂ 2006 ਵਰਗਾ ਜਨ ਅੰਦੋਲਨ ਛਿੜਨਾ ਕੋਈ ਵੱਡੀ ਗੱਲ ਨਹੀਂ ਹੋਵੇਗੀ। ਇਸ ਦਾ ਸਿੱਧਾ ਅਸਰ ਖੁੱਲ੍ਹੀ ਸਰਹੱਦ ਕਾਰਨ ਭਾਰਤ ’ਤੇ ਹੋਵੇਗਾ। ਨੇਪਾਲ ਦੇ ਗੁਆਂਢ ਵਿੱਚ ਹੀ ਭੂਟਾਨ ਹੈ ਜੋ ਪੂਰੀ ਤਰ੍ਹਾਂ ਭਾਰਤ ਦੀਆਂ ਸੁਰੱਖਿਆ ਚਿੰਤਾਵਾਂ ਨੂੰ ਲੈ ਕੇ ਫ਼ਿਕਰਮੰਦ ਹੈ ਅਤੇ ਇਕ ਮਿੱਤਰਤਾਪੂਰਨ ਸਹਿਯੋਗੀ ਰਿਹਾ ਹੈ। ਹਾਲਾਂਕਿ ਹਾਲੀਆ ਸਾਲਾਂ ਵਿੱਚ ਚੀਨ ਨੇ ਉੱਥੇ ਵੀ ਆਪਣੀ ਪੈਂਠ ਬਣਾਉਣ ਵਿੱਚ ਕਸਰ ਨਹੀਂ ਛੱਡੀ ਹੈ। ਇਸ ਦੇ ਬਾਵਜੂਦ ਭਾਰਤ ਦੇ ਲਿਹਾਜ਼ ਨਾਲ ਭੂਟਾਨ ਵਿੱਚ ਸਥਿਤੀ ਕਾਬੂ ਹੇਠ ਹੈ। ਪੂਰਬੀ ਗੁਆਂਢੀ ਦੇਸ਼ ਮਿਆਂਮਾਰ ਵਿੱਚ ਵੀ ਦਬਾਅ ਨਾਲ ਭਰਪੂਰ ਤੇ ਬੇਯਕੀਨੀ ਵਾਲਾ ਸਿਆਸੀ ਘਟਨਾਚੱਕਰ ਦੇਖਣ ਨੂੰ ਮਿਲ ਰਿਹਾ ਹੈ। ਇੱਥੇ ਵੱਖ-ਵੱਖ ਬਾਗ਼ੀ ਸਮੂਹ ਫ਼ੌਜੀ ਸ਼ਾਸਨ ਨੂੰ ਕਮਜ਼ੋਰ ਕਰਨ ਵਿੱਚ ਕਾਮਯਾਬ ਹੋ ਗਏ ਹਨ। ਇੱਥੇ ਬਦਅਮਨੀ ਅਤੇ ਰਾਜਨੀਤਕ ਅਸਥਿਰਤਾ ਦਾ ਸਿਲਸਿਲਾ ਕਾਇਮ ਹੈ ਜਿਸ ਕਾਰਨ ਭਾਰਤ ਦੇ ਸੁਰੱਖਿਆ ਬਲ ਭਾਰਤ-ਮਿਆਂਮਾਰ ਸਰਹੱਦ ’ਤੇ ਨਜ਼ਰ ਰੱਖ ਰਹੇ ਹਨ।

ਜੇ ਬੰਗਲਾਦੇਸ਼ ਅਤੇ ਮਿਆਂਮਾਰ ਦੀਆਂ ਤਾਨਾਸ਼ਾਹ ਤਾਕਤਾਂ ਚੀਨ ਜਾਂ ਪਾਕਿਸਤਾਨ ਵਰਗੇ ਦੇਸ਼ਾਂ ਦੇ ਪ੍ਰਭਾਵ ਵਿੱਚ ਆ ਕੇ ਭਾਰਤ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਵਿਚ ਹੱਥ ਮਿਲਾਉਂਦੀਆਂ ਹਨ ਤਾਂ ਭਾਰਤ ਲਈ ਇੱਕ ਵੱਡੀ ਚੁਣੌਤੀ ਖੜ੍ਹੀ ਹੋ ਜਾਵੇਗੀ। ਨਵੀਂ ਦਿੱਲੀ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਲੁੱਕ-ਈਸਟ ਅਤੇ ਐਕਟ ਈਸਟ ਨੀਤੀ ਵਿੱਚ ਸੁਰੱਖਿਆ ਪਹਿਲੂਆਂ ਨੂੰ ਵੀ ਸ਼ਾਮਲ ਕਰੇ। ਮਿਆਂਮਾਰ ਵਿੱਚ ਆਰਥਿਕ ਅਤੇ ਰਾਜਨੀਤਕ ਅਸਥਿਰਤਾ ਦੀ ਸਥਿਤੀ ਬਣੀ ਹੋਈ ਹੈ। ਇਹ ਸਹੀ ਹੈ ਕਿ ਸ੍ਰੀਲੰਕਾ ਹੌਲੀ-ਹੌਲੀ ਭਾਰਤ ਅਤੇ ਆਈਐੱਮਐੱਫ ਦੀ ਮਦਦ ਨਾਲ ਆਰਥਿਕ ਮੁਸੀਬਤਾਂ ਤੋਂ ਬਾਹਰ ਆ ਰਿਹਾ ਹੈ ਪਰ ਹਾਲੇ ਵੀ ਉੱਥੇ ਭਾਰਤ ਵਿਰੋਧੀ ਅਨਸਰ ਸਰਗਰਮ ਹਨ। ਮਾਲਦੀਵ ਵੀ ਇਸ ਮਾਮਲੇ ਵਿੱਚ ਅਲੱਗ ਨਹੀਂ ਜਿੱਥੇ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਲਗਾਤਾਰ ਭਾਰਤ ਦਾ ਵਿਰੋਧ ਕਰਨ ਵਿੱਚ ਲੱਗੇ ਹੋਏ ਹਨ। ਉਨ੍ਹਾਂ ਨੇ ਵੀ ਓਲੀ ਦੀ ਤਰ੍ਹਾਂ ‘ਇੰਡੀਆ ਆਊਟ’ ਮੁਹਿੰਮ ਚਲਾਈ, ਫਿਰ ਉਹ ਚਾਹੇ ਭਾਰਤੀ ਫ਼ੌਜੀ ਅਫ਼ਸਰਾਂ ਨੂੰ ਮਾਲਦੀਵ ਤੋਂ ਭਾਰਤ ਵਾਪਸ ਭੇਜਣ ਦਾ ਮੁੱਦਾ ਹੋਵੇ ਜਾਂ ਫਿਰ ਉਨ੍ਹਾਂ ਦੀ ਸਰਕਾਰ ਦੇ ਮੰਤਰੀਆਂ ਦਾ ਭਾਰਤ ਤੇ ਭਾਰਤ ਦੇ ਵੱਕਾਰੀ ਨੇਤਾਵਾਂ ਵਿਰੁੱਧ ਟੀਕਾ-ਟਿੱਪਣੀ ਕਰਨ ਦਾ ਮਾਮਲਾ।

ਪੱਛਮੀ ਖੇਤਰ ਵਿੱਚ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿੱਚ ਸੁਰੱਖਿਆ ਹਾਲਾਤ ਪਹਿਲਾਂ ਹੀ ਭਾਰਤ ਲਈ ਮੁਸੀਬਤ ਬਣੇ ਹੋਏ ਹਨ। ਪਾਕਿਸਤਾਨ ਵਿੱਚ ਅੱਤਵਾਦੀ ਸੰਗਠਨ ਬੇਮੁਹਾਰੇ ਹੋਏ ਪਏ ਹਨ। ਉਨ੍ਹਾਂ ਨੂੰ ਉੱਥੋਂ ਦੀ ਸਰਕਾਰ ਦੀ ਪੂਰੀ ਸ਼ਹਿ ਅਤੇ ਸਮਰਥਨ ਮਿਲ ਰਿਹਾ ਹੈ। ਇਸੇ ਕਾਰਨ ਉਹ ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ। ਇਹੀ ਨਹੀਂ, ਪਾਕਿਸਤਾਨ ਭਾਰਤ ਦੇ ਹਿੱਤਾਂ ਨੂੰ ਢਾਹ ਲਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਛੱਡ ਰਿਹਾ। ਉਹ ਭਾਰਤ ਵਿੱਚ ਨਸ਼ਿਆਂ ਦੀਆਂ ਖੇਪਾਂ ਭੇਜ ਕੇ ਇੱਥੋਂ ਦੀ ਨੌਜਵਾਨੀ ਦਾ ਘਾਣ ਕਰ ਰਿਹਾ ਹੈ। ਭਾਵੇਂ ਉਸ ਦੇ ਵਿੱਤੀ ਹਾਲਾਤ ਬੇਹੱਦ ਮਾੜੇ ਹਨ ਪਰ ਉਹ ਭਾਰਤ ਨੂੰ ਨੁਕਸਾਨ ਪਹੁੰਚਾਉਣ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦਾ ਹੈ। ਅਫ਼ਗਾਨਿਸਤਾਨ ਵਿੱਚ ਵੀ ਅਸਥਿਰਤਾ ਹੈ ਤੇ ਉੱਥੋਂ ਦੀ ਤਾਲਿਬਾਨ ਹਕੂਮਤ ਤੇ ਹੋਰ ਅੱਤਵਾਦੀ ਸੰਗਠਨਾਂ ਦਾ ਟਕਰਾਅ ਭਾਰਤ ਦੇ ਹਿੱਤ ਵਿੱਚ ਨਹੀਂ ਹੈ।

ਹਾਲ ਹੀ ਵਿੱਚ ਜੰਮੂ ਵਿਚ ਹੋਏ ਅੱਤਵਾਦੀ ਹਮਲਿਆਂ ਨੇ ਭਾਰਤ ਦੀ ਚਿੰਤਾ ਵਧਾਉਣ ਦਾ ਕੰਮ ਕੀਤਾ ਹੈ। ਜੇ ਗੁਆਂਢੀ ਦੇਸ਼ਾਂ ਦੇ ਰਾਜਨੀਤਕ ਤੇ ਆਰਥਿਕ ਹਾਲਾਤ ਨੂੰ ਦੇਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਇਨ੍ਹਾਂ ਸਾਰੇ ਦੇਸ਼ਾਂ ਦੀਆਂ ਸਰਹੱਦਾਂ ਦੇ ਜੁੜੇ ਹੋਣ ਕਾਰਨ ਬਹੁਤ ਕਸੂਤੇ ਹਾਲਾਤ ਦਾ ਸਾਹਮਣੇ ਕਰ ਰਿਹਾ ਹੈ ਜੋ ਆਉਣ ਵਾਲੇ ਦਿਨਾਂ ਵਿੱਚ ਸੁਰੱਖਿਆ ਲਈ ਖ਼ਤਰਾ ਬਣ ਸਕਦੇ ਹਨ। ਦੱਖਣੀ ਏਸ਼ੀਆ ਵਿੱਚ ਬੜੇ ਲੰਬੇ ਸਮੇਂ ਤੋਂ ਭਾਰਤ ਦੀ ਕੇਂਦਰੀ ਭੂਮਿਕਾ ਨੂੰ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਮੰਨਿਆ ਜਾਂਦਾ ਰਿਹਾ ਹੈ ਤੇ ਭਾਰਤ ’ਤੇ ਲਗਪਗ ਸਾਰੇ ਗੁਆਂਢੀ ਦੇਸ਼ ਦਖ਼ਲਅੰਦਾਜ਼ੀ ਦਾ ਇਲਜ਼ਾਮ ਵੀ ਲਗਾਉਂਦੇ ਆਏ ਹਨ ਪਰ ਕੀ ਹੁਣ ਇਹੀ ਦੇਸ਼ ਆਪਣੀ ਅੰਦਰੂਨੀ ਹਲਚਲ ਕਾਰਨ ਭਾਰਤ ਸਾਹਮਣੇ ਮੌਜੂਦ ਸੁਰੱਖਿਆ ਸੰਕਟ ’ਤੇ ਨਵੀਂ ਦਿੱਲੀ ਨਾਲ ਖੜ੍ਹੇ ਹੋਣਗੇ? ਇਸ ਦਾ ਜਵਾਬ ਸੰਭਵ ਤੌਰ ’ਤੇ ਨਾਂਹ-ਪੱਖੀ ਹੀ ਮਿਲੇ। ਦੱਖਣੀ ਏਸ਼ੀਆ ਵਿੱਚ ਜਿਹੋ-ਜਿਹੇ ਅਸਾਧਾਰਨ ਹਾਲਾਤ ਪੈਦਾ ਹੋ ਰਹੇ ਹਨ, ਉਨ੍ਹਾਂ ਦਾ ਸਾਹਮਣਾ ਕਰਨ ਲਈ ਭਾਰਤ ਨੂੰ ਅਸਾਧਾਰਨ ਯਤਨ ਕਰਨ ਦੀ ਜ਼ਰੂਰਤ ਹੈ। ਭਾਰਤ ਨੂੰ ਹਰ ਕੀਮਤ ’ਤੇ ਆਪਣੇ ਸੁਰੱਖਿਆ ਢਾਂਚੇ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ ਅਤੇ ਗੁਆਂਢੀ ਦੇਸ਼ਾਂ ਵਿੱਚ ਸਿਵਲ ਸੁਸਾਇਟੀ ਸਮੂਹਾਂ ਨਾਲ ਮਿਲ ਕੇ ਸ਼ਾਂਤੀ ਬਹਾਲੀ ਦੇ ਯਤਨਾਂ ’ਤੇ ਧਿਆਨ ਦੇਣਾ ਹੋਵੇਗਾ।

ਇਸ ਦੇ ਨਾਲ ਹੀ ਦੁਨੀਆਂ ਭਰ ਦੇ ਲੋਕਤੰਤਰੀ ਮੁਲਕਾਂ ਅਤੇ ਖੇਤਰਾਂ ਵਿੱਚ ਸਮਾਨ ਵਿਚਾਰਧਾਰਾ ਵਾਲੀਆਂ ਤਾਕਤਾਂ ਜਿਵੇਂ ਅਮਰੀਕਾ, ਜਾਪਾਨ ਅਤੇ ਆਸਟ੍ਰੇਲੀਆ ਲਈ ਵੀ ਜ਼ਰੂਰੀ ਹੈ ਕਿ ਉਹ ਭਾਰਤ ਦੀਆਂ ਚਿੰਤਾਵਾਂ ਨੂੰ ਸਮਝਣ ਅਤੇ ਆਪਣੇ ਪੱਧਰ ’ਤੇ ਪਾਕਿਸਤਾਨ ਅਤੇ ਚੀਨ ’ਤੇ ਦਬਾਅ ਪਾਉਣ ਤਾਂ ਜੋ ਇਹ ਦੋਵੇਂ ਦੇਸ਼ ਦੱਖਣੀ ਏਸ਼ੀਆ ਦੀ ਅਸਥਿਰਤਾ ਦਾ ਫ਼ਾਇਦਾ ਚੁੱਕ ਕੇ ਭਾਰਤ ਨੂੰ ਪਰੇਸ਼ਾਨ ਕਰਨ ਲਈ ਨਵੀਆਂ ਤਿਕੜਮਬਾਜ਼ੀਆਂ ਨਾ ਕਰ ਸਕਣ।

# ਸਿਆਸੀ ਬੇਈਮਾਨੀ, ਆਰਥਿਕ ਬਦਨੀਤੀ ਅਤੇ ਦੇਸ਼ ਦੀ ਬਦਹਾਲੀ



ਗੁਰਮੀਤ ਸਿੰਘ ਪਲਾਹੀ
9815802070

ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਅਨਪੜ੍ਹਤਾ, ਬਦਤਰ ਸਿਹਤ ਸੇਵਾਵਾਂ, ਅਪਰਾਧ, ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਆਦਿ ਬਾਰੇ ਲੱਖ ਵਾਰ ਦਲੀਲਾਂ ਦੇ ਕੇ ਆਪਾਂ ਇਹ ਸਿੱਧ ਕਰਨ ਦਾ ਯਤਨ ਕਰੀਏ ਕਿ ਦੇਸ਼ ’ਚ ਵੱਧ ਰਹੀ ਆਬਾਦੀ ਇਹਨਾ ਸਮੱਸਿਆਵਾਂ ਕਾਰਨ ਹੈ, ਪਰ ਅਸਲ ਵਿੱਚ ਸਿਆਸੀ ਬੇਈਮਾਨੀ, ਵੋਟਾਂ ਦੀ ਸਿਆਸਤ, ਆਰਥਿਕ ਨੀਤੀਆਂ ਕਾਰਨ ਵੱਧ ਰਿਹਾ ਦੇਸ਼ ’ਚ ਅਮੀਰ-ਗਰੀਬ ਦਾ ਪਾੜਾ, ਦੇਸ਼ ਭਾਰਤ ਨੂੰ ਭੈੜੀ ਹਾਲਤ ਵਿੱਚ ਲੈ ਜਾਣ ਦਾ ਮੁੱਖ ਕਾਰਨ ਹੈ। ਇਸੇ ਕਾਰਨ ਹੀ ਦੇਸ਼ ਬਦਹਾਲੀ ਦਾ ਸ਼ਿਕਾਰ ਹੈ।

ਭਾਰਤ ਦੀ ਜਨ ਸੰਖਿਆ ਵਿਸ਼ਵ ਜਨਸੰਖਿਆ ਦਾ 18 ਫ਼ੀਸਦੀ ਹੈ। ਭਾਰਤ ਕੋਲ ਵਿਸ਼ਵ ਦੀ ਕੁੱਲ ਜ਼ਮੀਨ ਦਾ 2.5 ਫ਼ੀਸਦੀ ਹੈ ਅਤੇ 4 ਫ਼ੀਸਦੀ ਪਾਣੀ ਹੈ। ਦੇਸ਼ ਕੋਲ ਜਿੰਨੀ ਜ਼ਮੀਨ ਹੈ, ਉਸਦੇ ਕੁਲ 60 ਫ਼ੀਸਦੀ ਹਿੱਸੇ ’ਤੇ ਖੇਤੀ ਹੁੰਦੀ ਹੈ, ਪਰ ਦੇਸ਼ ਦੇ 20 ਕਰੋੜ ਲੋਕ ਭੁੱਖਮਰੀ ਦੇ ਸ਼ਿਕਾਰ ਹਨ। ਆਖ਼ਰ ਕਾਰਨ ਕੀ ਹੈ? ਕੀ ਅਸੀਂ ਕੁਦਰਤੀ ਸੋਮਿਆਂ ਦੀ ਕੁਵਰਤੋਂ ਕਰਕੇ, ਸਭੋ ਕੁਝ ਧੰਨ ਕੁਬੇਰਾਂ ਹੱਥ ਫੜਾਕੇ, ਉਹਨਾਂ ਨੂੰ ਆਪਣੀ ਮਰਜ਼ੀ ਨਾਲ ਮੁਨਾਫ਼ਾ ਕਮਾਉਣ ਦੀ ਆਗਿਆ ਦੇ ਕੇ, ਦੇਸ਼ ਨੂੰ ਕੰਗਾਲੀ ਮੰਦਹਾਲੀ ਦੇ ਰਸਤੇ ਨਹੀਂ ਤੋਰ ਦਿੱਤਾ?

ਕਾਰਪੋਰੇਟਾਂ ਜਿਸ ਢੰਗ ਨਾਲ ਬੁਨਿਆਦੀ ਢਾਂਚਾ ਉਸਾਰਨ ਦੇ ਨਾਂਅ ’ਤੇ ਜੰਗਲਾਂ ਦੀ ਕਟਾਈ ਕੀਤੀ, ਕੁਦਰਤੀ ਖਾਨਾਂ ਦੀ ਦਰਵਰਤੋਂ ਕੀਤੀ, ਦੇਸ਼ ’ਚ ਪ੍ਰਦੂਸ਼ਣ ਪੈਦਾ ਕੀਤਾ, ਕੀਟਨਾਸ਼ਕਾਂ ਖਾਦਾਂ ਦੀ ਵਰਤੋਂ ਕਰਵਾਕੇ ਦੇਸ਼ ਵਾਸੀਆਂ ਹੱਥ ਬਿਮਾਰੀਆਂ ਦੀਆਂ ਪੰਡਾਂ ਹੀ ਨਹੀਂ ਫੜਾਈਆਂ ਉਹਨਾਂ ਨੂੰ ਬੁਰੇ ਹਾਲੀਂ ਕਰ ਦਿੱਤਾ । ਸਿੱਟਾ ਜਲਵਾਯੂ ਤਬਦੀਲੀ ’ਚ ਵੇਖਿਆ ਜਾ ਸਕਦਾ ਹੈ।

ਜਲਵਾਯੂ ਤਬਦੀਲੀ ਨੇ ਅਜੀਵਕਾ, ਪਾਣੀ ਦੀ ਅਪੂਰਤੀ ਅਤੇ ਮਨੁੱਖੀ ਸਿਹਤ ਲਈ ਖ਼ਤਰਾ ਪੈਦਾ ਕੀਤਾ ਖਾਧ ਪਦਾਰਥਾਂ ਦੀ ਪੂਰਤੀ ਲਈ ਚਣੌਤੀ ਪੈਦਾ ਕੀਤੀ ਇਥੋਂ ਤੱਕ ਕਿ ਖਾਧ ਸੁਰੱਖਿਆ ਲਈ ਵੱਡੀ ਚਣੌਤੀ ਦਿੱਤੀ।

ਅੱਜ ਖੇਤੀ ਯੋਗ ਜ਼ਮੀਨ ਉਤੇ ਲਗਾਤਾਰ ਹਮਲਾ ਹੋ ਰਿਹਾ ਹੈ, ਰਕਬਾ ਘੱਟ ਰਿਹਾ ਹੈ, ਖੇਤੀ ਭੂਮੀ ਦੀ ਹੋਰ ਕੰਮਾਂ ਲਈ ਵਰਤੋਂ ਵਧ ਰਹੀ ਹੈ। ਕਿਸਾਨ ਖੇਤੀ ਤੋਂ ਦੂਰ ਹੋ ਰਹੇ ਹਨ। ਖੇਤੀ ਜ਼ਮੀਨ ’ਚ ਕਮੀ ਸਮਾਜਿਕ-ਆਰਥਿਕ ਤਾਣੇ-ਬਾਣੇ ’ਤੇ ਵੀ ਅਸਰ ਪਾ ਰਹੀ ਹੈ। ਵੇਸਟਲੈਂਡ ਐਟਲਾਸ-2019 ਦੇ ਅਨੁਸਾਰ ਪੰਜਾਬ ਜਿਹੇ ਖੇਤੀ ਪ੍ਰਧਾਨ ਸੂਬੇ ਵਿੱਚ 14000 ਹੈਕਟੇਅਰ ਅਤੇ ਪੱਛਮੀ ਬੰਗਾਲ ਵਿੱਚ 62000 ਹੈਕਟੇਅਰ ਖੇਤੀ ਯੋਗ ਭੂਮੀ ਘੱਟ ਗਈ ਹੈ। ਸਭ ਤੋਂ ਜ਼ਿਆਦਾ ਆਬਾਦੀ ਵਾਲੇ ਸੂਬੇ ਉੱਤਰ ਪ੍ਰਦੇਸ਼ ’ਚ 48000 ਹੈਕਟੇਅਰ ਖੇਤੀ ਯੋਗ ਜ਼ਮੀਨ ਹਰ ਸਾਲ ਘੱਟ ਰਹੀ ਹੈ। ਇਹ ਸਭ ਕੁਝ ਵਿਕਾਸ ਦੇ ਨਾਂਅ ਤੇ ਹੋ ਰਿਹਾ ਹੈ। ਕੀ ਯੂ.ਪੀ. ’ਚ ਸਚਮੁੱਚ ਵਿਕਾਸ ਹੋ ਰਿਹਾ ਹੈ? ਜੇ ਉਥੇ ਵਿਕਾਸ ਹੈ ਤਾਂ ਦੇਸ਼ ’ਚ ਸਭ ਤੋਂ ਵੱਧ ਪ੍ਰਵਾਸ ਦੀ ਦਰ ਯੂ.ਪੀ. ’ਚ ਕਿਉਂ ਹੈ?

1992 ’ਚ ਪੇਂਡੂ ਪਰਿਵਾਰਾਂ ਕੋਲ 11.7 ਕਰੋੜ ਹੈਕਟੇਅਰ ਖੇਤੀ ਯੋਗ ਭੂਮੀ ਸੀ, ਜੋ 2013 ਤੱਕ ਘਟਕੇ 9.2 ਕਰੋੜ ਹੈਕਟੇਅਰ ਰਹਿ ਗਈ ਅਤੇ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਅਗਲੇ ਸਾਲ ਤੱਕ ਖੇਤੀ ਯੋਗ ਜ਼ਮੀਨ 8 ਕਰੋੜ ਹੈਕਟੇਅਰ ਹੀ ਰਹਿ ਜਾਏਗੀ ਤਾਂ ਫਿਰ ਦੇਸ਼ ਭੁੱਖਾ ਨਹੀਂ ਮਰੇਗਾ? ਕਿਥੋਂ ਮਿਲੇਗਾ ਕਿਰਤੀ ਲੋਕਾਂ ਨੂੰ ਅੰਨ? ਕਿਥੇ ਮਿਲੇਗਾ ਸਾਫ਼-ਸੁਥਰਾ ਪਾਣੀ?

ਵਿਸ਼ਵ ਭੁੱਖ ਸੂਚਕਾਂਕ-2022 ਦੀ ਰਿਪੋਰਟ ਅਨੁਸਾਰ 16.3 ਫ਼ੀਸਦੀ ਆਬਾਦੀ ਕੁਪੋਸ਼ਨ ਦਾ ਸ਼ਿਕਾਰ ਹੈ। 5 ਸਾਲ ਤੋਂ ਘੱਟ ਉਮਰ ਦੇ 35 ਫ਼ੀਸਦੀ ਬੱਚੇ ਅਵਿਕਸਤ ਹਨ। ਭਾਰਤ ਵਿੱਚ 3.3 ਫ਼ੀਸਦੀ ਬੱਚਿਆਂ ਦੀ 5 ਸਾਲ ਦੀ ਉਮਰ ਪੂਰੀ ਹੋਣ ਤੋਂ ਪਹਿਲਾਂ-ਪਹਿਲਾਂ ਮੌਤ ਹੋ ਜਾਂਦੀ ਹੈ । ਇਥੇ ਹੀ ਬੱਸ ਨਹੀਂ ਦੇਸ਼ਾਂ ’ਚ ਪੈਦਾ ਹੋ ਰਿਹਾ 30 ਫ਼ੀਸਦੀ ਅਨਾਜ਼ ਬਰਬਾਦ ਹੋ ਰਿਹਾ ਹੈ। ਇਹ ਭੋਜਨ ਕਿਸੇ ਦੇ ਪੱਲੇ ਨਹੀਂ ਪੈ ਰਿਹਾ।

ਭਾਰਤ ਦੇਸ਼ ਦੇ ਹਾਕਮਾਂ ਦੀ ਅੱਖ ਤਾਂ ਦੁਨੀਆਂ ਦੀ ਤੀਜੀ ਵੱਡੀ ਆਰਥਿਕਤਾ ਬਨਣ ’ਤੇ ਟਿੱਕੀ ਹੋਈ ਹੈ, ਅੱਜ ਕੱਲ ਭਾਰਤ ਦਾ ਹਾਕਮ 5 ਟ੍ਰਿਲੀਅਨ ਡਾਲਰ ਦੀ ਗੱਲ ਕਰਦਾ ਹੈ ਅਤੇ 2047 ਤੱਕ 30 ਟ੍ਰਿਲੀਅਨ ਦੀ ਆਰਥਿਕਤਾ ਵਾਲਾ ਮਾਲਕ ਬਨਣ ਦੇ ਦਾਅਵੇ ਕਰ ਰਿਹਾ ਹੈ। ਕੀ ਭਾਰਤ ਉਦੋਂ ਤੱਕ ਵਿਕਾਸਸ਼ੀਲ ਤੋਂ ਵਿਕਸਤ ਦੇਸ਼ ਦਾ ਸਫ਼ਰ ਪੂਰਾ ਕਰ ਸਕੇਗਾ, ਜਦੋਂ ਤੱਕ ਦੇਸ਼ ਵਾਸੀਆਂ ਕੋ ਸਿੱਖਿਆ, ਸਿਹਤ, ਚੰਗੇ ਵਾਤਾਵਰਨ ਦੀਆਂ ਇਕੋ ਜਿਹੀਆਂ ਸਹੂਲਤਾਂ ਪੈਦਾ ਨਹੀਂ ਹੁੰਦੀਆਂ?

ਇੱਕ ਬਹੁਤ ਹੀ ਹੈਰਾਨ-ਕੁਨ ਰਿਪੋਰਟ ਯੂ.ਐਨ.ਓ. ਵਲੋਂ ਭਾਰਤੀ ਬਜ਼ਟ 2024 ਦੇ ਪੇਸ਼ ਹੋਣ ਦੇ ਦੂਜੇ ਦਿਨ ਜੁਲਾਈ ’ਚ ਛਪੀ ਹੈ, ਜਿਸ ਅਨੁਸਾਰ 20 ਦੇਸ਼ਾਂ ਦੇ 64 ਮਿਲੀਅਨ ਬੱਚੇ ਸਾਊਥ ਏਸ਼ੀਆ ਵਿੱਚ ਅਤੇ 59 ਮਿਲੀਅਨ ਬੱਚੇ ਸਬ-ਸਹਾਰਾ ਅਫਰੀਕਾ ਵਿੱਚ ਇਹੋ ਜਿਹੇ ਹਨ, ਜਿਹੜੇ 5 ਮਹੀਨਿਆਂ ਤੋਂ 23 ਮਹੀਨਿਆਂ ਤੱਕ ਦੀ ਉਮਰ ਦੇ ਹਨ ਅਤੇ ਜਿਹਨਾਂ ਨੂੰ ਸਹੀ ਖਾਣਾ ਤੱਕ ਵੀ ਨਸੀਬ ਨਹੀਂ ਹੁੰਦਾ। ਇਹਨਾਂ ਵਿੱਚ 19.3 ਫ਼ੀਸਦੀ ਬੱਚੇ ਭਾਰਤ ਦੇਸ਼ ਨਾਲ ਸਬੰਧਤ ਹਨ।

ਹਾਰਵਰਡ ਸਟੱਡੀ ਜੋ 2024 ’ਚ ਛਪੀ ਸੀ, ਵਿੱਚ ‘ਸਿਫ਼ਰ ਭੋਜਨ ਵਾਲੇ ਬੱਚਿਆਂ’ ਦੀ ਗੱਲ ਕੀਤੀ ਗਈ ਸੀ, ਇਹ ਬੱਚੇ 5 ਮਹੀਨਿਆਂ ਤੋਂ 23 ਮਹੀਨਿਆਂ ਦੀ ਉਮਰ ਦੇ ਬੱਚੇ ਹੁੰਦੇ ਹਨ, ਜਿਹਨਾ ਨੂੰ ਪਿਛਲੇ 24 ਘੰਟਿਆਂ ’ਚ ਭੋਜਨ ਨਹੀਂ ਮਿਲਦਾ ਅਤੇ ਭਾਰਤ ਇਸ ਲਿਸਟ ਵਿੱਚ ਦੁਨੀਆ ਭਰ ’ਚ ਚੌਥੇ ਸਥਾਨ ’ਤੇ ਹੈ। ਪਹਿਲੇ ਸਥਾਨ ਤੇ ਗੁਆਣਾ (21.8%) ਦੂਜੇ ’ਤੇ ਪਾਲੀ(21.5%) ਅਤੇ ਚੌਥੇ ’ਤੇ ਭਾਰਤ (19.3%) ਰੱਖਿਆ ਗਿਆ ਸੀ, ਭਾਵੇਂ ਕਿ ਭਾਰਤ ਦੀ ਸਰਕਾਰ ਨੇ ਇਸ ਰਿਪੋਰਟ ਨੂੰ ਫਰਜ਼ੀ, ਨਕਲੀ ਕਰਾਰ ਦਿੱਤਾ ਸੀ। ਪਰ ਇਹ ਗੱਲ ਚਿੱਟੇ ਦਿਨ ਵਾਂਗਰ ਸਾਫ਼ ਹੈ ਕਿ ਭਾਰਤ ਦੀ ਕੁੱਲ 140 ਕਰੋੜ ਆਬਾਦੀ ਵਿੱਚ 76.5 ਕਰੋੜ ਆਬਾਦੀ ਇਹੋ ਜਿਹੀ ਹੈ, ਜਿਸਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ, ਜਿਸ ਵਿਚੋਂ 19.5 ਕਰੋੜ ਛੋਟੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਜਿਹਨਾਂ ਵਿੱਚ ਲੜਕੀਆਂ ਦੀ ਗਿਣਤੀ ਵੱਧ ਹੈ।

ਇਹ ਗੱਲ ਵੀ ਤੱਥਾਂ ਤੋਂ ਉਲਟ ਨਹੀਂ ਹੈ ਕਿ ਭਾਰਤ ਵਿੱਚ ਅਮੀਰ ਵਰਗ, ਮੱਧ ਵਰਗੀ ਕਿਸਾਨ ਤਾਂ ਚੰਗਾ ਭੋਜਨ ਪ੍ਰਾਪਤ ਕਰਨ ਦੇ ਯੋਗ ਹਨ ਪਰ ਬਾਕੀ ਪੇਂਡੂ ਆਬਾਦੀ, ਮਜ਼ਦੂਰ, ਕਿਸਾਨ, ਆਦਿਵਾਸੀ ਅਤੇ ਮੱਧ ਵਰਗ ਦੇ ਲੋਕਾਂ ਨੂੰ ਬਿਹਤਰ ਭੋਜਨ ਨਸੀਬ ਨਹੀਂ ਹੁੰਦਾ। ਇਸ ਤੋਂ ਵੱਡੀ ਹੋਰ ਕਿਹੜੀ ਵਿਡੰਬਨਾ ਹੋ ਸਕਦੀ ਹੈ ਕਿ ਤਰੱਕੀਆਂ ਕਰਨ ਦੇ ਸੁਪਨੇ ਲੈਣ ਵਾਲਾ ‘ਮਹਾਨ ਦੇਸ਼’, ਗਰੀਬੀ, ਭੁੱਖਮਰੀ ਦੇ ਪੰਜੇ ’ਚ ਫਸਿਆ ਹੋਇਆ ਹੈ ਅਤੇ ਉਸ ਦੀ ਆਰਥਿਕਤਾ ਨੂੰ ਕਾਰਪੋਰੇਟ ਘਰਾਨਿਆਂ ਨੇ ਬੁਰੀ ਤਰ੍ਹਾਂ ਹਥਿਆਇਆ ਹੋਇਆ ਹੈ।

ਕੀ ਇਹ ਸੱਚ ਨਹੀਂ ਕਿ ਮਨੁੱਖ ਨੂੰ ਭੋਜਨ ਤਦੇ ਪ੍ਰਾਪਤ ਹੋਏਗਾ, ਜੇਕਰ ਮਨੁੱਖ ਪੱਲੇ ਰੁਜ਼ਗਾਰ ਹੋਏਗਾ। ਰੁਜ਼ਗਾਰ ਤਦੇ ਮਿਲੇਗਾ, ਜੇਕਰ ਹੱਥ ’ਚ ਕੋਈ ਸਿਖਲਾਈ ਹੋਏਗੀ। ਥਿੰਕ ਟਿੰਕ ਇਸਟੀਚੀਊਟ ਫਾਰ ਹਿਊਮਨ ਡਿਵੈਲਪਮੈਂਟ ਨੇ ਇੱਕ ਰਿਪੋਰਟ ਛਾਪੀ ਹੈ, ਭਾਰਤ ਬਾਰੇ, ਜਿਸ ’ਚ ਲਿਖਿਆ ਹੈ ਕਿ ਦੱਖਣੀ ਏਸ਼ੀਆਈ ਰਾਸ਼ਟਰ ਵਿੱਚ ਤਿੰਨ ਵਿਚੋਂ ਇੱਕ ਯੁਵਕ ਨਾ ਤਾਂ ਸਿੱਖਿਆ ਪ੍ਰਾਪਤ ਕਰ ਰਿਹਾ ਹੈ, ਨਾ ਹੀ ਉਹ ਕੋਈ ਸਿਖਲਾਈ ਪਰਾਪਤ ਕਰ ਰਿਹਾ ਹੈ। ਹਾਲਾਤ ਇਹ ਹਨ ਕਿ ਦੇਸ਼ ਵਿੱਚ ਪੜ੍ਹੇ ਲਿਖੇ ਯੁਵਕਾਂ ’ਚ ਬੇਰੁਜ਼ਗਾਰੀ ਦਰ 40 ਫ਼ੀਸਦੀ ਤੋਂ ਉਪਰ ਟੱਪ ਚੁੱਕੀ ਹੈ।

(ਬਾਕੀ ਸਫ਼ਾ 31 ’ਤੇ)



## ਸਿਆਸਤ ਦੀ ਗੱਲ ਕਰਦਿਆਂ...

# ਪੰਜਾਬ ਦੀ ਸਿਆਸਤ ਵਿੱਚ ਭਾਰੂ ਹੋ ਰਹੀ ਹੈ ਨਿੱਜੀ ਦੂਸ਼ਣਬਾਜ਼ੀ




ਜਦੋਂ ਵੀ ਪੰਜਾਬ ਦੀ ਸਿਆਸਤ ਦੀ ਗੱਲ ਤੁਰਦੀ ਹੈ ਤਾਂ ਅਕਸਰ ਇਹ ਕਿਹਾ ਜਾਂਦਾ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਅੱਜ ਕੱਲ੍ਹ ਲੋਕਤੰਤਰੀ ਕਦਰਾਂ ਕੀਮਤਾਂ ਦੀ ਪਾਲਣਾ ਘੱਟ ਕੀਤੀ ਜਾ ਰਹੀ ਹੈ ਅਤੇ ਪੰਜਾਬ ਦੀ ਸਿਆਸਤ ਵਿੱਚ ਨਿੱਜੀ ਦੂਸ਼ਣਬਾਜ਼ੀ ਵਧੇਰੇ ਭਾਰੂ ਹੋ ਰਹੀ ਹੈ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਣਿਆ ਢਾਈ ਸਾਲ ਦਾ ਸਮਾਂ ਹੋ ਗਿਆ ਹੈ। ਸੱਤਾਧਾਰੀ ਧਿਰ ਨਾਲ ਸਬੰਧਿਤ ਆਗੂਆਂ ਵੱਲੋਂ ਬੀਤੇ ਢਾਈ ਸਾਲ ਦੌਰਾਨ 'ਆਪ' ਸਰਕਾਰ ਵੱਲੋਂ ਕੀਤੇ ਗਏ ਕੰਮਾਂ ਨੂੰ ਵਡਿਆਇਆ ਜਾ ਰਿਹਾ ਹੈ, ਉਥੇ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ 'ਆਪ' ਸਰਕਾਰ 'ਤੇ ਲੋਕਾਂ ਨਾਲ ਕੀਤੇ ਗਏ ਵਾਅਦੇ ਪੂਰੇ ਨਾ ਕਰਨ ਦਾ ਦੋਸ਼ ਲਗਾਇਆ ਜਾ ਰਿਹਾ ਹੈ।

ਇੱਕ ਪਾਸੇ 'ਆਪ' ਆਗੂ ਕਹਿ ਰਹੇ ਹਨ ਕਿ ਢਾਈ ਸਾਲ ਦੇ ਕਾਰਜਕਾਲ ਦੌਰਾਨ 'ਆਪ' ਸਰਕਾਰ ਨੇ ਪੰਜਾਬੀਆਂ ਨਾਲ ਕੀਤੇ ਵੱਡੀ ਗਿਣਤੀ ਵਾਅਦੇ ਪੂਰੇ ਕੀਤੇ ਹਨ, ਉਥੇ ਵਿਰੋਧੀ ਸਿਆਸੀ ਆਗੂ ਕਹਿ ਰਹੇ ਹਨ ਕਿ ਪੰਜਾਬ ਦੀ 'ਆਪ' ਸਰਕਾਰ ਹਰ ਫਰੰਟ 'ਤੇ ਫ਼ੇਲ੍ਹ ਹੋ ਗਈ ਹੈ। ਇਸ ਦੌਰਾਨ ਪੰਜਾਬ ਦੀ ਸਿਆਸਤ ਵਿੱਚ ਨਿੱਜੀ ਦੂਸ਼ਣਬਾਜ਼ੀ ਕਰਨ ਦਾ ਰੁਝਾਨ ਵੀ ਉਭਰ ਕੇ ਸਾਹਮਣੇ ਆ ਰਿਹਾ ਹੈ। ਵੇਖਣ ਵਿੱਚ ਆਇਆ ਹੈ ਕਿ ਅਕਸਰ ਸਿਆਸੀ ਆਗੂ ਇੱਕ ਦੂਜੇ ਦੀ ਨਿਖੇਧੀ ਕਰਦਿਆਂ ਨਿੱਜੀ ਦੂਸ਼ਣਬਾਜ਼ੀ 'ਤੇ ਉਤਰ ਆਉਂਦੇ ਹਨ।

ਪੰਜਾਬੀਆਂ ਨੂੰ ਯਾਦ ਹੋਵੇਗਾ ਕਿ ਇੱਕ ਵਾਰ ਵਿਦੇਸ਼ ਦੌਰੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਜਹਾਜ਼ ਕੁਝ ਦੇਰੀ ਨਾਲ ਉੱਡਿਆ ਸੀ ਤਾਂ ਉਸ ਸਮੇਂ ਪੰਜਾਬ ਵਿੱਚ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਮੀਡੀਆ ਸਾਹਮਣੇ ਇਹ ਦੋਸ਼ ਲਗਾਏ ਸਨ ਕਿ ਭਗਵੰਤ ਮਾਨ ਨੇ ਸ਼ਰਾਬ ਪੀਤੀ ਹੋਣ ਕਰਕੇ ਜਹਾਜ਼ ਦੇਰੀ ਨਾਲ ਉੱਡਿਆ ਸੀ ਭਾਵੇਂ ਕਿ ਬਾਅਦ ਵਿੱਚ ਪੰਜਾਬ ਸਰਕਾਰ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਜਹਾਜ਼ ਕਿਸੇ ਤਕਨੀਕੀ ਕਾਰਨ ਕਰਕੇ ਦੇਰੀ ਨਾਲ ਉੱਡਿਆ ਸੀ। ਪਰ ਜਿਸ ਤਰੀਕੇ ਨਾਲ ਉਸ ਸਮੇਂ ਸੁਖਬੀਰ ਬਾਦਲ ਵਲੋਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿੱਜੀ ਦੂਸ਼ਣਬਾਜ਼ੀ ਕੀਤੀ ਗਈ, ਉਸਨੇ ਪੰਜਾਬ ਦੀ ਸਿਆਸਤ ਵਿੱਚ ਨਿੱਜੀ ਦੂਸ਼ਣਬਾਜ਼ੀ ਦੀ ਨਵੀਂ ਪਿਰਤ ਪਾ ਦਿੱਤੀ। ਇਸ ਤੋਂ ਇਲਾਵਾ ਕਈ ਵਿਰੋਧੀ ਸਿਆਸੀ ਆਗੂ ਪਿਛਲੇ ਸਮੇਂ ਦੌਰਾਨ ਅਕਸਰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਆਹ ਕਰਵਾਉਣ ਅਤੇ ਮਹਿੰਗੇ ਬੂਟ ਪਾਉਣ 'ਤੇ ਬਿਆਨਬਾਜ਼ੀ ਕਰਦੇ ਰਹਿੰਦੇ ਸਨ ਤਾਂ ਆਮ ਪੰਜਾਬੀਆਂ ਨੂੰ ਸਮਝ ਨਹੀਂ ਸੀ ਆਉਂਦੀ ਕਿ ਜੇ ਮੁੱਖ ਮੰਤਰੀ ਨੇ ਵਿਆਹ ਕਰਵਾ ਲਿਆ ਜਾਂ ਮਹਿੰਗੇ ਬੂਟ ਪਾ ਲਏ ਤਾਂ ਇਸ ਵਿੱਚ ਕੀ ਅਣਹੋਣੀ ਹੋ ਗਈ। ਹੋਰ ਸਿਆਸੀ ਆਗੂ ਵੀ ਤਾਂ ਮਹਿੰਗੇ ਬੂਟ, ਮਹਿੰਗੀਆਂ ਘੜੀਆਂ ਅਤੇ ਮਹਿੰਗੀਆਂ ਐਨਕਾਂ ਲਗਾਉਂਦੇ ਹਨ।





ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਪੰਜਾਬ ਵਿਧਾਨ ਸਭਾ ਦੇ ਪਿਛਲੇ ਸੈਸ਼ਨਾਂ ਨੂੰ ਅੱਖੀਂ ਵੇਖਣ ਵਾਲੇ ਦੱਸਦੇ ਹਨ ਕਿ ਪੰਜਾਬ ਵਿੱਚ ਮਾਨ ਸਰਕਾਰ ਬਣਨ ਤੋਂ ਪਹਿਲਾਂ ਸਦਨ ਵਿੱਚ ਮਹਿੰਗੇ ਕੁੜਤੇ ਪਜਾਮੇ, ਮਹਿੰਗੀਆਂ ਗੁੱਟ ਘੜੀਆਂ, ਮਹਿੰਗੀਆਂ ਐਨਕਾਂ ਵਾਲੇ ਸਿਆਸੀ ਆਗੂਆਂ ਦੀ ਭਰਮਾਰ ਹੁੰਦੀ ਸੀ ਅਤੇ ਹਰ ਵਾਰ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਰੀਬ ਇਕੋ ਜਿਹੇ ਚਿਹਰੇ ਵਿਧਾਨ ਸਭਾ ਸਦਨ ਵਿੱਚ ਨਜ਼ਰ ਆਉਂਦੇ ਸਨ ਪਰ ਢਾਈ ਸਾਲ ਪਹਿਲਾਂ ਆਮ ਆਦਮੀ ਪਾਰਟੀ ਦੀ ਜਿੱਤ ਤੋਂ ਬਾਅਦ ਪੰਜਾਬ ਵਿਧਾਨ ਸਭਾ ਸਦਨ ਵਿੱਚ ਲੰਬੇ ਸਮੇਂ ਬਾਅਦ ਨਵੀਂ ਪੌਦ ਦਿਖਾਈ ਦਿੱਤੀ ਅਤੇ ਪੰਜਾਬ ਵਿਧਾਨ ਸਭਾ ਦੇ ਸਦਨ ਵਿੱਚ ਆਮ ਲੋਕਾਂ ਵਿਚੋਂ ਚੁਣ ਕੇ ਆਏ ਹੋਏ ਵਿਧਾਇਕ ਨਜ਼ਰੀ ਪਏ। ਇਹਨਾਂ ਆਮ ਵਿਧਾਇਕਾਂ ਦਾ ਪਹਿਰਾਵਾ ਵੀ ਆਮ ਲੋਕਾਂ ਵਰਗਾ ਹੋਣ ਕਰਕੇ ਇਹ ਲੋਕਾਂ ਦੀ ਖਿੱਚ ਦਾ ਕੇਂਦਰ ਬਣੇ।

ਇਹ ਠੀਕ ਹੈ ਕਿ ਭਾਰਤ ਵਿੱਚ ਸੰਵਿਧਾਨ ਰਾਹੀਂ ਬੋਲਣ ਦੀ ਆਜ਼ਾਦੀ ਦਿੱਤੀ ਗਈ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਮੁੱਖ ਮੰਤਰੀ ਜਾਂ ਸਰਕਾਰ ਦੀ ਨਿਖੇਧੀ ਕਰਨ ਲੱਗਿਆ ਵਿਰੋਧੀ ਸਿਆਸੀ ਆਗੂ ਨਿੱਜੀ ਦੂਸ਼ਣਬਾਜ਼ੀ ਕਰਨ ਲੱਗ ਪੈਣ। ਹਰ ਸਰਕਾਰ ਦੇ ਗਲਤ ਕੰਮਾਂ ਦੀ ਨਿਖੇਧੀ ਕਰਨਾ ਅਤੇ ਸਰਕਾਰ ਨੂੰ ਨਿਰੰਕੁਸ਼ ਹੋਣ ਤੋਂ ਰੋਕਣਾ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਹੁੰਦੀ ਹੈ ਪਰ ਨਿੱਜੀ ਦੂਸ਼ਣਬਾਜ਼ੀ ਨੂੰ ਕਿਸੇ ਵੀ ਤਰਾਂ ਜਾਇਜ਼ ਨਹੀਂ ਕਿਹਾ ਜਾਂਦਾ। ਲੋਕਤੰਤਰ ਵਿੱਚ ਸਰਕਾਰ ਦੀ ਆਲੋਚਨਾ ਵੀ ਉਸਾਰੂ ਤਰੀਕੇ ਨਾਲ ਕੀਤੀ ਜਾਂਦੀ ਹੈ। ਮੁੱਖ ਮੰਤਰੀ ਦੇ ਅਹੁਦੇ ਦੀ ਇਕ ਸੰਵਿਧਾਨਕ ਮਰਿਆਦਾ ਹੁੰਦੀ ਹੈ, ਜਿਸਦੀ ਮਰਿਆਦਾ ਦਾ ਖਿਆਲ ਵਿਰੋਧੀ ਸਿਆਸੀ ਆਗੂਆਂ ਨੂੰ ਰਖਣਾ ਚਾਹੀਦਾ ਹੈ। ਇਥੇ ਅਸੀਂ ਆਪ ਸਰਕਾਰ, ਆਮ ਆਦਮੀ ਪਾਰਟੀ ਜਾਂ ਕਿਸੇ ਹੋਰ ਸਿਆਸੀ ਪਾਰਟੀ ਦਾ ਸਮਰਥਣ ਨਹੀਂ ਕਰ ਰਹੇ ਸਗੋਂ ਸਾਡੇ ਕਹਿਣ ਦਾ ਭਾਵ ਇਹ ਹੈ ਕਿ ਮੁੱਖ ਮੰਤਰੀ ਭਾਵੇਂ ਕਿਸੇ ਵੀ ਸਿਆਸੀ ਪਾਰਟੀ ਦਾ ਹੋਵੇ, ਉਸ ਦੇ ਸੰਵਿਧਾਨਕ ਅਹੁਦੇ ਦੀ ਮਾਣ ਮਰਿਆਦਾ ਅਤੇ ਲੋਕਤੰਤਰ ਦੀਆਂ ਕਦਰਾਂ ਕੀਮਤਾਂ ਦਾ ਖਿਆਲ ਜ਼ਰੂਰ ਵਿਰੋਧੀ ਸਿਆਸੀ ਆਗੂਆਂ ਨੂੰ ਰੱਖਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸੱਤਾਧਾਰੀ ਪਾਰਟੀ 'ਆਪ' ਦੇ ਆਗੂਆਂ ਨੂੰ ਵੀ ਬਿਆਨਬਾਜ਼ੀ ਕਰਦਿਆਂ ਅਤੇ ਵਿਰੋਧੀ ਸਿਆਸੀ ਆਗੂਆਂ ਦੀ ਨਿਖੇਧੀ ਕਰਦਿਆਂ ਮਰਿਆਦਾ ਵਿੱਚ ਰਹਿਣਾ ਚਾਹੀਦਾ ਹੈ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਸਾਰੀਆਂ ਹੀ ਸਿਆਸੀ ਧਿਰਾਂ ਦੇ ਆਗੂਆਂ ਨੂੰ ਇੱਕ ਦੂਜੇ ਵਿਰੁੱਧ ਬਿਆਨਬਾਜ਼ੀ ਕਰਦਿਆਂ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਨਿੱਜੀ ਦੂਸ਼ਣਬਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਪੰਜਾਬ ਦੀ 'ਆਪ' ਸਰਕਾਰ ਅਤੇ ਵਿਰੋਧੀ ਪਾਰਟੀਆਂ ਨੂੰ ਰਲ ਮਿਲ ਕੇ ਪੰਜਾਬ ਦੇ ਮਸਲਿਆਂ ਨੂੰ ਹੱਲ ਕਰਨ ਦੇ ਯਤਨ ਕਰਨੇ ਚਾਹੀਦੇ ਹਨ ਤਾਂ ਕਿ ਪੰਜਾਬ ਮੁੜ ਵਿਕਸਤ ਸੂਬਾ ਬਣ ਸਕੇ। ਇਹ ਠੀਕ ਹੈ ਕਿ ਪੰਜਾਬ ਕਈ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਪਰ ਇਹ ਸਮੱਸਿਆਵਾਂ ਅਜਿਹੀਆਂ ਵੀ ਨਹੀਂ ਕਿ ਜਿਨ੍ਹਾਂ ਦਾ ਕੋਈ ਹੱਲ ਨਾ ਹੋ ਸਕੇ। ਇਹਨਾਂ ਸਮੱਸਿਆਵਾਂ ਦਾ ਹੱਲ ਕਰਨ ਲਈ ਪੰਜਾਬ ਸਰਕਾਰ ਨੂੰ ਵਿਰੋਧੀ ਪਾਰਟੀਆਂ ਦੇ ਸਹਿਯੋਗ ਨਾਲ ਯੋਗ ਉਪਰਾਲੇ ਕਰਨੇ ਚਾਹੀਦੇ ਹਨ। ਇਹੋ ਅੱਜ ਦੇ ਸਮੇਂ ਦੀ ਮੰਗ ਵੀ ਹੈ ਅਤੇ ਲੋੜ ਵੀ।







# ਅਕਾਲੀ ਦਲ ਨੂੰ ਦਰਪੇਸ਼ ਚੁਣੌਤੀਆਂ

**ਡਾ. ਗੁਰਮੋਹਨ ਸਿੰਘ ਵਾਲੀਆ**
(ਸਾਬਕਾ ਵਾਈਸ ਚਾਂਸਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ)







ਸੰਨ 1966 ਦੇ ਪੁਨਰ-ਗਠਨ ਤੋਂ ਬਾਅਦ ਪੰਜਾਬ ਸਿੱਖ ਬਹੁ-ਗਿਣਤੀ ਰਾਜ ਬਣਿਆ ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਬਣਨੀਆਂ ਸ਼ੁਰੂ ਹੋਈਆਂ। ਜਸਟਿਸ ਗੁਰਨਾਮ ਸਿੰਘ, ਪ੍ਰਕਾਸ਼ ਸਿੰਘ ਬਾਦਲ, ਲਛਮਣ ਸਿੰਘ ਗਿੱਲ ਤੇ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਾਲੀਆਂ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਨੇ ਪੰਜਾਬ ਵਿੱਚ ਤਕਰੀਬਨ ਦੋ ਦਹਾਕੇ ਰਾਜ ਕੀਤਾ। ਸੰਨ 1984 ਦੇ ਵੱਡੇ ਦੁਖਾਂਤ ਤੋਂ ਬਾਅਦ ਪੰਜਾਬ ਵਿੱਚ ਪਹਿਲੀ ਵਾਰ 1997 ਤੋਂ 2002 ਤੱਕ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਅਧੀਨ ਅਕਾਲੀ-ਭਾਜਪਾ ਸਰਕਾਰ ਨੇ 5 ਸਾਲ ਦਾ ਆਪਣਾ ਕਾਰਜਕਾਲ ਪੂਰਾ ਕੀਤਾ। ਉਹ ਸਮਾਂ ਵੀ ਵਿਵਾਦਾਂ ਵਿੱਚ ਘਿਰਿਆ ਰਿਹਾ ਕਿਉਂ ਜੋ ਪੰਥ ਦੋਖੀਆਂ ਨੇ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਿੱਚ ਮਤਭੇਦ ਪੈਦਾ ਕਰ ਦਿੱਤੇ ਜਿਸ ਦਾ ਨੁਕਸਾਨ 2002 ਵਿੱਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਹੋਇਆ।

ਕਿਸੇ ਵੀ ਸਿਆਸੀ ਪਾਰਟੀ ਦਾ ਨਿਸ਼ਾਨਾ ਸੱਤਾ ਦੀ ਪ੍ਰਾਪਤੀ ਹੁੰਦਾ ਹੈ ਅਤੇ ਸੱਤਾ ਹਾਸਲ ਹੋਣ ਉਪਰੰਤ ਉਹ ਲੋਕਾਂ ਨਾਲ ਚੋਣਾਂ ਦੌਰਾਨ ਕੀਤੇ ਗਏ ਵਾਅਦਿਆਂ ਦੀ ਪੂਰਤੀ ਲਈ ਕਾਰਜ ਕਰਦੀ ਹੈ। ਜੇ ਲੰਬਾ ਸਮਾਂ ਰਾਜਨੀਤਕ ਪਾਰਟੀ ਸੱਤਾ ਤੋਂ ਦੂਰ ਰਹਿੰਦੀ ਹੈ ਤਾਂ ਉਸ ਦੇ ਪੈਰੋਕਾਰਾਂ, ਵਰਕਰਾਂ, ਹਮਾਇਤੀਆਂ ਅਤੇ ਪ੍ਰਸ਼ੰਸਕਾਂ ਵਿੱਚ ਉਦਾਸੀਨਤਾ ਆ ਜਾਂਦੀ ਹੈ। ਕਈ ਵਾਰ ਰਾਜਨੀਤਕ ਖਲਾਅ ਪੈਦਾ ਹੋਣ ’ਤੇ ਲੋਕਾਂ ਦਾ ਰੋਹ ਹੋਰ ਬਦਲ ਤਲਾਸ਼ ਲੈਂਦਾ ਹੈ। ਅੱਕੇ-ਥੱਕੇ ਹੋਏ ਲੋਕ ਕਈ ਵਾਰੀ ਬਦਲ ਦੀ ਤਲਾਸ਼ ਵਿੱਚ ਗ਼ਲਤ ਚੋਣ ਵੀ ਕਰ ਲੈਂਦੇ ਹਨ।

ਕੁਝ ਇਸੇ ਤਰ੍ਹਾਂ ਦਾ ਅਨੁਭਵ ਪੰਜਾਬ ਵਿਚ ਪਿਛਲੇ ਕੁਝ ਸਾਲਾਂ ਤੋਂ ਹੋਇਆ ਹੈ। ਦੁਨੀਆਂ ਵਿੱਚ ਸਿੱਖ ਪੰਥ ਜਾਂ ਸਿੱਖ ਕੌਮ ਦੀ ਇੱਕੋ-ਇੱਕ ਰਾਜਨੀਤਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਹੈ ਅਤੇ ਉਸ ਦੀ ਸਿਆਸੀ ਅਧੋਗਤੀ ਨਾਲ ਸਿੱਖ ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਿਆਸੀ ਖ਼ਲਾਅ ਕਾਰਨ ਹੁਣ ਸਿੱਖ ਨੌਜਵਾਨਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਰਿਹਾ ਤੇ ਅੱਜ ਸਿੱਖ ਨੌਜਵਾਨ ਵੱਡੀ ਗਿਣਤੀ ਵਿੱਚ ਪੰਜਾਬ ਨੂੰ ਛੱਡ ਕੇ ਵਿਦੇਸ਼ਾਂ ਵਿੱਚ ਕੰਮਕਾਜ ਲੈਣ ਲਈ ਮਜਬੂਰ ਹੋਏ ਹਨ। ਇਹੀ ਨਹੀਂ, ਜ਼ਿਆਦਾਤਰ ਸਿੱਖ ਨੌਜਵਾਨ ਨਸ਼ਿਆਂ ਦੀ ਲਪੇਟ ਵਿੱਚ ਆ ਗਏ ਹਨ। ਇਸ ਸਭ ਲਈ ਸਮੇਂ ਦੀ ਸਿਆਸੀ ਲੀਡਰਸ਼ਿਪ ਸਿੱਧੇ ਤੌਰ ’ਤੇ ਜ਼ਿੰਮੇਵਾਰ ਹੈ। ਸੰਨ 2007 ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਗ੍ਰਾਫ ਵਿੱਚ ਲਗਾਤਾਰ ਗਿਰਾਵਟ ਆਈ ਹੈ। ਉਦੋਂ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਨਾਲ ਰਲ ਕੇ ਚੋਣ ਲੜੀ ਸੀ ਤੇ 93 ਸੀਟਾਂ ਵਿੱਚੋਂ 48 ਸੀਟਾਂ ਜਿੱਤੀਆਂ ਸਨ।

ਭਾਜਪਾ ਨੇ 23 ਸੀਟਾਂ ’ਚੋਂ 19 ਸੀਟਾਂ ਜਿੱਤੀਆਂ ਸਨ ਅਤੇ ਪੰਜਾਬ ਵਿਚ 45.4 ਸਾਂਝਾ ਵੋਟ ਪ੍ਰਤੀਸ਼ਤ ਹਾਸਲ ਕਰ ਕੇ ਗੱਠਜੋੜ ਸਰਕਾਰ ਬਣਾਈ ਸੀ। ਸੰਨ 2012 ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਵੋਟ ਸ਼ੇਅਰ 45.4 ਤੋਂ ਘਟ ਕੇ 41.9 ਪ੍ਰਤੀਸ਼ਤ ਰਹਿ ਗਿਆ ਸੀ ਜਿਸ ਵਿੱਚ ਅਕਾਲੀ ਦਲ ਦੀ 34.7 ਪ੍ਰਤੀਸ਼ਤ ਵੋਟਾਂ ਦੀ ਹਿੱਸੇਦਾਰੀ ਸੀ। ਸੰਨ 2017 ਵਿੱਚ ਇਹ ਸਾਂਝਾ ਪ੍ਰਤੀਸ਼ਤ 30.8 ’ਤੇ ਸਿਮਟ ਗਿਆ ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ 25.4 ਪ੍ਰਤੀਸ਼ਤ ਵੋਟਾਂ ਮਿਲੀਆਂ ਅਤੇ 94 ਸੀਟਾਂ ਲੜਨ ਉਪਰੰਤ ਉਹ ਕੇਵਲ 15 ਸੀਟਾਂ ਹੀ ਜਿੱਤ ਸਕਿਆ। ਇਸ ਦੀ ਭਾਈਵਾਲ ਭਾਜਪਾ 23 ਸੀਟਾਂ ’ਚੋਂ 3 ਸੀਟਾਂ ਹਾਸਲ ਕਰ ਸਕੀ।

ਸੰਨ 2022 ਦੀਆਂ ਅਸੈਂਬਲੀ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਾ ਗ੍ਰਾਫ ਹੋਰ ਥੱਲੇ ਡਿੱਗ ਪਿਆ ਤੇ ਵੋਟ ਪ੍ਰਤੀਸ਼ਤ 18.5 ’ਤੇ ਆ ਗਈ। ਸ਼੍ਰੋਮਣੀ ਅਕਾਲੀ ਦਲ ਨੇ 97 ਸੀਟਾਂ ’ਤੇ ਚੋਣ ਲੜੀ ਪਰ ਕੇਵਲ 3 ਸੀਟਾਂ ਹੀ ਪ੍ਰਾਪਤ ਹੋਈਆਂ। ਜਦਕਿ ਭਾਜਪਾ ਨੇ ਅਲੱਗ ਹੋ ਕੇ 73 ਸੀਟਾਂ ’ਤੇ ਚੋਣ ਲੜੀ ਤੇ 2 ਸੀਟਾਂ ਉਸ ਦੇ ਪੱਲੇ ਪਈਆਂ। ਪਾਰਲੀਮੈਂਟ ਚੋਣਾਂ ਦੀ ਗੱਲ ਕਰੀਏ ਤਾਂ 2009 ਵਿੱਚ ਅਕਾਲੀ ਦਲ 10 ’ਤੇ ਲੜਿਆ ਸੀ ਜਿਨ੍ਹਾਂ ਵਿੱਚੋਂ ਚਾਰ ਸੀਟਾਂ ਹਾਸਲ ਕਰ ਸਕਿਆ ਸੀ ਜਦਕਿ ਵੋਟ ਪ੍ਰਤੀਸ਼ਤ 33.9 ਸੀ।

ਇਸੇ ਤਰ੍ਹਾਂ 2014 ਵਿੱਚ 10 ਸੀਟਾਂ ਵਿੱਚੋਂ ਚਾਰ ਸੀਟਾਂ ਹੀ ਮਿਲੀਆਂ ਸਨ ਅਤੇ ਵੋਟ ਸ਼ੇਅਰ ਘਟ ਕੇ 26.4 ਰਹਿ ਗਿਆ। ਜਦਕਿ ਇਹ ਚੋਣ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਨਾਲ ਰਲ ਕੇ ਲੜੀ ਸੀ ਤੇ ਇਨ੍ਹਾਂ ਦਾ ਸਾਂਝਾ ਵੋਟ ਪ੍ਰਤੀਸ਼ਤ 35.2 ਸੀ। ਸੰਨ 2019 ਵਿਚ ਸ਼੍ਰੋਮਣੀ ਅਕਾਲੀ ਦੇ 10 ਸੀਟਾਂ ਵਿੱਚੋਂ ਦੋ ਸੀਟਾਂ ਹੀ ਪੱਲੇ ਪਈਆਂ ਸਨ ਅਤੇ ਇਸ ਸਾਲ ਦੀ ਚੋਣ ਵਿੱਚ 13 ਸੀਟਾਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਕੇਵਲ ਇਕ ਸੀਟ ਬਠਿੰਡੇ ਵਾਲੀ ਹੀ ਜਿੱਤ ਸਕਿਆ ਤੇ ਇਨ੍ਹਾਂ ਦਾ ਵੋਟ ਸ਼ੇਅਰ ਘਟ ਕੇ 13.5 ਰਹਿ ਗਿਆ।

ਇਸ ਚੋਣ ਦੌਰਾਨ 13 ਵਿੱਚੋਂ 10 ਉਮੀਦਵਾਰ ਆਪਣੀ ਜ਼ਮਾਨਤ ਵੀ ਬਚਾ ਨਹੀਂ ਸਕੇ ਜੋ 1966 ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਸਭ ਤੋਂ ਸ਼ਰਮਨਾਕ ਹਾਰ ਹੈ।

ਇਸ ਹਾਰ ਦਾ ਮੁੱਖ ਕਾਰਨ ਅਕਾਲੀ-ਭਾਜਪਾ ਦਾ ਤੋੜ-ਵਿਛੋੜਾ ਸੀ। ਇਸ ਸਾਂਝ-ਪਿਆਲੀ ਨੂੰ ਪ੍ਰਕਾਸ਼ ਸਿੰਘ ਬਾਦਲ ‘ਨਹੁੰ-ਮਾਸ ਦਾ ਰਿਸ਼ਤਾ’ ਕਿਹਾ ਕਰਦੇ ਸਨ। ਕਾਂਗਰਸ ਨੇ 2024 ’ਚ 13 ਵਿੱਚੋਂ ਸੱਤ ਸੀਟਾਂ ਜਿੱਤੀਆਂ, ਆਮ ਆਦਮੀ ਪਾਰਟੀ (ਆਪ) ਨੇ 13 ਵਿੱਚੋਂ ਤਿੰਨ ਅਤੇ ਖਡੂਰ ਸਾਹਿਬ ਤੇ ਫਰੀਦਕੋਟ ਸੀਟ ’ਤੇ ਕ੍ਰਮਵਾਰ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਖ਼ਾਲਸਾ ਬਤੌਰ ਆਜ਼ਾਦ ਉਮੀਦਵਾਰ ਜਿੱਤੇ।

ਸੰਨ 2007 ਤੋਂ ਬਾਅਦ ਪੰਜਾਬ ਦੀ ਪ੍ਰਮੁੱਖ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਲੋਕਾਂ ਵਿੱਚ ਲਗਾਤਾਰ ਸਾਖ਼ ਡਿੱਗਦੀ ਗਈ ਅਤੇ ਅਸੈਂਬਲੀ ਦੀਆਂ 117 ਸੀਟਾਂ ਵਿੱਚੋਂ ਹੁਣ ਤਿੰਨ ਸੀਟਾਂ ਅਤੇ ਪਾਰਲੀਮੈਂਟ ਵਿੱਚ 13 ਸੀਟਾਂ ਵਿਚੋਂ ਕੇਵਲ ਇੱਕ ਸੀਟ ਸ਼੍ਰੋਮਣੀ ਅਕਾਲੀ ਦਲ ਜਿੱਤ ਸਕਿਆ ਹੈ। ਇਸ ਸਿਆਸੀ ਗਿਰਾਵਟ ਦਾ ਕਾਰਨ ਕੀ ਹੈ? ਕੀ ਇਹ ਪਾਰਟੀ ਲੀਡਰਸ਼ਿਪ ਦੀ ਅਸਫਲਤਾ ਹੈ? ਹੁਣ ਜੇ ਪਾਰਟੀ ਦੀ ਲਗਾਤਾਰ ਅਸਫਲਤਾ ਵੱਲ ਝਾਤ ਮਾਰੀਏ ਤਾਂ ਇਸ ਦੇ ਕੁਝ ਪ੍ਰਮੁੱਖ ਕਾਰਨ ਨਜ਼ਰ ਆਉਂਦੇ ਹਨ ਜਿਨ੍ਹਾਂ ਵਿੱਚ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨਾਲ ਗੰਢ-ਤੁੱਪ ਕਰਨੀ ਵੀ ਇੱਕ ਮੁੱਖ ਕਾਰਨ ਹੈ। ਰਾਮ ਰਹੀਮ ਵੱਲੋਂ ਸਿੱਖ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਕਰਨੀ ਸ਼ਾਮਲ ਹੈ। ਸਤਾਰਾਂ ਮਈ 2007 ਨੂੰ ਸਿੱਖ ਕੌਮ ਦੇ ਨਾਂ ਪੰਜ ਸਿੰਘ ਸਾਹਿਬਾਨ ਦਾ ਹੁਕਮਨਾਮਾ ਆਇਆ ਸੀ ਕਿ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਸਿੰਘ ਵੱਲੋਂ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਵਾਂਗ ਲਿਬਾਸ ਪਹਿਨ ਕੇ ਅੰਮ੍ਰਿਤ ਛਕਾਉਣ ਦਾ ਸਵਾਂਗ ਰਚਾਇਆ ਜਿਸ ਨਾਲ ਸਿੱਖ ਹਿਰਦੇ ਵਲੂੰਧਰੇ ਗਏ। ਦੀਰਘ ਵਿਚਾਰ ਕਰਨ ਉਪਰੰਤ ਸਿੰਘ ਸਾਹਿਬਾਨ ਨੇ ਹੁਕਮਨਾਮਾ ਜਾਰੀ ਕਰ ਕੇ ਸਮੂਹ ਸਿੱਖ ਸੰਗਤ ਨੂੰ ਆਦੇਸ਼ ਦਿੱਤਾ ਸੀ ਕਿ ਉਹ ਇਸ ਦੰਭੀ ਅਤੇ ਪੰਥ ਦੋਖੀ ਤੇ ਉਸ ਨਾਲ ਸਬੰਧਤ ਕਿਸੇ ਵੀ ਵਿਅਕਤੀ ਨਾਲ ਕਿਸੇ ਕਿਸਮ ਦਾ ਧਾਰਮਿਕ, ਸਮਾਜਿਕ, ਭਾਈਚਾਰਕ ਅਤੇ ਰਾਜਸੀ ਸਬੰਧ ਨਾ ਰੱਖੇ। ਹੁਕਮਨਾਮੇ ਦੀ ਲੋਅ ’ਚ ਡੇਰਾ ਮੁਖੀ ਨਾਲ ‘ਰੋਟੀ-ਬੇਟੀ’ ਦੀ ਸਾਂਝ ਤੋੜ ਦਿੱਤੀ ਗਈ ਸੀ। ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਅੱਖੋਂ-ਪ੍ਰੋਖੇ ਕਰ ਕੇ ਪੰਥਕ ਵਿਰੋਧੀ ਡੇਰਾ ਸਿਰਸਾ ਵਾਲਿਆਂ ਨਾਲ ਗੱਠਜੋੜ, ਬਾਬੇ ਵੱਲੋਂ ਭੇਜੇ ਗਏ ਸਪਸ਼ਟੀਕਰਨ ਨੂੰ ਮਾਫ਼ੀਨਾਮੇ ਵਿੱਚ ਬਦਲਣ ਦੀ ਕੀਤੀ ਗਈ ਕੋਝੀ ਹਰਕਤ ਅਕਾਲੀ ਦਲ ਨੂੰ ਬੇਹੱਦ ਮਹਿੰਗੀ ਪਈ। ਡੇਰਾ ਮੁਖੀ ਦੇ ਸਪਸ਼ਟੀਕਰਨ ’ਚ ਆਪਣੇ ਵੱਲੋਂ ਖਿਮਾ ਦਾ ਜਾਚਕ ਲਿਖਿਆ ਜਾਣਾ ਬੱਜਰ ਗੁਨਾਹ ਸੀ।

ਬਰਗਾੜੀ ਕਾਂਡ ਤੇ ਜਵਾਹਰਕੇ ਵਿੱਚ ਹੋਈਆਂ ਪੰਥ ਵਿਰੋਧੀ ਤੇ ਪੰਜਾਬ ਵਿਰੋਧੀ ਘਟਨਾਵਾਂ ’ਤੇ ਪਰਦਾ ਪਾਉਣ ਦੀਆਂ ਨਾਕਾਮ ਕੋਸ਼ਿਸ਼ਾਂ ਅਤੇ ਪੰਥਕ ਮਰਿਆਦਾ ਦੀ ਉਲੰਘਣਾ ਕਰ ਕੇ ਕੀਤੇ ਗਏ ਗੁਨਾਹਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਦੀ ਰਾਜਨੀਤੀ ਵਿੱਚ ਸੰਪੂਰਨ ਤੌਰ ’ਤੇ ਹਾਸ਼ੀਏ ਤੋਂ ਪਰ੍ਹਾਂ ਧੱਕ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ 2007 ਤੋਂ 2024 ਤੱਕ ਪੰਥ ਵਿਰੋਧੀ ਤਾਕਤਾਂ ਨਾਲ ਮਿਲ ਕੇ ਪੰਜਾਬ ਦੀ ਨੌਜਵਾਨੀ ਤੇ ਕਿਸਾਨੀ ਦਾ ਵੱਡਾ ਨੁਕਸਾਨ ਕੀਤਾ।

ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਗੁਆਚੀ ਹੋਈ ਪੰਥਿਕ ਜ਼ਮੀਨ ਨੂੰ ਤਲਾਸ਼ਣ ਲਈ ਵਿਸ਼ੇਸ਼ ਯਤਨ ਕਰਨੇ ਹੋਣਗੇ। ਸਿੱਖ ਐਜੂਕੇਸ਼ਨ ਕਮਿਸ਼ਨ/ਬੋਰਡ ਦਾ ਗਠਨ ਕਰ ਕੇ ਸਿੱਖ ਭਾਈਚਾਰੇ ਦਾ ਥਿੰਕ ਟੈਂਕ ਤਿਆਰ ਕਰਨਾ ਹੋਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਪੰਜ ਇੰਜੀਨੀਅਰਿੰਗ ਕਾਲਜ, 40 ਗ੍ਰੈਜੂਏਸ਼ਨ ਤੇ ਪੋਸਟ ਗ੍ਰੈਜੂਏਸ਼ਨ ਕਾਲਜ ਚਲਾਏ ਜਾ ਰਹੇ ਹਨ। ਸਿੱਖ ਭਾਈਚਾਰੇ ਦਾ ਪ੍ਰਸਤਾਵਿਤ ‘ਥਿੰਕ ਟੈਂਕ’ ਇਨ੍ਹਾਂ ਵਿੱਚ ਸੁਧਾਰ ਲਿਆਉਣ ਲਈ ਕ੍ਰਾਂਤੀਕਾਰੀ ਸੁਝਾਅ ਦੇ ਸਕਦਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖੀ ਦਾ ਟਰੇਨਿੰਗ ਸੈਂਟਰ ਸਥਾਪਤ ਕਰਨਾ ਸਮੇਂ ਦੀ ਲੋੜ ਹੈ। ਰਾਗੀ ਸਾਹਿਬਾਨ, ਪ੍ਰਚਾਰਕ, ਢਾਡੀ ਸਾਹਿਬਾਨ, ਕਥਾ ਵਾਚਕ, ਪ੍ਰਬੰਧਕੀ ਸਟਾਫ, ਸੇਵਾਦਾਰ ਤੇ ਗੁਰਦੁਆਰਿਆਂ ਨਾਲ ਸਬੰਧਤ ਹੋਰ ਸਟਾਫ ਦੀ ਸਿਖਲਾਈ ਤੇ ਸਿੱਖ ਧਰਮ ਦੇ ਪ੍ਰਚਾਰ ਤੇ ਦੇਸ਼-ਵਿਦੇਸ਼ ’ਚ ਪ੍ਰਸਾਰ ਬਾਰੇ ਦੀਰਘ ਵਿਚਾਰਾਂ ਹੋ ਚੁੱਕੀਆਂ ਹਨ ਜਿਸ ਨਾਲ ਸਬੰਧਤ ਪ੍ਰਸਤਾਵ ਦਾ ਖਰੜਾ ਵੀ ਪਿਛਲੇ 18-20 ਸਾਲਾਂ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬਾਨ ਨੂੰ ਕਈ ਵਾਰ ਭੇਜਿਆ ਜਾ ਚੁੱਕਾ ਹੈ।

# ਮੁਫ਼ਤ ਦੀਆਂ ਸਹੂਲਤਾਂ ਵੰਡਣ ਨਾਲ ਕਿਵੇਂ ਆਤਮ-ਨਿਰਭਰ ਹੋਣਗੇ ਨਾਗਰਿਕ ?

**ਨਵਤੇਜ ਸਿੰਘ ਮੱਲੀ**

ਨਿਰਸੰਦੇਹ ਭਾਰਤ ਦੁਨੀਆਂ ਦੀ 5ਵੀਂ ਵੱਡੀ ਅਰਥ-ਵਿਵਸਥਾ ਵਾਲਾ ਦੇਸ਼ ਬਣ ਚੁੱਕਾ ਹੈ। ਅਜੋਕੇ ਸਮੇਂ ਰਾਸ਼ਟਰੀ ਮੀਡੀਆ ’ਚ ਇਹ ਪ੍ਰਚਾਰ ਜ਼ੋਰ-ਸ਼ੋਰ ਨਾਲ ਦੇਖਣ-ਸੁਣਨ ਨੂੰ ਮਿਲ ਰਿਹਾ ਹੈ ਕਿ ਆਉਂਦੇ ਕੁਝ ਸਾਲਾਂ ’ਚ ਦੇਸ਼ ਜਰਮਨੀ ਤੇ ਜਾਪਾਨ ਵਰਗੇ ਦੇਸ਼ਾਂ ਨੂੰ ਪਛਾੜ ਕੇ ਤੀਜੀ ਵੱਡੀ ਅਰਥ-ਵਿਵਸਥਾ ਬਣ ਜਾਵੇਗਾ। ਜੇਕਰ ਭਾਰਤ ਫਿਲਹਾਲ ਦੁਨੀਆ ਦੀ 5ਵੀਂ ਵੱਡੀ ਅਰਥ-ਵਿਵਸਥਾ ਵਾਲਾ ਦੇਸ਼ ਵੀ ਹੈ ਤਾਂ ਇਹ ਵੀ ਆਪਣੇ-ਆਪ ’ਚ ਵੱਡੀ ਪ੍ਰਾਪਤੀ ਹੈ। ਨਿਸ਼ਚਿਤ ਹੀ ਜੇਕਰ ਕੋਈ ਦੇਸ਼ ਆਰਥਿਕ ਪੱਖੋਂ ਮਜ਼ਬੂਤ ਹੈ ਤਾਂ ਇਸ ਦੇ ਨਾਗਰਿਕ ਵੀ ਖ਼ੁਸ਼ਹਾਲੀ ਭਰਿਆ ਜੀਵਨ ਜਿਊ ਰਹੇ ਹੋਣਗੇ, ਪਰ ਭਾਰਤ ਅਜਿਹੇ ਮਾਪਦੰਡਾਂ ’ਤੇ ਖਰਾ ਉਤਰਦਾ ਨਜ਼ਰ ਨਹੀਂ ਆਉਂਦਾ। ਭਾਰਤ ਤਾਂ ਅਮੀਰ ਹੈ, ਦੁਨੀਆਂ ਦੀ ਪੰਜਵੀਂ ਵੱਡੀ ਅਰਥ-ਵਿਵਸਥਾ ਹੈ ਪਰ ਇਸ ਦੀ 80 ਕਰੋੜ ਆਬਾਦੀ ਕੇਂਦਰ ਸਰਕਾਰ ਦੁਆਰਾ ਦਿੱਤੀ ਜਾਂਦੀ ਮੁਫ਼ਤ ਅਨਾਜ ਯੋਜਨਾ ਰੂਪੀ ਖ਼ੈਰਾਤ ’ਤੇ ਨਿਰਭਰ ਹੈ।

5ਵੀਂ ਵੱਡੀ ਅਰਥ-ਵਿਵਸਥਾ ਬਣਨ ਨਾਲ ਵੀ ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਗੁਰਬਤ ਭਰੀ ਜ਼ਿੰਦਗੀ ਬਸਰ ਕਰ ਰਿਹਾ ਹੈ। ਜ਼ਮੀਨੀ ਪੱਧਰ ’ਤੇ ਆਮ ਨਾਗਰਿਕਾਂ ਦੇ ਹਾਲਾਤ ’ਚ ਕੋਈ ਸੁਧਾਰ ਨਹੀਂ ਹੋ ਸਕਿਆ। ਆਬਾਦੀ ਦੇ ਵੱਡੇ ਹਿੱਸੇ ਸਾਹਮਣੇ ਅੱਜ ਵੀ ਰੋਟੀ, ਕੱਪੜਾ ਤੇ ਮਕਾਨ ਦੀ ਚੁਣੌਤੀ ਬਰਕਰਾਰ ਹੈ। ਰੁਜ਼ਗਾਰ ਸਿੱਖਿਆ, ਸਾਫ਼ ਪਾਣੀ, ਬਿਜਲੀ, ਸਿਹਤ ਸਹੂਲਤਾਂ ਆਦਿ ਦਾ ਆਪਣੇ ਲਈ ਪ੍ਰਬੰਧ ਕਰ ਸਕਣ ਦੀ ਯੋਗਤਾ ਇਨ੍ਹਾਂ ’ਚ ਹਾਲੇ ਵੀ ਨਹੀਂ ਹੈ। ਆਬਾਦੀ ਦੇ ਏਨੇ ਵੱਡੇ ਹਿੱਸੇ ਨੂੰ ਖ਼ੈਰਾਤ ’ਚ ਸਰਕਾਰ ਦੁਆਰਾ ਦਿੱਤੀ ਗਈ ਆਟੇ ਦੀ ਥੈਲੀ ਸਭ ਤੋਂ ਵੱਡਾ ਵਿਕਾਸ ਜਾਪਦੀ ਹੈ। ਵੱਡਾ ਮੁੱਦਾ ਇਹ ਹੈ ਕਿ ਦੇਸ਼ ਆਰਥਿਕ ਪੱਖੋਂ ਸਾਧਨ ਸੰਪੰਨ ਹੈ, ਪਰ ਇਸ ਦਾ ਲਾਭ ਹੇਠਲੇ ਪੱਧਰ ਤੱਕ ਆਮ ਲੋਕਾਂ ਤੱਕ ਨਹੀਂ ਪਹੁੰਚ ਸਕਿਆ। ਖ਼ੁਸ਼ਹਾਲ ਦੇਸ਼ ਦੇ ਜੇਕਰ ਨਾਗਰਿਕ ਗ਼ਰੀਬ ਹਨ ਤਾਂ ਇਸ ਦਾ ਸਿੱਧਾ ਅਰਥ ਹੈ ਕਿ ਸਰਕਾਰ ਦੀਆਂ ਨੀਤੀਆਂ ਦੋਸ਼ਪੂਰਨ ਹਨ, ਜਿਸ ਕਾਰਨ ਆਮ ਲੋਕਾਂ ਦਾ ਜੀਵਨ ਪੱਧਰ ਉੱਚਾ ਨਹੀਂ ਉਠ ਰਿਹਾ। ਦੁਨੀਆਂ ’ਚ ਜਿੰਨੀਆਂ ਵੀ ਵੱਡੀਆਂ ਅਰਥ-ਵਿਵਸਥਾਵਾਂ ਹਨ, ਉਨ੍ਹਾਂ ’ਚ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ’ਚ ਭਾਰਤ ਸਭ ਤੋਂ ਗਰੀਬ ਸ਼੍ਰੇਣੀ ’ਚ ਸ਼ਾਮਿਲ ਹੈ। ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 2 ਲੱਖ ਦੇ ਕਰੀਬ ਹੈ। ਜਦਕਿ ਅਮਰੀਕਾ ਦੀ ਪ੍ਰਤੀ ਵਿਅਕਤੀ ਆਮਦਨ 80,035 ਡਾਲਰ ਭਾਰਤ ਤੋਂ 31 ਫ਼ੀਸਦੀ ਜ਼ਿਆਦਾ ਹੈ। ਅਮਰੀਕਾ ਤਾਂ ਦੁਨੀਆ ਦਾ ਸਭ ਤੋਂ ਅਮੀਰ ਦੇਸ਼ ਹੈ। ਅਰਥ-ਵਿਵਸਥਾ ਦੀ ਮਜ਼ਬੂਤੀ ਪੱਖੋਂ ਸਾਡੇ ਦੇਸ਼ ਤੋਂ ਪਿਛਲੀਆਂ ਕਤਾਰਾਂ ’ਚ ਖੜ੍ਹੇ ਦੇਸ਼ ਯੂ.ਕੇ. ਦੀ ਪ੍ਰਤੀ ਵਿਅਕਤੀ ਆਮਦਨ ਭਾਰਤ ਤੋਂ 18 ਗੁਣਾਂ ਜ਼ਿਆਦਾ ਅਤੇ ਕੈਨੇਡਾ ਦੀ 20 ਫ਼ੀਸਦੀ ਜ਼ਿਆਦਾ ਹੈ। ਜੇਕਰ ਪ੍ਰਤੀ ਵਿਅਕਤੀ ਆਮਦਨ ਦੇ ਘੱਟ ਹੋਣ ਦਾ ਕਾਰਨ ਵੱਧ ਆਬਾਦੀ ਹੈ ਤਾਂ ਚੀਨ ਦੀ ਆਬਾਦੀ ਵੀ ਸਾਡੇ ਦੇਸ਼ ਦੇ ਨੇੜੇ ਤੇੜੇ ਹੀ ਹੈ ਪਰ ਤਾਂ ਵੀ ਚੀਨ ਦੀ ਪ੍ਰਤੀ ਵਿਅਕਤੀ ਆਮਦਨ ਭਾਰਤ ਤੋਂ 5 ਗੁਣਾਂ ਜ਼ਿਆਦਾ ਹੈ। ਅੱਜ ਜੇਕਰ ਆਰਥਿਕ ਪੱਖੋਂ ਮਜ਼ਬੂਤ ਭਾਰਤ ਦੇ ਬਹੁਗਿਣਤੀ ਲੋਕ ਦੋ ਵਕਤ ਦੀ ਰੋਟੀ ਲਈ ਸਖ਼ਤ ਸੰਘਰਸ਼ ’ਚੋਂ ਗੁਜ਼ਰ ਰਹੇ ਹਨ ਤਾਂ ਇਸ ਦਾ ਮੁੱਖ ਕਾਰਨ ਹੈ ਕਿ ਆਮਦਨ ਦੇ ਸਰੋਤਾਂ ’ਤੇ ਸਿਰਫ਼ ਮੁੱਠੀ ਭਰ ਲੋਕਾਂ ਦਾ ਕਬਜ਼ਾ ਹੈ। ਆਰਥਿਕ ਪੱਖੋਂ ਅਸਮਾਨਤਾ ਵਾਲੇ ਦੇਸ਼ਾਂ ’ਚੋਂ ਭਾਰਤ ਦਾ ਪਹਿਲਾ ਨੰਬਰ ਆਉਂਦਾ ਹੈ। ਆਕਸਫਾਮ ਇੰਟਰਨੈਸ਼ਨਲ ਦੀ ਰਿਪੋਰਟ ਮੁਤਾਬਿਕ ਭਾਰਤ ਦੀ ਮਾਤਰ 10 ਫ਼ੀਸਦੀ ਆਬਾਦੀ ਦਾ ਦੇਸ਼ ਦੀ 77 ਫ਼ੀਸਦੀ ਸੰਪਤੀ ’ਤੇ ਕਬਜ਼ਾ ਹੈ। ਆਬਾਦੀ ਦਾ ਅੱਧੇ ਤੋਂ ਵੱਧ ਗ਼ਰੀਬ ਹਿੱਸਾ ਰਾਸ਼ਟਰੀ ਸੰਪਤੀ ਦੇ ਮਾਤਰਾ 4.1 ਫ਼ੀਸਦੀ ਲਈ ਸੰਘਰਸ਼ ਕਰ ਰਿਹਾ ਹੈ। ਸਾਲ 2014-15 ਤੋਂ 2022-23 ਦਰਮਿਆਨ ਸਿਖ਼ਰ ਪੱਧਰ ’ਤੇ ਆਰਥਿਕ ਅਸਮਾਨਤਾ ’ਚ ਵਾਧਾ ਹੋਇਆ, ਜਦੋਂ 52 ਫ਼ੀਸਦੀ ਦੇਸ਼ ਦੀ ਧਨ ਸੰਪਤੀ ’ਤੇ ਕੇਵਲ ਇਕ ਫ਼ੀਸਦੀ ਆਬਾਦੀ ਦਾ ਕਬਜ਼ਾ ਹੋਇਆ। ਦੇਸ਼ ’ਚ ਕੁੱਲ ਜੀ.ਐਸ.ਟੀ. ਦਾ ਲਗਭਗ 64 ਫ਼ੀਸਦੀ ਹੇਠਲੀ 50 ਫ਼ੀਸਦੀ ਆਬਾਦੀ ਤੋਂ ਪ੍ਰਾਪਤ ਹੁੰਦਾ ਹੈ। ਜਦਕਿ ਇਸ ’ਚ ਸਿਖਰਲੀ 10 ਫ਼ੀਸਦੀ ਅਮੀਰ ਆਬਾਦੀ ਦਾ ਯੋਗਦਾਨ ਮਾਤਰ 4 ਫ਼ੀਸਦੀ ਹੈ। ਅਸੀਂ ਆਪਣੇ ਦੇਸ਼ ਤੇ ਲੋਕਾਂ ਦੀ ਤੁਲਨਾ ਅਮਰੀਕਾ, ਚੀਨ, ਜਰਮਨੀ, ਜਾਪਾਨ, ਯੂ.ਕੇ., ਕੈਨੇਡਾ ਤੇ ਇਟਲੀ ਵਰਗੇ ਦੇਸ਼ਾਂ ਨਾਲ ਕਰਦੇ ਹਾਂ। ਪਰ ਸਾਡੇ ਦੇਸ਼ ’ਚ 70 ਫ਼ੀਸਦੀ ਆਬਾਦੀ ਸਵੱਛ ਅਹਾਰ ਗ੍ਰਹਿਣ ਕਰ ਸਕਣ ਦੀ ਸਮਰੱਥਾ ਨਹੀਂ ਰੱਖਦੀ, ਜਦਕਿ 39 ਫ਼ੀਸਦੀ ਆਬਾਦੀ ਨੂੰ ਲੋੜੀਂਦੇ ਪੌਸ਼ਕ ਤੱਤ ਪ੍ਰਾਪਤ ਨਹੀਂ ਹੁੰਦੇ।

ਕੇਂਦਰ ਸਰਕਾਰ ਨੇ ਖੁਦ ਅੰਕੜਾ ਜਾਰੀ ਕੀਤਾ ਹੈ ਕਿ ਉਹ ਦੇਸ਼ ਦੀ 80 ਕਰੋੜ ਆਬਾਦੀ ਨੂੰ ਖ਼ੈਰਾਤ ਦੇ ਰੂਪ ਵਿੱਚ ਮੁਫ਼ਤ ਅਨਾਜ ਵੰਡ ਰਹੀ ਹੈ। ਇਸ ਤੋਂ ਸਾਬਤ ਹੁੰਦਾ ਹੈ ਆਬਾਦੀ ਦੇ ਏਨੇ ਵੱਡੇ ਹਿੱਸੇ ਕੋਲ ਦੋ ਵਕਤ ਦੀ ਰੋਟੀ ਕਮਾਉਣ ਦੀ ਸਮਰੱਥਾ ਨਹੀਂ ਹੈ। ਦੇਸ਼ ਵਿੱਚ ਵਿਕਾਸ ਦੇ ਕੰਮ ਨਾਮਾਤਰ ਕੀਤੇ ਜਾਂਦੇ ਹਨ, ਪਰ ਉਨ੍ਹਾਂ ਦਾ ਪ੍ਰਚਾਰ ਤੇ ਪ੍ਰਸਾਰ ਬਹੁਤ ਜ਼ਿਆਦਾ ਕੀਤਾ ਜਾਂਦਾ ਹੈ। ਕਈ ਵਾਰ ਤਾਂ ਲੋਕਾਂ ਦਾ ਉਜਾੜਾ ਤੇ ਉਨ੍ਹਾਂ ਨੂੰ ਨਿਕੰਮੇ ਤੇ ਵਿਹਲੇ ਕਰਨ ਵਾਲੀਆਂ ਨੀਤੀਆਂ ਬਣਾ ਕੇ ਉਨ੍ਹਾਂ ਨੂੰ ਲੋਕ ਹਿਤੈਸ਼ੀ ਗਰਦਾਨਣ ’ਤੇ ਸਰਕਾਰ ਦੁਆਰਾ ਸਾਰਾ ਜ਼ੋਰ ਲਗਾ ਦਿੱਤਾ ਜਾਂਦਾ ਹੈ ਤੇ ਇਨ੍ਹਾਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਲੋਕਾਂ ’ਤੇ ਦੇਸ਼ਧ੍ਰੋਹ ਦੇ ਮੁਕੱਦਮੇ ਦਰਜ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਕੁਚਲਣ ਦਾ ਵੀ ਹਰ ਹੀਲਾ ਵਰਤਿਆ ਜਾਂਦਾ ਹੈ। ਲੋਕਾਂ ਦੇ ਵੱਡੇ ਵਿਰੋਧ ਤੋਂ ਬਾਅਦ ਰੱਦ ਕੀਤੇ ਗਏ ਤਿੰਨ ਖੇਤੀ ਕਾਨੂੰਨ ਇਸ ਦੀ ਪ੍ਰਤੱਖ ਉਦਾਹਰਨ ਹਨ। ਅੱਜ ਦੇਸ਼ ’ਚ ਅਮਰੀਕਾ, ਕੈਨੇਡਾ ਤੇ ਜਰਮਨੀ, ਇਟਲੀ ਵਰਗੇ ਯੂਰਪੀ ਦੇਸ਼ਾਂ ਦੀਆਂ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ। ਪਰ ਨਿੱਜੀਕਰਨ ਦੀਆਂ ਨੀਤੀਆਂ ਯੂਰਪੀ ਦੇਸ਼ਾਂ ਲਈ ਢੁਕਵੀਆਂ ਹਨ, ਕਿਉਂਕਿ ਉਥੇ ਆਬਾਦੀ ਬਹੁਤ ਘੱਟ ਹੈ। ਆਮਦਨ ਦੇ ਸਰੋਤ ਵਧੇਰੇ ਹਨ ਅਤੇ ਇਸ ਤੋਂ ਵੀ ਅੱਗੇ ਆਰਥਿਕ ਬਰਾਬਰੀ ਹੈ। ਜਨਤਕ ਤੇ ਨਿੱਜੀ ਖੇਤਰ ’ਚ ਮਿਹਨਤਾਨੇ ’ਚ ਕੋਈ ਫਰਕ ਨਹੀਂ।

ਪਰ ਭਾਰਤ ਵਰਗੇ ਦੇਸ਼ ਲਈ ਅੰਨ੍ਹੇਵਾਹ ਹਰ ਖੇਤਰ ਵਿੱਚ ਨਿੱਜੀਕਰਨ ਦੀਆਂ ਨੀਤੀਆਂ ਸਹੀ ਨਹੀਂ ਹਨ, ਕਿਉਂਕਿ ਦੇਸ਼ ਦੀ ਆਬਾਦੀ 140 ਕਰੋੜ ਤੋਂ ਵੀ ਵੱਧ ਹੈ। ਨਿੱਜੀ ਖੇਤਰ ਕਦੇ ਵੀ ਏਨੀ ਆਬਾਦੀ ਲਈ ਰੁਜ਼ਗਾਰ ਦਾ ਪ੍ਰਬੰਧ ਨਹੀਂ ਕਰ ਸਕਦਾ। ਭਾਰਤ ’ਚ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਨਾਲ ਬੇਰੁਜ਼ਗਾਰੀ ਹੱਦਾਂ ਬੰਨ੍ਹੇ ਟੱਪ ਗਈ ਹੈ। ਸਰਕਾਰ ਲੋਕਾਂ ਨੂੰ ਰੁਜ਼ਗਾਰ ਦੇ ਕੇ ਉਨ੍ਹਾਂ ਨੂੰ ਸਵੈਮਾਣ ਵਾਲੀ ਅਤੇ ਆਤਮ-ਨਿਰਭਰਤਾ ਵਾਲੀ ਜ਼ਿੰਦਗੀ ਦੇਣ ਦੀ ਥਾਂ ਖੈਰਾਤਾਂ ਵੰਡ ਕੇ ਉਨ੍ਹਾਂ ਨੂੰ ਨਿਕੰਮੇ, ਵਿਹਲੇ ਤੇ ਆਸ਼ਰਿਤ ਬਣਾ ਰਹੀ ਹੈ। ਖੇਤੀ ਖੇਤਰ ’ਚ ਲੱਗੇ ਕਿਸਾਨ ਤੇ ਮਜ਼ਦੂਰ ਸਰਕਾਰ ਤੋਂ ਫ਼ਸਲਾਂ ਦੇ ਘੱਟੋ-ਘੱਟ ਭਾਅ ਤੈਅ ਕਰਨ ਵਰਗੇ ਕਾਨੂੰਨ ਮੰਗਦੇ ਹਨ ਪਰ ਸਰਕਾਰ ਉਨ੍ਹਾਂ ਨੂੰ ਖੇਤੀ ਤੋਂ ਹੀ ਬਾਹਰ ਕਰਨ ਦੇ ਕਾਨੂੰਨ ਬਣਾ ਕੇ ਗੁਰਬਤ ’ਚ ਧੱਕਣ ਦੇ ਰਾਹ ਤੁਰ ਪਈ ਹੈ। ਜਿੰਨਾ ਚਿਰ ਜ਼ਮੀਨੀ ਪੱਧਰ ’ਤੇ ਆਮ ਲੋਕ ਖ਼ੁਸ਼ਹਾਲ ਨਹੀਂ ਹੁੰਦੇ, ਓਨਾ ਚਿਰ ਆਰਥਿਕ ਪੱਖੋਂ ਭਾਰਤ ਦਾ ਪੰਜਵੇਂ ਤੋਂ ਪਹਿਲੇ ਨੰਬਰ ’ਤੇ ਆਉਣਾ ਵੀ ਇੱਕ ਛਲਾਵੇ ਤੋਂ ਵੱਧ ਕੁਝ ਨਹੀਂ ਹੋਵੇਗਾ।

# ਠੱਗ ਅਖੌਤੀ ਬਾਬਿਆਂ ਦੇ ਸ਼ਿਕਾਰ ਅੰਧ ਵਿਸ਼ਵਾਸ਼ੀ ਲੋਕ !



ਬਲਰਾਜ ਸਿੰਘ ਸਿੱਧੂ







ਬਾਬੇ ਆਪਣੇ ਭਗਤਾਂ 'ਤੇ ਅਜਿਹਾ ਕੀ ਜਾਦੂ ਕਰ ਦਿੰਦੇ ਹਨ ਕਿ ਉਹ ਉਨ੍ਹਾਂ ਖ਼ਾਤਰ ਮਰਨ-ਮਾਰਨ ਲਈ ਤਿਆਰ ਹੋ ਜਾਂਦੇ ਹਨ? ਅਖੌਤੀ ਬਾਬਾ ਚਾਹੇ ਬਲਾਤਕਾਰ ਦੇ ਕੇਸ ਵਿੱਚ ਜੇਲ੍ਹ ਜਾਵੇ ਜਾਂ ਕਤਲ ਕੇਸ ਵਿੱਚ, ਉਸ ਦੇ ਸ਼ਰਧਾਲੂਆਂ ਦੀ ਗਿਣਤੀ ਵਿੱਚ ਕੋਈ ਕਮੀ ਨਹੀਂ ਆਉਂਦੀ। ਇਸ ਦੀ ਤਾਜ਼ਾ ਮਿਸਾਲ ਸੱਤ ਜੁਲਾਈ ਨੂੰ ਉੱਤਰ ਪ੍ਰਦੇਸ਼ ਦੇ ਫੁਲਰਈ ਪਿੰਡ (ਜ਼ਿਲ੍ਹਾ ਹਾਥਰਸ) ਵਿੱਚ ਸੂਰਜ ਪਾਲ ਉਰਫ਼ ਭੋਲੇ ਬਾਬਾ ਉਰਫ਼ ਨਾਰਾਇਣ ਸਾਕਾਰ ਵਿਸ਼ਵ ਹਰੀ ਦੇ ਸਮਾਗਮ ਵਿੱਚ ਮਚੀ ਭਾਜੜ ਤੋਂ ਮਿਲਦੀ ਹੈ ਜਿਸ ਵਿੱਚ ਬੱਚਿਆਂ ਤੇ ਔਰਤਾਂ ਸਮੇਤ 123 ਵਿਅਕਤੀ ਮਾਰੇ ਗਏ ਤੇ 150 ਜ਼ਖ਼ਮੀ ਹੋ ਗਏ।

ਵੱਡੇ ਰਾਜਨੀਤਕ ਪ੍ਰਭਾਵ ਵਾਲੇ ਬਾਬੇ 'ਤੇ ਤਾਂ ਕਿੱਥੋਂ ਮੁਕੱਦਮਾ ਦਰਜ ਹੋਣਾ ਸੀ, ਇਸ ਕਾਂਡ ਵਿੱਚ ਆਪਣੇ ਧੀਆਂ-ਪੁੱਤਰ ਗੁਆ ਚੁੱਕੇ ਉਸ ਦੇ ਸ਼ਰਧਾਲੂਆਂ ਦੇ ਪ੍ਰਤੀਕਰਮ ਵੀ ਹੈਰਾਨ ਕਰ ਦੇਣ ਵਾਲੇ ਸਨ। ਇੱਕ ਸ਼ਰਧਾਲੂ ਜਿਸ ਦੀ ਪਤਨੀ ਅਤੇ ਇਕ ਬੇਟਾ ਮਾਰੇ ਗਏ ਸਨ, ਕਹਿ ਰਿਹਾ ਸੀ ਕਿ ਚਾਹੇ ਮੈਂ ਤੇ ਮੇਰੇ ਬਚੇ ਹੋਏ ਦੋਵੇਂ ਬੱਚੇ ਵੀ ਮਰ ਜਾਂਦੇ, ਭੋਲੇ ਬਾਬਾ ਸਾਡੇ ਲਈ ਭਗਵਾਨ ਹੈ। ਇਹੋ ਜਿਹੇ ਵਿਚਾਰ ਹੀ ਬਾਕੀ ਸਭ ਲੋਕਾਂ ਦੇ ਸਨ। ਉਹ ਗੱਲ ਵੱਖਰੀ ਹੈ ਕਿ ਬਾਬਾ ਅਜੇ ਤੱਕ ਨਾ ਤਾਂ ਜ਼ਖ਼ਮੀਆਂ ਜਾਂ ਮਰਨ ਵਾਲਿਆਂ ਦੇ ਪਰਿਵਾਰਾਂ ਨਾਲ ਅਫ਼ਸੋਸ ਕਰਨ ਗਿਆ ਹੈ ਅਤੇ ਨਾ ਹੀ ਉਨ੍ਹਾਂ ਦੀ ਕੋਈ ਆਰਥਿਕ ਮਦਦ ਕੀਤੀ ਹੈ। ਭਾਰਤ ਵਿੱਚ ਹਫ਼ਤੇ-ਦਸਾਂ ਦਿਨਾਂ ਬਾਅਦ ਕੋਈ ਨਾ ਕੋਈ ਅਜਿਹਾ ਬਾਬਾ, ਧਰਮ ਪ੍ਰਚਾਰਕ ਅਤੇ ਅਵਤਾਰ ਪ੍ਰਗਟ ਹੁੰਦਾ ਹੀ ਰਹਿੰਦਾ ਹੈ ਜੋ ਲੱਖਾਂ ਲੋਕਾਂ ਨੂੰ ਆਪਣੇ ਮਗਰ ਲਗਾ ਕੇ ਕੁਝ ਹੀ ਮਹੀਨਿਆਂ ਵਿੱਚ ਫਾਈਵ ਸਟਾਰ ਆਸ਼ਰਮਾਂ, ਵਿਦੇਸ਼ੀ ਮਹਿੰਗੀਆਂ ਗੱਡੀਆਂ ਤੇ ਸੁੰਦਰੀਆਂ ਦਾ ਮਾਲਕ ਬਣ ਜਾਂਦਾ ਹੈ।

ਇਹ ਬਾਬੇ ਵੱਖ-ਵੱਖ ਜਾਤਾਂ ਵਿੱਚੋਂ ਆਉਂਦੇ ਹਨ ਤੇ ਇਨ੍ਹਾਂ ਦੇ ਸ਼ੁਰੂਆਤੀ ਚੇਲੇ ਆਪਣੀ ਹੀ ਜਾਤ ਦੇ ਹੁੰਦੇ ਹਨ। ਜਦੋਂ ਧੰਦਾ ਚੱਲ ਨਿਕਲਦਾ ਹੈ ਤਾਂ ਬਾਬੇ ਦੇ ਚਮਤਕਾਰਾਂ ਬਾਰੇ ਚੇਲਿਆਂ ਦੁਆਰਾ ਫੈਲਾਏ ਗਏ ਕੁਫਰ ਕਾਰਨ ਹੋਰ ਜਾਤਾਂ-ਧਰਮਾਂ ਦੇ ਲੋਕ ਵੀ ਉਸ ਦੇ ਪਿੱਛੇ ਲੱਗ ਜਾਂਦੇ ਹਨ। ਜ਼ਿਆਦਾਤਰ ਬਾਬੇ ਪੱਛੜਿਆਂ ਅਤੇ ਦਲਿਤਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ। ਸਮਾਜ ਦੇ ਇਹ ਘੱਟ ਪੜ੍ਹੇ-ਲਿਖੇ ਤੇ ਗ਼ਰੀਬ ਵਰਗ ਸਦੀਆਂ ਤੋਂ ਸਾਡੀਆਂ ਰੂੜੀਵਾਦੀ ਕਥਿਤ ਉੱਚੀਆਂ ਜਾਤਾਂ ਤੇ ਪੁਜਾਰੀਆਂ ਵੱਲੋਂ ਦੱਬੇ-ਕੁਚਲੇ ਜਾਂਦੇ ਰਹੇ ਹਨ।

ਇਹ ਲੋਕ ਸਿਰਫ਼ ਇਸ ਕਾਰਨ ਖੇਖਣਹਾਰੀ ਬਾਬਿਆਂ ਦੇ ਮਗਰ ਲੱਗ ਜਾਂਦੇ ਹਨ ਕਿ ਸ਼ਾਇਦ ਬਾਬੇ ਦਾ ਕੋਈ ਚਮਤਕਾਰ ਉਨ੍ਹਾਂ ਦੀ ਜ਼ਿੰਦਗੀ ਬਦਲ ਦੇਵੇ। ਇਸ ਸਬੰਧੀ ਜੈ ਗੁਰੂਦੇਵ ਅਤੇ ਨਾਰਾਇਣ ਸਾਕਾਰ ਹਰੀ ਆਦਿ ਬਾਬਿਆਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਸਾਕਾਰ ਹਰੀ ਖ਼ੁਦ ਜਾਟਵ ਜਾਤ ਦਾ ਹੈ ਜੋ ਸ਼ਡਿਊਲਡ ਕਾਸਟ ਵਿੱਚ ਆਉਂਦੀ ਹੈ। ਇਸ ਕਾਰਨ ਹੀ ਇਸ ਦਾ ਜ਼ਿਆਦਾ ਪ੍ਰਭਾਵ ਪੱਛਮੀ ਯੂਪੀ ਦੇ ਜਾਟਵ ਅਤੇ ਹੋਰ ਪੱਛੜੀਆ ਜਾਤੀਆਂ ਵਿੱਚ ਜ਼ਿਆਦਾ ਹੈ।

ਇਹ ਨਹੀਂ ਕਿ ਬਾਬਿਆਂ ਦਾ ਪ੍ਰਭਾਵ ਸਿਰਫ਼ ਗ਼ਰੀਬਾਂ ਅਤੇ ਅਨਪੜ੍ਹਾਂ ਵਿੱਚ ਹੈ ਸਗੋਂ ਲੱਖਾਂ-ਕਰੋੜਾਂਪਤੀ, ਅਫ਼ਸਰ ਅਤੇ ਨੇਤਾ ਇਨ੍ਹਾਂ ਦੇ ਪੈਰਾਂ ਵਿੱਚ ਲੇਟਦੇ ਹਨ। ਇਸ ਦਾ ਕਾਰਨ ਇਹ ਹੈ ਕਿ ਜ਼ਿਆਦਾਤਰ ਅਫ਼ਸਰ ਅਤੇ ਲੀਡਰ ਗ਼ਰੀਬ ਜਾਂ ਮੱਧ ਵਰਗੀ ਪਰਿਵਾਰਾਂ ਵਿੱਚੋਂ ਆਉਂਦੇ ਹਨ। ਗ਼ਰੀਬ ਆਦਮੀ ਜਦੋਂ ਤਰੱਕੀ ਕਰ ਜਾਂਦਾ ਹੈ ਤਾਂ ਉਸ ਨੂੰ ਹਮੇਸ਼ਾ ਇਹ ਡਰ ਲੱਗਾ ਰਹਿੰਦਾ ਹੈ ਕਿ ਕਿਤੇ ਉਹ ਦੁਬਾਰਾ ਪਹਿਲਾਂ ਵਾਲੇ ਹਾਲਾਤ ਵਿੱਚ ਨਾ ਪਹੁੰਚ ਜਾਵੇ। ਬਾਬੇ ਦੀਆਂ ਕਥਿਤ ਚਮਤਕਾਰੀ ਸ਼ਕਤੀਆਂ ਕਾਰਨ ਉਸ ਨੂੰ ਹੌਂਸਲਾ ਰਹਿੰਦਾ ਹੈ ਕਿ ਬਾਬੇ ਦੀ ਮਿਹਰ ਸਦਕਾ ਸਭ ਠੀਕ ਰਹੇਗਾ।

ਜ਼ਿਆਦਾਤਰ ਬਾਬੇ ਮਾਨਵ ਧਰਮ ਅਤੇ ਬਰਾਬਰੀ ਦਾ ਉਪਦੇਸ਼ ਦਿੰਦੇ ਹਨ। ਜਦੋਂ ਸਾਧਾਰਨ ਲੋਕ ਇਨ੍ਹਾਂ ਦੇ ਸਮਾਗਮਾਂ ਵਿੱਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਬਾਕੀ ਸਮਾਜ ਨਾਲ ਬਰਾਬਰੀ ਦੀ ਭਾਵਨਾ ਮਹਿਸੂਸ ਹੁੰਦੀ ਹੈ। ਭਾਰਤ ਵਿੱਚ ਇਸ ਵੇਲੇ ਇਲਾਜ ਬਹੁਤ ਮਹਿੰਗਾ ਹੋ ਗਿਆ ਹੈ। ਗ਼ਰੀਬ ਲੋਕਾਂ ਨੂੰ ਲੱਗਦਾ ਹੈ ਕਿ ਬਾਬਾ ਆਪਣੀਆਂ ਚਮਤਕਾਰੀ ਸ਼ਕਤੀਆਂ ਨਾਲ ਉਨ੍ਹਾਂ ਦੇ ਕਿਸੇ ਸਰੀਰਕ ਜਾਂ ਮਾਨਸਿਕ ਬਿਮਾਰੀ ਨਾਲ ਜਕੜੇ ਹੋਏ ਪਰਿਵਾਰਕ ਮੈਂਬਰ ਨੂੰ ਠੀਕ ਕਰ ਦੇਵੇਗਾ ਤੇ ਉਨ੍ਹਾਂ ਦਾ ਖ਼ਰਚਾ ਬਚ ਜਾਵੇਗਾ। ਪਿਛਲੇ ਸਾਲ ਡੇਢ ਸਾਲ ਤੋਂ ਪ੍ਰਸਿੱਧ ਹੋਇਆ ਇੱਕ ਨੌਜਵਾਨ ਬਾਬਾ ਅਜਿਹੇ ਪਾਖੰਡ ਕਰ ਕੇ ਹੀ ਲੋਕਾਂ ਨੂੰ ਲੁੱਟ ਰਿਹਾ ਹੈ। ਕਿਸੇ ਦੇ ਭੂਤ ਕੱਢ ਦਿੰਦਾ ਹੈ ਤੇ ਕਿਸੇ ਦਾ ਉਸ ਦੀ ਫੇਸਬੁੱਕ ਵੇਖ ਕੇ ਹੀ ਅਗਲਾ-ਪਿਛਲਾ ਹਿਸਾਬ ਦੱਸ ਦਿੰਦਾ ਹੈ।

ਲੋਕਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਬਾਬੇ ਦੀ ਅਲੌਕਿਕਤਾ ਉਨ੍ਹਾਂ ਦੇ ਸ਼ਾਦੀ, ਵਿਆਹ, ਜੀਵਨ, ਮਰਨ 'ਚ ਮਦਦ ਕਰੇਗੀ। ਸਾਕਾਰ ਹਰੀ ਦੇ ਸਮਾਗਮ 'ਚ ਮਰਨ ਵਾਲੇ ਅਨੇਕ ਲੋਕਾਂ ਕੋਲੋਂ ਉਨ੍ਹਾਂ ਦੇ ਬੱਚਿਆਂ ਦੇ ਵਿਆਹ ਦੇ ਕਾਰਡ ਜਾਂ ਫੋਟੋਆਂ ਮਿਲੀਆਂ ਸਨ ਜਿਨ੍ਹਾਂ ਵਾਸਤੇ ਬਾਬੇ ਤੋਂ ਅਸ਼ੀਰਵਾਦ ਲੈਣਾ ਸੀ। ਅਮੀਰ ਸ਼ਰਧਾਲੂਆਂ ਨੂੰ ਆਪਣੇ ਕਾਬੂ ਵਿੱਚ ਰੱਖਣ ਲਈ ਬਾਬੇ ਇਕ ਹੋਰ ਹਰਬਾ ਵਰਤਦੇ ਹਨ।

ਕਿਉਂਕਿ ਉਨ੍ਹਾਂ ਦੀ ਪਹੁੰਚ ਸਿੱਧੀ ਵੱਡੇ ਨੇਤਾਵਾਂ, ਮੁੱਖ ਮੰਤਰੀਆਂ ਤੇ ਮੰਤਰੀਆਂ ਤੱਕ ਹੁੰਦੀ ਹੈ, ਇਸ ਲਈ ਉਹ ਆਪਣੇ ਭਗਤਾਂ ਲਈ ਸਰਕਾਰੀ ਠੇਕੇ ਲੈਣ, ਨੌਕਰੀ ਪ੍ਰਾਪਤ ਕਰਨ, ਬਦਲੀਆਂ ਅਤੇ ਪੋਸਟਿੰਗ ਆਦਿ ਵਿੱਚ ਮਦਦ ਕਰ ਦੇਂਦੇ ਹਨ। ਪੰਜਾਬ ਪੁਲਿਸ ਦਾ ਇਕ ਚੋਟੀ ਦਾ ਅਫ਼ਸਰ ਪੰਜਾਬ ਦੇ ਇੱਕ ਜ਼ਿਲ੍ਹੇ ਦੇ ਬਾਬੇ ਦਾ ਪਰਮ ਭਗਤ ਸੀ। ਉਸ ਦੀ ਵੇਖਾ-ਵੇਖੀ ਕਈ ਜੂਨੀਅਰ ਅਫ਼ਸਰ ਵੀ ਉਸ ਬਾਬੇ ਦੇ ਗੋਡੇ ਘੁੱਟਣ ਲੱਗ ਪਏ ਤੇ ਉਸ ਅਫ਼ਸਰ ਦੇ ਗੁਰ ਭਾਈ ਬਣ ਬੈਠੇ।

ਜਦ ਤੱਕ ਉਹ ਅਫ਼ਸਰ ਰਿਟਾਇਰ ਨਾ ਹੋਇਆ, ਉਹ ਬਾਬੇ ਦੀ ਕਿਰਪਾ ਨਾਲ ਮਲਾਈਦਾਰ ਪੋਸਟਾਂ ਦਾ ਸੁੱਖ ਮਾਣਦੇ ਰਹੇ। ਅਜਿਹੇ ਲੋਕਾਂ ਲਈ ਤਾਂ ਬਾਬਾ ਰੱਬ ਦਾ ਰੂਪ ਹੁੰਦਾ ਹੈ ਤੇ ਉਸ ਦੇ ਮੂੰਹੋਂ ਨਿਕਲਿਆ ਹਰ ਸ਼ਬਦ ਇਲਾਹੀ ਹੁਕਮ ਹੁੰਦਾ ਹੈ। ਸਮਾਗਮਾਂ ਤੋਂ ਇਲਾਵਾ ਇਨ੍ਹਾਂ ਬਾਬਿਆਂ ਦੀਆਂ ਰਿੱਧੀਆਂ, ਸਿੱਧੀਆਂ ਅਤੇ ਚਮਤਕਾਰਾਂ ਬਾਰੇ ਰੱਜ ਕੇ ਮੌਖਿਕ, ਸੋਸ਼ਲ ਮੀਡੀਆ ਅਤੇ ਟੀ.ਵੀ. ਚੈਨਲਾਂ ਰਾਹੀਂ ਪ੍ਰਚਾਰ ਕੀਤਾ ਜਾਂਦਾ ਹੈ। ਹਰੀ ਚਟਨੀ, ਲਾਲ ਚਟਨੀ ਤੇ ਸਮੋਸੇ ਆਦਿ ਖਵਾ ਕੇ ਵਿਗੜੇ ਕੰਮ ਸੰਵਾਰਨ ਦਾ ਦਾਅਵਾ ਕਰਨ ਵਾਲੇ ਨਿਰਮਲ ਬਾਬਾ ਵਰਗੇ ਕਈ ਹੋਰ ਪਾਖੰਡੀ ਸਾਧ ਸੋਸ਼ਲ ਮੀਡੀਆ ਤੇ ਟੀ.ਵੀ. ਚੈਨਲਾਂ ਦੀ ਹੀ ਪੈਦਾਇਸ਼ ਹਨ।

ਲੋਕ ਅਜਿਹੇ ਬਾਬਿਆਂ ਦੀਆਂ ਕਰਤੂਤਾਂ ਬਹੁਤ ਜਲਦੀ ਭੁੱਲ ਜਾਂਦੇ ਹਨ। ਬਹੁਤ ਸਾਲ ਪਹਿਲਾਂ ਝਬਾਲ ਨੇੜੇ ਇੱਕ ਡੇਰੇ ਦਾ ਬਾਬਾ ਬਲਾਤਕਾਰ ਦੇ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਜਦੋਂ ਪੁਲਿਸ ਉਸ ਨੂੰ ਡੇਰੇ ਤੋਂ ਲਿਜਾ ਰਹੀ ਸੀ ਤਾਂ ਜ਼ਨਾਨੀਆਂ ਭੱਜ-ਭੱਜ ਕੇ ਉਸ ਦੇ ਪੈਰਾਂ ਨੂੰ ਚਿੰਬੜ ਰਹੀਆਂ ਸਨ।

ਇਸੇ ਤਰ੍ਹਾਂ ਸਾਕਾਰ ਹਰੀ ਦੇ ਖ਼ਿਲਾਫ਼ ਵੀ ਦੋ-ਤਿੰਨ ਸਾਲ ਪਹਿਲਾਂ ਡਰੱਗਜ਼ ਐਂਡ ਰੈਮੇਡੀਜ਼ ਐਕਟ ਅਧੀਨ ਮੁਕੱਦਮਾ ਦਰਜ ਹੋਇਆ ਸੀ। ਉਸ ਨੇ ਆਪਣੇ ਕੁਝ ਮੁਸ਼ਟੰਡੇ ਚੇਲਿਆਂ ਨਾਲ ਇੱਕ ਲੜਕੀ ਦੇ ਸਸਕਾਰ ਸਮੇਂ ਇਹ ਕਹਿ ਕੇ ਖਰੂਦ ਮਚਾਇਆ ਸੀ ਕਿ ਉਹ ਇਸ ਲੜਕੀ ਨੂੰ ਜ਼ਿੰਦਾ ਕਰ ਸਕਦਾ ਹੈ। ਲੋਕ ਅਜੇ ਵੀ ਮੰਨਦੇ ਹਨ ਕਿ ਜੇ ਕਿਤੇ ਪੁਲਿਸ ਦਖ਼ਲਅੰਦਾਜ਼ੀ ਨਾ ਕਰਦੀ ਤਾਂ ਬਾਬੇ ਨੇ ਉਹ ਲੜਕੀ ਜ਼ਿੰਦਾ ਕਰ ਦੇਣੀ ਸੀ। ਭਗਤਾਂ ਦਾ ਬਾਬੇ 'ਤੇ ਅਟੱਲ ਵਿਸ਼ਵਾਸ ਹੁੰਦਾ ਹੈ ਕਿ ਉਹ ਉਨ੍ਹਾਂ ਦੀਆਂ ਮੁਸੀਬਤਾਂ ਹੱਲ ਕਰ ਸਕਦਾ ਹੈ।

ਬਾਬੇ ਦੀ ਛੋਹ, ਉਸ ਦੀ ਚਰਨ ਧੂੜ, ਫੂਕ ਮਾਰ ਕੇ ਦਿੱਤਾ ਪਾਣੀ ਜਾਂ ਪ੍ਰਸ਼ਾਦ ਉਨ੍ਹਾਂ ਦੇ ਸਾਰੇ ਦੁੱਖ-ਦਲਿੱਦਰ ਚੁੱਕ ਦੇਵੇਗਾ। ਸਾਕਾਰ ਹਰੀ ਦੀ ਚਰਨ ਧੂੜ ਲੈਣ ਦੀ ਹੋੜ ਨੇ ਹੀ 125 ਭਗਤਾਂ ਦੀ 'ਮੁਕਤੀ' ਕੀਤੀ ਹੈ। ਇੱਕ ਹੋਰ ਬਹੁਤ ਵੱਡਾ ਪਾਖੰਡ ਚੱਲਦਾ ਹੈ ਕਿ ਬਾਬੇ ਨੇ ਫਲਾਣੇ ਦਾ ਕਸ਼ਟ ਆਪਣੇ 'ਤੇ ਲੈ ਲਿਆ ਜਿਸ ਕਾਰਨ ਉਹ ਬਿਮਾਰ ਹੋ ਗਿਆ ਹੈ।

ਭਾਵੇਂ ਮੁਫ਼ਤ ਦਾ ਦੇਸੀ ਘਿਓ ਵੱਧ ਮਾਤਰਾ ਵਿੱਚ ਖਾਣ ਨਾਲ ਬਾਬੇ ਨੂੰ ਮਰੋੜ ਹੀ ਲੱਗੇ ਹੋਣ। ਸੰਨ 1998-99 ਵਿੱਚ ਮੈਂ ਡੀ.ਐੱਸ.ਪੀ. ਵਜੋਂ ਪਾਇਲ 'ਚ ਤਾਇਨਾਤ ਸਾਂ। ਉੱਥੇ ਡੇਰਿਆਂ ਦੀ ਭਰਮਾਰ ਹੈ। ਉਨ੍ਹਾਂ ਡੇਰਿਆਂ ਦੀ ਕੜਕ-ਮੜਕ ਵੇਖ ਕੇ ਇੱਕ ਅਨਪੜ੍ਹ ਜਿਹੇ ਬਾਬੇ ਨੇ ਵੀ ਨਹਿਰ ਕਿਨਾਰੇ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰ ਕੇ ਆਪਣਾ ਡੇਰਾ ਕਾਇਮ ਕਰ ਲਿਆ। ਜੈਸਾ ਬਾਬਾ, ਵੈਸੇ ਹੀ ਬਾਬੇ ਦੇ ਚੇਲੇ-ਚਾਟੜੇ ਬਣ ਗਏ। ਇੱਕ ਦਿਨ ਇੱਕ ਚੇਲਾ ਆਪਣੀ ਨਵੀਂ ਖ਼ਰੀਦੀ ਨਵੀਂ ਜੀਪ 'ਚ ਬਾਬੇ ਦੇ ਚਰਨ ਪਵਾਉਣ ਲਈ ਡੇਰੇ ਪਹੁੰਚ ਗਿਆ।

ਬਾਬੇ ਨੂੰ ਤਾਂ ਸਕੂਟਰ ਵੀ ਨਹੀਂ ਸੀ ਚਲਾਉਣਾ ਆਉਂਦਾ। ਉਸ ਨੇ ਬਿਨਾਂ ਕੁਝ ਸੋਚੇ-ਸਮਝੇ ਡਰਾਈਵਰ ਸੀਟ 'ਤੇ ਬੈਠ ਕੇ ਸੈਲਫ ਮਾਰ ਦਿੱਤੀ। ਗੱਡੀ ਪਹਿਲਾਂ ਹੀ ਗੇਅਰ ਵਿੱਚ ਪਈ ਹੋਈ ਸੀ। ਬਾਬੇ ਨੇ ਬਰੇਕ ਦੀ ਬਜਾਏ ਰੇਸ ਦੱਬ ਦਿੱਤੀ ਤੇ ਗੱਡੀ ਖਤਾਨਾਂ ਵਿੱਚ ਜਾ ਡਿੱਗੀ। ਚੇਲਿਆਂ ਨੂੰ ਥੋੜ੍ਹੀਆਂ-ਬਹੁਤੀਆਂ ਸੱਟਾਂ ਲੱਗੀਆਂ ਪਰ ਬਾਬੇ ਦੀ ਸੱਜੀ ਬਾਂਹ ਟੁੱਟ ਗਈ। ਸਾਰੇ ਪਾਸੇ ਬਾਬੇ ਦੀ ਬੱਲੇ-ਬੱਲੇ ਹੋ ਗਈ ਕਿ ਉਸ ਨੇ ਭਗਤ 'ਤੇ ਆਉਣ ਵਾਲਾ ਕਸ਼ਟ ਆਪਣੇ 'ਤੇ ਲੈ ਲਿਆ, ਨਹੀਂ ਤਾਂ ਭਗਤ ਦੀ ਕਿਸੇ ਐਕਸੀਡੈਂਟ 'ਚ ਮੌਤ ਹੋ ਜਾਣੀ ਸੀ।

ਇੱਥੇ ਬਾਬਾ ਸੀਚੇਵਾਲ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਭਗਤ ਪੂਰਨ ਸਿੰਘ ਪਿੰਗਲਵਾੜਾ ਵਾਲੇ ਅਤੇ ਖ਼ਾਲਸਾ ਏਡ ਆਦਿ ਵਰਗੇ ਸੱਚੇ ਲੋਕ ਸੇਵਕ ਵੀ ਹਨ ਤੇ ਲੋਕਾਂ ਦੇ ਦੁੱਖਾਂ ਤੋਂ ਫ਼ਾਇਦਾ ਚੁੱਕਣ ਵਾਲੇ ਠੱਗ ਵੀ। ਲੋਕਾਂ ਨੂੰ ਚਾਹੀਦਾ ਹੈ ਕਿ ਉਹ ਮਨੁੱਖਤਾ ਦੇ ਸੱਚੇ ਸੇਵਕਾਂ ਦੀ ਪਛਾਣ ਕਰਨ ਤੇ ਠੱਗਾਂ ਤੋਂ ਬਚ ਕੇ ਰਹਿਣ।

# ਆਧੁਨਿਕਤਾ ਬਨਾਮ ਸਮਾਜਿਕ ਤਾਣਾ-ਬਾਣਾ

ਡਾ. ਪ੍ਰਵੀਨ ਬੇਗਮ



ਪਿਛਲੇ ਦਿਨੀਂ ਗਾਇਕ ਨਛੱਤਰ ਗਿੱਲ ਦਾ ਗੀਤ 'ਸਾਡੇ ਨਾਲੋਂ ਥੋਡੇ ਆਲਾ ਪੰਜਾਬ ਕਿੰਨਾ ਸੀ ਸੋਹਣਾ' ਸੁਣਿਆ। ਗੀਤ ਸੁਣ ਮਨ ਉਦਾਸੀ ਦੇ ਭਾਵਾਂ ਵਿੱਚ ਡੁੱਬ ਸੱਚੀਂ ਤ੍ਰਾਹਿਆ ਗਿਆ। ਗੀਤ ਵਿੱਚ ਆਧੁਨਿਕਤਾ ਦੇ ਨਾਮ ਹੇਠ ਸਾਡੇ ਸਮਾਜ ਵਿੱਚ ਰਹਿਣ-ਸਹਿਣ ਅਤੇ ਜਿਊਣ ਦੇ ਢੰਗਾਂ ਵਿੱਚ ਜੋ ਪ੍ਰੀਵਰਤਨ ਆਇਆ ਹੈ, ਨੂੰ ਬਾਖ਼ੂਬੀ ਬਿਆਨ ਕੀਤਾ ਗਿਆ ਹੈ। ਇਹ ਇੱਕ ਗੀਤ ਹੀ ਨਹੀਂ ਉਹਨਾਂ ਲੱਖਾਂ ਬਜ਼ੁਰਗਾਂ ਅਤੇ ਪੁਰਾਣੀ ਪੀੜੀ ਦੇ ਲੋਕਾਂ ਦਾ ਇੱਕ ਦਰਦ ਹੈ ਜੋ ਉਹ ਕਿਸੇ ਕੋਲ ਬੋਲ ਕੇ ਨਹੀਂ ਸੁਣਾ ਸਕਦੇ। ਸਮਾਂ ਹੀ ਅਜਿਹਾ ਆ ਗਿਆ ਕਿ ਕਿਸੇ ਕੋਲ ਨਾ ਪਹਿਲਾਂ ਵਰਗਾ ਵਕਤ ਅਤੇ ਨਾ ਹੀ ਉਤਸ਼ਾਹ ਰਿਹਾ ਕਿ ਉਹ ਕਿਸੇ ਬਜ਼ੁਰਗ ਦੇ ਬੀਤੇ ਵੇਲੇ ਦੇ ਚਾਅ-ਮਲ੍ਹਾਰ ਸੁਣ ਸਕਣ। ਕਾਰਣ ਹੈ ਅਸੀਂ ਆਧੁਨਿਕ ਹੋ ਗਏ ਹਾਂ। ਐਨੇ ਕੁ ਆਧੁਨਿਕ ਕਿ ਆਪਣੀਆਂ ਜੜ੍ਹਾਂ ਤੋਂ ਟੁੱਟ ਬੈਠੇ ਹਾਂ। ਟੈਕਨਾਲੋਜੀ, ਪੱਛਮੀ ਸੱਭਿਆਚਾਰ ਅਤੇ ਖੁੱਲ੍ਹਾਪਣ ਦੀ ਧਾਰਣਾ ਨੇ ਸਾਡੀਆਂ ਪੀੜੀਆਂ ਨੂੰ ਉਸ ਕਗਾਰ 'ਤੇ ਲਿਆ ਖੜਾ ਕੀਤਾ ਹੈ ਕਿ ਉਹ ਮਣਾਂ-ਮੂੰਹੀਂ ਭਾਰ ਚੁੱਕੀ ਫਿਰਦੇ ਹਨ। ਆਧੁਨਿਕ ਹੋਣਾ ਸਾਡੇ ਸਮਾਜ ਲਈ ਜ਼ਰੂਰੀ ਵੀ ਸੀ। ਕੁਝ ਸਮਾਜਿਕ ਕੁਰੀਤੀਆਂ ਨੂੰ ਗਲੋਂ ਲਾਹ, ਤਕਨਾਲੋਜੀ ਦੀ ਵਰਤੋਂ ਕਰ ਸੰਸਾਰ ਦੇ ਬਰਾਬਰ ਦਾ ਹੋ ਤੁਰਨ ਲਈ ਸਾਨੂੰ ਇਹ ਚੀਜ਼ਾਂ ਅਪਣਾਉਣੀਆਂ ਪੈਣੀਆਂ ਸੀ। ਬਿਨਾਂ ਸ਼ੱਕ ਤਕਨਾਲੋਜੀ ਨੇ ਸਾਡੇ ਰਾਹ ਸੁਖਾਲੇ ਕਰ ਦਿੱਤੇ ਹਨ। ਹਫ਼ਤਿਆਂ ਬੱਧੀ ਸਮਾਂ ਲੈਣ ਵਾਲਾ ਕੰਮ ਮਿੰਟਾਂ-ਸਕਿੰਟਾਂ ਵਿੱਚ ਹੋ ਨਿਬੜਦਾ ਹੈ। ਦੂਜੇ ਦੇਸ਼ਾਂ ਦੇ ਸਭਿਆਚਾਰ ਅਪਣਾ ਲੈਣਾ ਸਾਡੇ ਆਧੁਨਿਕ ਹੋਣ ਦੀ ਨਿਸ਼ਾਨੀ ਹੈ। ਆਪਣੇ ਸੱਭਿਆਚਾਰ ਨੂੰ, ਆਪਣੀਆਂ ਸਮਾਜਿਕ ਕੀਮਤਾਂ ਨੂੰ ਛੱਡਣਾ ਵਾਜ਼ਿਬ ਨਹੀਂ ਹੈ।

ਆਧੁਨਿਕਤਾ ਵਿਕਾਸ ਦਾ ਦੂਜਾ ਨਾਮ ਹੈ। ਇਹ ਵਿਕਾਸ ਉਥੋਂ ਸ਼ੁਰੂ ਹੁੰਦਾ ਹੈ ਜਦੋਂ ਪਿੰਡਾਂ ਵਿੱਚ ਵਸਦੇ ਲੋਕ ਰੁਜ਼ਗਾਰ ਖਾਤਰ, ਆਧੁਨਿਕ ਜੀਵਨ ਜਿਊਣ ਖਾਤਰ ਸ਼ਹਿਰਾਂ ਵੱਲ ਹੋ ਤੁਰੇ। ਪਿੰਡਾਂ ਵਿੱਚ ਵੀ ਉਹ ਪਿਆਰ, ਸਾਂਝੀਵਾਲਤਾ, ਪੁਰਾਣੇ ਰੀਤੀ-ਰਿਵਾਜ਼, ਯਾਰੀਆਂ-ਦੋਸਤੀਆਂ, ਕੰਮ ਕਰਨ ਦੇ ਪੁਰਾਣੇ ਢੰਗ-ਤਰੀਕੇ ਖਤਮ ਹੋਣ ਦੇ ਕੰਢੇ ਹਨ। ਨਾ ਉਹ ਲੱਸੀ ਦੀ ਤੌੜੀ, ਮਧਾਣੀਂ, ਕਿਰਸਾਨੀ ਦੇ ਪੁਰਾਣੇ ਢੰਗ ਤਰੀਕੇ, ਪ੍ਰੀਵਾਰਾਂ ਦੀ ਭਾਈਚਾਰਕ ਸਾਂਝ ਦਿਸਦੇ ਹਨ ਨਾ ਉਹ ਨੌਜਵਾਨੀ ਕਿਧਰੇ ਦਿਸਦੀ ਹੈ ਜੋ ਇਸ ਵਿਰਾਸਤ ਨੂੰ ਸਾਂਭ ਸਕੇ। ਹਰ ਨੌਜਵਾਨ ਪੜ੍ਹ ਕੇ ਛੇਤੀ ਤੋਂ ਛੇਤੀ ਅਮੀਰ ਬਣਨਾ ਲੋਚਦਾ ਹੈ। ਖੇਤੀ ਕਰਨ ਲਈ ਨਵੇਂ ਸੰਦ ਚਾਹੀਦੇ ਹਨ, ਬਲਦਗੱਡੀਆਂ ਕਿਤੇ ਖੋਹ ਗਈਆਂ ਹਨ। ਕਿਰਸਾਨੀ ਘਾਟੇ ਦਾ ਸੌਦਾ ਜਾਪਦੀ ਹੈ, ਹੱਡ-ਤੋੜਵੀਂ ਮਿਹਨਤ ਕਰਨ ਤੋਂ ਨੌਜਵਾਨ ਪੀੜੀ ਮੂੰਹ ਮੋੜ ਚੁੱਕੀ ਹੈ ਤੇ ਉਹ ਸ਼ਹਿਰਾਂ ਵਿੱਚ ਵਸ ਉਥੇ ਜ਼ਿੰਦਗੀ ਦਾ ਆਨੰਦ ਮਾਣਨਾ ਚਾਹੁੰਦੇ ਹਨ। ਖੁੱਲੇ-ਡੁੱਲੇ ਘਰਾਂ ਦੀ ਥਾਂ ਸ਼ਹਿਰਾਂ ਵਿੱਚ ਫਲੈਟ ਕਲਚਰ ਨੇ ਲੈ ਲਈ ਹੈ। ਲੋਕ ਚਾਹੁੰਦੇ ਹਨ ਕਿ ਕੋਈ ਉਹਨਾਂ ਦੇ ਘਰਾਂ ਵਿੱਚ ਝਾਕੇ ਵੀ ਨਾ। ਸਿੱਟੇ ਵਜੋਂ ਲੋਕ ਵਧੇਰੇ ਲਾਈਫ ਸਟਾਇਲ ਬਿਮਾਰੀਆਂ ਦੀ ਆੜ ਹੇਠ ਆ ਰਹੇ ਹਨ। ਇਕੱਲਾਪਣ ਵੱਧ ਗਿਆ ਹੈ। ਦੋ-ਬੱਚਿਆਂ ਦੀ ਥਾਂ ਵੀ ਇੱਕ ਹੀ ਬੱਚੇ ਨੇ ਲੈ ਲਈ ਹੈ, ਉਹ ਵੀ ਘਰੇਲੂ ਨੌਕਰਾਂ ਦੇ ਸਿਰ ਤੇ ਪਲ ਰਹੇ ਹਨ। ਇਹਨਾਂ ਸਭ ਵਿੱਚ ਘੁਣ ਵਾਂਗ ਪਿਸ ਰਹੇ ਹਨ ਸਾਡੇ ਬਜ਼ੁਰਗ। ਉਹਨਾਂ ਲਈ ਕਿਸੇ ਕੋਲ ਵਕਤ ਨਹੀਂ। ਨਾ ਉਹਨਾਂ ਦੀ ਕੋਈ ਮੰਨਦਾ ਹੈ ਨਾ ਉਹਨਾਂ ਤੋਂ ਕੋਈ ਰਾਤ ਨੂੰ ਬਾਤਾਂ ਸੁਣਦਾ ਹੈ। ਸੰਯੁਕਤ ਪਰਿਵਾਰਾਂ ਦੀ ਜਗ੍ਹਾ ਵਿਖੰਡਿਤ ਪਰਿਵਾਰਾਂ ਨੇ ਲੈ ਲਈ ਹੈ। ਹਰ ਕੋਈ ਇਹੀ ਚਾਹੁੰਦਾ ਕਿ ਉਹਨਾਂ ਦੀ ਜ਼ਿੰਦਗੀ ਵਿੱਚ ਕਿਸੇ ਦੀ ਖਾਸ ਕਰ ਘਰ ਦੇ ਵੱਡਿਆਂ ਦੀ ਕੋਈ ਦਖਲਅੰਦਾਜ਼ੀ ਨਾ ਹੋਵੇ, ਕਿਤੇ ਖੋ ਗਏ ਉਹ ਬਜ਼ੁਰਗ ਲਾਣੇਦਾਰ ਅਤੇ ਉਹਨਾਂ ਦੀ ਕਦਰ। ਨੌਜਵਾਨੀ ਦਾ ਵਧੇਰੇ ਰੁਝਾਨ ਪ੍ਰਵਾਸ ਵੱਲ ਹੋ ਤੁਰਿਆ ਹੈ। ਉਹ ਬਾਹਰ ਜਾ, ਡਾਲਰ ਕਮਾ ਕੇ ਖੁੱਲੀ-ਡੁੱਲੀ ਜ਼ਿੰਦਗੀ ਜਿਉਣਾ ਲੋਚਦੇ ਹਨ। ਕਈਆਂ ਦੇ ਪਿੱਛੇ ਰਹਿ ਰਹੇ ਮਾਪੇ 'ਓਲਡ ਏਜ਼ ਹੋਮਾਂ' ਵਿੱਚ ਰੁਲਣ ਲਈ ਮਜ਼ਬੂਰ ਹਨ। ਸ਼ਹਿਰਾਂ ਵਿੱਚ ਇਹ ਰੁਝਾਨ ਆਮ ਹੋ ਤੁਰਿਆ ਹੈ। ਪਿਛਲੇ ਦਹਾਕਿਆਂ ਨਾਲੋਂ ਇਸ ਦਹਾਕੇ ਵਿੱਚ 'ਓਲਡ ਏਜ਼ ਘਰਾਂ' ਦੀ ਗਿਣਤੀ ਪੰਜਾਹ ਫੀਸਦੀ ਵਧੀ ਹੈ। ਕਿਹੋ-ਜਿਹੀ ਜ਼ਿੰਦਗੀ ਜੀਅ ਰਹੇ ਹਾਂ ਅਸੀਂ। ਬਹੁ-ਰਾਸ਼ਟਰੀ ਕੰਪਨੀਆਂ ਦੀ ਨੌਕਰੀ ਕਰਦੇ ਅਸੀਂ ਬੱਚੇ ਹੋਸਟਲਾਂ ਵਿੱਚ ਪਾ ਦਿੱਤੇ ਤੇ ਬਜ਼ੁਰਗ ਬਿਰਧ ਆਸ਼ਰਮਾਂ ਵਿੱਚ। ਤੇ ਕੀ ਉਮੀਦ ਕਰਦੇ ਹਾਂ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਤੋਂ। ਆਖ਼ਰ ਕਿਹੋ ਜਿਹਾ ਸਮਾਜੀਕਰਨ ਅਸੀਂ ਉਹਨਾਂ ਦਾ ਕਰ ਰਹੇ ਹਾਂ।

ਬੱਚਿਆਂ ਦੀ ਜ਼ਿੰਦਗੀ ਸਾਡੇ ਆਧੁਨਿਕ ਹੋਣ ਦੀ ਸਭ ਤੋਂ ਵੱਧ ਮਾਰ ਝੱਲ ਰਹੀ ਹੈ। ਤਕਨਾਲੋਜੀ ਦੇ ਪਸਾਰੇ ਨੇ ਸਾਡੀ ਜ਼ਿੰਦਗੀ ਵਿੱਚ ਉਹ ਮਲਾਲ (ਬਾਕੀ ਸਫ਼ਾ 31 'ਤੇ)

# ਨਿਸ਼ਾਨ ਸਾਹਿਬ ਜੀ ਦੇ ਰੰਗਾਂ ਬਾਰੇ ਬੇਲੋੜਾ ਵਾਦ-ਵਿਵਾਦ ਕਿਉਂ ?



ਮਨਜੀਤ ਸਿੰਘ
(ਗਤਕਾ ਮਾਸਟਰ)

ਸਿੱਖ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੁੰਦਾ ਹੈ, ਉੱਥੇ ਉਸਦਾ ਸੀਸ ਨਿਸ਼ਾਨ ਸਾਹਿਬ ਜੀ ਅੱਗੇ ਵੀ ਝੁਕਦਾ ਹੈ ਕਿਉਂਕਿ ਨਿਸ਼ਾਨ ਸਾਹਿਬ ਦੇ ਰੂਪ ਵਿੱਚ ਇਹ ਅਕਾਲ ਧਵਜਾ ਸਿੱਖ ਪੰਥ ਦੀ ਆਨ, ਸ਼ਾਨ, ਮਾਣ ਤੇ ਸਤਿਕਾਰ ਦਾ ਪ੍ਰਤੀਕ ਹੈ। ਇਸ ਤੋਂ ਇਲਾਵਾ ਗੁਰੂ ਘਰ ਵਿਖੇ ਝੂਲਦੇ ਨਿਸ਼ਾਨ ਸਾਹਿਬ ਨੂੰ ਵੇਖ ਕੇ ਜ਼ਰੂਰਤਮੰਦ ਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਇਸ ਅਸਥਾਨ 'ਤੇ ਉਸ ਦੀ ਰਿਹਾਇਸ਼ ਤੇ ਲੰਗਰ ਤੋਂ ਇਲਾਵਾ ਅਧਿਆਤਮਕ ਤ੍ਰਿਪਤੀ ਦੀ ਵੀ ਜ਼ਰੂਰਤ ਪੂਰੀ ਹੋਵੇਗੀ।

ਇਤਿਹਾਸ ਵਿੱਚ ਕੋਈ ਪੁਖ਼ਤਾ ਜਾਣਕਾਰੀ ਤਾਂ ਨਹੀਂ ਮਿਲਦੀ ਪਰ ਕਈ ਲਿਖਾਰੀਆਂ ਅਨੁਸਾਰ ਤੇ ਸੀਨਾ ਬ ਸੀਨਾ ਚਲੀਆਂ ਆ ਰਹੀਆਂ ਕਥਾਵਾਂ ਅਨੁਸਾਰ ਜਿਕਰ ਆਉਂਦਾ ਹੈ ਕਿ ਪੰਜਵੇਂ ਪਾਤਸ਼ਾਹ ਜੀ ਤੱਕ ਗੁਰੂ ਸਾਹਿਬ ਜੀ ਦੇ ਦਰਬਾਰ ਵਿਖੇ ਚਿੱਟਾ ਨਿਸ਼ਾਨ ਸਾਹਿਬ ਝੂਲਦਾ ਰਿਹਾ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਵਲਾ ਬਾਈਪਾਸ ਉੱਪਰ ਇੱਕ ਗੁਰੂ ਘਰ ਗੁਰੂ ਸਰ ਸੰਤ ਬਾਬਾ ਤਾਰਾ ਸਿੰਘ ਜੀ ਸਥਿਤ ਹੈ, ਜਿੱਥੇ ਚਿੱਟਾ ਨਿਸ਼ਾਨ ਸਾਹਿਬ ਝੂਲ ਰਿਹਾ ਹੈ। ਇਸ ਅਸਥਾਨ ਉੱਪਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਹੈ। ਦਾਸ ਨੇ ਜਦ ਉੱਥੇ ਮੌਜੂਦ ਗੁਰਸਿੱਖਾਂ ਨੂੰ ਚਿੱਟੇ ਰੰਗ ਦੇ ਨਿਸ਼ਾਨ ਸਾਹਿਬ ਬਾਰੇ ਇਤਿਹਾਸ ਪੁੱਛਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਸੰਨ 1996 ਵਿੱਚ ਅਕਾਲ ਚਲਾਣਾ ਕਰਨ ਤੋਂ ਪਹਿਲਾਂ ਸੰਨ 1995 ਵਿੱਚ ਬਾਬਾ ਤਾਰਾ ਸਿੰਘ ਜੀ ਇਹ ਨਿਸ਼ਾਨ ਸਾਹਿਬ ਖ਼ੁਦ ਝੁਲਾ ਕੇ ਗਏ ਹਨ।

ਇਤਿਹਾਸ ਅਨੁਸਾਰ ਮੀਰੀ – ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਨ ਤੋਂ ਬਾਅਦ ਛੇਵੇਂ ਪਾਤਸ਼ਾਹ ਜੀ ਨੇ ਅਕਾਲ ਬੁੰਗਾ ( ਸ੍ਰੀ ਅਕਾਲ ਤਖ਼ਤ ਸਾਹਿਬ ) ਵਿਖੇ ਦੋ ਨਿਸ਼ਾਨ ਸਾਹਿਬ ਇਕੱਠੇ ਝੁਲਵਾਏ। ਜੋਕਿ ਹੁਣ ਦੇ ਨਿਸ਼ਾਨ ਸਾਹਿਬ ਨਾਲੋਂ ਉਚਾਈ ਵਿੱਚ ਛੋਟੇ ਸਨ। ਗੁਰੂ ਕਾਲ ਸਮੇਂ ਇਨ੍ਹਾਂ ਦਾ ਰੰਗ ਬਸੰਤੀ ਹੋਣ ਦਾ ਜ਼ਿਕਰ ਮਿਲਦਾ ਹੈ ਪਰ ਸਿੱਖ ਰਾਜ ਤੇ ਮਿਸਲ ਕਾਲ ਦੌਰਾਨ ਇੱਥੇ ਨੀਲੇ ਰੰਗ ਝੂਲਣ ਦਾ ਵੀ ਜ਼ਿਕਰ ਮਿਲਦਾ ਹੈ। ਸੰਨ 1908 ਦੀ ਦੋਵੇਂ ਨਿਸ਼ਾਨ ਸਾਹਿਬ ਦੀ ਇੱਕ ਫ਼ੋਟੋ ਮਿਲਦੀ ਹੈ,ਜਿਸ ਵਿੱਚ ਇਕ ਨਿਸ਼ਾਨ ਸਾਹਿਬ ਨੀਲਾ ਤੇ ਇੱਕ ਨਿਸ਼ਾਨ ਸਾਹਿਬ ਬਸੰਤੀ ਰੰਗ ਦਾ ਹੈ ਤੇ ਇਨ੍ਹਾਂ ਉੱਪਰ ਕ੍ਰਿਪਾਨ, ਢਾਲ ਤੇ ਕਟਾਰ ਦੀ ਫ਼ੋਟੋ ਹੈ। ਇੰਝ ਹੀ ਸੰਨ 1924 ਵਿੱਚ ਜਿਹੜੇ ਸਿੰਘ ਜੈਤੋ ਦੇ ਮੋਰਚੇ ਲਈ ਨਿਸ਼ਾਨ ਸਾਹਿਬ ਜੀ ਦੀ ਅਗਵਾਈ ਹੇਠ ਚੱਲੇ ਸਨ, ਉਹ ਨਿਸ਼ਾਨ ਸਾਹਿਬ ਵੀ ਨੀਲੇ ਸਨ ਤੇ ਉਨ੍ਹਾਂ ਉੱਪਰ ਵੀ ਸ਼ਸਤਰਾਂ ਦੀ ਹੀ ਫ਼ੋਟੋ ਸੀ।

ਇਸ ਗੱਲ ਵਿੱਚ ਇਤਿਹਾਸਕ ਸੱਚਾਈ ਹੈ ਕਿ ਸਿੱਖਾਂ ਨੇ ਇਤਿਹਾਸ ਤਾਂ ਬਣਾਇਆ ਪਰ ਉਸ ਨੂੰ ਸਹੀ ਢੰਗ ਨਾਲ ਸੰਭਾਲਨ ਤੇ ਰੱਖ ਰਖਾਅ ਦਾ ਉਚਿਤ ਮੌਕਾ ਨਹੀਂ ਮਿਲਿਆ, ਕਿਉਂਕਿ ਪਹਿਲਾਂ ਮੁਗਲਾਂ ਨਾਲ ਤੇ ਫ਼ੇਰ ਅੰਗਰੇਜ਼ਾਂ ਨਾਲ ਉਲਝਦਿਆਂ ਸਿੱਖ ਸ਼ਹੀਦ ਤਾਂ ਹੁੰਦੇ ਰਹੇ ਪਰ ਆਪਣੇ ਵਿਰਸੇ ਨੂੰ ਸੰਭਾਲਣ ਤੋਂ ਖੁੰਝ ਗਏ,ਜਿਸ ਦਾ ਅਸਰ ਅਜੋਕੇ ਸਮੇਂ ਕਈ ਰੂਪਾਂ ਵਿੱਚ ਵੇਖਣ ਨੂੰ ਮਿਲ ਰਿਹਾ ਹੈ। ਇਤਿਹਾਸਕ ਲਿਖਤਾਂ ਅਨੁਸਾਰ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਤਕਰੀਬਨ 60 ਸਾਲ ਮਹੰਤਾਂ ਦਾ ਕਬਜ਼ਾ ਰਿਹਾ, ਇਸ ਦੌਰਾਨ ਜਿੱਥੇ ਸਿੱਖ ਰਹੁ ਰੀਤਾਂ ਦਾ ਘਾਣ ਹੋਇਆ ,ਉੱਥੇ ਸਿੱਖੀ ਸਿਧਾਂਤ ਵੀ ਆਪਣੀ ਮਰਜ਼ੀ ਅਨੁਸਾਰ ਚਲਾਏ ਗਏ। ਇਥੋਂ ਤੱਕ ਕਿ ਗੁਰੂ ਨਾਨਕ ਸਾਹਿਬ ਜੀ ਦੀ 13ਵੀ ਪੀੜ੍ਹੀ ਵਿੱਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਵੀ ਰਹੇ ਬਾਬਾ ਖੇਮ ਸਿੰਘ ਬੇਦੀ ਨੇ ਆਪਣੇ – ਆਪ ਨੂੰ ਜਿੱਥੇ ਸਿੱਖਾਂ ਦਾ 12ਵਾਂ ਗੁਰੂ ਵੀ ਐਲਾਨਿਆ, ਉੱਥੇ ਉਸ ਦੀ ਅਗਵਾਈ ਹੇਠ ਨਿਸ਼ਾਨ ਸਾਹਿਬ ਜੀ ਦੇ ਰੰਗ, ਮਰਿਯਾਦਾ ਤੇ ਸਿਧਾਂਤ ਵੀ ਬਦਲੇ ਗਏ। ਅੰਗ੍ਰੇਜ਼ ਹਕੂਮਤ ਦੇ ਜ਼ਰਖਰੀਦ ਇਸ ਮਹੰਤ ਬੇਦੀ ਨੇ ਬੇਸ਼ੱਕ ਉਪਰੋਂ ਗਾਤਰੇ ਸ੍ਰੀ ਸਾਹਿਬ ਧਾਰਨ ਕੀਤੀ ਹੋਈ ਸੀ ਪਰ ਥੱਲੇ ਜਨੇਊ ਵੀ ਪਾਇਆ ਹੋਇਆ ਸੀ ਤੇ ਇਸੀ ਸਮੇਂ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪ੍ਰਕਰਮਾ ਵਿੱਚ ਮੂਰਤੀਆਂ ਰੱਖ ਕੇ ਪੰਡਿਤਾਂ ਨੇ ਟੇਵੇ,ਕੁੰਡਲੀਆਂ ਦੇਖਣ ਦੀ ਰੀਤ ਸ਼ੁਰੂ ਕੀਤੀ। ਇਹ ਜਿਹੜੀ ਗੱਦੀ ਲਾ ਕੇ ਉੱਪਰ ਬੈਠ ਆਪਣੇ – ਆਪ ਨੂੰ ਗੁਰੂ ਸਮਝੀ ਬੈਠਾ ਸੀ,ਉਹ ਗੱਦੀ ਪੰਥ ਦੀ ਮਹਾਨ ਸ਼ਖ਼ਸੀਅਤ ਗਿਆਨੀ ਦਿੱਤ ਸਿੰਘ ਜੀ ਨੇ ਸਰੋਵਰ ਵਿੱਚ ਵਗਾਹ ਮਾਰੀ ਸੀ। ਕਹਿਣ ਦਾ ਭਾਵ ਕਿ ਕਈ ਸਿੱਖਾਂ ਨੂੰ ਵੀ ਅਜੋਕੇ ਸਮੇਂ ਇਹ ਹੋ ਰਿਹਾ ਬਦਲਾਅ ਠੀਕ ਨਹੀਂ ਲੱਗ ਰਿਹਾ ਕਿਉਂਕਿ ਉਹ ਦਹਾਕਿਆਂ ਤੋਂ ਜੋ ਦੇਖ ਰਹੇ ਹਨ,ਉਹੀ ਉਨ੍ਹਾਂ ਦੇ ਦਿਲ – ਦਿਮਾਗ ਵਿੱਚ ਬੈਠ ਗਿਆ, ਜੋ ਕਿ ਬਾਹਰ ਕੱਢਣ ਨੂੰ ਤਿਆਰ ਨਹੀਂ ਪਰ ਬੇਨਤੀ ਹੈ ਕਿ ਬੇਸ਼ੱਕ ਦਹਾਕਿਆਂ ਤੱਕ ਕੋਈ ਗ਼ਲਤੀ ਲਗਾਤਾਰ ਹੁੰਦੀ ਰਹੇ,ਜਦੋਂ ਜਾਗ੍ਰਤੀ ਆ ਜਾਵੇ ਤਾਂ ਉਹ ਗ਼ਲਤੀ ਸੁਧਾਰ ਕਰਨ ਵਿਚ ਹੀ ਕੌਮਾਂ ਦਾ ਭਲਾ ਹੁੰਦਾ ਹੈ।





ਹੁਣ ਗੱਲ ਕਰਦੇ ਹਾਂ ਪਿਛਲੇ ਦਿਨਾਂ ਤੋਂ ਸਿੱਖ ਪੰਥ ਦੇ ਨਿਸ਼ਾਨ ਸਾਹਿਬ ਜੀ ਦੇ ਰੰਗਾਂ ਨੂੰ ਲੈ ਕੇ ਸ਼ੁਰੂ ਹੋਏ ਬੇਲੋੜੇ ਵਾਦ – ਵਿਵਾਦ ਬਾਰੇ ਕਿ ਇਹ ਕਿਉਂ ਸ਼ੁਰੂ ਹੋਇਆ। ਸਿੱਖ ਰਹਿਤ ਮਰਿਯਾਦਾ ਦਾ ਹਵਾਲਾ ਦਿੰਦਿਆ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮਾਂ ਉੱਪਰ ਪਹਿਰਾ ਦਿੰਦਿਆਂ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਅਹਿਮ ਵਿਭਾਗ ਧਰਮ ਪ੍ਰਚਾਰ ਕਮੇਟੀ ਨੇ ਇੱਕ ਸਰਕੂਲਰ ਜਾਰੀ ਕਰਕੇ ਆਪਣੇ ਪ੍ਰਚਾਰਕਾਂ, ਢਾਡੀਆਂ, ਕਵੀਸ਼ਰਾਂ ਨੂੰ ਇਸ ਸੰਬੰਧੀ ਜਾਣਕਾਰੀ ਮੁਹਈਆ ਕਰਵਾਉਣ ਨੂੰ ਕਿਹਾ। ਇਸ ਬਾਬਤ ਪੁਰਾਤਨ ਸ੍ਰੋਤਾਂ, ਦਸਤਾਵੇਜਾਂ ਤੇ ਪੁਰਾਤਨ ਲਿਖਤਾਂ ਦੀ ਮਦਦ ਨਾਲ ਖ਼ੋਜ ਕਰਕੇ ਪੰਥ ਦੇ ਵਿਦਵਾਨਾਂ ਦੀ ਇਕਮੱਤ ਰਾਏ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਸਲੀ ਬਸੰਤੀ ਰੰਗ ਪੰਥ ਦੇ ਸਾਹਮਣੇ ਪ੍ਰਗਟ ਕਰਨ ਹੋਵੇਗਾ ਤੇ ਹੋ ਸਕੇ ਤਾਂ ਇਤਿਹਾਸਕ ਗੁਰੂ ਘਰਾਂ ਵਿਖੇ ਵਿਸ਼ੇਸ਼ ਕਾਉਂਟਰ ਲਾ ਕੇ ਇਸ ਰੰਗ ਦੇ ਨਿਸ਼ਾਨ ਸਾਹਿਬ ਜੀ ਦੇ ਪੋਸ਼ਾਕੇ ਤੇ ਦਸਤਾਰਾਂ ਉਚਿਤ ਭਾਅ ਉੱਪਰ ਸੰਗਤਾਂ ਨੂੰ ਦੇਣੀਆਂ ਚਾਹੀਦੀਆਂ ਹਨ।

ਸਿੱਖ ਰਹਿਤ ਮਰਿਯਾਦਾ ਮੁਤਾਬਿਕ ਦੂਸਰਾ ਰੰਗ ਸੁਰਮਈ ਹੈ ਪਰ ਇੱਥੇ ਵੀ ਬਹੁਤ ਵੱਡੀ ਦੁਬਿੱਧਾ ਹੈ ਕਿ ਸੁਰਮਈ ਰੰਗ ਹੈ ਕਿਹੜਾ... ? ਕਿਉਂਕਿ ਅਸੀਂ ਨੀਲੇ ਰੰਗ ਨੂੰ ਹੀ ਸੁਰਮਈ ਰੰਗ ਕਹਿ ਰਹੇ ਹਾਂ,ਜਦਕਿ ਅੱਖਾਂ ਵਿੱਚ ਪਾਏ ਜਾਣ ਵਾਲੇ ਸੁਰਮੇ ਨੂੰ ਉਸਦੇ ਸੁਰਮਈ ਰੰਗ ਕਰਕੇ ਸੁਰਮਾ ਕਿਹਾ ਜਾਂਦਾ ਹੈ। ਪੰਜਾਬ ਕੋਸ਼ ਮੁਤਾਬਿਕ ਸੁਰਮਈ ਰੰਗ ਹਲਕਾ ਨੀਲਾ, ਗ੍ਰੇਇਸ ਨੀਲਾ ਤੇ ਸਟੀਲ ਗ੍ਰੇ ਹੁੰਦਾ ਹੈ। ਇਹ ਗੱਲ ਤੇ ਬਿਲਕੁਲ ਸਪਸ਼ਟ ਹੈ ਕਿ ਸੁਰਮਈ ਰੰਗ ਅਕਾਲੀ ਫ਼ੌਜ ਨਿਹੰਗ ਸਿੰਘਾਂ ਵੱਲੋਂ ਵਰਤੇ ਜਾਣ ਵਾਲੇ ਨੀਲੇ ਰੰਗ ਦੇ ਬਿਲਕੁਲ ਵੀ ਨੇੜੇ ਨਹੀਂ ਤਾਂ ਫ਼ੇਰ ਸੁਰਮਈ ਰੰਗ ਕਿਹੜਾ ਹੈ... ?

ਸਿੱਖ ਇਤਿਹਾਸ ਅਨੁਸਾਰ ਸੰਨ 1699 ਦੀ ਵਿਸਾਖੀ ਨੂੰ ਜਦੋਂ ਪੰਜ ਪਿਆਰਿਆਂ ਤੋਂ ਬਾਅਦ ਦਸਵੇਂ ਪਾਤਸ਼ਾਹ ਜੀ ਨੇ ਖੰਡੇ ਬਾਟੇ ਦੀ ਪਾਹੁਲ ਹਾਸਿਲ ਕੀਤੀ ਤਾਂ ਦੂਜੇ ਜੱਥੇ ਵਿੱਚ ਗੁਰੂ ਸਾਹਿਬ ਜੀ ਦੇ ਚਵਰ ਬਰਦਾਰ ਭਾਈ ਰਾਮ ਸਿੰਘ ਨੇ ਆਪਣੇ ਚਾਰ ਸਾਥੀਆਂ ਭਾਈ ਦੇਵਾ ਸਿੰਘ , ਭਾਈ ਟਹਿਲ ਸਿੰਘ , ਭਾਈ ਈਸ਼ਰ ਸਿੰਘ ਤੇ ਭਾਈ ਫ਼ਤਿਹ ਸਿੰਘ ਸਹਿਤ ਅੰਮ੍ਰਿਤ ਦੀ ਦਾਤ ਹਾਸਿਲ ਕੀਤੀ ਤੇ ਪੰਜ ਮੁਕਤੇ ਕਹਾਏ। ਦਸਵੇਂ ਪਾਤਸ਼ਾਹ ਜੀ ਨੇ ਭਾਈ ਰਾਮ ਸਿੰਘ ਮੁਕਤਾ ਨੂੰ ਇੱਕ ਨਿਸ਼ਾਨ ਸਾਹਿਬ ਬਖਸ਼ਿਸ਼ ਕੀਤਾ। ਇੰਝ ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਦੇ ਆਪਸੀ ਮਨ ਮੁਟਾਵ ਦੌਰਾਨ ਗੁਰੂ ਸਾਹਿਬ ਜੀ ਦੇ ਮਹਿਲ ਮਾਤਾ ਸੁੰਦਰ ਕੌਰ ਜੀ ਨੇ ਭਾਈ ਰਾਮ ਸਿੰਘ ਮੁਕਤਾ ਨੂੰ ਪਹਿਲੇ ਵਰਗਾ ਹੀ ਇੱਕ ਹੋਰ ਨਿਸ਼ਾਨ ਸਾਹਿਬ ਦੇ ਕੇ ਭਾਈ ਮਨੀ ਸਿੰਘ ਜੀ ਨਾਲ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਸੇਵਾ ਸੰਭਾਲ ਤੇ ਆਪਸੀ ਝਗੜਾ ਖ਼ਤਮ ਕਰਨ ਲਈ ਦਿੱਲੀ ਤੋਂ ਭੇਜਿਆ। ਇਨ੍ਹਾਂ ਦੋਨਾਂ ਨਿਸ਼ਾਨ ਸਾਹਿਬ ਜੀ ਉੱਪਰ ਕ੍ਰਿਪਾਨ, ਢਾਲ ਤੇ ਕਟਾਰ ਭਾਵ ਸ਼ਸਤ੍ਰ ਅੰਕਿਤ ਸਨ। ਇਹ ਨਿਸ਼ਾਨ ਸਾਹਿਬ ਹਰੇਕ ਸਾਲ ਹੋਲੇ ਮਹੱਲੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਿਕਲਦੇ ਮਹੱਲੇ ਦੌਰਾਨ ਭਾਈ ਰਾਮ ਸਿੰਘ ਮੁਕਤਾ ਦੀ ਅੰਸ਼ ਬੰਸ ਵੱਲੋਂ ਝੁਲਾਏ ਜਾਂਦੇ ਹਨ, ਜਿਨ੍ਹਾਂ ਦਾ ਰੰਗ ਸੁਰਮੇ ਦੇ ਕਾਲੇ ਰੰਗ ਵਰਗਾ ਹੈ ਨਾ ਕਿ ਨਿਹੰਗ ਸਿੰਘਾਂ ਦੇ ਨਿਸ਼ਾਨ ਸਾਹਿਬ ਵਰਗਾ ਨੀਲੇ ਰੰਗ ਦਾ।

ਦੂਸਰੇ ਪਾਸੇ ਇਤਿਹਾਸ ਦੱਸਦਾ ਹੈ ਕਿ ਜਦੋਂ ਦਸਵੇਂ ਪਾਤਸ਼ਾਹ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਦੋਂ ਨਾਂਦੇੜ ਤੋਂ ਪੰਜਾਬ ਨੂੰ ਭਾਈ ਬਿਨੋਦ ਸਿੰਘ , ਭਾਈ ਕਾਹਨ ਸਿੰਘ , ਭਾਈ ਬਾਜ ਸਿੰਘ , ਭਾਈ ਭਗਵੰਤ ਸਿੰਘ ਬੰਗੇਸ਼ਰੀ ਤੇ ਭਾਈ ਰਣ ਸਿੰਘ ਦੀ ਅਗਵਾਈ ਹੇਠ ਨਗਾਰਾ ਤੇ ਨਿਸ਼ਾਨ ਸਾਹਿਬ ਦੇ ਕੇ ਭੇਜਿਆ ਤਾਂ ਉਸ ਦਾ ਰੰਗ ਨੀਲਾ ਸੀ,ਜਿਸ ਉੱਪਰ ਕ੍ਰਿਪਾਨ ,ਢਾਲ ਤੇ ਕਟਾਰ ਅੰਕਿਤ ਸੀ। ਇਸ ਤੋਂ ਇਲਾਵਾ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਸੰਨ 1698 ਦੀ ਮਾਰਚ ਨੂੰ ਗੁਰੂ ਕਾ ਚੱਕ ( ਸ੍ਰੀ ਅੰਮ੍ਰਿਤਸਰ ਸਾਹਿਬ ) ਦੀ ਸੰਗਤ ਦਸਵੇਂ ਪਾਤਸ਼ਾਹ ਜੀ ਦੇ ਦਰਸ਼ਨਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਆਈ ਤੇ ਉਨ੍ਹਾਂ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਪ੍ਰਿਥੀ ਚੰਦ ਦੇ ਵਾਰਸ ਮੀਣੇ ਗੁਰੂ ਕਾ ਚੱਕ ਛੱਡ ਗਏ ਹਨ, ਇਸ ਲਈ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਸਹੀ ਨਹੀਂ ਹੋ ਰਹੀ। ਗੁਰੂ ਸਾਹਿਬ ਜੀ ਨੇ ਉਸੀ ਸਮੇਂ ਭਾਈ ਮਨੀ ਸਿੰਘ ਦੀ ਅਗਵਾਈ ਹੇਠ ਭਾਈ ਭੂਪਤ ਸਿੰਘ , ਭਾਈ ਗੁਲਜ਼ਾਰ ਸਿੰਘ , ਭਾਈ ਕੋਇਰ ਸਿੰਘ , ਭਾਈ ਕਾਹਨ ਸਿੰਘ ਅਤੇ ਭਾਈ ਕੀਰਤ ਸਿੰਘ ਨੂੰ ਇੱਕ ਨੀਲਾ ਨਿਸ਼ਾਨ ਸਾਹਿਬ, ਇੱਕ ਨਗਾਰਾ ਅਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਮਦਮੀ ਸਰੂਪ ਦਾ ਇੱਕ ਉਤਾਰਾ ਦੇ ਕੇ ਭੇਜਿਆ। ਇਹ ਸਾਰੇ ਗੁਰਸਿੱਖ ਸ੍ਰੀ ਦਰਬਾਰ ਸਾਹਿਬ ਵਿਖੇ ਪਹੁੰਚੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨੀਲਾ ਸਾਹਿਬ ਝੁਲਾਇਆ। ਗੁਰੂ ਸਾਹਿਬ ਜੀ ਨੇ ਜਿਹੜਾ ਨਿਸ਼ਾਨ ਸਾਹਿਬ ਨਾਂਦੇੜ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਦੇ ਕੇ ਭੇਜਿਆ ਸੀ, ਇਹ ਅੱਜ ਵੀ ਨੀਲੇ ਰੰਗ ਵਾਲਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਕੋਲ ਸੁਰੱਖਿਅਤ ਹੈ,ਜਿਸ ਦੇ ਸਮੇਂ – ਸਮੇਂ ਅਨੁਸਾਰ ਸੰਗਤਾਂ ਨੂੰ ਉਸਦੇ ਦਰਸ਼ਨ ਕਰਵਾਏ ਜਾਂਦੇ ਹਨ।

ਗੁਰੂ ਸਾਹਿਬ ਜੀ ਦੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘਾਂ ਵੱਲੋਂ ਜੋ ਨਿਸ਼ਾਨ ਸਾਹਿਬ ਝੁਲਾਏ ਜਾਂਦੇ ਹਨ,ਉਨ੍ਹਾਂ ਦਾ ਰੰਗ ਵੀ ਨੀਲਾ ਹੁੰਦਾ ਹੈ ਤੇ ਜੋ ਫ਼ਰਲਾ ਸੀਸ ਉੱਪਰ ਸਜਾਇਆ ਜਾਂਦਾ ਹੈ, ਉਸ ਦਾ ਰੰਗ ਵੀ ਨੀਲਾ ਹੁੰਦਾ ਹੈ। ਇਨ੍ਹਾਂ ਨੀਲੇ ਰੰਗ ਦੇ ਨਿਸ਼ਾਨ ਸਾਹਿਬ ਤੇ ਹੋਲੇ ਮਹੱਲੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਕੱਢੇ ਜਾਂਦੇ ਮਹੱਲੇ ਦੌਰਾਨ ਝੁਲਾਏ ਜਾਂਦੇ ਨਿਸ਼ਾਨ ਸਾਹਿਬ ਦੇ ਰੰਗ ਦੀ ਆਪਸੀ ਦੂਰ ਤੱਕ ਕੋਈ ਸਾਂਝ ਨਹੀਂ। ਕਹਿਣ ਨੂੰ ਇਹ ਦੋਨੋ ਰੰਗ ਸੁਰਮਈ ਹਨ ਪਰ ਪੰਥ ਨੂੰ ਇਹ ਸਪਸ਼ਟ ਕਰਨਾ ਹੋਵੇਗਾ ਕਿ ਅਸਲੀ ਸੁਰਮਈ ਰੰਗ ਕਿਹੜਾ ਹੈ ਤਾਂ ਜੋ ਮੌਜੂਦਾ ਤੇ ਭਵਿੱਖ ਵਿੱਚ ਹੋਰ ਕੋਈ ਉਲਝਣ ਪੈਦਾ ਨਾ ਹੋਵੇ ਤੇ ਮੌਜੂਦਾ ਸਮੇਂ ਵਾਂਗ ਇਹ ਵੀ ਵਾਦ – ਵਿਵਾਦ ਦਾ ਵਿਸ਼ਾ ਨਾ ਬਣ ਜਾਵੇ।



ਅਗਲੀ ਗੱਲ ਕਿ ਗੁਰੂ ਕਾਲ ਤੋਂ ਸਿੱਖ ਪੰਥ ਦੇ ਨਿਸ਼ਾਨ ਸਾਹਿਬ ਵਿੱਚ ਕ੍ਰਿਪਾਨ, ਢਾਲ ਤੇ ਕਟਾਰ ਇਹ ਤਿੰਨ ਸ਼ਸਤ੍ਰ ਉਕਰੇ ਹੋਏ ਹਨ, ਇਹ ਨਿਸ਼ਾਨ ਸਾਹਿਬ ਤੇ ਉਸ ਵਿੱਚ ਅੰਕਿਤ ਸ਼ਸਤ੍ਰ ਗੁਰੂ ਸਾਹਿਬ ਜੀ ਆਪ ਖੁਦ ਆਪਣੇ ਪੰਥ ਖ਼ਾਲਸੇ ਨੂੰ ਦੇ ਕੇ ਗਏ ਹਨ, ਜਿਸ ਵਿੱਚ ਤਬਦੀਲੀ ਕਰਨ ਜਾਂ ਬਦਲਣ ਦਾ ਹੱਕ ਕਿਸੇ ਨੂੰ ਨਹੀਂ ਹੈ। ਨਿਸ਼ਾਨ ਸਾਹਿਬ ਤੇ ਉਸ ਵਿਚਲੇ ਸ਼ਸਤ੍ਰ ਸਿੱਖ ਪੰਥ ਦੀ ਅਜ਼ਾਦ ਪ੍ਰਭੂਸੱਤਾ, ਗ਼ੈਰਤ, ਅਣਖ,ਸ਼ਾਨ, ਮਾਣ ਤੇ ਸੂਰਬੀਰਤਾ ਦਾ ਪ੍ਰਤੀਕ ਹਨ, ਇਹੀ ਗੱਲ ਅੰਗ੍ਰੇਜ਼ ਹਕੂਮਤ ਨੂੰ ਹਰ ਸਮੇਂ ਚੁੱਭਦੀ ਸੀ ਤੇ ਕਿਉਂਕਿ ਇਸੇ ਨਿਸ਼ਾਨ ਸਾਹਿਬ ਜੀ ਦੀ ਅਗਵਾਈ ਹੇਠ ਖ਼ਾਲਸਾ ਫ਼ੌਜ ਨੇ ਮੁਗ਼ਲ ਹਕੂਮਤ ਤੋਂ ਬਾਅਦ ਅੰਗ੍ਰੇਜ਼ ਹਕੂਮਤ ਨਾਲ ਬੇਅੰਤ ਯੁੱਧ ਲੜੇ ਤੇ ਫ਼ਤਿਹ ਹਾਸਿਲ ਕੀਤੀ। ਸਿੱਖ ਰਾਜ ਦੇ ਚੜ੍ਹਦੇ ਸੂਰਜ ਦੌਰਾਨ ਤਾਂ ਅੰਗ੍ਰੇਜ਼ ਦੇਸ਼ ਪੰਜਾਬ ਵੱਲ ਕਹਿਰੀ ਅੱਖ ਨਾਲ ਝਾਕ ਵੀ ਨਾ ਸਕਿਆ ਪਰ ਜਿਵੇਂ ਹੀ ਸਿੱਖ ਰਾਜ ਦਾ ਸੂਰਜ ਅਸਤ ਹੋਇਆ ਤਾਂ ਅੰਗ੍ਰੇਜ਼ ਹਕੂਮਤ ਨੇ ਆਪਣੇ ਖਰੀਦੇ ਹੋਏ ਪਾਸਿਆਂ ਨਾਲ ਉਹ ਚਾਲ ਖੇਡੀ ਕਿ ਜਿੱਥੇ ਸਿੱਖ ਰਾਜ ਦਾ ਪਤਨ ਹੋਇਆ,ਉੱਥੇ ਸਿੱਖ ਸਿਧਾਂਤ,ਸੱਭਿਆਚਾਰ, ਰਹੁ ਰੀਤਾਂ ਤੇ ਇਤਿਹਾਸ ਵਿਚ ਭਾਰੀ ਰਲਗੱਡ ਹੋ ਗਈ। ਇਨ੍ਹਾਂ ਵਿੱਚੋਂ ਹੀ ਜਿੱਥੇ ਇਕ ਨਿਸ਼ਾਨਾ ਸਿੱਖ ਪੰਥ ਦੇ ਨਿਸ਼ਾਨ ਸਾਹਿਬ ਨੂੰ ਬਣਾਇਆ ਗਿਆ ਤੇ ਉੱਥੇ ਇਨ੍ਹਾਂ ਵਿੱਚੋਂ ਸ਼ਸਤਰ ਇਕਦਮ ਖ਼ਤਮ ਕਰਕੇ ਆਪਣੇ ਵੱਲੋਂ ਡਿਜ਼ਾਇਨ ਕੀਤਾ ਖੰਡਾ ਲਗਾ ਦਿੱਤਾ ਗਿਆ।

ਸੰਨ 1849 ਨੂੰ ਖ਼ਾਲਸਾ ਰਾਜ 'ਤੇ ਕਬਜ਼ਾ ਕਰਨ ਤੋਂ 37 ਸਾਲ ਬਾਅਦ ਅੰਗਰੇਜ਼ਾਂ ਨੇ ਸੰਨ 1886 ਵਿੱਚ 45 ਰੈਟਰੀ ਸਿੱਖ ਇਕ ਰੈਜਮੈਂਟ ਤਿਆਰ ਕੀਤੀ, ਜਿਨ੍ਹਾਂ ਦੀਆਂ ਦਸਤਾਰਾਂ ਉਪਰ ਲਾਉਣ ਲਈ ਇੱਕ ਗੋਲ ਚੱਕਰ ਤੇ ਉਸ ਉਪਰ ਦੋ ਧਾਰਾ ਖੰਡਾ ਡਿਜ਼ਾਇਨ ਕੀਤਾ ਗਿਆ,ਜੋਕਿ ਹਰੇਕ ਸਿੱਖ ਫੌਜੀ ਦੀ ਦਸਤਾਰ ਤੇ ਸਜਾਇਆ ਗਿਆ। ਹੁਣ ਸਿੱਖ ਫ਼ੌਜੀ ਅੰਗਰੇਜ਼ਾਂ ਵੱਲੋਂ ਵਿਸ਼ਵ ਯੁੱਧ ਲੜਨ ਵਿਦੇਸ਼ਾਂ ਨੂੰ ਗਏ।

ਇੰਝ ਹੀ ਨਾਭਾ ਰਿਆਸਤ ਨੇ ਨਾਭਾ ਅਕਾਲ ਰੀਫਰੈਂਟਰੀ ਜੋ ਕਿ ਸੰਨ 1922 ਵਿੱਚ ਤਿਆਰ ਕੀਤੀ ਗਈ ਤੇ 1947 ਨੂੰ ਦੇਸ਼ ਵੰਡ ਤੱਕ ਚੱਲੀ, ਉਸ ਲਈ ਅੰਗਰੇਜ਼ਾਂ ਤੋਂ ਇਕ ਲੋਗੋ ਖੰਡੇ ਦੇ ਰੂਪ ਵਿੱਚ ਤਿਆਰ ਕਰਵਾਇਆ। ਫ਼ੇਰ ਫੂਲ ਰਿਆਸਤ ਜਿਸ ਦੇ ਅਧੀਨ ਨਾਭਾ, ਜਿੰਦ ਤੇ ਪਟਿਆਲਾ ਰਿਆਸਤ ਆਉਂਦੀ ਸੀ,ਉਨ੍ਹਾਂ ਨੇ ਵੀ ਇੱਕ ਲੋਗੋ ਡਿਜ਼ਾਇਨ ਕਰਵਾਇਆ ਜੋਕਿ ਅੱਜਕੱਲ ਦੇ ਉਸ ਖੰਡੇ ਵਰਗਾ ਹੈ। ਜਿਸ ਨੂੰ ਹੌਲੀ – ਹੌਲੀ ਸਿੱਖਾਂ ਨੇ ਅਗਿਆਨਤਾਵੱਸ ਅਪਣਾ ਲਿਆ, ਜਦਕਿ ਗੁਰੂ ਕਾਲ, ਬਾਬਾ ਬੰਦਾ ਸਿੰਘ ਬਹਾਦਰ, ਮਿਸਲ ਕਾਲ ਜਾਂ ਸਿੱਖ ਰਾਜ ਸਮੇਂ ਮੌਜੂਦਾ ਖੰਡੇ ਦਾ ਕੋਈ ਜ਼ਿਕਰ ਨਹੀਂ ਮਿਲਦਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਿੱਥੇ ਨਿਸ਼ਾਨ ਸਾਹਿਬ ਦੇ ਪੌਸ਼ਾਕੇ ਦੇ ਰੰਗ ਬਦਲਣ ਦੀ ਪਹਿਲ ਕੀਤੀ ਹੈ, ਉੱਥੇ ਲੱਗਦੇ ਹੱਥ ਮੌਜੂਦਾ ਖੰਡੇ ਦੀ ਜਗ੍ਹਾ ਗੁਰੂ ਸਾਹਿਬ ਜੀ ਦੇ ਬਖਸ਼ਿਸ਼ ਸ਼ਸਤਰ ਨਿਸ਼ਾਨ ਸਾਹਿਬ ਵਿੱਚ ਲਾਉਣ ਦੀ ਪਹਿਲ ਵੀ ਸ਼ੁਰੂ ਕਰਨੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਕੋਈ ਹੋਰ ਸਵਾਲ ਖੜ੍ਹੇ ਨਾ ਹੋਣ।

ਸਿੱਖ ਕੌਮ ਦਾ ਇਹ ਖੰਡਾ ਜਿਸ ਇੱਕ ਦੋ ਧਾਰਾ ਖੰਡਾ, ਇੱਕ ਚੱਕਰ ਤੇ ਦੋ ਕਿਰਪਾਨਾਂ ਹਨ, ਇਹ ਲੋਗੋ 'ਤੇ ਹੈ ਪਰ ਗੁਰੂ ਸਾਹਿਬ ਜੀ ਦਾ ਉਹ ਖੰਡਾ ਨਹੀਂ, ਜਿਹੜਾ ਗੁਰੂ ਸਾਹਿਬ ਜੀ ਨੇ ਸੰਨ 1699 ਦੀ ਵਿਸਾਖੀ ਨੂੰ ਅੰਮ੍ਰਿਤ ਤਿਆਰ ਕਰਨ ਲਗਿਆਂ ਬਾਟੇ ਵਿੱਚ ਫ਼ੇਰਿਆ ਸੀ।

ਆਓ ਸਾਰੇ ਰਲ – ਮਿਲ ਕਿਸੇ ਵੀ ਦੁਬਿੱਧਾ ਨੂੰ ਸਿੱਖੀ ਸਿਧਾਂਤਾਂ ਤੇ ਇਤਿਹਾਸਕ ਪੱਖ ਤੋਂ ਵਿਚਾਰ ਕੇ ਪੰਥ ਦੇ ਭਲੇ ਹਿਤ ਦੂਰ ਕਰੀਏ ਤਾਂ ਜੋ ਪੰਥ ਦੀ ਚੜ੍ਹਦੀਕਲਾ ਹਮੇਸ਼ਾਂ ਸਦੀਵੀ ਕਾਇਮ ਰਹੇ।?

# ਪੰਜਾਬ ਨੂੰ ਖੇਤੀ ਅਤੇ ਪੇਂਡੂ ਆਰਥਿਕਤਾ ਦੇ ਸੰਕਟ 'ਚੋਂ ਕੱਢਣ ਦੇ ਉਪਰਾਲੇ ਕਰੇ ਮੋਦੀ ਸਰਕਾਰ



ਡਾ. ਕੇਸਰ ਸਿੰਘ ਭੰਗੂ
-ਸਾਬਕਾ ਡੀਨ ਅਤੇ ਪ੍ਰੋਫ਼ੈਸਰ
ਪੰਜਾਬੀ ਯੂਨੀਵਰਸਿਟੀ ਪਟਿਆਲਾ।
ਮੋਬਾਈਲ: 98154-27127

ਭਾਰਤ ਜਦੋਂ ਅਨਾਜ ਦੀ ਪੈਦਾਵਾਰ ਦੀ ਬਹੁਤ ਵੱਡੀ ਘਾਟ ਝੱਲ ਰਿਹਾ ਸੀ ਅਤੇ ਲੋਕਾਂ ਨੂੰ ਖੁਰਾਕ ਮੁਹੱਈਆ ਕਰਵਾਉਣ ਲਈ ਅਨਾਜ ਦੂਜੇ ਦੇਸ਼ਾਂ ਤੋਂ ਦਰਾਮਦ ਕਰਨਾ ਪੈਂਦਾ ਸੀ, ਉਸ ਵਕਤ ਪੰਜਾਬ 'ਚ ਹਰੀ ਕ੍ਰਾਂਤੀ ਆਉਣ ਨਾਲ ਸੂਬਾ ਦੇਸ਼ ਦਾ ਅਨਾਜ ਭੰਡਾਰ ਬਣ ਗਿਆ, ਜਿਸ ਨੇ ਦੇਸ਼ ਨੂੰ ਲੋੜੀਂਦੀ ਖੁਰਾਕ ਸੁਰੱਖਿਆ ਪ੍ਰਦਾਨ ਕੀਤੀ। ਸੂਬੇ 'ਚ ਵੱਧ ਝਾੜ ਦੇਣ ਵਾਲੀਆਂ ਫ਼ਸਲਾਂ, ਨਕਦੀ ਫ਼ਸਲਾਂ, ਸਾਲ ਦੌਰਾਨ ਦੋ ਫ਼ਸਲਾਂ ਅਤੇ ਆਰਥਿਕ ਸਰਗਰਮੀਆਂ ਦਾ ਪਸਾਰਾ ਹੋਣ ਨਾਲ ਵੱਖ-ਵੱਖ ਉਦੇਸ਼ਾਂ ਲਈ ਪਾਣੀ ਦੀ ਮੰਗ 'ਚ ਤੇਜ਼ੀ ਨਾਲ ਵਾਧਾ ਹੋਇਆ। ਨਤੀਜੇ ਵਜੋਂ ਸੂਬੇ ਦੇ ਉਪਲਬਧ ਜਲ ਸਰੋਤਾਂ ਦੀ ਬਹੁਤ ਜ਼ਿਆਦਾ ਵਰਤੋਂ ਹੋਣਾ ਸੁਭਾਵਿਕ ਸੀ। ਸਮੇਂ ਦੇ ਨਾਲ ਪੰਜਾਬ ਦੀ ਖੇਤੀ ਦੋ-ਫ਼ਸਲੀ, ਕਣਕ-ਝੋਨੇ, ਦੀ ਖੇਤੀ ਹੀ ਬਣ ਗਈ। ਲੰਮੇ ਸਮੇਂ ਤੋਂ ਕਣਕ-ਝੋਨੇ ਦੀਆਂ ਫ਼ਸਲਾਂ ਦੀ ਬਿਜਾਈ ਨੇ ਸੂਬੇ 'ਚ ਉਪਲਬਧ ਪਾਣੀ ਦੇ ਸਰੋਤਾਂ 'ਚ ਗੰਭੀਰ ਅਸੰਤੁਲਨ ਪੈਦਾ ਕਰ ਦਿੱਤਾ। ਪੰਜਾਬ 'ਚ ਮੌਜੂਦਾ ਫ਼ਸਲੀ ਚੱਕਰ ਨੂੰ ਧਿਆਨ 'ਚ ਰੱਖਦੇ ਹੋਏ, ਪਾਣੀ ਦੀ ਮੰਗ 4.68 ਮਿਲੀਅਨ ਹੈਕਟੇਅਰ ਮੀਟਰ ਹੈ, ਜਦੋਂ ਕਿ ਪਾਣੀ ਦੀ ਉਪਲਬਧਤਾ 3.08 ਮਿਲੀਅਨ ਹੈਕਟੇਅਰ ਮੀਟਰ ਹੀ ਹੈ। ਇਸ ਦੇ ਨਤੀਜੇ ਵਜੋਂ ਸੂਬੇ 'ਚ ਹਰ ਸਾਲ 1.6 ਮਿਲੀਅਨ ਹੈਕਟੇਅਰ ਮੀਟਰ ਪਾਣੀ ਦੀ ਘਾਟ ਹੁੰਦੀ ਹੈ। ਇਸ ਘਾਟੇ ਦੀ ਪੂਰਤੀ ਟਿਊਬਵੈੱਲਾਂ ਅਤੇ ਖੂਹਾਂ ਰਾਹੀਂ ਧਰਤੀ ਹੇਠਲੇ ਪਾਣੀ ਦੇ ਭੰਡਾਰਾਂ ਦੀ ਜ਼ਿਆਦਾ ਵਰਤੋਂ ਕਰਕੇ ਕੀਤੀ ਜਾਂਦੀ ਹੈ।

ਸੂਬੇ 'ਚ ਪਾਣੀ ਦੀ ਸਪਲਾਈ ਨੂੰ ਬਿਲਕੁਲ ਵੀ ਵਸਾਇਆ ਨਹੀਂ ਜਾ ਸਕਦਾ ਅਤੇ ਕੇਵਲ ਸੁਚੱਜੀ ਪਾਣੀ ਦੀ ਨੀਤੀ ਬਣਾ ਕੇ ਪਾਣੀ ਦੀ ਮੰਗ ਘਟਾਉਣ ਅਤੇ ਵਰਤੋਂ ਨੂੰ ਕੰਟਰੋਲ ਹੀ ਕੀਤਾ ਜਾ ਸਕਦਾ ਹੈ। ਸੂਬੇ 'ਚ 1960ਵਿਆਂ ਅਤੇ 70ਵਿਆਂ 'ਚ ਕਣਕ, ਮੱਕੀ, ਦਾਲਾਂ ਅਤੇ ਸਬਜ਼ੀਆਂ ਵਰਗੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਸਨ। ਪਰ ਹੁਣ ਸਾਉਣੀ ਦੀ ਫ਼ਸਲ ਵਜੋਂ ਹੌਲੀ-ਹੌਲੀ ਕੁਲ ਫ਼ਸਲੀ ਖੇਤਰ ਦਾ ਲਗਭਗ 80 ਪ੍ਰਤੀਸ਼ਤ ਝੋਨੇ ਅਧੀਨ ਹੀ ਆ ਗਿਆ ਹੈ। ਝੋਨੇ ਦੀ ਫ਼ਸਲ ਸਭ ਤੋਂ ਵੱਧ ਪਾਣੀ ਦੀ ਵਰਤੋਂ ਵਾਲੀ ਫ਼ਸਲ ਹੈ, ਜਿਸ 'ਚ ਪ੍ਰਤੀ ਹੈਕਟੇਅਰ ਲਗਭਗ 24000 ਘਣ ਮੀਟਰ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਕਿ ਇਹ ਮੱਕੀ ਦੀ ਫ਼ਸਲ ਤੋਂ ਲਗਭਗ 6 ਗੁਣਾ, ਮੂੰਗਫਲੀ ਦੀ ਲਗਭਗ 20 ਗੁਣਾ ਅਤੇ ਦਾਲਾਂ ਦਾ ਲਗਭਗ 10 ਗੁਣਾ ਵੱਧ ਪਾਣੀ ਦੀ ਖਪਤ ਹੈ। ਇਸ ਲਈ ਸੂਬੇ ਦੇ ਜਲ ਸਰੋਤਾਂ ਨੂੰ ਬਚਾਉਣ ਲਈ ਫ਼ਸਲੀ ਚੱਕਰ ਨੂੰ ਬਦਲਣ ਦੀ ਲੋੜ ਹੈ। ਨਾਲ ਹੀ ਧਰਤੀ ਹੇਠਲੇ ਪਾਣੀ 'ਤੇ ਭਾਰ ਘਟਾਉਣ ਲਈ ਨਹਿਰੀ ਸਿੰਚਾਈ ਦੇ ਸਿਸਟਮ ਨੂੰ ਮਜ਼ਬੂਤ ਅਤੇ ਦਰੁਸਤ ਕਰਨਾ ਪਵੇਗਾ।

ਇਸੇ ਪ੍ਰਸੰਗ 'ਚ ਅੱਜ ਕੱਲ੍ਹ ਸੂਬੇ 'ਚ ਪਾਣੀ ਦੀ ਖੇਤੀ ਲਈ ਵੱਧ ਵਰਤੋਂ ਸੰਬੰਧੀ ਕਾਫ਼ੀ ਚਰਚਾ ਹੋ ਰਹੀ ਹੈ ਅਤੇ ਇਸ ਦੀ ਵਰਤੋਂ ਘਟਾਉਣ ਲਈ ਤਰ੍ਹਾਂ-ਤਰ੍ਹਾਂ ਦੇ ਸੁਝਾਅ ਦਿੱਤੇ ਜਾਂਦੇ ਹਨ, ਜਿਵੇਂ ਕਿ ਫ਼ਸਲੀ ਵੰਨ-ਸਵੰਨਤਾ, ਝੋਨੇ ਦੀ ਸਿੱਧੀ ਬਿਜਾਈ, ਝੋਨੇ ਦੀ ਲਵਾਈ ਲੇਟ ਕਰਨਾ, ਘੱਟ ਪਾਣੀ ਲੈਣ ਵਾਲੀਆਂ ਫ਼ਸਲਾਂ ਦੀ ਬਿਜਾਈ ਕਰਨਾ ਆਦਿ। ਸੂਬੇ 'ਚ ਖੇਤੀ ਲਈ ਪਾਣੀ ਦੀ ਵਰਤੋਂ ਅਤੇ ਪਾਣੀ ਦੀ ਮੰਗ ਨੂੰ ਕੰਟਰੋਲ ਕਰਨ ਲਈ ਕਿਸੇ ਵੀ ਯੋਜਨਾਬੱਧ ਨੀਤੀ ਦੀ ਅਣਹੋਂਦ ਕਾਰਨ ਅਤੇ ਇਸ ਕੀਮਤੀ ਸਰੋਤ ਦੀ ਬੇਰੋਕ ਨਿਕਾਸੀ ਕਾਰਨ ਧਰਤੀ ਹੇਠਲੇ ਪਾਣੀ ਦਾ ਵੱਧ ਤੋਂ ਵੱਧ ਸ਼ੋਸ਼ਣ ਹੋਇਆ ਹੈ। ਨਤੀਜੇ ਵਜੋਂ ਅੱਜ ਕੱਲ੍ਹ ਸੂਬੇ ਦੇ 80-90 ਪ੍ਰਤੀਸ਼ਤ ਬਲਾਕ ਵੱਧ ਸ਼ੋਸ਼ਣ ਵਾਲੀ ਕੈਟਾਗਰੀ 'ਚ ਆ ਗਏ ਹਨ। ਇਸ ਤਰ੍ਹਾਂ ਧਰਤੀ ਹੇਠਲੇ ਪਾਣੀ ਦੀ ਜ਼ਿਆਦਾ ਦੁਰਵਰਤੋਂ ਅਤੇ ਨਹਿਰੀ ਪਾਣੀ ਦਾ ਘਟਿਆ ਹਿੱਸਾ ਪੰਜਾਬ ਦੀ ਆਰਥਿਕਤਾ ਦੇ ਇਕੋ ਇਕ ਸਰੋਤ ਨੂੰ ਬੁਰੀ ਤਰ੍ਹਾਂ ਖਤਮ ਕਰ ਰਿਹਾ ਹੈ। ਇਹ ਡਰ ਵੀ ਸਤਾ ਰਿਹਾ ਹੈ ਕਿ ਜੇਕਰ ਪਾਣੀ ਦੀ ਵਰਤੋਂ ਇਵੇਂ ਹੀ ਜਾਰੀ ਰਹਿੰਦੀ ਹੈ ਤਾਂ ਪੰਜਾਬ ਦੀ ਧਰਤੀ ਹੇਠਲਾ ਪਾਣੀ ਬਹੁਤ ਜਲਦੀ ਖਤਮ ਹੋ ਜਾਵੇਗਾ ਅਤੇ ਪੰਜਾਬ ਦੀ ਧਰਤੀ ਰੇਗਿਸਤਾਨ ਬਣ ਜਾਵੇਗੀ।

ਪੰਜਾਬ 'ਚ ਧਰਤੀ ਹੇਠਲੇ ਪਾਣੀ ਦੀ ਵਧਦੀ ਸਮੱਸਿਆ ਦੇ ਹੱਲ ਲਈ ਹੁਣੇ ਹੀ ਸੂਬਾ ਸਰਕਾਰ ਵਲੋਂ ਕੇਂਦਰ ਸਰਕਾਰ ਦੀ ਸਹਾਇਤਾ ਨਾਲ ਫ਼ਸਲੀ ਵਿਭਿੰਨਤਾ ਸਕੀਮ ਵਿੱਤੀ ਸਾਲ 2024-25 ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਨੂੰ ਸਹੀ ਦਿਸ਼ਾ ਵੱਲ ਬਹੁਤ ਹੀ ਦੇਰ ਨਾਲ ਪੁੱਟਿਆ ਪਰ ਇਕ ਬਹੁਤ ਹੀ ਛੋਟਾ ਕਦਮ ਕਿਹਾ ਜਾ ਸਕਦਾ ਹੈ। ਇਸ ਸਕੀਮ ਤਹਿਤ ਚਾਲੂ ਵਿੱਤੀ ਸਾਲ ਦੌਰਾਨ ਜਿਹੜੇ ਕਿਸਾਨ ਝੋਨੇ ਦੀ ਫ਼ਸਲ ਦੀ ਥਾਂ 'ਤੇ ਹੋਰ ਬਦਲਵੀਂਆਂ ਫ਼ਸਲਾਂ ਬੀਜਣਗੇ, ਉਨ੍ਹਾਂ ਨੂੰ ਸਰਕਾਰ 17500 ਰੁਪਏ ਪ੍ਰਤੀ ਹੈਕਟੇਅਰ ਭਾਵ 7000 ਰੁਪਏ ਦੇ ਨੇੜੇ ਪ੍ਰਤੀ ਏਕੜ ਦੇ ਹਿਸਾਬ ਨਾਲ ਨਕਦ ਮੁਆਵਜ਼ਾ ਦੇਵੇਗੀ। ਇਹ ਮੁਆਵਜ਼ਾ ਦੋ ਕਿਸ਼ਤਾਂ 'ਚ ਅਦਾ ਕੀਤਾ ਜਾਵੇਗਾ, ਪਹਿਲੀ ਕਿਸ਼ਤ ਬਦਲਵੀਂ ਫ਼ਸਲ ਬੀਜਣ ਤੋਂ ਬਾਅਦ ਅਤੇ ਦੂਜੀ ਕਿਸ਼ਤ ਫ਼ਸਲ ਕੱਟਣ ਉਪਰੰਤ ਕਿਸਾਨਾਂ ਦੇ ਖਾਤਿਆਂ 'ਚ ਖੇਤੀਬਾੜੀ ਵਿਭਾਗ ਸਿੱਧੀ ਜਮ੍ਹਾਂ ਕਰਵਾਏਗਾ। ਇਸ ਮੁਆਵਜ਼ੇ ਦੇ 60 ਪ੍ਰਤੀਸ਼ਤ ਕੇਂਦਰ ਸਰਕਾਰ ਅਤੇ ਬਾਕੀ 40 ਪ੍ਰਤੀਸ਼ਤ ਸੂਬਾ ਸਰਕਾਰ ਵਲੋਂ ਦਿੱਤੇ ਜਾਣਗੇ ਅਤੇ ਇਸ ਸਕੀਮ ਤਹਿਤ ਵੱਧ ਤੋਂ ਵੱਧ ਮੁਆਵਜ਼ਾ 5 ਹੈਕਟੇਅਰ ਰਕਬੇ ਭਾਵ ਲਗਭਗ 12.5 ਏਕੜ, ਲਈ ਹੀ ਦਿੱਤਾ ਜਾਵੇਗਾ। ਇਹ ਸਕੀਮ ਕੇਂਦਰ ਸਰਕਾਰ ਨੇ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕੁਝ ਹਿੱਸਿਆਂ ਲਈ ਸ਼ੁਰੂ ਕੀਤੀ ਹੈ। ਇਸ ਸੰਬੰਧੀ ਕਿਸਾਨਾਂ ਨੂੰ ਸਾਰੇ ਵੇਰਵੇ ਸਰਕਾਰ ਵਲੋਂ ਚਾਲੂ ਕੀਤੇ ਜਾਣ ਵਾਲੇ ਪੋਰਟਲ 'ਤੇ ਦੇਣੇ ਲਾਜ਼ਮੀ ਦੇਣੇ ਪੈਣਗੇ ਅਤੇ ਸਰਕਾਰ ਨੇ ਇਸ ਸੰਬੰਧੀ ਚਾਲੂ ਵਿੱਤੀ ਸਾਲ ਦੇ ਬਜਟ 'ਚ ਤਕਰੀਬਨ 290 ਕਰੋੜ ਰੁਪਏ ਦੀ ਵਿਵਸਥਾ ਕੀਤੀ ਹੈ। ਸ਼ੁਰੂ 'ਚ ਇਸ ਸਕੀਮ ਤਹਿਤ ਝੋਨੇ ਹੇਠੋਂ ਲਗਭਗ 3 ਲੱਖ ਹੈਕਟੇਅਰ ਰਕਬੇ ਨੂੰ ਘਟਾਉਣ ਦਾ ਟੀਚਾ ਹੈ।

ਜਦੋਂ ਇਸ ਸਕੀਮ 'ਤੇ ਪੰਛੀ ਝਾਤ ਮਾਰੀਏ ਤਾਂ ਕੁਝ ਜ਼ਰੂਰੀ ਅਤੇ ਬੁਨਿਆਦੀ ਸਵਾਲ ਖੜ੍ਹੇ ਹੋ ਜਾਂਦੇ ਹਨ। ਪਹਿਲਾ ਇਹ ਕਿ ਇਸ ਸਕੀਮ ਨੂੰ ਪੰਜਾਬ ਖੇਤੀਬਾੜੀ ਦੀ ਨੀਤੀ ਦਾ ਹਿੱਸਾ ਕਿਉਂ ਨਹੀਂ ਬਣਾਇਆ ਗਿਆ, ਜਦੋਂ ਕਿ ਪੰਜਾਬ ਦੀ ਖੇਤੀਬਾੜੀ ਦੀ ਨੀਤੀ ਨੂੰ ਸੂਬੇ ਦੇ ਕਿਸਾਨ ਅਤੇ ਖੇਤ ਮਜ਼ਦੂਰ ਬਹੁਤ ਬੇਸਬਰੀ ਨਾਲ ਦੋ ਸਾਲਾਂ ਤੋਂ ਉਡੀਕ ਰਹੇ ਹਨ। ਕੀ ਇਹ ਸਕੀਮ ਸ਼ੁਰੂ ਕਰਨ ਵੇਲੇ ਖੇਤੀ ਵਿਭਿੰਨਤਾ ਲਈ ਪਿਛਲੀਆਂ ਕਮੇਟੀਆਂ ਦੀਆਂ ਸਿਫਾਰਸ਼ਾਂ ਨੂੰ ਮੱਦੇ-ਨਜ਼ਰ ਰੱਖਿਆ ਗਿਆ ਹੈ ਕਿ ਨਹੀਂ? ਇਸ ਸਕੀਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸਰਕਾਰ ਨੂੰ ਕਿਸਾਨਾਂ ਅਤੇ ਹੋਰ ਸੰਬੰਧਿਤ ਧਿਰਾਂ ਨਾਲ ਗੱਲਬਾਤ ਕਰਕੇ ਭਰੋਸੇ 'ਚ ਲੈਣਾ ਚਾਹੀਦਾ ਸੀ। ਦੂਜਾ, ਚਾਲੂ ਵਿੱਤੀ ਸਾਲ ਦੌਰਾਨ ਇਹ ਸਕੀਮ ਬਹੁਤ ਦੇਰੀ ਨਾਲ ਕਿਉਂ ਸ਼ੁਰੂ ਕੀਤੀ ਗਈ ਹੈ, ਜਦੋਂ ਕਿ ਸੂਬੇ 'ਚ ਲਗਭਗ 90-95 ਪ੍ਰਤੀਸ਼ਤ ਰਕਬੇ 'ਤੇ ਝੋਨੇ ਦੀ ਲਵਾਈ ਪੂਰੀ ਹੋ ਚੁੱਕੀ ਹੈ ਅਤੇ ਉਮੀਦ ਹੈ ਇਸ ਸਾਲ ਇਸ ਸਕੀਮ ਦਾ ਕਿਸਾਨਾਂ ਨੂੰ ਕੋਈ ਲਾਭ ਨਹੀਂ ਮਿਲ ਸਕੇਗਾ। ਇਥੇ ਇਹ ਵੀ ਵਰਣਨਯੋਗ ਹੈ ਕਿ ਕੇਂਦਰ ਸਰਕਾਰ ਨੇ ਇਸ ਸਕੀਮ ਸੰਬੰਧੀ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਜੂਨ 2024 ਦੇ ਸ਼ੁਰੂ 'ਚ ਹੀ ਜਾਣਕਾਰੀ ਦੇ ਦਿੱਤੀ ਸੀ, ਪਰ ਫਿਰ ਵੀ ਪੰਜਾਬ ਸਰਕਾਰ ਨੇ ਇਸ ਨੂੰ ਲਾਗੂ ਕਰਨ 'ਚ ਲਗਭਗ ਇੱਕ ਮਹੀਨੇ ਦੀ ਦੇਰੀ ਕਰ ਦਿੱਤੀ। ਤੀਜਾ, ਮੁਆਵਜ਼ੇ ਦੇ ਤੌਰ 'ਤੇ ਦਿੱਤੀ ਜਾਣ ਵਾਲੀ 7000 ਰੁਪਏ ਦੇ ਨੇੜੇ ਰਕਮ ਬਹੁਤ ਹੀ ਨਿਗੂਣੀ ਹੈ, ਜਿਹੜੀ ਕਿ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਅਤੇ ਭਰਮਾਉਣ 'ਚ ਬਹੁਤੀ ਅਸਰਦਾਰ ਸਾਬਤ ਨਹੀਂ ਹੋਵੇਗੀ। ਕਿਉਂਕਿ ਅੱਜ ਕੱਲ੍ਹ ਝੋਨੇ ਦੀ ਫ਼ਸਲ ਤੋਂ ਕਿਸਾਨ ਲਗਭਗ 70000 ਰੁਪਏ ਤੋਂ ਜ਼ਿਆਦਾ ਆਮਦਨ ਪ੍ਰਾਪਤ ਕਰ ਰਹੇ ਹਨ। ਇਸ ਲਈ ਮੁਆਵਜ਼ੇ ਦੀ ਪ੍ਰਤੀ ਹੈਕਟੇਅਰ ਰਕਮ ਨੂੰ ਕਿਸਾਨਾਂ ਅਤੇ ਸੰਬੰਧਿਤ ਧਿਰਾਂ ਨਾਲ ਗੱਲਬਾਤ ਕਰ ਕੇ ਵਧਾਉਣਾ ਚਾਹੀਦਾ ਹੈ, ਨਾਲ ਹੀ ਝੋਨੇ ਨੂੰ ਛੱਡ ਕੇ ਬਦਲਵੀਂਆਂ ਫ਼ਸਲਾਂ ਬੀਜਣ 'ਤੇ ਕਿਸੇ ਕਿਸਮ ਦੀ ਉੱਪਰਲੀ ਹੱਦਬੰਦੀ ਵੀ ਨਹੀਂ ਲਾਉਣੀ ਚਾਹੀਦੀ ਸੀ। ਅਗਲਾ, ਜਦੋਂ ਕਿਸਾਨਾਂ ਵਲੋਂ ਇਸ ਸਕੀਮ ਤਹਿਤ ਝੋਨੇ ਹੇਠੋਂ ਕੱਢੇ ਰਕਬੇ ਉੱਤੇ ਕਿਹੜੀਆਂ ਬਦਲਵੀਂਆਂ ਫ਼ਸਲਾਂ ਬੀਜੀਆਂ ਜਾਣਗੀਆਂ, ਦੇ ਵੇਰਵੇ ਪੋਰਟਲ 'ਤੇ ਦੱਸੇ ਜਾਣੇ ਹਨ ਤਾਂ ਇਸੇ ਸਕੀਮ ਤਹਿਤ ਬਦਲਵੀਂਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਅਤੇ ਖਰੀਦ ਦੀ ਗਾਰੰਟੀ ਵੀ ਸਕੀਮ ਦਾ ਹਿੱਸਾ ਹੋਣੇ ਚਾਹੀਦੇ ਸਨ ਅਤੇ ਮੁੜ ਤੋਂ ਇਨ੍ਹਾਂ ਨੂੰ ਖੇਤੀ ਨੀਤੀ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਇੱਥੇ ਇਹ ਕਹਿਣਾ ਉਚਿਤ ਰਹੇਗਾ ਕਿ ਇਸ ਸਕੀਮ ਨੂੰ ਜਿਸ ਸਮੇਂ ਅਤੇ ਜਿਸ ਜਲਦਬਾਜ਼ੀ 'ਚ ਸ਼ੁਰੂ ਕੀਤਾ ਗਿਆ ਹੈ, ਉਸ ਤੋਂ ਵੀ ਸਰਕਾਰ ਦਾ ਖੇਤੀ ਵਿਭਿੰਨਤਾ ਲਈ ਸੰਜੀਦਾ ਹੋਣ ਸੰਬੰਧੀ ਸ਼ੱਕੀ ਲੱਗਦਾ ਹੈ। ਖੇਤੀ ਵਿਭਿੰਨਤਾ ਅੱਜ ਕੱਲ੍ਹ ਚਰਚਾ ਦਾ ਮੁੱਦਾ ਹੋਣ ਕਾਰਨ ਪੰਜਾਬ ਸਰਕਾਰ 16ਵੇਂ ਕੇਂਦਰੀ ਵਿੱਤ ਕਮਿਸ਼ਨ ਦੀ ਸੂਬੇ ਦੀ ਇਸੇ ਮਹੀਨੇ ਦੀ ਫੇਰੀ ਦੌਰਾਨ ਵਿੱਤ ਕਮਿਸ਼ਨ ਨੂੰ ਪ੍ਰਭਾਵਿਤ ਕਰਨ ਦੇ ਮਨਸ਼ੇ ਨਾਲ ਵਾਧੂ ਕੇਂਦਰੀ ਫੰਡਾਂ ਦੀ ਤਾਂਘ 'ਚ ਸੀ। ਇਸ ਸੰਦਰਭ ਵਿਚ ਵੀ ਉਕਤ ਸਕੀਮ ਨੂੰ ਦੇਖਿਆ ਜਾ ਸਕਦਾ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਵਾਅਦੇ ਮੁਤਾਬਿਕ ਸੂਬੇ ਦੀ ਖੇਤੀ ਨੀਤੀ ਕਾਫ਼ੀ ਸਮਾਂ ਪਹਿਲਾਂ ਜਾਰੀ ਹੋਣੀ ਚਾਹੀਦੀ ਸੀ, ਪਰ ਹੁਣ ਲੱਗਦਾ ਹੈ ਸਰਕਾਰ ਟੁਕੜਿਆਂ 'ਚ ਖੇਤੀ ਦੀਆਂ ਸਮੱਸਿਆਵਾਂ ਦਾ ਹੱਲ ਕੱਢਣਾ ਚਾਹੁੰਦੀ ਹੈ ਅਤੇ ਖੇਤੀ ਨੀਤੀ ਤੋਂ ਪੱਲਾ ਝਾੜਨ ਦੀ ਕੋਸ਼ਿਸ਼ ਕਰ ਰਹੀ ਹੈ।

ਉਪਰੋਕਤ ਮਸਲਿਆਂ ਦੇ ਨਾਲ-ਨਾਲ ਕੁਝ ਹੋਰ ਗੱਲਾਂ ਦਾ ਧਿਆਨ ਵੀ ਰੱਖਣਾ ਹੋਵੇਗਾ, ਜਿਵੇਂ ਕਿ ਖੇਤੀਬਾੜੀ ਖੇਤਰ 'ਚ ਸਰਕਾਰੀ ਨਿਵੇਸ਼ ਨੂੰ ਵਧਾਇਆ ਜਾਵੇ, ਜਿਸ ਨਾਲ ਸੂਬੇ 'ਚ ਖੇਤੀਬਾੜੀ ਲਈ ਯੋਗ ਮੁਢਲਾ ਢਾਂਚਾ ਸਮੇਂ ਦੇ ਹਾਣ ਦਾ ਵਿਕਸਤ ਕੀਤਾ ਜਾ ਸਕੇ। ਨਾਲ ਹੀ ਕਿਸਾਨਾਂ ਨੂੰ ਸਹੀ ਮਾਤਰਾ 'ਚ ਅਤੇ ਬਹੁਤ ਹੀ ਘੱਟ ਦਰਾਂ 'ਤੇ ਕਰਜ਼ੇ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ ਅਤੇ ਇਨ੍ਹਾਂ ਕਰਜ਼ਿਆਂ ਉੱਤੇ ਢੁਕਵੀਆਂ ਸਬਸਿਡੀਆਂ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਕੁਦਰਤੀ ਜਾਂ ਹੋਰ ਕਾਰਨਾਂ ਕਰਕੇ ਫ਼ਸਲਾਂ ਦੇ ਮਾਰੇ ਜਾਣ 'ਤੇ ਕਿਸਾਨਾਂ ਨੂੰ ਢੁਕਵੀਂ ਆਰਥਿਕ ਮਦਦ ਦੇਣੀ ਚਾਹੀਦੀ ਹੈ, ਇਸ ਲਈ ਕਿਸਾਨ ਪੱਖੀ ਫ਼ਸਲ ਬੀਮਾਂ ਯੋਜਨਾ ਬਣਾਉਣੀ ਚਾਹੀਦੀ ਹੈ। ਛੋਟੇ-ਛੋਟੇ ਟੁਕੜਿਆਂ 'ਚ ਖੇਤੀ ਵਿਭਿੰਨਤਾ ਅਤੇ ਖੇਤੀ ਸੰਬੰਧੀ ਫ਼ੈਸਲਿਆਂ ਦੀ ਬਜਾਏ ਖੇਤੀਬਾੜੀ ਨਾਲ ਸੰਬੰਧਿਤ ਸਾਰੀਆਂ ਧਿਰਾਂ ਨਾਲ ਸਲਾਹ ਮਸ਼ਵਰਾ ਕਰਕੇ ਪੰਜਾਬ ਦੀ ਖੇਤੀਬਾੜੀ ਨੀਤੀ ਬਣਾਈ ਜਾਵੇ ਤਾਂ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਨੀਤੀ ਪੰਜਾਬ ਦੀ ਖੇਤੀ ਅਤੇ (**ਬਾਕੀ ਸਫ਼ਾ 31 'ਤੇ**)



# ਅਸਫ਼ਲਤਾ ਤੋਂ ਸਫ਼ਲਤਾ ਦੀ ਖੇਡ !

ਰਵਿੰਦਰ ਸਿੰਘ ਧਾਲੀਵਾਲ






ਖ਼ੂਬਸੂਰਤ ਜ਼ਿੰਦਗੀ ਵਿੱਚ ਸਫਲਤਾ ਦਾ ਅਹਿਮ ਸਥਾਨ ਹੈ। ਇਸ ਦੇ ਰਾਹ ਅਸਫਲਤਾ ਦੇ ਵਲੇਵੇ 'ਚ ਨਿਕਲ ਕੇ ਸਫਲਤਾ ਵੱਲ ਲੈ ਜਾਂਦੇ ਹਨ। ਨਾਕਾਮੀ ਡਰੋ ਮਨ ਦੇ ਵਲਵਲੇ ਦਬਾਉਣੇ ਨਹੀਂ ਚਾਹੀਦੇ। ਜਦੋਂ ਮੁਸ਼ਕਲਾਂ ਆਵਣ ਤਾਂ ਸਮਝ ਜਾਣਾ ਜ਼ਿੰਦਗੀ ਕੁਝ ਨਵਾਂ ਸਿਖਾਉਣ ਵਾਲੀ ਹੈ। ਉਹ ਸਾਨੂੰ ਪਰਖਣ ਅਤੇ ਕੋਸ਼ਿਸ਼ਾ ਕਰਨ ਲਈ ਉਤਸ਼ਾਹਤ ਕਰਦੇ ਹਨ। ਵਿਸ਼ਵ ਪ੍ਰਸਿੱਧ ਦੌੜਾਕ ਉਸੈਨ ਬੋਲਟ ਲਿਖਦੇ ਹਨ ਕਿ ਮੈਨੂੰ ਨਹੀਂ ਲੱਗਦਾ ਜੀਵਨ ਵਿੱਚ ਸੀਮਾਵਾਂ ਹਨ ਪਰ ਅਸਫਲਤਾ ਦਾ ਡਰ ਕੁਝ ਲੋਕਾਂ ਨੂੰ ਸੀਮਿਤ ਕਰ ਦਿੰਦਾ ਹੈ ਜੇਕਰ ਉਹ ਕੋਸ਼ਿਸ਼ ਕਰਦੇ ਤਾਂ ਸਫਲ ਹੋ ਸਕਦੇ ਸਨ। ਟੀਚੇ ਲਈ ਚੁਣੌਤੀਆਂ ਦਾ ਸਾਹਮਣਾ ਕਰਨਾ ਜ਼ਰੂਰੀ ਹੈ। ਜਦੋਂ ਇਸ ਕਾਰਜ ਨੂੰ ਜ਼ਰੂਰੀ ਹਿੱਸੇ ਦੇ ਵਜੋਂ ਸਵੀਕਾਰ ਕਰਦੇ ਹੋ, ਤਾਂ ਕਦੇ ਵੀ ਹਾਰ ਮੰਨਣ ਲਈ ਰਾਜੀ ਨਹੀਂ ਹੋਵੋਗੇ। ਕਈ ਵਾਰ ਸਾਰੇ ਰਾਹ ਸਫਲਤਾ ਵੱਲ ਨਹੀਂ ਜਾਂਦੇ। ਆਪਣੇ ਇੱਛਕ ਨਤੀਜੇ ਲਈ ਅਣਥੱਕ ਕੋਸ਼ਿਸ਼ ਕਰਨੀ ਪੈ ਸਕਦੀ ਹੈ। ਜੇ ਕਦੇ ਅਸਫਲ ਨਹੀਂ ਹੋਏ, ਤਾਂ ਤੁਸੀਂ ਕੁਝ ਕੀਤਾ ਹੀ ਨਹੀ । ਲੋਕ ਅਸਫਲ ਹੋਣ ਜਾਂ ਇਸ ਬਾਰੇ ਗੱਲ ਕਰਨ ਤੋਂ ਵੀ ਡਰਦੇ ਹਨ। ਪਰੰਤੂ ਜਦੋਂ ਅਸਫਲ ਹੋ ਜਾਂਦੇ ਹੋ ਤਾਂ ਬਿਹਤਰ ਬਣਨਾ ਸਿੱਖੋ । ਹਵਾ ਵਿੱਚ ਹੱਥ ਨਾ ਮਾਰੋ। ਇਸ ਦੀ ਬਜਾਏ ਆਪਣੇ ਹੁਨਰ ਨੂੰ ਤਰਾਸ਼ੋ ਜਦੋਂ ਤੱਕ ਟੀਚਿਆਂ ਨੂੰ ਪ੍ਰਾਪਤ ਨਹੀਂ ਕਰ ਲੈਂਦੇ । ਵਿਸ਼ਵਾਸ, ਮਿਹਨਤ ਤੇ ਦ੍ਰਿੜ ਇਰਾਦੇ ਨਾਲ ਦੁਬਾਰਾ ਸਫਲ ਹੋਣਾ ਸੰਭਵ ਹੈ। ਇਹ ਤਿੰਨੇ ਗੁਣ ਉਸ ਸ਼ੀਸ਼ੇ ਦੀ ਸ਼ਕਤੀ ਵਾਂਗ ਹਨ ਜੋ ਸੂਰਜ ਦੀਆਂ ਕਿਰਨਾਂ ਨੂੰ ਇਕੱਤਰ ਕਰ ਕਾਗਜ਼ ਨੂੰ ਸਾੜ ਦਿੰਦਾ ਹੈ, ਖਿੰਡੀਆਂ ਕਿਰਨਾਂ ਲਈ ਸੰਭਵ ਨਹੀ। ਅਸਫਲਤਾ ਲੋੜੀਂਦੇ ਨਤੀਜੇ ਨਾ ਮਿਲਣ ਦੀ ਸਥਿਤੀ ਹੈ, ਸਫਲਤਾ ਇੱਕ ਟੀਚਾ, ਉਦੇਸ਼ ਜਾਂ ਇੱਛਕ ਨਤੀਜੇ ਤੱਕ ਪਹੁੰਚਣ ਦੀ ਪ੍ਰਾਪਤੀ ਹੈ । ਇਸ ਵਿੱਚ ਦੌਲਤ, ਖੁਸ਼ੀ, ਨੌਕਰੀ, ਤੰਦਰੁਸਤੀ ਅਤੇ ਸੰਤੁਸ਼ਟੀ ਸ਼ਾਮਲ ਹੋ ਸਕਦੀ ਹੈ । ਇਹ ਹਰੇਕ ਲਈ ਵੱਖਰੀ ਹੁੰਦੀ ਹੈ।

ਅਸਫਲਤਾ ਤੋਂ ਬਾਅਦ ਰੁਕਣਾ ਨਹੀ ਬਲਕਿ ਆਪਣੀ ਕਾਬਲੀਅਤ ਤੇ ਵਿਸ਼ਵਾਸ ਰੱਖੋ । ਇਹ ਵੱਡੇ ਫੈਸਲੇ ਲੈਣ ਦੇ ਕਾਬਿਲ ਬਣਾਉਂਦੀ ਹੈ। ਇਹ ਮੌਕਾ ਸਕਾਰਾਤਮਿਕ ਸੋਚ ਦੇ ਨਾਲ ਮਾਨਸਿਕ ਸੁਤੰਲਨ ਬਣਾਉਣ ਦਾ ਹੈ। ਕੰਮ ਪ੍ਰਤੀ ਰੁਚੀ ਅਤੇ ਜਿੱਤ ਦੇ ਲਾਵੇ ਅੰਦਰੋ ਹੀ ਫੁੱਟਦੇ ਹਨ । ਅਜਿਹਾ ਵਖਤ ਜ਼ਿੰਮੇਵਾਰ ਕਾਰਨਾ ਅਤੇ ਨਿਯਮਾਂ ਬਾਰੇ ਸ਼ਿਕਾਇਤ ਕਰਨ ਦਾ ਨਹੀਂ । ਇਸ ਨੂੰ ਸਵੀਕਾਰ ਕਰ ਅਤੇ ਅੱਗੇ ਵਧਣ ਦਾ ਹੈ। ਹਾਰਨ ਦਾ ਮਤਲਬ ਅਸਫਲ ਵਿਅਕਤੀ ਜਾਣ ਦਾ ਹੈ ਜੋ ਇਸ ਵਿਚੋ ਜਿੱਤ ਲਈ ਪ੍ਰੇਰਣਾ ਲੱਭਦਾ ਹੈ। ਹਰ ਸੱਚਾ ਜੇਤੂ ਜ਼ਿੰਦਗੀ ਦੇ ਇੱਕ ਬਿੰਦੂ 'ਤੇ ਹਾਰਿਆ ਹੈ। ਵਰਤਮਾਨ ਦੇ ਫੈਸਲੇ ਭਵਿੱਖ ਦੀ ਤਰੱਕੀ ਤੈਅ ਕਰਦੇ ਹਨ। ਅਸਫਲਤਾ ਪ੍ਰਤੀ ਕਿਰਿਆ ਦਾ ਪ੍ਰਭਾਵ ਤੁਹਾਡੇ ਭਵਿੱਖੀ ਨਤੀਜੇ ਨਿਰਧਾਰਤ ਕਰੇਗਾ। ਇਸ ਦਾ ਨਵੇ ਸਬਕ ਦ੍ਰਿਸ਼ਟੀ ਕੋਣ ਉਪਰ ਜੰਮੀ ਧੂੜ ਨੂੰ ਸਾਫ ਕਰਦਾ ਹੈ। ਆਪਣੇ ਆਲੇ - ਦੁਆਲੇ ਦੇ ਲੋਕਾਂ ਦੀ ਕਦਰ ਕਰੋ। ਜੇ ਕਿਸੇ ਟੀਮ ਨਾਲ ਕੰਮ ਕਰਦੇ ਹੋ ਤਾਂ ਉਸ ਦੀ ਸ਼ਲਾਘਾ ਕਰੋ। ਇਹ ਸਮਝਣਾ, ਸੋਚਣਾ ਤੇ ਮੰਨਣਾ ਜਰੂਰੀ ਹੈ ਕਿ ਅਸੀ ਇੱਕ ਟੀਮ ਦੇ ਰੂਪ ਵਿੱਚ ਜਿੱਤ ਦੇ ਅਤੇ ਹਾਰਦੇ ਹਾਂ। ਟੀਮ ਦੀ ਲੋੜ ਅਟਲ ਹੈ, ਅਸਫਲਤਾ ਅਸਥਾਈ ਝਟਕਾ ਹੈ। ਜਿੱਤਣ ਲਈ ਕੁਝ ਬਦਲਾਅ ਜ਼ਰੂਰੀ ਹਨ । ਕਈ ਵਾਰ ਟੀਮ ਦੇ ਮੈਂਬਰ ਜਾਂ ਟੀਮ ਬਦਲਣੀ ਪੈ ਸਕਦੀ ਹੈ। ਇਹ ਸਭ ਬੜੀ ਸਿਆਣਪ ਨਾਲ ਕਰਨਾ ਚਾਹੀ ਦਾ ਹੈ ਜਿਸ ਨਾਲ ਕਿਸੇ ਦੇ ਵਿਸ਼ਵਾਸ ਨੂੰ ਨੁਕਸਾਨ ਨਾ ਪਹੁੰਚੇ। ਆਪਣੀਆਂ ਗਲਤੀਆਂ ਦੀ ਪਹਿਚਾਣ ਕਰ ਵਧੀਆ ਸਿੱਖ ਸਕਦੇ ਹਾਂ। ਉਹਨਾਂ ਨੂੰ ਦੂਰ ਕਰਨ ਲਈ ਇਕਾਗਰਤਾ ਜ਼ਰੂਰੀ ਹੈ। ਜਿਸ ਨਾਲ ਆਉਣ ਵਾਲੀ ਤਿਲਕਣ ਬਾਜੀ ਵੀ ਘਟ ਜਾਵੇਗੀ । ਜਦੋਂ ਤੁਸੀਂ ਗਲਤੀਆਂ ਕਰਨ ਤੋਂ ਡਰੋਗੇ, ਤਾਂ ਤੁਸੀਂ ਵੱਖਰਾ ਕਰਨ ਦੀ ਕੋਸ਼ਿਸ਼ ਨਹੀਂ ਕਰੋਗੇ। ਅਸਫਲਤਾ ਨੂੰ ਸਫਲਤਾ ਵਿੱਚ ਬਦਲਣ ਲਈ ਡੂੰਘਾਈ ਨਾਲ ਵਿਚਾਰ ਕਰੋ। ਇਸ ਨੂੰ ਸਵੀਕਾਰ ਕਰ ਕਦਰ ਕਰਨੀ ਚਾਹੀ ਦੀ ਹੈ। ਜਿਉਂ ਜਿਉਂ ਤੁਸੀਂ ਕਰੀਅਰ ਵਿੱਚ ਅੱਗੇ ਵਧਦੇ ਹੋ, ਇਹਨਾ ਦੀਆ ਪਰਿਭਾਸ਼ਾਵਾਂ ਬਦਲਦੀਆਂ ਰਹਿੰਦੀਆਂ ਹਨ। ਸਥਿਤੀ ਦੀ ਪੜਚੋਲ ਨਾਲ ਗਲਤੀਆਂ ਦੂਰ ਹੁੰਦੀਆਂ ਹਨ। ਭਾਵੇਂ ਇਹ ਕਾਰੋਬਾਰ ਜਾਂ ਨਿੱਜੀ ਜੀਵਨ ਵਿੱਚ ਹੋਵਣ, ਇਹਨਾ ਨੂੰ ਸਲਝਾਉਣ ਲਈ ਸਮਾਂ ਕੱਢਣਾ ਲਾਜ਼ਮੀ ਹੈ।

ਕਈ ਬਾਰ ਵੱਡੇ ਬ੍ਰਾਂਡ ਵੀ ਅਸਫਲ ਹੋ ਜਾਂਦੇ ਹਨ। ਵਪਾਰੀ ਕਾਰੋਬਾਰ ਨੂੰ ਪ੍ਰਭਾਵਿਤ ਨਹੀ ਹੋਣ ਦਿੰਦੇ। ਉਨ੍ਹਾਂ ਦਾ ਸਹੀ ਮੁਲਾਂਕਣ ਕਰ ਮੁਨਾਫੇ ਵੱਲ ਧੱਕਦੇ ਹਨ । ਕੋਸ਼ਿਸ਼ ਨਾ ਕਰਨ ਨਾਲੋਂ ਕੋਸ਼ਿਸ਼ ਕਰ ਅਸਫਲ ਹੋਣਾ ਬਿਹਤਰ ਹੈ । ਇਸੇ ਤਰ੍ਹਾਂ ਬਹੁਤ ਉੱਦਮੀ ਸਫਲਤਾ ਦੇ ਮਾਹਿਰ ਬਣਦੇ ਹਨ। ਜੋ ਕਈ ਵਾਰ ਫੇਲ ਹੋਏ ਹੁੰਦੇ ਹਨ । ਉਂਜ ਅਸੀਂ ਸਿਰਫ਼ ਪ੍ਰਾਪਤੀਆਂ ਹੀ ਦੇਖਦੇ ਹਾਂ। ਉਹਨਾਂ ਆਪਣੀ ਅਦ੍ਰਿਸ਼ ਚੇਤਨਾ ਸਦਕੇ ਗਲਤੀਆਂ ਤੋਂ ਸਿੱਖਿਆ ਪ੍ਰਾਪਤ ਕੀਤੀ ਹੈ। ਭਾਂਵੇ ਸੰਭਾਵਤ ਟੀਚੇ ਖੁੰਝ ਗਏ ਸਨ ਪਰ ਉਹ ਸਮਾਂ ਰਹਿੰਦਿਆਂ ਸਫਲਤਾ ਦੀ ਬੇੜੀ ਦੁਵਾਰਾ ਮੁਸੀਬਤਾਂ ਦਾ ਸਮੁੰਦਰ ਪਾਰ ਕਰ ਗਏ।

ਹਰ ਕੰਮ ਲਈ ਵਿਉਤਬੰਦੀ ਜਰੂਰੀ ਹੈ। ਉਸ ਨੂੰ ਨੇਪਰੇ ਲਾਉਣ ਦੀ ਜਿੱਦ ਜਿੱਤਣ ਦੀ ਭਾਵਨਾ ਪੈਦਾ ਕਰਦੀ ਹੈ। ਤਜਰਬਾ ਸਾਡੀ ਮਨੋਦਸ਼ਾ ਨੂੰ ਮਜਬੂਤ ਕਰਦਾ ਹੈ । ਹੋ ਸਕਦਾ ਹੈ ਕਿ ਸਫਲਤਾ ਇੱਕ ਵਾਰ ਵਿੱਚ ਨਾ ਮਿਲੇ, ਪਰ ਤੁਸੀਂ ਉਸ ਕੰਮ ਲਈ ਚੋਖਾ ਤਜੁਰਬਾ ਪ੍ਰਾਪਤ ਕਰ ਲੈਂਦੇ ਹੋ। ਦ੍ਰਿੜਤਾ ਅਕਸਰ ਉਲਝਣਾ ਨਜਿੱਠਣ ਨਾਲ ਹੀ ਵਧਦੀ ਹੈ ਜਿਹੜੇ ਲੋਕ ਔਕੜਾਂ ਨਾਲ ਜੂਝਦੇ ਹਨ । ਉਹਨਾਂ ਵਿੱਚ ਵਧੇਰੇ ਕਾਬਲੀਅਤਾਂ, ਲਚਕਤਾ, ਦ੍ਰਿੜਤਾ ਅਤੇ ਹਿੰਮਤ ਵਿਕਸਿਤ ਹੁੰਦੀ ਹੈ। ਥਾਮਸ ਐਡੀਸਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਹਾਰਨਾ ਮੰਨ ਕਿ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਉਹ ਆਖਦਾ ਹੈ ਕਿ 'ਮੈਂ 10,000 ਵਾਰ ਅਸਫਲ ਨਹੀਂ ਹੋਇਆ, ਸਗੋ ਮੈਂ ਸਫਲਤਾਪੂਰਵਕ 10,000 ਤਰੀਕੇ ਲੱਭੇ ਹਨ ਜੋ ਕੰਮ ਨਹੀਂ ਕਰਦੇ' ਅਸਫਲ ਕੋਸ਼ਿਸ਼ ਵਿਚਾਰ ਪੈਦਾ ਕਰਦਾ ਹੈ ਕਿ ਕਿਹੜਾ ਕੰਮ ਕਰਨਾ ਜਾਂ ਨਹੀ ਕਰਨਾ ਚਾਹੀਦਾ ਹੈ। ਇਹ ਨਾ ਸੋਚੋ ਕਿ ਹਰ ਸਫਲ ਵਿਅਕਤੀ ਦੀ ਕਿਸਮਤ ਉਸ ਦੇ ਨਾਲ ਸੀ। ਜੁਝਾਰੂ ਲੋਕ ਸਫਲਤਾ ਲਈ ਹੰਬਲਾ ਮਾਰਦੇ ਹਨ। ਉਹ ਸਾਲਾਂਬੰਧੀ ਦੇ ਸੰਘਰਸ਼ ਜਾਂ ਨਾਕਾਮਯਾਬੀ ਦਾ ਗੁਣਗਾਨ ਨਹੀ ਹੁੰਦਾ। ਸਿਰਫ ਸਫਲਤਾ ਦੀ ਇੱਛਾ ਰੱਖਦੇ ਹਨ । ਇਸ ਲਈ ਅਸਫਲ ਹੋਣ ਤੋ ਨਾ ਡਰੋ। ਇਹ ਸਫਲਤਾ ਦੇ ਰਾਹ ਦਾ ਹਿੱਸਾ ਹੈ। ਮੁੱਕੇਬਾਜ਼ ਐਂਥਨੀ ਜੋਸ਼ੂ ਆਇੱਕ ਲੜਾਈ ਵਿੱਚ ਓਲੇਕਸੈਂਡਰ ਯੂਸਿਕ ਤੋਂ ਹਾਰਨ ਲਿਖਿਆ ਕਿ 'ਮੈਂ ਲੜਾਈ ਦੇਖੀ ਹੈ, ਆਪਣੀਆਂ ਤਿਆਰੀਆਂ ਅਤੇ ਗਲਤੀਆਂ ਦੀ ਪੜਚੋਲ ਕੀਤੀ ਹੁਣ ਮੈ ਜਿੱਤ ਲਈ ਸਬਕ ਸਿੱਖ ਲਿਆ ਹੈ। ਜਦੋਂ ਕੰਮ ਲਈ ਕੋਸ਼ਿਸ਼ ਕਰਦੇ ਹੋ ਤਾਂ ਨਵਾ ਸਿੱਖਣਾ ਸਧਾਰਨ ਗੱਲ ਹੈ। ਇਸ ਲਈ ਅਸਫਲਤਾ ਦੇ ਅਭਿਆਸ ਤੋਂ ਬਾਅਦ ਵੀ ਇੱਕ ਹੋਰ ਮੌਕਾ ਲੈਣ ਲਈ ਤਿਆਰ ਰਹੋ। ਸੰਘਰਸ਼ ਵਿਅਕਤੀ ਨੂੰ ਮਜ਼ਬੂਤ ਬਣਾਉਂਦਾ ਹੈ, ਚਾਹੇ ਉਹ ਕਮਜ਼ੋਰ ਕਿਉਂ ਨਾ ਹੋਵੇ। ਕਿਉਂ ਸੰਘਰਸ਼ ਬਿਨਾ ਜਿੰਦਗੀ ਨਹੀ, ਉਤਮ ਕਰਨ ਦੀ ਤਾਂਘ ਵਿਅਕਤੀ ਨੂੰ ਥੱਕਣ ਨਹੀ ਦਿੰਦੀ। ਨਵੇਂ ਟੀਚੇ ਦੀ ਠੋਸ ਯੋਜਨਾ ਘੜ ਕੇ ਖੁਦ ਨੂੰ ਸੰਗਠਿਤ ਕਰੋ ਅਤੇ ਇਛੁੱਕ ਨਤੀਜਿਆਂ ਦੀ ਲੜੀ ਲਈ ਜਿੱਤ ਦੇ ਘੋੜੇ ਤੇ ਸਵਾਰ ਹੋ ਜਾਵੋ ਤਾਂ ਜੋ ਆਉਣ ਵਾਲਾ ਸੁਨਹਿਰੀ ਸਮਾਂ ਖੁਸ਼ੀ ਖੇੜਿਆਂ ਤੇ ਰੌਸ਼ਨਮਈ ਤਾਰਿਆਂ ਵਾਂਗ ਚਮਕਦਾ ਹੋਵੇ।

# ਖ਼ੁਸ਼ਹਾਲੀ ਦੀ ਬਹਾਰ ਲਿਆਉਂਦੇ ਰੁੱਖ

ਅੰਮ੍ਰਿਤ ਕੌਰ ਬਡਰੁੱਖਾਂ





ਸਾਡੇ ਜੀਵਨ ਵਿੱਚ ਰੁੱਖਾਂ ਦੇ ਮਹੱਤਵ ਲਈ ਬਸ ਇੱਕੋ ਗੱਲ ਕਹਿਣੀ ਬਣਦੀ ਹੈ ਕਿ ਜੇ ਰੁੱਖ ਹਨ ਤਾਂ ਸਾਡਾ ਜੀਵਨ ਹੈ। ਰੁੱਖ ਹਰੇ ਭਰੇ ਹਨ ਤਾਂ ਅਸੀਂ ਵੀ ਖ਼ੁਸ਼ਹਾਲ ਹਾਂ। ਰੁੱਖ ਸੁੱਕ ਮੁੱਕ ਗਏ ਤਾਂ ਅਸੀਂ ਵੀ ਸੁੱਕ ਮੁੱਕ ਜਾਵਾਂਗੇ। ਅਸੀਂ ਭਾਵੇਂ ਧਿਆਨ ਦੇਈਏ ਜਾਂ ਨਾ ਅਸੀਂ ਰੁੱਖਾਂ ਨਾਲ ਅਤੇ ਰੁੱਖ ਸਾਡੇ ਨਾਲ ਭਾਵਨਾਤਮਕ ਤੌਰ 'ਤੇ ਵੀ ਜੁੜੇ ਹੋਏ ਹਨ। ਥੋੜ੍ਹਾ ਜਿਹਾ ਅੰਦਰੋਂ ਬਾਹਰੋਂ ਮਨ ਸ਼ਾਂਤ ਕਰ ਕੇ ਰੁੱਖਾਂ ਦੇ ਨੇੜੇ ਜਾਈਏ ਤਾਂ ਅਸੀਂ ਉਨ੍ਹਾਂ ਨਾਲ ਗੱਲਾਂ ਕਰਨ ਲੱਗ ਪੈਂਦੇ ਹਾਂ। ਉਹ ਵੀ ਸਾਡੀਆਂ ਗੱਲਾਂ ਦਾ ਜਵਾਬ ਦਿੰਦੇ ਪ੍ਰਤੀਤ ਹੁੰਦੇ ਹਨ।

ਇਹ ਤਾਂ ਵਿਗਿਆਨੀਆਂ ਨੇ ਸਿੱਧ ਕਰ ਦਿੱਤਾ ਹੈ ਕਿ ਰੁੱਖ ਖ਼ੁਸ਼ ਵੀ ਹੁੰਦੇ ਹਨ, ਦੁਖੀ ਵੀ ਹੁੰਦੇ ਹਨ ਅਤੇ ਜਦੋਂ ਸਾਡੇ ਵਰਗੇ ਅਕ੍ਰਿਤਘਣ ਮਨੁੱਖ ਉਨ੍ਹਾਂ ਦੀ ਛਾਂ ਹੇਠ ਬੈਠ ਕੇ ਹੀ ਉਨ੍ਹਾਂ ਨੂੰ ਵੱਢਣ ਦੀਆਂ ਯੋਜਨਾਵਾਂ ਬਣਾਉਂਦੇ ਹਨ ਤਾਂ ਉਹ ਡਰ ਵੀ ਜਾਂਦੇ ਹਨ ਤੇ ਉਦਾਸ ਵੀ ਹੁੰਦੇ ਹਨ। ਅਸੀਂ ਰੁੱਖਾਂ ਨੂੰ ਨੁਕਸਾਨ ਪਹੁੰਚਾ ਕੇ ਉਹ ਬਣ ਜਾਂਦੇ ਹਾਂ ਜਿਸ ਨੂੰ ਭਾਈ ਗੁਰਦਾਸ ਜੀ ਬੁਰਿਆਂ ਤੋਂ ਬੁਰੇ ਅਤੇ ਧਰਤੀ ਦਾ ਸਭ ਤੋਂ ਵੱਡਾ ਭਾਰ ਆਖਦੇ ਹਨ;

ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ॥

ਜੇ ਅਸੀਂ ਥੋੜ੍ਹੇ ਜਿਹੇ ਸੁਚੇਤ ਹੋ ਕੇ ਆਲੇ-ਦੁਆਲੇ ਲੱਗੇ ਰੁੱਖਾਂ ਨੂੰ ਹਰ ਰੋਜ਼ ਧਿਆਨ ਨਾਲ ਦੇਖੀਏ ਤਾਂ ਰੁੱਖਾਂ ਦੀਆਂ ਬਹੁਤ ਸਾਰੀਆਂ ਭਾਵਨਾਵਾਂ ਸਾਨੂੰ ਸਮਝ ਵਿੱਚ ਆਉਣਗੀਆਂ। ਇੱਕ ਅੱਖੀਂ ਦੇਖੀ ਗੱਲ ਸਾਂਝੀ ਕਰਨ ਲੱਗੀ ਹਾਂ। ਦੋ ਕੁ ਵਰ੍ਹੇ ਪਹਿਲਾਂ ਦੀ ਗੱਲ ਹੈ ਕਿ ਇੱਕ-ਦੋ ਕੁ ਸਾਲ ਦੀ ਨਿੱਕੀ ਬੱਚੀ ਸਾਡੇ ਨਾਲ ਛੱਤ 'ਤੇ ਖੇਡਦੀ ਸੀ। ਛੱਤ ਦੇ ਜੰਗਲੇ ਨਾਲ ਨਿੰਮ ਦੀਆਂ ਟਾਹਣੀਆਂ ਲੱਗਦੀਆਂ ਸਨ। ਸਤੰਬਰ ਦਾ ਮਹੀਨਾ ਸੀ। ਉਸ ਬੱਚੀ ਦੇ ਚਿਹਰੇ ਨਾਲ ਨਿੰਮ ਦੀਆਂ ਟਾਹਣੀਆਂ ਛੂੰਹਦੀਆਂ ਤਾਂ ਉਹ ਬਹੁਤ ਖ਼ੁਸ਼ ਹੁੰਦੀ ਸੀ। ਉਸ ਦੀਆਂ ਅੱਖਾਂ ਹੱਸਦੀਆਂ ਸਨ। ਉਹ ਆਪਣੇ ਮੋਢੇ ਕੰਨਾਂ ਨਾਲ ਲਾ ਲੈਂਦੀ। ਖ਼ੁਸ਼ੀ ਵਿੱਚ ਕਿਲਕਾਰੀਆਂ ਮਾਰਦੀ, ਉਹ ਭੱਜ ਕੇ ਫਿਰ ਟਾਹਣੀਆਂ ਅਤੇ ਪੱਤਿਆਂ ਨਾਲ ਖੇਡਦੀ। ਅਸੀਂ ਟਾਹਣੀ ਫੜ ਕੇ ਪੱਤੇ ਉਸ ਦੇ ਕੰਨਾਂ ਨਾਲ, ਮੱਥੇ ਨਾਲ, ਗਰਦਨ ਨਾਲ, ਗੱਲ੍ਹਾਂ ਨਾਲ ਛੁਹਾਉਂਦੇ ਅਤੇ ਉਸ ਦੀ ਖ਼ੁਸ਼ੀ ਦੇਖਣ ਵਾਲੀ ਹੁੰਦੀ ਸੀ। ਉਹ ਹਰ ਰੋਜ਼ ਖੇਡਣ ਆਉਂਦੀ ਸੀ। ਉਸ ਦੀ ਖ਼ੁਸ਼ੀ ਨੂੰ ਦੇਖਦੇ ਹੋਏ ਅਸੀਂ ਉਸ ਨੂੰ ਛੱਤ 'ਤੇ ਹੀ ਲੈ ਜਾਂਦੇ। ਥੋੜ੍ਹੇ ਦਿਨਾਂ ਬਾਅਦ ਮੈਂ ਦੇਖਿਆ ਕਿ ਜਿਹੜੀ ਟਾਹਣੀ ਨਾਲ ਉਹ ਖੇਡਦੀ ਸੀ ਉਸ ਦੇ ਪੱਤੇ ਨਿੰਮ ਦੇ ਬਾਕੀ ਪੱਤਿਆਂ ਨਾਲੋਂ ਵੱਡੇ ਸਨ। ਉਹ ਟਾਹਣੀ ਤੇਜ਼ੀ ਨਾਲ ਵਧੀ ਸੀ ਅਤੇ ਜੰਗਲੇ ਦੇ ਅੰਦਰ ਵੱਲ ਨੂੰ ਕਾਫ਼ੀ ਝੁਕ ਗਈ ਸੀ। ਕਮਾਲ ਤਾਂ ਉਸ ਵੇਲੇ ਹੋਇਆ ਜਦੋਂ ਉਸ ਟਾਹਣੀ ਦੇ ਉੱਪਰ ਵੱਲ ਰੁੱਖ ਵਾਲੇ ਪਾਸੇ ਨੂੰ ਇੱਕ ਬੇਮੌਸਮਾ ਫੁੱਲਾਂ ਦਾ ਗੁੱਛਾ ਨਿਕਲ ਆਇਆ। ਫਿਰ ਮੈਨੂੰ ਆਸਕਰ ਵਾਈਲਡ ਦੀ ਲਿਖੀ ਕਹਾਣੀ 'ਸਵਾਰਥੀ ਦਿਉ' ਯਾਦ ਆਈ। ਉਸ ਵਿੱਚ ਵੀ ਬੱਚਿਆਂ ਦੇ ਖੇਡਣ ਨਾਲ ਸਾਰਾ ਬਾਗ਼ ਫੁੱਲਾਂ ਨਾਲ ਭਰ ਜਾਂਦਾ ਹੈ। ਉਸ ਵੇਲੇ ਇਹ ਕਹਾਣੀ ਕਾਲਪਨਿਕ ਲੱਗਦੀ ਸੀ। ਹੁਣ ਪੜ੍ਹ ਕੇ ਲੱਗਦਾ ਹੈ ਕਿ ਇਸ ਕਹਾਣੀ ਵਿੱਚ ਕਿੰਨਾ ਖ਼ੂਬਸੂਰਤ ਸੱਚ ਲਿਖਿਆ ਹੈ।

ਆਮ ਦੇਖਣ ਵਿੱਚ ਆਇਆ ਹੈ ਕਿ ਕਈ ਵਾਰ ਜਦੋਂ ਫ਼ਲਦਾਰ ਰੁੱਖਾਂ ਦੇ ਫ਼ਲ ਨਹੀਂ ਲੱਗਦੇ ਤਾਂ ਉਨ੍ਹਾਂ ਅੰਦਰ ਡਰ ਪੈਦਾ ਕੀਤਾ ਜਾਂਦਾ ਹੈ। ਕਈ ਬਜ਼ੁਰਗ ਬੀਬੀਆਂ ਨੂੰ ਇਹ ਕਹਿੰਦਿਆਂ ਸੁਣਿਆ ਹੈ ਕਿ ਵਾਰ ਵਾਰ ਉਸ ਰੁੱਖ ਕੋਲ ਇਹ ਆਖੋ ਕਿ ਹੁਣ ਇਹਨੂੰ ਵੱਢ ਦੇਣਾ ਹੈ ਜਾਂ ਪੁੱਟ ਦੇਣਾ ਹੈ ਤਾਂ ਉਸ ਨੂੰ ਅਗਲੇ ਸਾਲ ਨੂੰ ਫ਼ਲ ਲੱਗਣ ਲੱਗ ਪੈਂਦੇ ਹਨ। ਕਈ ਵਾਰ ਤਾਂ ਉਨ੍ਹਾਂ ਦੇ ਕੁਹਾੜੀ ਨਾਲ ਛੋਟੇ ਛੋਟੇ ਟੱਕ ਵੀ ਲਾ ਦਿੱਤੇ ਜਾਂਦੇ ਹਨ ਅਤੇ ਆਖਿਆ ਜਾਂਦਾ ਹੈ ਕਿ ਉਹ ਰੁੱਖ ਆਉਣ ਵਾਲੇ ਸਾਲ ਨੂੰ ਫ਼ਲ ਜ਼ਰੂਰ ਦੇਣ ਲੱਗ ਪੈਂਦਾ ਹੈ।

ਆਪਣੇ ਆਲੇ-ਦੁਆਲੇ ਅਸੀਂ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਦੇਖ ਅਤੇ ਮਹਿਸੂਸ ਕਰ ਸਕਦੇ ਹਾਂ। ਵਿਗਿਆਨੀਆਂ ਨੇ ਬਹੁਤ ਸਾਰੇ ਪ੍ਰਯੋਗ ਕੀਤੇ ਅਤੇ ਦੁਨੀਆਂ ਸਾਹਮਣੇ ਇਹ ਗੱਲਾਂ ਵਿਗਿਆਨਕ ਤਰੀਕੇ ਨਾਲ ਸਿੱਧ ਕੀਤੀਆਂ ਹਨ ਕਿ ਰੁੱਖ, ਵੇਲ-ਬੂਟੇ ਦੁਖ-ਸੁਖ, ਖ਼ੁਸ਼ੀ, ਸਨੇਹ, ਦਿਆਲਤਾ ਅਤੇ ਕਠੋਰਤਾ ਮਹਿਸੂਸ ਕਰਦੇ ਹਨ। ਉਨ੍ਹਾਂ ਉੱਤੇ ਸੰਗੀਤ ਦਾ ਬਹੁਤ ਚੰਗਾ ਅਸਰ ਦੇਖਣ ਨੂੰ ਮਿਲਿਆ ਹੈ। ਉਹ ਮਨੁੱਖ ਦੀਆਂ ਭਾਵਨਾਵਾਂ ਤੱਕ ਨੂੰ ਮਹਿਸੂਸ ਕਰ ਲੈਂਦੇ ਹਨ।

ਸਾਡੇ ਇਤਿਹਾਸ ਵਿੱਚੋਂ ਬਹੁਤ ਸਾਰੀਆਂ ਉਦਾਹਰਨਾਂ ਦੇਖੀਆਂ ਸੁਣੀਆਂ ਜਾਂਦੀਆਂ ਹਨ ਕਿ ਕਿਸ ਤਰ੍ਹਾਂ ਮਹਾਪੁਰਸ਼ਾਂ ਦੀ ਛੋਹ ਪ੍ਰਾਪਤ ਰੁੱਖ ਸਦੀਆਂ ਤੱਕ ਜਿਊਂਦੇ ਰਹਿ ਸਕਦੇ ਹਨ ਅਤੇ ਉਨ੍ਹਾਂ ਦੇ ਫ਼ਲਾਂ ਦਾ ਸੁਆਦ ਵੀ ਬਦਲ ਸਕਦਾ ਹੈ। ਜਿਵੇਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਸੰਪਰਕ ਵਿੱਚ ਆਉਂਦਿਆਂ ਰੀਠਿਆਂ ਵਿਚਲੀ ਕੁੜੱਤਣ ਖ਼ਤਮ ਹੋ ਗਈ। ਇਸ ਤਰ੍ਹਾਂ ਦੀਆਂ ਹੋਰ ਉਦਾਹਰਨਾਂ ਵੀ ਮਿਲਦੀਆਂ ਹਨ।

ਰੁੱਖਾਂ ਦੇ ਸਾਨੂੰ ਬੇ-ਹਿਸਾਬ ਫਾਇਦੇ ਹਨ। ਜੇ ਅਸੀਂ ਇਨ੍ਹਾਂ ਤੋਂ ਫ਼ਲ ਲੈਂਦੇ ਹਾਂ, ਫੁੱਲਾਂ ਦੀਆਂ ਮਹਿਕਾਂ ਦਾ ਆਨੰਦ ਮਾਣਦੇ ਹਾਂ, ਤੰਦਰੁਸਤੀ ਇਨ੍ਹਾਂ ਤੋਂ ਲੈਂਦੇ ਹਾਂ, ਜ਼ਿੰਦਗੀ ਦੀਆਂ ਹੋਰ ਸੁੱਖ ਸਹੂਲਤਾਂ ਇਨ੍ਹਾਂ ਤੋਂ ਲੈਂਦੇ ਹਾਂ, ਸਾਡੇ ਪ੍ਰਾਣ ਇਨ੍ਹਾਂ ਦੀ ਮਿਹਰਬਾਨੀ ਨਾਲ ਚੱਲਦੇ ਹਨ ਤਾਂ ਫਿਰ ਸਾਡੇ ਵੀ ਇਨ੍ਹਾਂ ਪ੍ਰਤੀ ਕੁਝ ਫਰਜ਼ ਬਣਦੇ ਹਨ। ਜੋ ਸਾਡੇ ਲਈ ਨਿਭਾਉਣੇ ਬਹੁਤ ਜ਼ਰੂਰੀ ਹਨ। ਅਸੀਂ ਰੁੱਖ ਲਗਾ ਕੇ, ਉਨ੍ਹਾਂ ਦੀ ਸਾਂਭ-ਸੰਭਾਲ ਕਰਕੇ ਰੁੱਖਾਂ ਸਿਰ ਕੋਈ ਅਹਿਸਾਨ ਨਹੀਂ ਕਰਾਂਗੇ ਸਗੋਂ ਇਹ ਸਾਡੀ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਹੋਵੇਗੀ। ਰੁੱਖ ਮਨੁੱਖ ਤੋਂ ਬਿਨਾਂ ਵਧ ਫੁੱਲ ਸਕਦੇ ਹਨ ਪਰ ਮਨੁੱਖ ਨੂੰ ਰੁੱਖਾਂ ਬਿਨਾਂ ਇੱਕ ਮਿੰਟ ਵੀ ਨਹੀਂ ਸਰਦਾ।

ਰੁੱਖ ਸਾਨੂੰ ਢੇਰ ਸਾਰੀਆਂ ਨਿਆਮਤਾਂ ਨਾਲ ਨਿਵਾਜਦੇ ਹਨ। ਸਾਡੇ ਅੰਦਰ ਵੀ ਰੁੱਖਾਂ ਨੂੰ ਦੇਣ ਨੂੰ ਸਨੇਹ ਤੇ ਦਿਆਲਤਾ ਹੈ। ਉਨ੍ਹਾਂ ਦੀ ਸਾਂਭ-ਸੰਭਾਲ ਲਈ ਸਾਧਨ ਵੀ ਹਨ, ਫਿਰ ਅਸੀਂ ਕਿਉਂ ਕੰਜੂਸੀ ਕਰਦੇ ਹਾਂ। ਕਿਉਂ ਕਠੋਰਤਾ ਨੂੰ ਮੂਹਰੇ ਰੱਖ ਲੈਂਦੇ ਹਾਂ। ਸਾਡੇ ਵਿੱਚੋਂ ਕਈਆਂ ਨੂੰ ਆਦਤ ਹੁੰਦੀ ਹੈ ਕਿ ਤੁਰੇ ਜਾਂਦੇ ਹੀ ਰੁੱਖਾਂ ਦੇ ਪੱਤੇ ਸੂਤ ਲੈਂਦੇ ਹਨ। ਕੁਝ ਦੇਰ ਉਨ੍ਹਾਂ ਨੂੰ ਤੋੜਦੇ ਮਰੋੜਦੇ ਹਨ, ਫਿਰ ਸੁੱਟ ਦਿੰਦੇ ਹਨ। ਇਨ੍ਹਾਂ ਪੱਤਿਆਂ ਤੋਂ ਕੋਈ ਲਾਭ ਨਹੀਂ ਲਿਆ ਬਸ ਟਾਹਣੀਆਂ ਜ਼ਰੂਰ ਰੁੰਡ ਮਰੁੰਡ ਕਰ ਦਿੰਦੇ ਹਾਂ। ਜੇ ਇਨ੍ਹਾਂ ਨੂੰ ਕਿਸੇ ਲਾਭ ਲਈ ਵਰਤਿਆ ਜਾਵੇ ਤਾਂ ਠੀਕ ਹੈ ਪਰ ਇਨ੍ਹਾਂ ਦੀ ਬਰਬਾਦੀ ਕਰਨਾ, ਇਨ੍ਹਾਂ ਨੂੰ ਸਾੜਨਾ ਸਿਆਣਪ ਦੀ ਨਿਸ਼ਾਨੀ ਨਹੀਂ। ਕਦੇ ਵਿਹਲੇ ਸਮੇਂ ਮੋਬਾਈਲ ਤੋਂ ਨਿਗ੍ਹਾ ਹਟਾ ਕੇ ਕੁਝ ਦੇਰ ਲਈ ਹਵਾ ਵਿੱਚ ਲਹਿਰਾ ਰਹੀਆਂ ਟਾਹਣੀਆਂ ਵੱਲ ਦੇਖਣਾ ਕਿ ਉਹ ਕਿਸ ਤਰ੍ਹਾਂ ਆਪਸ ਵਿੱਚ ਗੱਲਾਂ ਕਰਦੀਆਂ, ਖੇਡਦੀਆਂ, ਮਸਤੀ ਕਰਦੀਆਂ ਪ੍ਰਤੀਤ ਹੋਣਗੀਆਂ। ਮਨ ਨੂੰ ਖ਼ੁਸ਼ੀ ਨਾਲ ਭਰ ਦਿੰਦੀਆਂ ਹਨ। ਜਦੋਂ ਕਦੇ ਹਵਾ ਨਾ ਚੱਲਦੀ ਹੋਵੇ, ਪੱਤਾ ਵੀ ਨਾ ਹਿਲਦਾ ਹੋਵੇ ਤਾਂ ਇਹ ਕਿਸੇ ਤਪੱਸਵੀ ਦੀ ਤਰ੍ਹਾਂ ਸਮਾਧੀ ਵਿੱਚ ਜਾਪਦੇ ਹਨ। ਜਿਵੇਂ ਪਤਾਲ ਤੋਂ ਅਕਾਸ਼ ਤੱਕ ਇਨ੍ਹਾਂ ਦੀ ਸਿੱਧੀ ਗੱਲਬਾਤ ਹੋਵੇ ਤੇ ਇਹ ਅਡੋਲ ਖੜ੍ਹੇ ਪਤਾਲ ਧਰਤੀ ਅਕਾਸ਼ ਦਾ ਸੁਨੇਹਾ ਸਾਹ ਰੋਕ ਕੇ ਸੁਣਦੇ ਹੋਣ।

(ਬਾਕੀ ਸਫ਼ਾ 31 'ਤੇ)

# ਸਿੱਖਾਂ ਨੇ ਕਈ ਵਾਰ ਜਿੱਤੀ ਸੀ ਦਿੱਲੀ



ਬਹਾਦਰ ਸਿੰਘ ਗੋਸਲ



ਜਦੋਂ ਵੀ ਅਸੀਂ ਸਿੱਖ ਇਤਿਹਾਸ ਅਤੇ ਖ਼ਾਲਸੇ ਦੀ ਚੜ੍ਹਦੀ ਕਲਾ ਦੀ ਨਜ਼ਦੀਕੀ ਜਾਣਕਾਰੀ ਪ੍ਰਾਪਤ ਕਰਦੇ ਹਾਂ ਤਾਂ ਇਤਿਹਾਸ ਦੇ ਬਹੁਤ ਹੀ ਵਿਲੱਖਣ, ਦਿਲਚਸਪ ਅਤੇ ਸੱਚੇ ਤੱਥ ਸਾਹਮਣੇ ਆਉਂਦੇ ਹਨ ।ਇਸੇ ਸੰਬੰਧ ਵਿੱਚ ਜਦੋਂ ਅਸੀਂ ਸਿੱਖ ਸਰਦਾਰ ਬੁਘੇਲ ਸਿੰਘ ਦੀਆਂ ਜਿੱਤਾਂ ਅਤੇ ਪ੍ਰਾਪਤੀਆਂ ਦੀ ਗੱਲ ਕਰਦੇ ਹਾਂ ਤਾਂ ਪ੍ਰਿੰਸੀਪਲ ਸਤਿਬੀਰ ਸਿੰਘ ਦੇ ਲਿਖਣ ਅਨੁਸਾਰ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸੰਨ 1737 ਤੋਂ 1788 ਤੱਕ ਦਿੱਲੀ ਦੀ ਬਹੁਤ ਹੀ ਦੁਰਦਸ਼ਾ ਰਹੀ ਕਿਉਂਕਿ ਇਨ੍ਹਾਂ 51 ਸਾਲਾਂ ਵਿੱਚ ਦਿੱਲੀ ਨੂੰ 52 ਵਾਰ ਲੁੱਟਿਆ ਅਤੇ ਉਜਾੜਿਆ ਗਿਆ ।ਕੇਵਲ ਸੰਨ 1765 ਤੋਂ 1787 ਤੱਕ ਪੰਦਰਾਂ ਵਾਰ ਤਾਂ ਸਿੰਘਾਂ ਨੇ ਹੀ ਦਿੱਲੀ ਉਤੇ ਜਿੱਤ ਪ੍ਰਾਪਤ ਕੀਤੀ। ਸਿੰਘ ਪਹਿਲੀ ਵਾਰ 1765 ਦੇ ਚੜ੍ਹਦੇ ਦਿਨ ਇੱਕ ਜਨਵਰੀ ਵਾਲੇ ਦਿਨ ਹੀ ਦਿੱਲੀ ਪੁੱਜ ਗਏ ਸਨ ।ਉਨ੍ਹਾਂ ਦੀ ਦਲੇਰੀ, ਬਹਾਦਰੀ ਅਤੇ ਖਾਲਸੇ ਦੀ ਚੜ੍ਹਤ ਦੇਖ ਕੇ ਬਾਦਸ਼ਾਹ ਸ਼ਾਹ ਆਲਮ ਨੇ ਆਪਣੇ ਵਜ਼ੀਰ ਆਜ਼ਮ ਗੋਹਰ ਨੂੰ ਕਿਹਾ ਸੀ, 'ਜਿਸ ਤਰ੍ਹਾਂ ਵੀ ਹੋਵੇ ਸਰਦਾਰ ਬਘੇਲ ਸਿੰਘ ਨਾਲ ਗੱਲ ਕਰਕੇ ਸਿੱਖਾਂ ਨਾਲ ਸੁਲਾਹ ਕੀਤੀ ਜਾਵੇ।' ਬਾਦਸ਼ਾਹ ਸ਼ਾਹ ਆਲਮ ਦੇ ਇਸ ਹੁਕਮ ਦਾ ਇਹ ਅਸਰ ਹੋਇਆ ਕਿ ਸਰਦਾਰ ਬਘੇਲ ਸਿੰਘ ਅਤੇ ਵਜ਼ੀਰ ਆਜ਼ਮ ਵਿਚਕਾਰ ਤਿੰਨ ਗੱਲਾਂ ਨੂੰ ਲੈ ਕੇ ਇਕ ਨਿਰਣੇ ਪਰ ਸਮਝੌਤਾ ਹੋ ਗਿਆ। ਜਿਸ ਵਿੱਚ ਪਹਿਲਾਂ-ਖ਼ਾਲਸੇ ਨੂੰ ਤਿੰਨ ਲੱਖ ਰੁਪਏ ਹਰਜਾਨੇ ਦੇ ਤੌਰ 'ਤੇ ਦਿੱਤੇ ਜਾਣ। ਦੂਜਾ-ਸ਼ਹਿਰ ਦੀ ਕੋਤਵਾਲੀ 'ਤੇ ਚੁੰਗੀ ਵਸੂਲ ਕਰਨ ਦਾ ਅਧਿਕਾਰ ਸਰਦਾਰ ਬਘੇਲ ਸਿੰਘ ਹਵਾਲੇ ਕੀਤਾ ਜਾਵੇ ।ਇਸੇ ਤਰ੍ਹਾਂ ਤੀਜੇ ਫ਼ੈਸਲੇ ਅਨੁਸਾਰ-ਜਦੋਂ ਤੱਕ ਗੁਰਦੁਆਰਾ ਸਾਹਿਬ ਦੀ ਸੇਵਾ ਮੁਕੰਮਲ ਨਾ ਹੋ ਜਾਵੇ ਸਰਦਾਰ ਬਘੇਲ ਸਿੰਘ ਨੂੰ 4000 ਘੋੜ ਸਵਾਰ ਆਪਣੇ ਪਾਸ ਰੱਖਣ ਦੀ ਇਜਾਜ਼ਤ ਹੋਵੇ ।

ਇਸ ਫ਼ੈਸਲੇ ਨਾਲ ਸਿੱਖਾਂ ਦੀ ਚੜ੍ਹਤ ਹੋ ਗਈ ਅਤੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੀ ਸੇਵਾ ਕਰਨ ਦਾ ਮੌਕਾ ਹੱਥ ਲੱਗ ਗਿਆ। ਇਸ ਮੌਕੇ ਦਾ ਲਾਭ ਉਠਾ ਕੇ ਸਰਦਾਰ ਬਘੇਲ ਸਿੰਘ ਨੇ ਸਭ ਤੋਂ ਪਹਿਲਾਂ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਦਿੱਲੀ ਰਹਿਣ ਸਮੇਂ ਦੇ ਅਸਥਾਨਾਂ 'ਤੇ ਗੁਰੂਘਰ ਬਣਾਏ। ਫਿਰ ਇਸੇ ਲੜੀ ਵਿੱਚ ਮੁਹੱਲਾ ਜੈਪੁਰ ਵਿੱਚ ਗੁਰਦੁਆਰਾ ਬੰਗਲਾ ਸਾਹਿਬ ਬਣਾਇਆ ਕਿਉਂਕਿ ਇਸ ਸਥਾਨ ਪਰ ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕਿਸ਼ਨ ਜੀ ਰਹੇ ਸਨ ਅਤੇ ਇੱਥੇ ਹੀ ਜੋਤੀ ਜੋਤਿ ਸਮਾਏ ਸਨ। ਜਿਸ ਪਵਿੱਤਰ ਸਥਾਨ ਪਰ ਸ੍ਰੀ ਗੁਰੂ ਹਰਿਕਿਸ਼ਨ ਜੀ, ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਅੰਗੀਠੇ ਸਨ, ਉੱਥੇ ਵੀ ਗੁਰਦੁਆਰੇ ਬਣਾਏ ਗਏ। ਜਿਸ ਸਥਾਨ ਪਰ ਭਾਈ ਲੱਖੀ ਨਾਂਅ ਦੇ ਸਿੱਖ ਦਾ ਘਰ ਸੀ ਅਤੇ ਜਿਸ ਘਰ ਨੂੰ ਉਸ ਵਲੋਂ ਅਗਨੀ ਲਗਾ ਕੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੀਸ ਰਹਿਤ ਦੇਹ ਦਾ ਸਸਕਾਰ ਕੀਤਾ ਗਿਆ ਸੀ, ਉਸ ਸਥਾਨ 'ਤੇ ਗੁਰਦੁਆਰਾ ਰਕਾਬ ਗੰਜ ਸਾਹਿਬ ਬਣਵਾਇਆ ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਸਰਦਾਰ ਬਘੇਲ ਸਿੰਘ ਨੂੰ ਸਭ ਤੋਂ ਮੁਸ਼ਕਿਲ ਇਹ ਆਈ ਕਿ ਉਸ ਸਥਾਨ ਦੀ ਭਾਲ ਕਿਵੇਂ ਕੀਤੀ ਜਾਵੇ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ ਸੀ ।ਪਰ ਬਾਅਦ ਵਿੱਚ ਬਹੁਤ ਭਾਲ ਕਰਨ ਤੋਂ ਪਿਛੋਂ ਇਕ ਬੁੱਢੀ ਮਾਈ ਨੇ ਇਹ ਸਮੱਸਿਆ ਹੱਲ ਕਰ ਦਿੱਤੀ ਕਿਉਂਕਿ ਉਹ ਬੁੱਢੀ ਔਰਤ ਉਸ ਮਾਸ਼ਕੀ ਦੀ ਧੀ ਸੀ ਜਿਸ ਨੇ ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਉਸ ਪਾਵਨ ਪਵਿੱਤਰ ਥਾਂ ਨੂੰ ਪਾਣੀ ਨਾਲ ਧੋਤਾ ਸੀ ਅਤੇ ਉਸ ਬੁੱਢੀ ਔਰਤ ਦੀ ਨਿਸ਼ਾਨ ਦੇਹੀ 'ਤੇ ਉਸ ਸ਼ਹਾਦਤ ਵਾਲੇ ਸਥਾਨ ਨੂੰ ਲੱਭਿਆ ਗਿਆ ਅਤੇ ਸਰਦਾਰ ਬਘੇਲ ਸਿੰਘ ਨੇ ਉਸ ਸਥਾਨ 'ਤੇ ਇੱਕ ਥੜ੍ਹਾ ਬਣਾ ਦਿੱਤਾ। ਕੁਝ ਮੁਸਲਮਾਨਾਂ ਨੇ ਵਿਰੋਧ ਕੀਤਾ ਪਰ ਵਜ਼ੀਰ ਨੇ ਵਿੱਚ ਪੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਸਤੇ ਸਿੱਖਾਂ ਨੂੰ ਕੁਝ ਜਗ੍ਹਾ ਦੇ ਦਿੱਤੀ।

ਇਸ ਸਥਾਨ ਦਾ ਨਾਂ ਸ੍ਰੀ ਸੀਸ ਗੰਜ ਸਾਹਿਬ ਰੱਖਿਆ ਗਿਆ ।ਫਿਰ 1857 ਦੇ ਗ਼ਦਰ ਤੋਂ ਬਾਅਦ ਜੀਂਦ ਦੇ ਰਾਜਾ ਸਰੂਪ ਸਿੰਘ ਨੇ ਹੋਰ ਥਾਂ ਲੈ ਕੇ ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਦੇ ਦਿੱਤੀ। ਪ੍ਰਿੰਸੀਪਲ ਸਤਿਬੀਰ ਸਿੰਘ ਦੇ ਦਿੱਤੇ ਵੇਰਵਿਆਂ ਅਨੁਸਾਰ ਜਨਵਰੀ 1765 ਤੋਂ ਬਾਅਦ ਫਿਰ ਦੂਜੀ ਵਾਰ 17 ਅਪ੍ਰੈਲ 1766, ਤੀਜੀ ਵਾਰ -ਜਨਵਰੀ 1770, ਚੌਥੀ ਵਾਰ ਫਰਵਰੀ 1770, ਪੰਜਵੀਂ ਵਾਰ 18 ਜਨਵਰੀ 1774, ਛੇਵੀਂ ਵਾਰੀ ਅਕਤੂਬਰ 1774, ਸੱਤਵੀਂ ਵਾਰ -15 ਜੁਲਾਈ 1775, ਅੱਠਵੀ ਵਾਰ ਨਵੰਬਰ 1776, ਨੌਵੀਂ ਵਾਰ -ਮਾਰਚ 1778, ਦਸਵੀਂ ਵਾਰ ਅਗਸਤ 1778, ਗਿਆਰਵੀਂ ਵਾਰ-23 ਸਤੰਬਰ 1778, ਬਾਰ੍ਹਵੀਂ ਵਾਰ -ਜਨਵਰੀ 1779, ਤੇਰ੍ਹਵੀਂ ਵਾਰ -ਅਪ੍ਰੈਲ 1781, ਚੌਧਵੀਂ ਵਾਰ -ਮਾਰਚ 1783 ਇਸੇ ਤਰ੍ਹਾਂ ਪੰਦਰਵੀਂ ਵਾਰ ਸਿੰਘਾਂ ਵਲੋਂ ਫਿਰ 23 ਅਗਸਤ 1787 ਨੂੰ ਦਿੱਲੀ ਨੂੰ ਫਤਹਿ ਕੀਤਾ ਗਿਆ ।ਜਦੋਂ ਸਰਦਾਰ ਬਘੇਲ ਸਿੰਘ ਨੇ ਇਸ ਵਾਰ ਦਿੱਲੀ ਫਤਹਿ ਕਰਨ ਤੋਂ ਬਾਅਦ ਪੰਜਾਬ ਵੱਲ ਨੂੰ ਚਾਲੇ ਪਾਏ ਤਾਂ ਬਾਦਸ਼ਾਹ ਨੇ ਉਨ੍ਹਾਂ ਦੇ ਸਨਮਾਨ ਵਿੱਚ ਇੱਕ ਹਾਥੀ, ਸੋਨੇ ਦੀ ਇੱਕ ਜ਼ੰਜੀਰ, ਪੰਜ ਘੋੜੇ ਅਤੇ ਬਹੁਤ ਸਾਰੇ ਤੋਹਫ਼ੇ ਦਿੱਤੇ ।ਇਹ ਗੱਲ ਵੀ ਬਹੁਤ ਹੀ ਗੰਭੀਰ ਰਹੀ ਕਿ ਸੰਨ 1802 ਤੱਕ ਜਦੋਂ ਤੱਕ ਸਰਦਾਰ ਬਘੇਲ ਸਿੰਘ ਜਿਊਂਦੇ ਰਹੇ, ਉਦੋਂ ਤੱਕ ਦਿੱਲੀ ਸ਼ਹਿਰ ਦੀ ਚੁੰਗੀ ਦਾ ਚੌਥਾ ਹਿੱਸਾ ਉਨ੍ਹਾਂ ਦੇ ਘਰ ਪਹੁੰਚਦਾ ਰਿਹਾ।

ਸਿੰਘਾਂ ਤੋਂ ਇਲਾਵਾ ਵੀ ਇਸ ਸਮੇਂ ਦੌਰਾਨ ਹੋਰ ਬਹੁਤ ਸਾਰੇ ਧਾੜਵੀਆਂ ਨੇ ਦਿੱਲੀ ਨੂੰ ਜਿੱਤਿਆ। ਖ਼ਾਸ ਕਰਕੇ ਸੰਨ 1757 ਈ: ਨੂੰ ਜਦੋਂ ਅਬਦਾਲੀ ਦਿੱਲੀ ਤੋਂ ਬਹੁਤ ਸਾਰਾ ਖਜ਼ਾਨਾ ਲੁੱਟ ਕੇ ਲਿਜਾ ਰਿਹਾ ਸੀ ਤਾਂ ਸਿੰਘਾਂ ਨੇ 124 ਮੀਲ ਦਾ ਰਸਤਾ ਤੈਅ ਕਰਕੇ ਇਕ ਰਾਤ ਵਿੱਚ ਹੀ ਚਨਾਬ ਦੀਆਂ ਬੇੜੀਆਂ ਵਿੱਚ ਲੱਦੇ ਖਜ਼ਾਨੇ ਨੂੰ ਫਿਰ ਜਾ ਖੋਹਿਆ ਸੀ। ਪ੍ਰਿੰਸੀਪਲ ਸਤਿਬੀਰ ਸਿੰਘ ਹੋਰੀਂ ਦਿੱਲੀ ਦੀ ਲੁੱਟ ਅਤੇ ਜਿੱਤਾਂ ਦਾ ਵਿਸਥਾਰ ਪੂਰਵਕ ਵਰਨਣ ਕਰਦੇ ਹੋਏ ਲਿਖਦੇ ਹਨ ਕਿ ਉਸ ਸਮੇਂ ਮੁਗ਼ਲਾਂ ਦਾ ਅਧਿਕਾਰ ਇਲਾਹਬਾਦ ਦੇ ਸੂਬੇ ਤੱਕ ਹੀ ਸੀਮਤ ਹੋ ਗਿਆ, ਪੂਰਬ ਵੱਲ ਅਵਧ ਦੇ ਨਵਾਬ ਦਾ ਰਾਜ ਸੀ, ਪੱਛਮ ਵੱਲ ਰਾਜਪੂਤਾਂ ਦਾ ਦਬ-ਦਬਾ ਸੀ, ਸ਼ਾਹ ਆਲਮ ਆਪ ਇਲਾਹਬਾਦ ਵਿੱਚ ਸੀ। ਉਸ ਸਮੇਂ ਦਿੱਲੀ ਉਤੇ ਨਜ਼ੀਰ-ਉਲ-ਦਉਲਾ ਦਾ ਅਧਿਕਾਰ ਸੀ। ਇਸੇ ਸਮੇਂ ਨੂੰ ਬਿਆਨ ਕਰਦੇ ਹੋਏ ਇਤਿਹਾਸਕਾਰ ਜਾਦੂ ਨਾਥ ਸਰਕਾਰ ਨੇ ਲਿਖਿਆ ਹੈ ਕਿ ਦਿੱਲੀ ਇਤਨੀ ਬਦਕਿਸਮਤ ਸੀ ਕਿ ਅਫਗਾਨਾਂ, ਮਰਹੱਟਿਆਂ, ਸਿੱਖਾਂ, ਜਾਟਾਂ, ਗੁਜਰਾਂ ਤੇ ਪਿੰਡਾਰਿਆਂ ਦੇ ਹੱਥੋਂ ਲੁੱਟੀ ਜਾਂਦੀ ਰਹੀ। ਕਿਸਾਨਾਂ ਦੀ ਹਾਲਤ ਬਹੁਤ ਹੀ ਤਰਸਯੋਗ ਬਣ ਗਈ ਸੀ। ਭਾਵੇਂ ਮਰਹੱਟੇ ਕਮਜ਼ੋਰ ਪੈ ਗਏ ਸਨ, ਜਾਟਾਂ ਨੇ ਆਗਰਾ ਅਤੇ ਜੈਪੁਰ ਦੇ ਵਿਚਕਾਰ ਹਕੂਮਤ ਬਣਾ ਲਈ, ਰੁਹੇਲੇ ਦਿੱਲੀ ਅਤੇ ਹਿਮਾਲਿਆ ਵਿਚਕਾਰ ਆਪਣਾ ਅਧਿਕਾਰ ਜਮਾ ਚੁੱਕੇ ਸਨ, ਅੰਗਰੇਜ਼ਾਂ ਨੇ ਕਲਾਈਵ ਦੀ ਅਗਵਾਈ ਵਿੱਚ ਬੰਗਾਲ, ਬਿਹਾਰ ਤੇ ਉੜੀਸਾ ਦੀ ਦੀਵਾਨੀ ਹਾਸਲ ਕਰ ਲਈ ਸੀ, ਉੱਤਰੀ ਸਰਕਾਰਾਂ ਉੱਤੇ ਕਬਜ਼ਾ ਸੀ ਅਤੇ ਕਰਨਾਟਕ ਦਾ ਨਵਾਬ ਅੰਗਰੇਜ਼ਾਂ ਦਾ ਪਾਣੀ ਭਰਦਾ ਸੀ।

ਗੰਗਾ-ਜਮਨਾ, ਦੁਆਬ ਦਾ ਕੋਈ ਵੀ ਅਜਿਹਾ ਇਲਾਕਾ ਨਹੀਂ ਸੀ ਜਿਸ ਨੂੰ ਸਰਦਾਰ ਬਘੇਲ ਸਿੰਘ ਨੇ ਨਾ ਲਤਾੜਿਆ ਹੋਵੇ ।25 ਸਾਲ ਪੂਰਨ ਤੌਰ 'ਤੇ ਜਲੰਧਰ ਤੋਂ ਲੈ ਕੇ ਪੀਲੀਭੀਤ ਤੱਕ, ਉਧਰ ਅੰਬਾਲੇ ਤੋਂ ਅਲੀਗੜ੍ਹ ਤੱਕ ਇਨ੍ਹਾਂ ਦਾ ਸਿੱਕਾ ਚਲਦਾ ਸੀ। ਇਸ ਤਰ੍ਹਾਂ ਦਿੱਲੀ ਚੁਫੇਰਿਓਂ ਘਿਰੀ ਹੋਈ ਮਾਰ ਖਾ ਰਹੀ ਸੀ ਅਤੇ ਉਸ ਦੇ ਵਸਨੀਕਾਂ ਨੂੰ ਵੀ ਇਨ੍ਹਾਂ ਲੁੱਟਾਂ-ਖੋਹਾਂ ਅਤੇ ਬਦਲਦੀਆਂ ਜਿੱਤਾਂ ਕਾਰਨ ਬੜਾ ਵੱਡਾ ਨੁਕਸਾਨ ਉਠਾਉਣਾ ਪੈਂਦਾ ਸੀ।

WEBSITE DESIGN & DEVELOPMENT
Basic Web packages are available on comparatively economical rates we work as per your requirement and charge only according to work
ਛੋਟੇ/ਵੱਡੇ ਬਿਜ਼ਨਸ, ਐਨ.ਜੀ.ਓ. ਰੇਡਿਓ ਸਟੇਸ਼ਨ ਅਤੇ ਖ਼ਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ ਈ ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Services
Web Development
Web Designing
Seo Services
Web Re-Design
Technical Support
Logo Design
wma WEB MEDIA ART
Mob: +91-8437636421
webmediaart24@gmail.com www. Webmediaart.com

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

# ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ ਨੂੰ ਜ਼ਿੰਦਾ ਰੱਖਦਿਆਂ

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਜੀਵਨ ਅਤੇ ਮੌਤ ਦੋਵੇਂ ਅੱਟਲ ਸੱਚਾਈਆਂ ਹਨ, ਮੌਤ ਇੱਕ ਅਜਿਹਾ ਸੱਚ ਹੈ ਕਿ ਵਾਪਰਦੀ ਹੀ ਹੈ ਪਰ ਕੋਈ ਮੌਤ ਸਮਾਂ ਪਾ ਕੇ ਹੋਵੇ ਤਾਂ ਹੋਣੀ ਹੈ, ਪਰ ਜੋ ਬੁਲੰਦੀਆਂ 'ਤੇ ਹੋਵੇ ਤੇ ਸਮਾਂ ਜਾਣ ਦਾ ਨਾ ਹੋਵੇ ਤਾਂ ਅਣਹੋਣੀ ਹੈ। ਜਿਸ ਨਾਲ ਹਾਕੀ ਖੇਡ ਜਗਤ ਦਾ ਸਿਤਾਰਾ ਮਹਿੰਦਰ ਸਿੰਘ ਮੁਣਸ਼ੀ ਭਰ ਜਵਾਨੀ ਸਿਰਫ 24 ਸਾਲ ਦੀ ਉਮਰ ਵਿੱਚ ਤੁਰ ਗਿਆ ਜਦੋਂਕਿ ਉਸ ਦੀ ਹਾਕੀ ਖੇਡ ਦਾ ਹੁਨਰ ਸਿਤਾਰਾ ਬੁਲੰਦੀਆਂ ਤੇ ਸੀ ਅਜੇ ਉਸ ਨੇ ਹੋਰ ਮੱਲਾਂ ਮਾਰਨੀਆਂ ਸਨ। ਜਦ ਕਿਸੇ ਦੇ ਅਜ਼ੀਜ਼ ਪਿਆਰੇ ਤੁਰ ਜਾਂਦੇ ਹਨ ਤਾਂ ਪਿੱਛੇ ਰਹਿ ਗਏ ਸੋਚਦੇ ਹਨ ਕਿ ਉਹ ਮਰੇ ਨਹੀਂ ਅਤੇ ਕਿਵੇਂ ਸਾਡੇ ਦਿਲਾਂ ਵਿੱਚ ਰਹਿ ਸਕਦੇ ਹਨ ਤਾਂ ਉਹ ਉਹਨਾਂ ਦੀ ਯਾਦਗਾਰ ਬਣਾਉਂਦੇ ਹਨ। ਕੋਈ ਅਮੀਰ ਹੈ,ਵੱਡੀ ਜਾਇਦਾਦ ਬਣਾਉਂਦਾ ਹੈ ਜਿਵੇਂ ਸ਼ਾਹ ਜਹਾਨ ਨੇ ਬਣਾਈ। ਕੋਈ ਗਰੀਬ ਹੈ ਉਹ ਕੱਚੀ ਪੱਕੀ ਸਮਾਧ ਬਣਾਉਂਦਾ ਹੈ। ਫਿਰ ਕਿਸੇ ਧਾਰਮਿਕ ਅਸਥਾਨ ਤੇ ਪੱਖਾ, ਨਲਕਾ ਲੁਆ ਦਿੰਦਾ ਲੰਗਰ ਲਗਾ ਦਿੰਦਾ ਆਪਣੀ ਯਥਾ ਸ਼ਕਤੀ ਅਨੁਸਾਰ ਦਾਨ ਕਰ ਦਿੰਦਾ ਹੈ ਪਰ ਜਜਬਾ ਦੋਵਾਂ ਦਾ ਬਰਾਬਰ ਹੈ। ਦੋਵਾਂ ਨੇ ਯਾਦਗਾਰ ਦਿਲ ਵਿੱਚ ਬਣਾਈ ਹੈ। ਮੈਂ ਆਪਣੀ ਧੀ ਗਿੰਨੀ ਦੀ ਯਾਦ ਵਿੱਚ ਜਿਸਦੀ ਉਮਰ 13 ਸਾਲ ਸੀ ਕਿ ਉਸ ਦੀ ਇੱਕ ਸੜਕ ਹਾਦਸੇ ਵਿੱਚ ਦਰਦਨਾਕ ਮੌਤ ਹੋ ਗਈ। ਗਿੰਨੀ ਸਿਮ੍ਰਤੀ ਗ੍ਰੰਥ ਦੀ ਪੁਸਤਕ ਬਣਾਈ ਜੋ ਇੱਕ ਸਾਹਿਤਕ ਯਾਦਗਾਰ ਵਜੋਂ ਪੰਜਾਬੀ ਸਾਹਿਤ ਵਿੱਚ ਦਰਜ ਹੋਈ ਹੈ। ਇਸੇ ਤਰ੍ਹਾਂ ਉਲੰਪੀਅਨ ਮੁਣਸ਼ੀ ਨੂੰ ਜਿੰਦਾ ਰੱਖਦਿਆਂ ਉਸ ਦੇ ਪ੍ਰਵਾਰ ਅਤੇ ਉਸ ਦੀ ਖੇਡ ਨੂੰ ਪਿਆਰ ਕਰਨ ਵਾਲਿਆਂ ਨੇ ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਦੀ ਸਥਾਪਨਾ ਕੀਤੀ। ਜਿਸ ਨੂੰ ਉਸ ਦਾ ਛੋਟਾ ਭਰਾ ਸਤਪਾਲ ਸਿੰਘ , ਜੋ ਦੁਆਬਾ ਖ਼ਾਲਸਾ ਸੀਨੀਅਰ ਸੈਂਕਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਵਿੱਚ ਸੇਵਾ ਕਰਦਾ ਹੈ, ਚਲਾ ਰਿਹਾ ਹੈ।

ਗਿੰਨੀ ਸਿਮ੍ਰਤੀ ਗ੍ਰੰਥ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਅਤੇ ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਦੋਵੇਂ ਅਜਿਹੀਆਂ ਯਾਦਗਾਰਾਂ ਹਨ ਜੋ ਇਹਨਾਂ ਪਿਆਰਿਆਂ ਨੂੰ ਹਮੇਸ਼ਾ ਜਿੰਦਾ ਰੱਖਣਗੀਆਂ। ਸ਼ਿਲਾਲੇਖ ਦੇ ਅੱਖਰ ਫਿੱਕੇ ਪੈ ਸਕਦੇ ਹਨ ਪਰ ਗਿੰਨੀ ਸਿਮ੍ਰਤੀ ਗ੍ਰੰਥ ਦੇ ਅੱਖਰ ਹਮੇਸ਼ਾ ਰੋਸ਼ਨ ਰਹਿਣਗੇ। ਇਸੇ ਤਰ੍ਹਾਂ ਮੁਣਸ਼ੀ ਦੀ ਖੇਡ ਦੀ ਮਹਿਕ ਹਾਕੀ ਖੇਡ ਮੈਦਾਨਾਂ ਵਿੱਚ ਚੰਬੇ ਦੀ ਕਲੀ ਵਾਂਗ ਮਹਿਕ ਖਿਲਾਰਦੀ ਰਹੇਗੀ। ਸੰਸਾਰ ਵਿੱਚ ਜਿਥੇ ਵੀ ਸੰਸਾਰ ਹਾਕੀ ਦੀ ਗੱਲ ਹੋਵੇਗੀ। ਮੁਣਸ਼ੀ ਦਾ ਜ਼ਿਕਰ ਜ਼ਰੂਰ ਹੋਵੇਗਾ।

ਮੁਣਸ਼ੀ ਦੇ ਜੀਵਨ ਅਤੇ ਉਸ ਦੇ ਹਾਕੀ ਖੇਡ ਦੇ ਹੁਨਰ ਨੂੰ ਦਰਸਾਉਣ ਲਈ ਵਰਨਣਯੋਗ ਹੈ ਕਿ ਪੰਜਾਬ ਦੇ ਦੁਆਬਾ ਖੇਤਰ ਦੇ ਸ਼ਹਿਰ ਜਲੰਧਰ ਦੀ ਤਹਿਸੀਲ ਸ਼ਾਹਕੋਟ ਦੇ ਪਿੰਡ ਨੰਗਲ ਅੰਬੀਆ ਵਿੱਚ ਮੁਣਸ਼ੀ ਦਾ ਜਨਮ ਮਾਤਾ ਰਖੀ ਅਤੇ ਪਿਤਾ ਮੁਣਸ਼ੀ ਦੇ ਘਰ ਹੋਇਆ। ਜਿਸ ਦੇ ਬਚਪਨ ਦੇ ਕਦਮ ਦੁਆਬਾ ਖ਼ਾਲਸਾ ਸੀਨੀਅਰ ਸੈਂਕਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਦੇ ਖੇਡਾਂ ਦੇ ਮੈਦਾਨਾਂ ਵਿੱਚ ਪੁਟਣੇ ਸ਼ੁਰੂ ਹੋਏ, ਜਿਥੇ ਉਸ ਦੇ ਪਿਤਾ ਜੀ ਸੇਵਾਦਾਰ ਸਨ। ਉਨ੍ਹਾਂ ਦੀ ਜ਼ਿੰਮੇਵਾਰੀ ਟੂਰਨਾਮੈਂਟਾਂ ਦੌਰਾਨ ਖੇਡ ਮੈਦਾਨਾਂ ਦੀ ਰਖ ਰਖਾਓ ਅਤੇ ਸੰਭਾਲ ਦੀ ਵੀ ਸੀ। ਮੁਣਸ਼ੀ ਬਚਪਨ ਵਿੱਚ ਹੀ ਆਪਣੇ ਪਿਤਾ ਨਾਲ ਕੰਮਾਂ ਵਿੱਚ ਹੱਥ ਵਟਾਉਣ ਲੱਗ ਪਿਆ ਸੀ। ਹਾਕੀ ਮੈਚਾਂ ਦੌਰਾਨ ਗੇਂਦ ਲਾਇਨ ਤੋਂ ਬਾਹਰ ਜਾਣੀ ਤਾਂ ਉਹ ਆਪਣੇ ਪਿਤਾ ਨਾਲ ਵਾਪਸ ਮੈਦਾਨ ਵਿੱਚ ਫੜਾਉਂਦਾ ਸੀ। ਮੇਰਾ ਹਮ ਉਮਰ ਹੋਣ ਤੇ ਅਸੀਂ ਮਹੱਲਿਆਂ ਵਿੱਚ ਹਾਕੀ ਟੀਮਾਂ ਬਣਾ ਕੇ ਐਂਟਰੀ ਮੈਚ ਖੇਡਿਆ ਕਰਦੇ ਸਾਂ। ਸਾਡੇ ਵਿਚੋਂ ਬਹੁਤਿਆਂ ਕੋਲ ਹਾਕੀ ਵੀ ਨਹੀਂ ਸੀ ਹੁੰਦੀ ਤਾਂ ਅਕੜੇ ਦੀ ਸੋਟੀ ਨੂੰ ਸੁਕਾ ਕੇ ਖੂੰਡੀ ਬਣਾ ਬਣਾ ਖੇਡਦੇ ਸਾਂ। ਮੈਂ ਤਾਂ ਸਕੂਲੀ ਪੜ੍ਹਾਈ ਵਿੱਚ ਹੀ ਲੱਗ ਗਿਆ ਪਰ ਮੁਣਸ਼ੀ ਆਪਣੀ ਹਾਕੀ ਪ੍ਰਤੀ ਲਗਨ ਨਾਲ ਸਾਡੀਆਂ ਅੱਖਾਂ ਸਾਹਮਣੇ ਅੱਗੇ ਹੀ ਅੱਗੇ ਵਧਦਾ ਗਿਆ ਅਤੇ ਇਹੀ ਹੁਨਰ ਉਸਦਾ ਕਾਰੋਬਾਰ ਹੋ ਗਿਆ। ਮੈਂ ਜਦ ਇਹ ਗੱਲਾਂ ਉਸ ਦੇ ਛੋਟੇ ਭਰਾ ਸਤਪਾਲ ਸਿੰਘ ਨਾਲ ਸਾਂਝੀਆਂ ਕੀਤੀਆਂ ਤਾਂ ਉਹ ਹੈਰਾਨੀ ਭਰਿਆ ਹੱਸ ਪਿਆ। ਛੋਟੇ ਹੁੰਦੇ ਮੁਣਸ਼ੀ ਨੂੰ ਸਕੂਲ ਬੋਰਡਾਂ ਵਿੱਚ ਗੇਂਦ ਸੁੱਟਣੀ ਜਾਂ ਕੰਧ ਉਤੇ ਗੋਲਚੱਕਰ ਵਾਹ ਕੇ ਗੇਂਦ ਸੁੱਟਣ ਦੀ ਮੁਹਾਰਤ ਨਾਲ ਉਹ ਯਕੀਨਨ ਗੋਲ ਲਈ ਪ੍ਰਸਿੱਧ ਹੋ ਗਿਆ। ਉਸ ਦਾ ਪੈਨਲਟੀ ਸਟਰੋਕ ਅਜਾਂਈ ਨਾ ਜਾਂਦਾ। ਸ਼ੁਰੂ ਵਿੱਚ ਮੁਣਸ਼ੀ ਫੁਟਬਾਲ ਖੇਡਦਾ ਸੀ, ਉਹ ਵੀ ਵਧੀਆ ਖੇਡਿਆ। ਇੱਕ ਘਟਨਾ ਉਸ ਦੇ ਛੋਟੇ ਭਰਾ ਸਤਪਾਲ ਸਿੰਘ ਨਾਲ ਵੀ ਸਾਂਝੀ ਕੀਤੀ ਕਿ ਜਦੋਂ ਸੁਰਜਨ ਸਿੰਘ ਚੱਠਾ ਹੈਡਮਾਸਟਰ ਹੁੰਦੇ ਸਨ ਤਾਂ ਮੈਚ ਦੇ ਦਿਨਾਂ ਵਿੱਚ ਮੁਣਸ਼ੀ ਦੀ ਪਿੱਠ ਤੇ ਗਰਮ ਪਾਣੀ ਪੈਣ ਕਾਰਨ ਪੀੜਤ ਸੀ, ਉਸ ਨੇ ਹੈਡਮਾਸਟਰ ਸਾਹਿਬ ਨੂੰ ਕਿਹਾ




ਕਿ ਮੈਂ ਵੀ ਹਾਕੀ ਦੀ ਟੀਮ ਵਿੱਚ ਹਿੱਸਾ ਲੈਣਾ ਹੈ । ਉਹਨਾਂ ਕਿਹਾ ਕਿ ਤੇਰੀ ਤਾਂ ਪਿੱਠ ਸੜੀ ਹੈ ਤਾਂ ਮੁਣਸ਼ੀ ਨੇ ਕਿਹਾ ਕਿ ਹਾਕੀ ਤਾਂ ਹੱਥਾਂ ਪੈਰਾਂ ਨਾਲ ਖੇਡਣੀ ਹੈ ਪਿੱਠ ਨਾਲ ਨਹੀਂ ਤਾਂ ਉਸ ਨੂੰ ਅਭਿਆਸ ਕਰਨ ਵਿੱਚ ਪਾ ਦਿੱਤਾ। ਖੇਡ ਦੌਰਾਨ ਮਹਿੰਦਰ ਸਿੰਘ ਨੇ ਗੋਲ ਕਰ ਦਿਤਾ ਤਾਂ ਇੱਕੋ ਆਵਾਜ਼ ਵਿੱਚ ਦਰਸ਼ਕਾਂ ਨੇ ਕਿਹਾ ਕਿ ਮੁਣਸ਼ੀ ਦੇ ਮੁੰਡੇ ਨੇ ਗੋਲ ਕਰ ਦਿੱਤਾ। ਹੈਡਮਾਸਟਰ ਸਾਹਿਬ ਵੀ ਕਹਿਣ ਲੱਗਾ ਮੁਣਸ਼ੀ ਨੂੰ ਖੇਡਣ ਦਿਓ। ਉਸ ਦਿਨ ਤੋਂ ਮਹਿੰਦਰ ਸਿੰਘ ਦੇ ਨਾਉਂ ਨਾਲ ਮੁਣਸ਼ੀ ਜੁੜ ਗਿਆ, ਜੋ ਸੰਸਾਰ ਪੱਧਰ ਦੀ ਹਾਕੀ ਵਿੱਚ ਮਸ਼ਹੂਰ ਹੋ ਗਿਆ। ਉਸ ਦਾ ਹਾਕੀ ਸਫਰ ਇਥੋਂ ਸ਼ੁਰੂ ਹੋਇਆ। ਉਸ ਨੇ ਹਾਕੀ ਖੇਡ ਦੇ ਹੁਨਰ ਨੂੰ ਇਸ ਸ਼ਿੱਦਤ ਨਾਲ ਸਵੀਕਾਰ ਕੀਤਾ ਕਿ ਉਸ ਦਾ ਗੇਂਦ ਉਤੇ ਕੰਟਰੋਲ, ਪਾਸ ਲੈਣ ਦੇਣ ਵਿੱਚ ਨਿੰਪੁਨ, ਖਿਡਾਰੀ ਨਾਲ ਭਿੜਨ ਤੇ ਸਹੀ ਫੈਸਲਾ ਲੈਣਾ, ਹਰ ਸਾਇਡ ਤੇ ਵਧੀਆ ਖੇਡਣ ਦੇ ਯੋਗ ਅਤੇ ਵਧੀਆ ਖੇਡ ਪ੍ਰਦਰਸ਼ਨਾਂ ਸਦਕਾ ਹੀ ਸਕੂਲੀ ਟੀਮ ਵਿੱਚ ਖੇਡਦਿਆਂ 1969 ਵਿੱਚ 16 ਸਾਲ ਦੀ ਉਮਰ ਵਿੱਚ ਹੀ ਸੂਬੇ ਦੀ ਹਾਕੀ ਟੀਮ ਵਿੱਚ ਚੁਣਿਆ ਗਿਆ। ਇਥੇ ਹੀ ਸੁਡੋਲ ਮਸਲਦਾਰ, ਚੁਸਤ ਸਰੀਰ ਵਾਲਾ ਮੁਣਸ਼ੀ ਸਿੱਖੀ ਸਰੂਪ ਵਿੱਚ ਆਉਣ ਲੱਗਾ ਸਾਡੇ ਦੇਖਦਿਆਂ ਉਸ ਨੇ ਮੈਚ ਖੇਡਦਿਆਂ ਉਸ ਦੇ ਵਾਲਾਂ ਦੇ ਪਟੇ ਵੱਡੇ ਹੋ ਰਹੇ ਸਨ ਤੇ ਪਟਿਆ ਸਮੇਤ ਖੇਡਿਆ ਤੇ ਜੂੜੇ 'ਤੇ ਰੁਮਾਲ ਆਇਆ। ਫਿਰ ਪੱਗ ਸਜਾਈ ਤਾਂ ਉਸ ਦੀ ਇੱਕ ਰੋਅਬਦਾਰ ਪ੍ਰਭਾਵਸ਼ਾਲੀ ਸਿੱਖ ਦੀ ਦਿੱਖ ਸਾਨੂੰ ਨਜ਼ਰ ਆਈ।

ਮੁਣਸ਼ੀ ਦੇ ਘਰੇਲੂ ਹਾਲਾਤ ਚੰਗੇ ਨਾ ਹੋਣ ਕਾਰਨ ਉਸ ਨੇ ਕਲਕੱਤੇ ਜਾ ਕੇ ਫ਼ੌਜ ਦੀ ਨੌਕਰੀ ਕਰ ਲਈ ਤੇ ਖੇਡਾਂ ਵਿੱਚ ਜਸ ਲੈਂਦਿਆਂ ਕਈ ਨਾਮਵਰ ਹਾਕੀ ਖੇਡ ਮੁਕਾਬਲਿਆਂ ਵਿੱਚ ਹਿਸਾ ਲਿਆ। ਉਸ ਦੀ ਜਾਦੂਗਰੀ ਹਾਕੀ ਖੇਡ ਤੋਂ ਪ੍ਰਭਾਵਿਤ ਹੋ ਕੇ ਅੰਤਰਰਾਸ਼ਟਰੀ ਗੋਲਕੀਪਰ ਰਾਜ ਕੁਮਾਰ ਬਾਊ ਜੀ ਨੇ ਮੁਣਸ਼ੀ ਨੂੰ 1970 ਵਿੱਚ ਪੰਜਾਬ ਪੁਲਿਸ ਵਿੱਚ ਸਿਪਾਹੀ ਭਰਤੀ ਕਰਵਾ ਦਿੱਤਾ। ਪੰਜਾਬ ਪੁਲਿਸ ਹਾਕੀ ਟੀਮ ਵੱਲੋਂ ਸੈਂਟਰ ਹਾਫ ਖੇਡਦਿਆਂ ਮਧੂਬਨ, ਬੰਗਲੌਰ, ਜੈਪੁਰ, ਜਲੰਧਰ, ਸ੍ਰੀਲੰਕਾ ਵਿਖੇ ਹੋਏ ਹਕੀ ਮੁਕਾਬਲਿਆਂ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ। ਇੱਥੇ ਹੀ ਉਸ ਨੇ ਆਪਣੀ ਵਧੀਆ ਖੇਡ ਦਾ ਲੋਹਾ ਮੰਨਵਾ ਲਿਆ। ਤਦ ਮਹਿਕਮੇ ਨੇ ਉਸ ਨੂੰ ਸਬ ਇੰਸਪੈਕਟਰ ਦੀ ਤਰੱਕੀ ਦਿੱਤੀ।

ਜਿਥੇ ਹੁਣ ਉਹ ਹਾਕੀ ਖੇਡ ਜਗਤ ਵਿੱਚ ਹਰਮਨ ਪਿਆਰ ਹੋ ਗਿਆ ਸੀ, ਉਥੇ ਉਸ ਨੇ ਆਪਣੀ ਗਰੀਬੀ ਦੀ ਕਮੀ ਸ਼ਰਾਰਤੀ ਮੁਸਕਰਾਹਟ ਹੇਠ ਛੁਪਾ ਲਈ ਸੀ ਉਸ ਨੇ ਸੋਹਣੇ ਕਪੜੇ ਪਾਉਣੇ ਹਮੇਸ਼ਾ ਬਨ ਠਨ ਕੇ ਰਹਿਣਾ, ਇੱਕ ਰੋਹਬਦਾਰ ਸਰਦਾਰ ਵਜੋਂ ਵਿਚਰਿਆ। ਗਰੀਬੀ ਦੀਆਂ ਹੰਡਾਈਆਂ ਤੰਗੀਆਂ ਤੋਂ ਉਹ ਹੁਣ ਬੇਪ੍ਰਵਾਹ ਸੀ।

1970 ਵਿੱਚ 17 ਸਾਲ ਦੀ ਉਮਰ ਵਿੱਚ ਮੁਣਸ਼ੀ ਬੈਂਕਾਂਕ ਏਸ਼ੀਅਨ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਵਿੱਚ ਚੁਣਿਆ ਗਿਆ। ਜਿਥੇ ਭਾਰਤੀ ਹਾਕੀ ਟੀਮ ਨੇ ਕਾਂਸੀ ਦਾ ਤਗਮਾ ਜਿੱਤਿਆ। ਨਿੱਕੀ ਉਮਰ ਦਾ ਹੋਣ ਕਰਕੇ ਅੱਖੀ ਡਿੱਠਾ ਹਾਲ ਸੁਨਾਉਣ ਵਾਲੇ ਨੇ ਬੇਲੀ ਮਹਿੰਦਰ ਕਹਿ ਕੇ ਦਰਸਾਇਆ। 1974 ਵਿੱਚ ਏਸ਼ੀਅਨ ਆਲ ਸਟਾਰ ਟੀਮ ਵਿਰੁਧ ਖੇਡੇ ਗਏ ਮੈਚ ਦੌਰਾਨ ਵਧੀਆ ਪ੍ਰਦਰਸ਼ਨ ਨੂੰ ਦੇਖ ਕੇ 1975 ਹਾਕੀ ਸੰਸਾਰ ਕੱਪ ਲਈ ਉਸ ਦੀ ਚੋਣ ਹੋ ਗਈ। ਭਾਰਤੀ ਹਾਕੀ ਟੀਮ ਸੰਸਾਰ ਕੱਪ ਜਿਤਿਆ,ਜਿਸ ਵਿੱਚ ਮੁਣਸ਼ੀ ਦੀ ਅਹਿਮ ਭੂਮਿਕਾ ਮੰਨੀ ਗਈ। 1976 ਦੀਆਂ ਮਾਂਟਰੀਅਲ ਉਲੰਪਿਕ ਖੇਡਾਂ ਸਮੇਂ ਉਸ ਦੇ ਹੁਨਰ ਨੇ ਬੁਲੰਦੀਆਂ ਨੂੰ ਛੋਹਿਆ। ਜਿਥੇ ਉਸ ਨੂੰ ਬੈਸਟ ਸਕੋਅਰ ਅਤੇ ਲਾਜ਼ਮੀ ਗੋਲ ਦੀ ਪ੍ਰਸਿੱਧੀ ਮਿਲੀ।

ਆਪਣੀ ਨਿੱਕੀ ਉਮਰ ਵਿੱਚ ਹੀ ਹਾਕੀ ਸੰਸਾਰ ਕੱਪ ਜੇਤੂ, ਬੈਸਟ ਸਕੋਅਰ ਅਤੇ ਲਾਜਮੀ ਗੋਲ ਕਰਨ ਵਾਲਾ ਹੋਣਹਾਰ ਖਿਡਾਰੀ 19 ਸਤੰਬਰ 1977 ਨੂੰ ਸਦਾ ਲਈ ਵਿਛੜ ਗਿਆ।

ਹੁਣ ਮੁਣਸ਼ੀ ਦੀ ਯਾਦ ਵਿੱਚ ਉਸ ਦੇ ਛੋਟੇ ਭਰਾ ਸਤਪਾਲ ਸਿੰਘ ਅਤੇ ਸਾਥੀਆਂ ਵੱਲੋਂ ਮਹਿੰਦਰ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਚਲਾਇਆ ਜਾ ਰਿਹਾ ਹੈ। ਜਿਸ ਵਲੋਂ ਹਰ ਸਾਲ ਉਸਦੀ ਬਰਸੀ 'ਤੇ ਟੂਰਨਾਮੈਂਟ ਕਰਵਾਏ ਜਾਂਦੇ ਹਨ। 19 ਸਾਲ ਤੋਂ ਘੱਟ ਉਮਰ ਦੇ ਖਿਡਾਰੀਆਂ ਦੇ ਹਾਕੀ ਮੁਕਾਬਲੇ ਕਰਵਾਏ ਜਾਂਦੇ ਹਨ। ਖਿਡਾਰੀਆਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ 12 ਟੀਮਾਂ ਇਹਨਾਂ ਹਾਕੀ ਮੈਚਾਂ ਵਿੱਚ ਹਿੱਸਾ ਲੈਂਦੀਆਂ ਹਨ। ਕਲੱਬ ਦਾ ਮਨੋਰਥ ਹੈ ਕਿ ਮੁਣਸ਼ੀ ਵਰਗੇ ਹੋਣਹਾਰ ਅਤੇ ਵਧੀਆ ਖਿਡਾਰੀ ਪੈਦਾ ਕੀਤੇ ਜਾਣ।

ਮੁਣਸ਼ੀ ਦੇ ਛੋਟੇ ਭਰਾ ਸਤਪਾਲ ਸਿੰਘ ਨੇ ਪਛਤਾਵੇ ਭਰੇ ਮਨ ਨਾਲ ਦਸਿਆ ਕਿ ਸਰਕਾਰ ਵੱਲੋਂ ਮੁਣਸ਼ੀ ਨੂੰ ਬਣਦਾ ਕੋਈ ਸਨਮਾਨ ਨਹੀਂ ਦਿੱਤਾ ਗਿਆ। ਨਾ ਹੀ ਕਦੇ ਪ੍ਰਵਾਰ ਦੀ ਮਦਦ ਕੀਤੀ ਗਈ ਹੈ। ਮੁਣਸ਼ੀ ਦੀ ਖੇਡ ਦੇ ਪ੍ਰੇਮੀ ਉਸ ਦੇ ਸਕੂਲ ਦੇ ਸਾਥੀ ਜਾਂ ਹੋਰ ਪਤਵੰਤਿਆਂ ਦੀ ਮਦਦ ਨਾਲ ਕਲੱਬ ਚਲਾਇਆ ਜਾ ਰਿਹਾ ਹੈ ਅਤੇ ਮੁਣਸ਼ੀ ਨੂੰ ਹਾਕੀ ਖੇਡ ਵਿੱਚ ਵਿੱਚ ਜਿੰਦਾ ਰੱਖਣਾ ਦਾ ਉਦਮ ਹੈ।

ਮਹਿੰਦਰ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਅਤੇ ਗਿੰਨੀ ਸਿਮ੍ਰਤੀ ਗ੍ਰੰਥ ਅਜਿਹੇ ਕੀਤੇ ਗਏ ਉਦਮ ਹਨ ਜੋ ਨਿਰੋਏ ਸਮਾਜ ਦੀ ਉਸਾਰੀ ਵਿੱਚ ਯੋਗਦਾਨ ਪਾ ਸਕਦੇ ਹਨ। ਇਸ ਨਾਲ ਲੋਕ ਮਨਾਂ ਵਿੱਚ ਖੇਡਾਂ ਲਈ ਪਿਆਰ ਅਤੇ ਧੀਆਂ ਲਈ ਸਤਿਕਾਰ ਉਤਪਣ ਹੋਵੇਗਾ।






# ਸਰੀਰ 'ਚ ਪ੍ਰੋਟੀਨ ਦੀ ਘਾਟ ਦੱਸਦੇ ਹਨ 5 ਸੰਕੇਤ






ਅਜੋਕੀ ਜੀਵਨਸ਼ੈਲੀ 'ਚ ਜ਼ਿਆਦਾਤਰ ਲੋਕ ਆਪਣੀ ਖੁਰਾਕ 'ਚ ਗੈਰ-ਸਿਹਤਮੰਦ ਚੀਜ਼ਾਂ ਨੂੰ ਸ਼ਾਮਲ ਕਰ ਰਹੇ ਹਨ, ਚਾਹੇ ਇਹ ਉਨ੍ਹਾਂ ਦੀ ਅਣਜਾਣਤਾ ਜਾਂ ਰੁਝੇਵਿਆਂ ਕਾਰਨ ਹੋਵੇ। ਸ਼ੂਗਰ, ਰਿਫਾਇੰਡ ਕਾਰਬਜ਼, ਸੀਡਜ਼ ਆਇਲ ਤੇ ਕਈ ਰਸਾਇਣ ਅਜਿਹੇ ਭੋਜਨਾਂ 'ਚ ਪਾਏ ਜਾਂਦੇ ਹਨ ਜਿਨ੍ਹਾਂ ਵਿੱਚ ਪ੍ਰੋਟੀਨ ਦੀ ਮਾਤਰਾ ਨਾ-ਬਰਾਬਰ ਹੁੰਦੀ ਹੈ। ਇਸ ਕਾਰਨ ਫੈਟ ਤੇ ਇਨਫਲੇਮੇਟਰੀ ਫੂਡਜ਼ ਦਾ ਜ਼ਿਆਦਾ ਸੇਵਨ ਕੀਤਾ ਜਾਂਦਾ ਹੈ ਤੇ ਸਿਹਤਮੰਦ ਅਤੇ ਸੰਤੁਸ਼ਟੀਜਨਕ ਪੌਸ਼ਟਿਕ ਭੋਜਨ ਬਿਲਕੁਲ ਨਹੀਂ ਖਾਧਾ ਜਾਂਦਾ ਹੈ।

ਲੋੜੀਂਦਾ ਪ੍ਰੋਟੀਨ ਨਾ ਖਾਣ ਨਾਲ ਸਰੀਰ ਵਿਚ ਕਈ ਬਦਲਾਅ ਆਉਂਦੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਸਰੀਰ 'ਚ ਪ੍ਰੋਟੀਨ ਦੀ ਕਮੀ ਹੈ ਤੇ ਡਾਈਟ 'ਚ ਇਸ ਦੀ ਮਾਤਰਾ ਨੂੰ ਵਧਾਉਣਾ ਹੁਣ ਜ਼ਰੂਰੀ ਹੋ ਗਿਆ ਹੈ।

**ਮੂਡ ਸਵਿੰਗ**

ਬ੍ਰੇਨ 'ਚ ਮੈਸੇਜ ਟਰਾਂਸਫਰ ਕਰਨ ਵਾਲੇ ਕੈਮੀਕਲ ਅਮੀਨੋ ਐਸਿਡ ਦੇ ਬਣੇ ਹੁੰਦੇ ਹਨ। ਜਦੋਂ ਪ੍ਰੋਟੀਨ ਦੀ ਮਾਤਰਾ ਘੱਟ ਹੁੰਦੀ ਹੈ ਤਾਂ ਇਹ ਸਿਗਨਲ ਪ੍ਰਭਾਵਿਤ ਹੁੰਦੇ ਹਨ ਤੇ ਸਰੀਰ 'ਚ ਹਾਰਮੋਨਲ ਤਬਦੀਲੀਆਂ ਹੁੰਦੀਆਂ ਹਨ, ਜਿਸ ਨਾਲ ਮੂਡ ਬਦਲ ਜਾਂਦਾ ਹੈ। ਅਜਿਹੇ 'ਚ ਸਮੇਂ 'ਤੇ ਸਮਝ ਲਓ ਕਿ ਸਰੀਰ 'ਚ ਪ੍ਰੋਟੀਨ ਦੀ ਕਮੀ ਹੋ ਗਈ ਹੈ।

**ਥਕਾਵਟ ਤੇ ਕਮਜ਼ੋਰੀ**

ਪ੍ਰੋਟੀਨ ਦੀ ਮਾਤਰਾ ਘਟਾਉਣ ਦੇ ਇੱਕ ਹਫ਼ਤੇ ਦੇ ਅੰਦਰ ਥਕਾਵਟ ਤੇ ਕਮਜ਼ੋਰੀ ਮਹਿਸੂਸ ਹੋਣ ਲਗਦੀ ਹੈ। ਪ੍ਰੋਟੀਨ ਦੀ ਘਾਟ ਨਾਲ ਮਾਸਪੇਸ਼ੀਆਂ ਦਾ ਵਿਕਾਸ ਨਹੀਂ ਹੁੰਦਾ, ਜਿਸ ਨਾਲ ਸਰੀਰ ਦਾ ਸੰਤੁਲਨ, ਪੋਸਚਰ, ਮੈਟਾਬੋਲਿਜ਼ਮ ਤੇ ਸਰਗਰਮੀ ਦਾ ਲੈਵਲ ਘਟ ਜਾਂਦਾ ਹੈ। ਇਸ ਨਾਲ ਥਕਾਵਟ ਤੇ ਕਮਜ਼ੋਰੀ ਮਹਿਸੂਸ ਹੁੰਦੀ ਹੈ।

**ਭੁੱਖ**

ਸਰੀਰ ਨੂੰ ਐਨਰਜੀ ਦੇਣ ਵਾਲੀਆਂ ਤਿੰਨ ਮੁੱਖ ਡਾਈਟ ਦਾ ਵੱਡਾ ਹਿੱਸਾ ਪ੍ਰੋਟੀਨ ਹੁੰਦਾ ਹੈ। ਕੈਲੋਰੀ ਤੇ ਫੈਟ ਦੇ ਨਾਲ ਪ੍ਰੋਟੀਨ ਅਗਲੇ ਮੀਲ ਤਕ ਪੇਟ ਭਰਿਆ ਹੋਣ ਦਾ ਅਹਿਸਾਸ ਦਿਵਾਉਂਦਾ ਹੈ। ਪ੍ਰੋਟੀਨ ਦੀ ਘਾਟ ਕਾਰਨ ਬੇਲੋੜੀ ਭੁੱਖ ਲਗਦੀ ਹੈ ਜਿਸ ਨਾਲ ਜ਼ਿਆਦਾ ਖਾਣਾ ਤੇ ਭਾਰ ਵਧਣ ਦੀ ਸਮੱਸਿਆ ਹੋ ਸਕਦੀ ਹੈ।

**ਕਮਜ਼ੋਰ ਇਮਿਊਨ ਸਿਸਟਮ**

ਵਿਟਾਮਿਨ ਸੀ ਤੇ ਜ਼ਿੰਕ ਦੀ ਹੀ ਤਰ੍ਹਾਂ ਸਰੀਰ ਦੇ ਇਮਿਊਨ ਸਿਸਟਮ ਨੂੰ ਮਜ਼ਬੂਤ ਬਣਾਈ ਰੱਖਣ ਵਿੱਚ ਪ੍ਰੋਟੀਨ ਦਾ ਕਾਫੀ ਮਹੱਤਵ ਹੈ। ਜੇਕਰ ਤੁਸੀਂ ਅਕਸਰ ਬਿਮਾਰ ਪੈ ਜਾਂਦੇ ਹਨ ਤਾਂ ਸੰਭਵ ਹੈ ਕਿ ਤੁਹਾਡੇ ਸਰੀਰ 'ਚ ਪ੍ਰੋਟੀਨ ਦੀ ਘਾਟ ਹੋਵੇ।

**ਸ਼ੂਗਰ ਤੇ ਕਾਰਬਜ਼ ਦੀ ਕ੍ਰੇਵਿੰਗ**

ਜੇਕਰ ਖਾਣੇ 'ਚ ਪ੍ਰੋਟੀਨ ਹੋਵੇ ਤਾਂ ਬ੍ਰੇਕਡਾਊਨ ਹੋਣ ਵਿੱਚ ਜ਼ਿਆਦਾ ਸਮਾਂ ਲੱਗਦਾ ਹੈ। ਇਸ ਲਈ ਜੇਕਰ ਖਾਣੇ ਵਿੱਚ ਲੋੜੀਂਦੀ ਮਾਤਰਾ ਵਿੱਚ ਪ੍ਰੋਟੀਨ ਹੋਵੇ ਤਾਂ ਅਗਲੇ ਮੀਲ ਤਕ ਭੁੱਖ ਨਹੀਂ ਲਗਦੀ ਹੈ। ਉੱਥੇ ਹੀ ਸ਼ੂਗਰ ਤੇ ਕਾਰਬਜ਼ ਤੇਜ਼ੀ ਨਾਲ ਬਲੱਡ ਸ਼ੂਗਰ ਲੈਵਲ ਨੂੰ ਸਪਾਈਕ ਕਰਦੇ ਹਨ ਜਿਸ ਨਾਲ ਐਨਰਜੈਟਿਕ ਮਹਿਸੂਸ ਕਰਨ ਲਈ ਇਨ੍ਹਾਂ ਦੀ ਕ੍ਰੇਵਿੰਗ ਵਾਰ-ਵਾਰ ਹੁੰਦੀ ਹੈ।

# ਕਈ ਬਿਮਾਰੀਆਂ ਤੋਂ ਬਚਾਉਂਦੈ ਅਖਰੋਟ



ਖ਼ਰਾਬ ਖਾਣ-ਪੀਣ ਦੀਆਂ ਆਦਤਾਂ ਤੇ ਖ਼ਰਾਬ ਜੀਵਨ ਸ਼ੈਲੀ ਕਾਰਨ ਅੱਜ ਲੋਕ ਕਈ ਬਿਮਾਰੀਆਂ ਦਾ ਸਾਹਮਣਾ ਕਰਨ ਲਈ ਮਜ਼ਬੂਰ ਹਨ। ਇਹਨਾਂ ਵਿੱਚੋਂ ਇੱਕ ਹੈ ਯੂਰਿਕ ਐਸਿਡ ਦਾ ਵਧਿਆ ਹੋਇਆ ਪੱਧਰ, ਜੋ ਕ੍ਰਿਸਟਲ ਦੇ ਰੂਪ ਵਿੱਚ ਇਕੱਠਾ ਹੋ ਕੇ ਜੋੜਾਂ ਵਿੱਚ ਸੋਜ ਅਤੇ ਦਰਦ ਦਾ ਕਾਰਨ ਬਣਦਾ ਹੈ। ਇਹ ਗੁਰਦੇ ਦੀ ਪੱਥਰੀ ਦਾ ਕਾਰਨ ਵੀ ਬਣਦਾ ਹੈ ਅਤੇ ਇਸ ਤੋਂ ਇਲਾਵਾ ਇਹ ਸਰੀਰ ਵਿੱਚ ਕਈ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਅਜਿਹੀ ਸਥਿਤੀ ਵਿੱਚ ਅਖਰੋਟ ਦਾ ਸੇਵਨ ਲਾਭਦਾਇਕ ਸਾਬਤ ਹੋ ਸਕਦਾ ਹੈ। ਯੂਰਿਕ ਐਸਿਡ ਨੂੰ ਕੰਟਰੋਲ ਕਰਨ ਲਈ ਅਖਰੋਟ ਨੂੰ ਕਿਵੇਂ ਖਾਣਾ ਚਾਹੀਦਾ ਹੈ।

ਅਖਰੋਟ 'ਚ ਪਾਏ ਜਾਣ ਵਾਲੇ ਪੌਸ਼ਟਿਕ ਤੱਤ ਤੇ ਗੁਣਾਂ ਕਾਰਨ ਇਹ ਯੂਰਿਕ ਐਸਿਡ ਦੇ ਮਰੀਜ਼ਾਂ ਲਈ ਬਹੁਤ ਫ਼ਾਇਦੇਮੰਦ ਸਾਬਤ ਹੁੰਦਾ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਕਈ ਜ਼ਰੂਰੀ ਵਿਟਾਮਿਨਾਂ ਦਾ ਭੰਡਾਰ ਹੈ, ਇਸਦੇ ਨਾਲ ਹੀ ਇਸ ਵਿੱਚ ਐਂਟੀਆਕਸੀਡੈਂਟ ਤੇ ਪੌਲੀਅਨਸੈਚੁਰੇਟਿਡ ਫੈਟੀ ਐਸਿਡ ਵੀ ਪਾਏ ਜਾਂਦੇ ਹਨ ਜੋ ਸਰੀਰ ਵਿੱਚ ਯੂਰਿਕ ਐਸਿਡ ਦੇ ਵਧੇ ਹੋਏ ਪੱਧਰ ਨੂੰ ਕੰਟਰੋਲ ਕਰ ਸਕਦੇ ਹਨ।

**ਇਮਿਊਨਿਟੀ ਵਧਾਓ**

ਅਖਰੋਟ ਦਾ ਸੇਵਨ ਕਰਨ ਨਾਲ ਤੁਹਾਡੀ ਇਮਿਊਨਿਟੀ ਵਧਦੀ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਫਾਈਬਰ, ਓਮੇਗਾ-3 ਫੈਟੀ ਐਸਿਡ, ਕੈਲਸ਼ੀਅਮ, ਫਾਸਫੋਰਸ, ਪੋਟਾਸ਼ੀਅਮ, ਮੈਗਨੀਸ਼ੀਅਮ ਅਤੇ ਵਿਟਾਮਿਨਾਂ ਦਾ ਭੰਡਾਰ ਹੈ।

**ਦਿਲ ਨੂੰ ਰੱਖੋ ਸਿਹਤਮੰਦ**

ਅਖਰੋਟ ਦਿਲ ਲਈ ਵੀ ਬਹੁਤ ਫ਼ਾਇਦੇਮੰਦ ਹੁੰਦੇ ਹਨ। ਇਸ ਵਿੱਚ ਪਾਏ ਜਾਣ ਵਾਲੇ ਪੋਟਾਸ਼ੀਅਮ, ਮੋਨੋਅਨਸੈਚੁਰੇਟਿਡ ਅਤੇ ਪੌਲੀਅਨਸੈਚੁਰੇਟਿਡ ਫੈਟੀ ਐਸਿਡ ਵਰਗੇ ਪੌਸ਼ਟਿਕ ਤੱਤ ਤੁਹਾਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਾਉਣ ਵਿੱਚ ਮਦਦ ਕਰਦੇ ਹਨ।

**ਪਾਚਨ ਲਈ ਫ਼ਾਇਦੇਮੰਦ**

ਅਖਰੋਟ ਦਾ ਸੇਵਨ ਕਰਨ ਨਾਲ ਪਾਚਨ ਕਿਰਿਆ ਵੀ ਠੀਕ ਹੁੰਦੀ ਹੈ। ਜੇਕਰ ਤੁਸੀਂ ਅਕਸਰ ਗੈਸ, ਐਸੀਡਿਟੀ ਜਾਂ ਕਬਜ਼ ਦੀ ਸਮੱਸਿਆ ਤੋਂ ਪਰੇਸ਼ਾਨ ਰਹਿੰਦੇ ਹੋ ਤਾਂ ਆਪਣੀ ਰੋਜ਼ਾਨਾ ਦੀ ਖ਼ੁਰਾਕ 'ਚ ਅਖਰੋਟ ਜ਼ਰੂਰ ਸ਼ਾਮਲ ਕਰੋ।

**ਕੰਟਰੋਲ ਹੋਵੇਗਾ ਯੂਰਿਕ ਐਸਿਡ**

ਯੂਰਿਕ ਐਸਿਡ ਦੇ ਪੱਧਰ ਨੂੰ ਕੰਟਰੋਲ ਕਰਨ ਲਈ ਤੁਸੀਂ ਰੋਜ਼ਾਨਾ ਖਾਲੀ ਪੇਟ 2-3 ਅਖਰੋਟ ਚਬਾ ਸਕਦੇ ਹੋ। ਜੇ ਤੁਸੀਂ ਚਾਹੋ ਤਾਂ ਗਰਮੀ ਦੇ ਮੌਸਮ 'ਚ ਇਨ੍ਹਾਂ ਨੂੰ ਰਾਤ ਭਰ ਪਾਣੀ 'ਚ ਭਿਓਂ ਕੇ ਇਨ੍ਹਾਂ ਦਾ ਸੇਵਨ ਕਰ ਸਕਦੇ ਹੋ, ਜਿਸ ਨਾਲ ਸਰੀਰ 'ਚ ਗਰਮੀ ਵਧਣ ਦਾ ਖਤਰਾ ਨਹੀਂ ਹੋਵੇਗਾ ਅਤੇ ਇਨ੍ਹਾਂ ਨੂੰ ਖਾਣਾ ਯੂਰਿਕ ਐਸਿਡ ਨੂੰ ਘੱਟ ਕਰਨ 'ਚ ਵੀ ਫ਼ਾਇਦੇਮੰਦ ਹੋਵੇਗਾ।

# ਕੈਂਸਰ ਦਾ ਖ਼ਤਰਾ ਦੁੱਗਣਾ ਕਰ ਦਿੰਦੀਆਂ ਹਨ 3 ਚੀਜ਼ਾਂ

## ਸਿਹਤਮੰਦ ਰਹਿਣ ਲਈ ਅੱਜ ਤੋਂ ਹੀ ਬਣਾ ਲਓ ਇਹਨਾਂ ਤੋਂ ਦੂਰੀ



ਕੈਂਸਰ ਇੱਕ ਜਾਨਲੇਵਾ ਬਿਮਾਰੀ ਹੈ ਜਿਸਦਾ ਸਹੀ ਤੇ ਗਾਰੰਟੀਸ਼ੁਦਾ ਸਫਲ ਇਲਾਜ ਅਜੇ ਵੀ ਖੋਜ ਦਾ ਮੁੱਦਾ ਬਣਿਆ ਹੋਇਆ ਹੈ। ਹਾਲ ਹੀ 'ਚ ਕੈਂਸਰ ਦੇ ਮਾਮਲੇ ਤੇਜ਼ੀ ਨਾਲ ਸਾਹਮਣੇ ਆ ਰਹੇ ਹਨ। ਇਹ ਸਰੀਰ ਦੇ ਇੱਕ ਹਿੱਸੇ ਤੋਂ ਸ਼ੁਰੂ ਹੋ ਕੇ ਪੂਰੇ ਸਰੀਰ 'ਚ ਫੈਲ ਸਕਦਾ ਹੈ, ਜਿਸ ਨਾਲ ਇਸਨੂੰ ਰੋਕਣਾ ਮੁਸ਼ਕਿਲ ਹੋ ਜਾਂਦਾ ਹੈ। ਉਂਝ ਤਾਂ ਕੈਂਸਰ ਦੇ ਕਈ ਕਾਰਨ ਹੋ ਸਕਦੇ ਹਨ, ਜਿਨ੍ਹਾਂ ਵਿੱਚ ਗੈਰ-ਸਿਹਤਮੰਦ ਜੀਵਨ ਸ਼ੈਲੀ, ਜੰਕ ਤੇ ਪ੍ਰੋਸੈਸਡ ਖਾਣ-ਪੀਣ, ਪਲਾਸਟਿਕ ਦੀ ਵਰਤੋਂ, ਘੱਟ ਸਰੀਰਕ ਗਤੀਵਿਧੀਆਂ, ਤਣਾਅ, ਕਾਸਮੈਟਿਕ, ਕੀਟਨਾਸ਼ਕ, ਜੈਨੇਟਿਕ, ਹੈਵੀ ਮੈਟਲ, ਸਿਗਰਟਨੋਸ਼ੀ, ਸ਼ਰਾਬ ਆਦਿ ਦੀ ਵਰਤੋਂ ਸ਼ਾਮਲ ਹੈ।

ਹਾਲਾਂਕਿ, ਮੁੱਖ ਤੌਰ 'ਤੇ ਤਿੰਨ ਮੁੱਖ ਚੀਜ਼ਾਂ ਹਨ, ਜੋ ਕੈਂਸਰ ਦੇ ਜੋਖਮ ਨੂੰ ਦੁੱਗਣਾ ਕਰਦੀਆਂ ਹਨ। ਆਓ ਜਾਣਦੇ ਹਾਂ ਇਨ੍ਹਾਂ ਤਿੰਨ ਚੀਜ਼ਾਂ ਬਾਰੇ-

**ਪਲਾਸਟਿਕ**

ਪਲਾਸਟਿਕ 'ਚ ਮੌਜੂਦ ਬੀਪੀਏ, ਮਾਈਕ੍ਰੋਪਲਾਸਟਿਕ, ਬਿਸਫੇਨੋਲ, ਥੈਲੇਟ ਵਰਗੇ ਐਡਿਟਿਵ ਕੈਂਸਰ ਨੂੰ ਦਾਅਵਤ ਦਿੰਦੇ ਹਨ। ਇਹ ਸਾਰੇ ਐਂਡੋਕ੍ਰਾਈਨ ਡਿਸਰਪਟਿੰਗ ਕੈਮੀਕਲ ਮੰਨੇ ਜਾਂਦੇ ਹਨ ਜੋ ਸਰੀਰ ਦੇ ਹਾਰਮੋਨਜ਼ 'ਚ ਵਿਘਨ ਪਾਉਂਦੇ ਹਨ ਤੇ ਬ੍ਰੈਸਟ ਕੈਂਸਰ ਵਰਗੇ ਕੈਂਸਰ ਦਾ ਖ਼ਤਰਾ ਵਧਾਉਂਦੇ ਹਨ। ਇਸ ਦੀ ਬਜਾਏ ਕੱਚ ਦੀ ਚੋਣ ਕਰੋ ਤੇ ਪਲਾਸਟਿਕ ਦੇ ਬਰਤਨ ਜਾਂ ਪਲਾਸਟਿਕ ਦੀਆਂ ਬੋਤਲਾਂ ਦੀ ਵਰਤੋਂ ਨਾ ਕਰੋ। ਪਲਾਸਟਿਕ 'ਚ ਭੋਜਨ ਪੈਕ ਨਾ ਕਰੋ ਤੇ ਡਿਸਪੋਜ਼ੇਬਲ ਪਲਾਸਟਿਕ ਦੇ ਭਾਂਡਿਆਂ ਦੀ ਵਰਤੋਂ ਨਾ ਕਰੋ।

**ਪੈਸਟੀਸਾਈਡ**

ਪੈਸਟੀਸਾਈਡ 'ਚ ਨਾਲ ਕੰਮ ਕਰ ਰਹੇ ਕਿਸਾਨ 'ਚ ਪ੍ਰੋਸਟੇਟ ਦਾ ਖ਼ਤਰਾ ਅਤੇ ਨਾਲ ਕੰਮ ਕਰਨ ਵਾਲੀਆਂ ਔਰਤਾਂ 'ਚ ਓਵੇਰੀਅਨ ਤੇ ਬਲੈਡਰ ਕੈਂਸਰ ਦਾ ਖ਼ਤਰਾ ਵਧ ਜਾਂਦਾ ਹੈ। ਪੈਸਟੀਸਾਈਡ ਨਾਲ ਲੈਸ ਸਬਜ਼ੀ ਤੇ ਫਲ ਵੀ ਕੈਂਸਰ ਲਈ ਜ਼ਿੰਮੇਵਾਰ ਹੋ ਸਕਦੇ ਹਨ, ਇਸ ਲਈ ਹਮੇਸ਼ਾ ਚੰਗੀ ਤਰ੍ਹਾਂ ਧੋ ਕੇ ਹੀ ਸਬਜ਼ੀਆਂ ਜਾਂ ਫਲ ਖਾਓ।

**ਹੈਵੀ ਮੈਟਲ**

ਆਰਸੈਨਿਕ, ਕੈਡਮੀਅਮ, ਕ੍ਰੋਮੀਅਮ, ਨਿਕਲ ਵਰਗੇ ਹੈਵੀ ਮੈਟਲ ਮੁੱਖ ਕਾਰਸੀਨੋਜਨ 'ਚੋਂ ਹਨ ਜੋ ਕਿ ਡੀ.ਐਨ.ਏ. ਨਾਲ ਛੇੜਛਾੜ ਕਰਦੀਆਂ ਹਨ ਤੇ ਕੈਂਸਰ ਸੈੱਲਜ਼ ਦੇ ਨਾਲ-ਨਾਲ ਉਨ੍ਹਾਂ ਦੇ ਮੈਟਾਸਟੇਸਿਸ ਦੀ ਪ੍ਰਕਿਰਿਆ ਨੂੰ ਉਤਸ਼ਾਹਿਤ ਕਰਦੀਆਂ ਹਨ, ਜੋ ਕੈਂਸਰ ਹੋਣ ਦੇ ਨਾਲ-ਨਾਲ ਫੈਲਣ ਦੀ ਸੰਭਾਵਨਾ ਨੂੰ ਵਧਾਉਂਦੀਆਂ ਹਨ। ਇਸ ਨਾਲ ਸਕਿਨ ਕੈਂਸਰ ਤੇ ਪੇਟ ਦੇ ਕੈਂਸਰ ਦੀ ਸੰਭਾਵਨਾ ਵੱਧ ਜਾਂਦੀ ਹੈ। ਪਾਲਕ, ਚੌਲ, ਫਲਾਂ ਦਾ ਜੂਸ, ਮੱਛੀ ਆਦਿ ਵਰਗੇ ਹੈਵੀ ਮੈਟਲ ਨਾਲ ਭਰਪੂਰ ਭੋਜਨ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

# ਕਾਰਬੋਨੇਟਿਡ ਡਰਿੰਕ ਸਿਹਤ ਤੇ ਚਿਹਰੇ ਲਈ ਵੀ ਨੁਕਸਾਨਦਾਇਕ



ਕਾਰਬੋਨੇਟਿਡ ਅਤੇ ਸੋਡਾ ਡਰਿੰਕਸ ਵਿੱਚ ਬਹੁਤ ਜ਼ਿਆਦਾ ਚੀਨੀ ਹੁੰਦੀ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਇਹ ਸਾਡੀ ਸਿਹਤ ਲਈ ਕਿੰਨਾ ਹਾਨੀਕਾਰਕ ਹੈ। ਇਸ ਦੇ ਨਾਲ ਹੀ ਜੇਕਰ ਅਸੀਂ ਚਮੜੀ ਦੀ ਗੱਲ ਕਰੀਏ ਤਾਂ ਖੰਡ ਦਾ ਸੇਵਨ ਚਮੜੀ 'ਤੇ ਬਹੁਤ ਮਾੜਾ ਪ੍ਰਭਾਵ ਪਾ ਸਕਦਾ ਹੈ। ਇਸ ਕਾਰਨ ਚਮੜੀ ਬੇਜਾਨ ਅਤੇ ਸੁੱਜੀ ਦਿਖਾਈ ਦੇਣ ਲੱਗਦੀ ਹੈ। ਕਾਰਬੋਨੇਟਿਡ ਡਰਿੰਕਸ ਦੇ ਲਗਾਤਾਰ ਸੇਵਨ ਨਾਲ ਚਮੜੀ ਖੁਸ਼ਕ ਹੋ ਸਕਦੀ ਹੈ। ਇਸ ਦੇ ਲਗਾਤਾਰ ਸੇਵਨ ਨਾਲ ਸਕਿਨ ਡੀਹਾਈਡ੍ਰੇਟ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਸਾਦੇ ਪਾਣੀ ਦਾ ਸੇਵਨ ਸਾਡੀ ਚਮੜੀ ਨੂੰ ਚਮਕ ਅਤੇ ਗਲੋ ਦੇਣ ਵਿੱਚ ਮਦਦ ਕਰਦਾ ਹੈ। ਕਾਰਬੋਨੇਟਿਡ ਡਰਿੰਕਸ ਵਿੱਚ ਮੌਜੂਦ ਸ਼ੂਗਰ ਡੀਹਾਈਡ੍ਰੇਸ਼ਨ ਦਾ ਕਾਰਨ ਬਣਦੀ ਹੈ। ਕਾਰਬੋਨੇਟਿਡ ਡਰਿੰਕਸ ਦੇ ਸੇਵਨ ਨਾਲ ਹਾਰਮੋਨਲ ਸਿਹਤ 'ਤੇ ਵੀ ਅਸਰ ਪੈਂਦਾ ਹੈ, ਜਿਸ ਨਾਲ ਮੁਹਾਸੇ ਹੋ ਜਾਂਦੇ ਹਨ। ਅਜਿਹੇ ਵਿੱਚ ਜ਼ਿਆਦਾ ਮਾਤਰਾ ਵਿੱਚ ਕਾਰਬੋਨੇਟਿਡ ਡਰਿੰਕ ਪੀਣ ਨਾਲ ਮੁਹਾਸੇ ਦੀ ਸਮੱਸਿਆ ਹੋ ਸਕਦੀ ਹੈ। ਕਾਰਬੋਨੇਟਿਡ ਡਰਿੰਕਸ ਦੇ ਲਗਾਤਾਰ ਸੇਵਨ ਨਾਲ ਸਰੀਰ ਵਿੱਚ ਸੋਜ ਹੋ ਸਕਦੀ ਹੈ, ਜੋ ਕੋਲੇਜਨ ਦੇ ਉਤਪਾਦਨ ਵਿੱਚ ਰੁਕਾਵਟ ਪਾਉਂਦੀ ਹੈ। ਚੀਨੀ ਅਤੇ ਕੈਫੀਨ ਦੋਵੇਂ ਚਮੜੀ ਦੀ ਉਮਰ ਵਧਾਉਣ ਵਿੱਚ ਯੋਗਦਾਨ ਪਾਉਂਦੇ ਹਨ, ਜਿਸ ਨਾਲ ਝੁਰੜੀਆਂ ਅਤੇ ਫੁੱਲੀ ਚਮੜੀ ਹੁੰਦੀ ਹੈ। ਜੇਕਰ ਤੁਸੀਂ ਆਪਣੀ ਚਮੜੀ ਨੂੰ ਜਵਾਨ ਰੱਖਣਾ ਚਾਹੁੰਦੇ ਹੋ ਤਾਂ ਅੱਜ ਤੋਂ ਹੀ ਸੋਡਾ ਅਤੇ ਕਾਰਬੋਨੇਟਿਡ ਡਰਿੰਕਸ ਦਾ ਸੇਵਨ ਬੰਦ ਕਰ ਦੇਣਾ ਚਾਹੀਦਾ।


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's
FUEL CARDS
NO CREDIT - NO PROBLEM
BEST CUSTOMER SERVICE
QUIKQ wex
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
ROAD SQUAD CONNECT
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਡਰ



**ਜਸਵਿੰਦਰ ਸਿੰਘ ਛਿੰਦਾ**

ਬਚਪਨ ਤੋਂ ਹੀ ਬਲਦੇਵ ਸਿੰਘ ਬਿੱਲੂ ਦੇ ਮਨ 'ਚ ਡਰ ਬੈਠਿਆ ਹੋਇਆ ਸੀ। ਉਹ ਹਰ ਗੱਲ 'ਤੇ ਝਿਜਕਦਾ, ਡਰਦਾ ਰਹਿੰਦਾ। ਉਹ ਕੋਈ ਗ਼ਲਤੀ ਵੀ ਨਹੀਂ ਸੀ ਕਰਦਾ ਸਗੋਂ ਸ਼ੁਰੂ ਤੋਂ ਹੀ ਮਾਪਿਆਂ ਦਾ ਆਗਿਆਕਾਰੀ ਪੁੱਤਰ ਰਿਹਾ। ਡਰ ਨੇ ਉਸ ਦੇ ਮਨ 'ਤੇ ਕਬਜ਼ਾ ਕੀਤਾ ਹੋਇਆ ਸੀ। ਬਚਪਨ ਤੋਂ ਸ਼ੁਰੂ ਹੋਇਆ ਡਰ ਜਵਾਨੀ ਤੇ ਆਖ਼ਰੀ ਦਮ ਤੱਕ ਨਾਲ ਹੀ ਰਿਹਾ। ਡਰ-ਡਰ ਕੇ ਹੀ ਪੜ੍ਹਦਾ ਰਿਹਾ। ਸਾਉਣ ਦੇ ਮੌਸਮ 'ਚ ਉਹ ਹੋਰਨਾਂ ਜੁਆਕਾਂ ਨਾਲ ਰਲ ਕੇ ਮੀਂਹ 'ਚ ਇਸ ਕਰਕੇ ਨਾ ਨਹਾਉਂਦਾ ਕਿ ਕਿਧਰੇ ਚਮਕਦੀ-ਗੜ੍ਹਕਦੀ ਬਿਜਲੀ ਉਸ 'ਤੇ ਡਿੱਗ ਹੀ ਨਾ ਪਵੇ। ਖੇਡਾਂ 'ਚ ਭਾਗ ਇਸ ਕਰਕੇ ਨਾ ਲੈਂਦਾ ਕਿ ਜੇ ਕੋਈ ਖੇਡ ਖੇਡਦੇ ਸੱਟ ਲੱਗ ਗਈ ਤਾਂ ਕੀ ਹੋਵੇਗਾ। ਉਹ ਕਿਸੇ ਨਾਲ ਲੜਦਾ ਵੀ ਨਹੀਂ ਸੀ। ਲੜਾਈ 'ਚ ਤਾਂ ਨੁਕਸਾਨ ਹੋਣ ਦਾ ਡਰ ਸਭ ਤੋਂ ਵਧੇਰੇ ਹੁੰਦਾ ਹੈ।

ਬਹੁਤੇ ਮਾਪਿਆਂ ਦੀ ਤਰ੍ਹਾਂ ਇਹ ਡਰ ਉਸ ਦੇ ਮਾਪਿਆਂ ਵੱਲੋਂ ਹੀ ਪਾਇਆ ਜਾਪਦਾ ਸੀ। ਕੋਈ ਵੀ ਅਣਹੋਣੀ ਹੋਣ ਦੇ ਡਰੋਂ ਅਕਸਰ ਮਾਪੇ ਜਿਵੇਂ ਆਪਣੇ ਬੱਚਿਆਂ ਨੂੰ ਹਰ ਪਾਸਿਉਂ ਰੋਕਣ ਲਈ ਕਹਿੰਦੇ ਰਹਿੰਦੇ ਹਨ, "ਇਉਂ ਨਾ ਕਰੀਂ ਇਉਂ ਹੋ ਜਾਊ", "ਉੱਥੇ ਨਾ ਜਾਈਂ ਇਉਂ ਹੋ ਜਾਊ।"

ਸ਼ਾਇਦ ਇਸੇ ਵਜ੍ਹਾ ਕਰਕੇ ਉਹ ਕੁਝ ਵੀ ਕਰਨ ਤੋਂ ਹਮੇਸ਼ਾ ਡਰਦਾ ਰਹਿੰਦਾ। ਖੇਤ ਪੱਠੇ ਵੱਢਣ ਲਗਦਾ ਤਾਂ ਉਸ ਦਾ ਬਾਪੂ "ਦੇਖੀਂ ਕਿਤੇ ਹੱਥ ਨਾ ਵਢਾ ਲਈਂ" ਕਹਿ ਕੇ ਝੱਟ ਉਸ ਤੋਂ ਦਾਤੀ ਫੜ ਲੈਂਦਾ। ਕਾਲਜ ਗਿਆ ਤਾਂ ਮੁੰਡੀਹਰ 'ਚ ਨਾ ਪਿਆ। ਮੁੰਡੀਹਰ ਸ਼ਬਦ ਤੋਂ ਹੀ ਉਸ ਨੂੰ ਡਰ ਸੀ। ਉਹ ਕਿਸੇ ਕੁੜੀ ਦੇ ਚੱਕਰ ਵਿੱਚ ਵੀ ਨਾ ਪਿਆ। ਉਸ ਨੂੰ ਡਰ ਸੀ ਮਤੇ ਕੋਈ ਜਾਣਬੁੱਝ ਕੇ ਉਸ ਨੂੰ ਕਿਸੇ ਗੱਲ 'ਚ ਫਸਾ ਦੇਵੇ। ਉਹ ਇਹ ਵੀ ਸੋਚਦਾ ਕਿ ਉਹ ਅੱਜ ਕਿਸੇ ਕੁੜੀ ਬਾਰੇ ਗ਼ਲਤ ਸੋਚੇਗਾ ਤਾਂ ਕੱਲ੍ਹ ਨੂੰ ਕੋਈ ਉਸ ਦੀ ਭੈਣ ਬਾਰੇ ਵੀ ਗ਼ਲਤ ਸੋਚ ਸਕਦਾ ਹੈ।

ਉਸ ਨੂੰ ਆਪਣੀ ਭੈਣ ਦਾ ਫ਼ਿਕਰ ਰਹਿੰਦਾ। ਇਸੇ ਡਰ ਕਰਕੇ ਉਹ ਆਪਣੀ ਭੈਣ 'ਤੇ ਵੀ ਕਰੜੀ ਨਿਗ੍ਹਾ ਰੱਖਦਾ ਜੋ ਉਸ ਨਾਲ ਹੀ ਸ਼ਹਿਰ ਪੜ੍ਹਦੀ ਸੀ। ਪੜ੍ਹਦੇ-ਪੜ੍ਹਦੇ ਹੀ ਉਸ ਦੀ ਭੈਣ ਦਾ ਕੈਨੇਡਾ ਦੇ ਮੁੰਡੇ ਨਾਲ ਵਿਆਹ ਕਰ ਦਿੱਤਾ ਸੀ। ਛੇਤੀ ਹੀ ਉਹ ਕੈਨੇਡਾ ਚਲੀ ਗਈ। ਭੈਣ ਦਾ ਵਿਆਹ ਹੋਣ 'ਤੇ ਜਿਵੇਂ ਉਸ ਨੂੰ ਚੜ੍ਹਿਆ ਤਈਆ ਤਾਪ ਉਤਰ ਗਿਆ ਹੋਵੇ। ਉਹ ਸੁਰਖ਼ਰੂ ਹੋ ਕੇ ਪੜ੍ਹਾਈ ਵੱਲ ਧਿਆਨ ਦੇਣ ਲੱਗਾ ਤੇ ਪੜ੍ਹਾਈ ਪੂਰੀ ਕਰ ਲਈ।

ਪੜ੍ਹਾਈ ਉਪਰੰਤ ਆਪਣੀ ਭੱਜ-ਨੱਠ ਨਾਲ ਉਹ ਪੀ.ਏ.ਯੂ. ਲੁਧਿਆਣਾ ਵਿਖੇ ਨੌਕਰੀ 'ਤੇ ਲੱਗ ਗਿਆ। ਨੌਕਰੀ ਉਪਰੰਤ ਪਰਿਵਾਰ ਵਾਲਿਆਂ ਨੇ ਉਸ ਦੇ ਵਿਆਹ ਦੀ ਗੱਲ ਤੋਰੀ। ਸਰਕਾਰੀ ਨੌਕਰੀ ਕਰਦਾ ਹੋਣ ਕਰਕੇ ਕਈ ਥਾਵਾਂ 'ਤੇ ਰਿਸ਼ਤਿਆਂ ਦੀ ਗੱਲ ਚੱਲੀ। ਉਸ ਦੀ ਮਾਂ ਹਰ ਇੱਕ ਨੂੰ ਆਖਦੀ, "ਸੁੱਖ ਨਾਲ ਮੁੰਡੇ ਨੂੰ ਪੜ੍ਹਾਇਆ-ਲਿਖਾਇਆ, ਹੁਣ ਚੰਗੀ ਸਰਕਾਰੀ ਨੌਕਰੀ ਕਰਦਾ ਭਾਈ; ਕੁੜੀ ਤਾਂ ਅਸੀਂ ਹੇਮਾ ਮਾਲਿਨੀ ਵਰਗੀ ਸੋਹਣੀ-ਸੁਨੱਖੀ ਲੈਣੀ ਹੈ।"

ਹੇਮਾ ਮਾਲਿਨੀ ਦਾ ਨਾਂ ਸੁਣਦਿਆਂ ਹੀ ਉਸ ਅੱਗੇ ਕਰੀਨਾ ਕਪੂਰ, ਕੈਟਰੀਨਾ ਕੈਫ਼ ਜਿਹੀਆਂ ਉਸ ਦੇ ਜ਼ਮਾਨੇ ਦੀਆਂ ਹੀਰੋਇਨਾਂ ਆ ਜਾਂਦੀਆਂ। ਕੁਝ ਸੋਚ ਕੇ ਉਸ ਨੂੰ ਧੁੜਤੜੀ ਜਿਹੀ ਆ ਜਾਂਦੀ। ਉਸ ਦੇ ਮਨ 'ਚ ਖ਼ਿਆਲ ਆਉਂਦਾ ਕਿ ਉਸ ਦੀ ਪਤਨੀ ਇਨ੍ਹਾਂ ਹੀਰੋਇਨਾਂ ਵਰਗੀ ਸੋਹਣੀ ਨਹੀਂ ਹੋਣੀ ਚਾਹੀਦੀ। ਸੋਹਣੀ ਜ਼ਨਾਨੀ ਨੂੰ ਹਰ ਕੋਈ ਮਾੜੀ ਨਿਗ੍ਹਾ ਨਾਲ ਦੇਖਦਾ ਹੈ। ਬੱਸ! ਕਣਕਵੰਨੇ ਰੰਗ ਦੀ ਸਿੱਧ-ਪੱਧਰੀ ਜਿਹੀ ਕੁੜੀ ਹੀ ਉਸ ਦੀ ਘਰਵਾਲੀ ਹੋਵੇ।

ਆਖ਼ਰ ਉਸ ਦਾ ਵਿਆਹ ਹੋ ਗਿਆ। ਜੋ ਕੁੜੀ ਉਸ ਦਾ ਪੱਲਾ ਫੜ ਕੇ, ਚਾਰ ਲਾਵਾਂ ਲੈ ਕੇ ਜੀਵਨ ਸਾਥਣ ਬਣ ਕੇ ਉਸ ਦੇ ਘਰ ਆਈ, ਉਹ ਨਾ ਤਾਂ ਕਣਕਵੰਨੀ ਸੀ ਅਤੇ ਨਾ ਹੀ ਹੇਮਾ ਮਾਲਿਨੀ ਵਰਗੀ ਸੀ। ਜਿਸ ਤਰ੍ਹਾਂ ਦੀ ਨੂੰਹ ਹਰ ਕੋਈ ਲੋਚਦਾ ਹੈ, ਉਹ ਉਹੀ ਸੀ। ਮਨਜੀਤ ਕੌਰ ਨਾਂ ਸੀ ਉਸ ਦਾ। ਪੇਕੇ ਪਿੰਡ ਉਸ ਨੂੰ ਪਿਆਰ ਨਾਲ ਮੀਤੀ ਕਹਿ ਕੇ ਵੀ ਬੁਲਾਉਂਦੇ ਸਨ। ਸਹੁਰਾ ਪਰਿਵਾਰ ਉਸ ਦਾ ਪੂਰਾ ਨਾਂ ਲੈ ਕੇ ਹੀ ਬੁਲਾਉਂਦਾ। ਉਸ ਨੇ ਬੀ.ਏ. ਕੀਤੀ ਹੋਈ ਸੀ, ਪਰ ਉਹ ਘਰੇਲੂ ਔਰਤ ਰਹਿ ਕੇ ਖ਼ੁਸ਼ ਸੀ। ਬਿੱਲੂ ਵੀ ਇਹੀ ਚਾਹੁੰਦਾ ਸੀ।

ਨਵਾਂ ਪਰਿਵਾਰ ਵੀ ਆਪਣੀ ਪਟੜੀ 'ਤੇ ਚੱਲ ਪਿਆ ਸੀ। ਬਿੱਲੂ ਦੀ ਘਰਵਾਲੀ ਹਰ ਕੰਮ 'ਚ ਨਿਪੁੰਨ ਸੀ। ਸੱਸ-ਸਹੁਰੇ ਦਾ ਸਤਿਕਾਰ ਕਰਨਾ ਉਸ ਦੇ ਪੇਕਿਆਂ ਦੀ ਸਿੱਖਿਆ ਦਾ ਅਸਰ ਵੀ ਸੀ। ਘਰ 'ਚ ਕਦੇ ਵੀ ਕੋਈ ਉੱਚੀ ਆਵਾਜ਼ ਵਿੱਚ ਨਾ ਬੋਲਦਾ। ਬਿੱਲੂ ਡਿਊਟੀ ਜਾਣ ਲਈ ਤਿਆਰ ਹੁੰਦਾ ਤਾਂ ਉਹ ਉਸ ਦੇ ਕੱਪੜੇ ਪ੍ਰੈੱਸ ਕਰਕੇ ਰੱਖਦੀ। ਉਹ ਸਾਰਾ ਦਿਨ ਘਰ 'ਚ ਕੋਈ ਨਾ ਕੋਈ ਕੰਮ ਕਰਦੀ ਰਹਿੰਦੀ। ਸੱਸ ਮਾਂ ਉਸ ਨੂੰ ਆਰਾਮ ਕਰਨ ਲਈ ਆਖਦੀ, ਪਰ ਉਹ ਹੱਸ ਕੇ ਆਪਣੇ ਕੰਮਾਂ 'ਚ ਮਸਤ ਰਹਿੰਦੀ। ਆਪਣੇ ਮਾਪਿਆਂ, ਭੈਣ-ਭਰਾਵਾਂ ਨਾਲ ਗੱਲ ਕਰਨ ਲਈ ਅਜੇ ਤੱਕ ਉਸ ਕੋਲ ਆਪਣਾ ਮੋਬਾਈਲ ਨਹੀਂ ਸੀ। ਸ਼ੁਰੂ-ਸ਼ੁਰੂ 'ਚ ਲੈਂਡਲਾਈਨ ਫੋਨ ਸੀ, ਪਰ ਮੋਬਾਈਲ ਦਾ ਬੋਲਬਾਲਾ ਵਧਣ ਕਾਰਨ ਉਹ ਬੰਦ ਕਰਵਾ ਦਿੱਤਾ ਸੀ। ਪਤੀ ਦੇਵ ਦੇ ਮੋਬਾਈਲ ਤੋਂ ਹੀ ਉਹ ਗੱਲ ਕਰਦੀ। ਉਂਝ ਸੱਸ-ਸਹੁਰਾ ਕੋਲ ਵੀ ਮੋਬਾਈਲ ਸੀ, ਪਰ ਉਸ ਨੇ ਕਦੇ ਵੀ ਉਨ੍ਹਾਂ ਦਾ ਫੋਨ ਲੈ ਕੇ ਗੱਲ ਨਾ ਕਰਨੀ ਚਾਹੀ। ਇੱਕ ਦੋ ਵਾਰ ਉਸ ਨੇ ਬਲਦੇਵ ਨੂੰ ਫੋਨ ਲੈ ਕੇ ਦੇਣ ਲਈ ਵੀ ਕਿਹਾ। ਉਸ ਨੇ ਹਾਂ-ਹੂੰ ਕਰ ਛੱਡੀ ਸੀ। ਘਰਵਾਲੀ ਵੱਲੋਂ ਮੋਬਾਈਲ ਫੋਨ ਮੰਗਣ ਕਰਕੇ ਉਸ ਦੇ ਮਨ 'ਚ ਇੱਕ ਵਾਰ ਫਿਰ ਡਰ ਉੱਭਰ ਆਇਆ। ਡਰ ਸੀ ਕਿ ਜੇ ਉਸ ਨੇ ਫੋਨ ਲੈ ਕੇ ਦੇ ਦਿੱਤਾ ਤਾਂ ਕਿਤੇ ਉਹ ਕਿਸੇ ਨਾਲ। ਇਸੇ ਵਜ੍ਹਾ ਕਰਕੇ ਉਸ ਨੇ ਪਤਨੀ ਨੂੰ ਫੋਨ ਨਾ ਲੈ ਕੇ ਦਿੱਤਾ।

ਸਾਲ ਕੁ ਬਾਅਦ ਉਨ੍ਹਾਂ ਦੇ ਘਰ ਨੰਨ੍ਹੀ ਪਰੀ ਨੇ ਜਨਮ ਲਿਆ। ਸੱਸ ਮਾਂ ਨੇ ਹਸਪਤਾਲ 'ਚ ਹੀ ਬਰਫ਼ੀ ਵੰਡੀ। "ਧੀਆਂ ਤਾਂ ਲੱਛਮੀ ਹੁੰਦੀਆਂ ਨੇ" ਕਹਿ ਕੇ ਉਹ ਹਰ ਇੱਕ ਨਾਲ ਖ਼ੁਸ਼ੀਆਂ ਸਾਂਝੀਆਂ ਕਰਦੀ। ਦਾਦੀ ਨੇ ਹੀ ਉਸ ਦਾ ਨਾਂ ਦਿਲਪ੍ਰੀਤ ਕੌਰ ਰੱਖਿਆ। ਬਲਦੇਵ ਸਿੰਘ ਉਂਝ ਤਾਂ ਧੀ ਦੇ ਜਨਮ 'ਤੇ ਖ਼ੁਸ਼ ਸੀ, ਪਰ ਧੀਆਂ ਪ੍ਰਤੀ ਮੌਜੂਦਾ ਹਾਲਾਤ ਨੇ ਉਸ ਦੇ ਮਨ 'ਚ ਡਰ ਪੈਦਾ ਕਰ ਦਿੱਤਾ ਸੀ।

ਦਿਲਪ੍ਰੀਤ ਕੌਰ ਤਿੰਨ ਸਾਲ ਦੀ ਹੋ ਗਈ। ਪਿਉ-ਧੀ ਇੱਕ-ਦੂਜੇ ਦਾ ਵਧ ਕੇ ਪਿਆਰ ਕਰਦੇ। ਧੀ ਉਸ ਦੇ ਢਿੱਡ 'ਤੇ ਹੀ ਸੌਂ ਜਾਂਦੀ। ਮਾਂ ਨੇ ਕਈ ਵਾਰ ਆਪਣੇ ਪੁੱਤ ਤੇ ਨੂੰਹ ਨੂੰ ਕਿਹਾ ਕਿ ਲੱਛਮੀ ਤਾਂ ਆ ਗਈ ਹੁਣ ਵੰਸ ਅੱਗੇ ਚਲਾਉਣ ਲਈ ਪੋਤੇ ਦਾ ਮੂੰਹ ਵੀ ਦਿਖਾਉਣ।

ਮਨਜੀਤ ਹੱਸ ਕੇ ਸਾਰ ਦਿੰਦੀ, ਪਰ ਬਲਦੇਵ ਦੇ ਮਨ 'ਚ ਇੱਕ ਹੋਰ ਡਰ ਬੈਠ ਗਿਆ, ਕਿਤੇ ਫੇਰ ਕੁੜੀ ਨਾ ਹੋ ਜਾਵੇ। ਕੁੜੀ ਤਾਂ ਇੱਕ ਪਾਲਣੀ ਔਖੀ ਹੈ ਇਸ ਜ਼ਮਾਨੇ 'ਚ। ਘਰਵਾਲੀ ਨੇ ਉਸ ਦਾ ਡਰ ਦੂਰ ਕੀਤਾ। ਉਹ ਤਿਆਰ ਹੋ ਗਿਆ। ਧੀ ਨਾਲੋਂ ਚਾਰ ਸਾਲ ਛੋਟਾ ਮੁੰਡਾ ਵੀ ਉਨ੍ਹਾਂ ਦੇ ਘਰ ਅੰਤਾਂ ਦੀਆਂ ਖ਼ੁਸ਼ੀਆਂ ਲੈ ਕੇ ਆਇਆ। ਉਸ ਦਾ ਨਾਂ ਮਨਪ੍ਰੀਤ ਸਿੰਘ ਰੱਖਿਆ। ਲੋਹੜੀ ਵੰਡੀ। ਮਨਜੀਤ ਦੋਵੇਂ ਬੱਚਿਆਂ ਦੀ ਖ਼ੂਬ ਦੇਖਭਾਲ ਕਰਦੀ। ਉਹ ਉਨ੍ਹਾਂ 'ਚ ਹੀ ਰੁੱਝੀ ਰਹਿੰਦੀ। ਇਹ ਦੇਖ ਬਲਦੇਵ ਦੇ ਮਨ ਦਾ ਡਰ ਘਟ ਗਿਆ ਸੀ। ਹੁਣ ਉਸ ਨੂੰ ਲੱਗਦਾ ਕਿ ਮਨਜੀਤ ਫੋਨ ਦਾ ਗ਼ਲਤ ਇਸਤੇਮਾਲ ਨਹੀਂ ਕਰੇਗੀ। ਚਾਰ ਸਾਲਾਂ ਬਾਅਦ ਦਿਲਪ੍ਰੀਤ ਕੌਰ ਦੇ ਜਨਮ ਮੌਕੇ ਬਲਦੇਵ ਨੇ ਮਨਜੀਤ ਨੂੰ ਫੋਨ ਲੈ ਕੇ ਦਿੱਤਾ।

ਉਸ ਨੂੰ ਹੁਣ ਇੱਕ ਹੋਰ ਡਰ ਨੇ ਘੇਰ ਲਿਆ। ਦਰਅਸਲ, ਉਨ੍ਹਾਂ ਨੇ ਆਪਣੀ ਧੀ ਦਿਲਪ੍ਰੀਤ ਨੂੰ ਸ਼ਹਿਰ ਦੇ ਚੰਗੇ ਪ੍ਰਾਈਵੇਟ ਸਕੂਲ 'ਚ ਲਾਇਆ ਸੀ ਅਤੇ ਉਸ ਨੂੰ ਵੈਨ ਰਾਹੀਂ ਸਕੂਲ ਭੇਜਿਆ ਜਾਂਦਾ। ਬਲਦੇਵ ਦੇ ਮਨ 'ਚ ਡਰ ਰਹਿੰਦਾ, ਕਿਤੇ ਉਸ ਦੀ ਧੀ ਦੇ ਸਕੂਲ ਦੀ ਬੱਸ ਦਾ ਹਾਦਸੇ ਦਾ ਸ਼ਿਕਾਰ ਹੀ ਨਾ ਹੋ ਜਾਵੇ। ਉਹ ਆਪਣੀ ਧੀ ਨੂੰ ਕਦੇ ਬੱਸ ਦੇ ਬਿਲਕੁਲ ਪਿੱਛੇ ਇਹ ਸੋਚ ਕੇ ਬਿਠਾਉਂਦਾ ਕਿ ਜੇ ਆਹਮੋ-ਸਾਹਮਣੇ ਕੋਈ ਦੁਰਘਟਨਾ ਹੋ ਵੀ ਜਾਵੇ ਤਾਂ ਸਭ ਤੋਂ ਪਿੱਛੇ ਬੈਠੇ ਬੱਚੇ ਦੇ ਸੱਟ ਘੱਟ ਲੱਗੇਗੀ। ਅਗਲੇ ਦਿਨ ਉਹ ਸੋਚਦਾ, 'ਨਹੀਂ ਨਹੀਂ, ਜੇ ਕਿਸੇ ਗੱਡੀ ਨੇ ਪਿੱਛਿਉਂ ਟੱਕਰ ਮਾਰੀ ਫੇਰ?'

ਫਿਰ ਉਹ ਸੋਚ ਕੇ ਧੀ ਨੂੰ ਵਿਚਾਲੇ ਬੈਠਣ ਲਈ ਕਹਿੰਦਾ। ਅੱਗਿਉਂ ਜਾਂ ਪਿੱਛਿਉਂ ਜੇ ਕੋਈ ਹਾਦਸਾ ਹੁੰਦਾ ਵੀ ਹੈ ਤਾਂ ਵਿਚਕਾਰਲੇ ਬੱਚਿਆਂ ਨੂੰ ਘੱਟ ਸੱਟਾਂ ਵੱਜਣਗੀਆਂ। ਫੇਰ ਅਗਲੇ ਪਲ ਸੋਚਦਾ, 'ਨਾ ਨਾ ਜੇ ਅੱਗੋਂ-ਪਿੱਛੋਂ ਕੋਈ ਹਾਦਸਾ ਹੁੰਦਾ ਹੈ ਤਾਂ ਵਿਚਕਾਰਲੇ ਬੱਚੇ ਨੂੰ ਤਾਂ ਦੋਵੇਂ ਪਾਸਿਉਂ ਹੀ ਸੱਟਾਂ ਲੱਗ ਸਕਦੀਆਂ ਨੇ੩!' ਇਹ ਸੋਚ-ਸੋਚ ਉਹ ਚਿੰਤਾ 'ਚ ਡੁੱਬ ਜਾਂਦਾ ਤੇ ਮਨ ਹੀ ਮਨ ਅਰਦਾਸਾਂ ਕਰਦਾ।

ਇਸੇ ਡਰ ਦੇ ਨਾਲ ਇੱਕ ਹੋਰ ਡਰ ਜੁੜ ਗਿਆ। ਆਏ ਦਿਨ ਅਖ਼ਬਾਰਾਂ 'ਚ ਛਪਦੀਆਂ ਖ਼ਬਰਾਂ ਨੂੰ ਪੜ੍ਹ-ਸੁਣ ਕੇ ਉਹ ਡਰ ਜਾਂਦਾ। ਸੋਚਦਾ ਕਿਤੇ ਡਰਾਈਵਰ ਉਸ ਦੀ ਨੰਨ੍ਹੀ ਪਰੀ ਨਾਲ ਛੇੜਛਾੜ ਨਾ ਕਰੇ। ਉਹ ਆਪਣੀ ਧੀ ਨੂੰ ਬੱਸ 'ਚ ਚੜ੍ਹਾਉਣ ਆਇਆ ਹਰ ਰੋਜ਼ ਡਰਾਈਵਰ ਦੇ ਚਿਹਰੇ ਵੱਲ ਦੇਖਦਾ। ਉਸ ਦਾ ਚਿਹਰਾ ਪੜ੍ਹਨ ਦੀ ਕੋਸ਼ਿਸ਼ ਕਰਦਾ। ਡਰਾਈਵਰ ਜੇ ਉਸ ਨੂੰ ਹੱਸਕੇ ਸਤਿ ਸ੍ਰੀ ਅਕਾਲ ਕਹਿੰਦਾ ਤਾਂ ਉਹ ਮਸਾਂ ਜਵਾਬ ਦਿੰਦਾ। ਜੇ ਉਸ ਦੀ ਧੀ ਨੂੰ ਹੱਸਕੇ ਬੁਲਾਉਂਦਾ ਤੇ ਅਗਲੀ ਸੀਟ 'ਤੇ ਬੈਠਣ ਲਈ ਕਹਿੰਦਾ ਤਾਂ ਉਸ ਨੂੰ ਬਹੁਤ ਬੁਰਾ ਲਗਦਾ। ਡਰਾਈਵਰ ਪ੍ਰਤੀ ਬਿਨਾਂ ਗੱਲੋਂ ਉਸ ਦੇ ਮਨ 'ਚ ਅਨੇਕਾਂ ਖ਼ਿਆਲ ਘੁੰਮਣਘੇਰੀ ਪਾ ਬੈਠਦੇ ਜੋ ਖ਼ਤਮ ਹੋਣ ਦਾ ਨਾਂ ਹੀ ਨਾ ਲੈਂਦੇ ਸਗੋਂ ਸਾਰੀ ਦਿਹਾੜੀ ਉਸ ਦਾ ਪਿੱਛਾ ਕਰਦੇ।

ਆਪਣੀ ਡਿਊਟੀ ਜਾਂਦੇ ਸਮੇਂ ਬੱਸ 'ਚ ਬੈਠਾ, ਸ਼ੀਸ਼ੇ ਵਿਚਦੀ ਬੱਸ ਦੇ ਡਰਾਈਵਰ ਨੂੰ ਪਿੱਛੇ ਸੋਹਣੀਆਂ ਕੁੜੀਆਂ ਵੱਲ ਦੇਖਦੇ ਨੂੰ ਦੇਖ ਕੇ ਮਨ ਹੀ ਮਨ ਉਸ ਨੂੰ ਗਾਲ੍ਹਾਂ ਕੱਢਣ ਲੱਗਦਾ। ਉਸ ਨੂੰ ਉਹ ਆਪਣੀ ਧੀ ਦੀ ਬੱਸ ਦਾ ਡਰਾਈਵਰ ਲੱਗਣ ਲਗਦਾ।

ਸਮਾਂ ਲੰਘਦਿਆਂ ਪਤਾ ਨਹੀਂ ਲਗਦਾ। ਧੀਆਂ ਕਦੋਂ ਕੋਠੇ ਜਿੱਠੀਆਂ ਹੋ ਜਾਂਦੀਆਂ ਨੇ, ਇਹ ਵੀ ਪਤਾ ਨਹੀਂ ਲਗਦਾ। ਬਲਦੇਵ ਦੀ ਧੀ ਨੇ 10 ਜਮਾਤਾਂ ਕਰ ਲਈਆਂ ਸਨ। ਉਹ ਮੁਟਿਆਰ ਹੋ ਗਈ ਸੀ। ਉਹ ਨਾ ਮਾਂ 'ਤੇ ਗਈ ਸੀ ਤੇ ਨਾ ਪਿਉ 'ਤੇ। ਉਹ ਤਾਂ ਫਿਲਮੀ ਹੀਰੋਇਨਾਂ ਨੂੰ ਵੀ ਮਾਤ ਪਾਉਂਦੀ ਸੀ। ਜਿੱਥੇ ਮਾਂ ਆਪਣੀ ਧੀ ਦੀ ਸੁੰਦਰਤਾ ਨੂੰ ਰੱਜ-ਰੱਜ ਸਲਾਹੁੰਦੀ, ਉੱਥੇ ਬਲਦੇਵ ਜਦੋਂ ਵੀ ਆਪਣੀ ਧੀ ਦੇ ਚਿਹਰੇ ਵੱਲ ਦੇਖਦਾ ਤਾਂ ਉਸ ਨੂੰ ਤ੍ਰੇਲ੍ਹੀਆਂ ਆ ਜਾਂਦੀਆਂ। ਉਸ ਨੂੰ ਹੁਣ ਜਵਾਨ ਧੀ ਦਾ ਡਰ ਸਤਾਉਣ ਲੱਗਾ।

ਭਾਵੇਂ ਬਲਦੇਵ ਆਪਣੇ ਬੱਚਿਆਂ ਦੀ ਪੜ੍ਹਾਈ 'ਚ ਕੋਈ ਕਸਰ ਨਹੀਂ ਛੱਡਣਾ ਚਾਹੁੰਦਾ ਸੀ, ਪਰ ਉਸ ਦੇ ਮਨ 'ਚ ਧੀ ਨੂੰ ਇਕੱਲੀ ਸ਼ਹਿਰ ਤੋਰਨ ਦਾ ਡਰ ਵੀ ਸੀ। ਉਸ ਦੀ ਕੈਨੇਡਾ ਰਹਿੰਦੀ ਭੈਣ ਨੇ ਕਿਹਾ ਸੀ ਕਿ ਬੱਚਿਆਂ ਨੂੰ ਚੰਗੀ ਪੜ੍ਹਾਈ ਕਰਵਾਉਣ। ਉਹ ਇਨ੍ਹਾਂ ਨੂੰ ਜਲਦੀ ਹੀ ਕੈਨੇਡਾ ਬੁਲਾ ਲਵੇਗੀ। ਧੀ ਵੀ ਕੈਨੇਡਾ ਆਪਣੀ ਭੂਆ ਕੋਲ ਜਾਣ ਲਈ ਉਤਾਵਲੀ ਸੀ। ਇਸ ਲਈ ਪੜ੍ਹਾਈ ਜ਼ਰੂਰੀ ਸੀ। ਆਖ਼ਰ ਉਸ ਨੇ ਧੀ ਨੂੰ ਸ਼ਹਿਰ ਪੜ੍ਹਨ ਲਾ ਦਿੱਤਾ। ਉਸ ਦਾ ਮੁੰਡਾ ਵੀ ਹੁਣ ਅੱਠਵੀਂ 'ਚ ਹੋ ਗਿਆ ਸੀ। ਦੋਵੇਂ ਬੱਚਿਆਂ ਦੀ ਪੜ੍ਹਾਈ ਉਸ ਦੀ ਪਤਨੀ ਦੀ ਦੇਖ-ਰੇਖ ਕਾਰਨ ਬਹੁਤ ਵਧੀਆ ਸੀ। ਬਲਦੇਵ ਸਿੰਘ ਦੇ ਮਨ ਦਾ ਡਰ ਉਵੇਂ ਬਰਕਰਾਰ ਸੀ ਤੇ ਧੀ ਦੀ ਪੜ੍ਹਾਈ ਵੀ ਨਿਰੰਤਰ ਜਾਰੀ ਸੀ। ਉਸ ਦਾ ਬੀ.ਏ. ਫਾਈਨਲ ਦੇ ਪੇਪਰ ਦੇਣ ਦਾ ਸਮਾਂ ਆ ਗਿਆ।

ਘਰ ਲਈ ਜ਼ਰੂਰੀ ਖਰੀਦੋ-ਫਰੋਖਤ ਲਈ ਛੁੱਟੀ ਵਾਲੇ ਦਿਨ ਉਹ ਸਾਰੇ ਸ਼ਹਿਰ ਗਏ। ਸਾਮਾਨ ਲੈਣ ਉਪਰੰਤ ਆਖ਼ਰੀ ਕੱਪੜੇ ਵਾਲੀ ਦੁਕਾਨ ਤੋਂ ਕੱਪੜੇ ਖਰੀਦ ਕੇ ਜਿਉਂ ਹੀ ਉਹ ਦੁਕਾਨ 'ਚੋਂ ਬਾਹਰ ਨਿਕਲ਼ੇ ਤਾਂ ਇੱਕ ਪਰਵਾਸੀ ਪੰਜਾਬੀ ਪਰਿਵਾਰ ਕੱਪੜੇ ਵਾਲੀ ਦੁਕਾਨ ਅੰਦਰ ਆਇਆ। ਦੁਕਾਨ ਦੀ ਦੇਹਲ਼ੀ 'ਤੇ ਉਹ ਇੱਕ-ਦੂਜੇ ਕੋਲੋਂ ਲੰਘੇ। ਅੰਦਰ ਵੜਦਿਆਂ ਹੀ ਪਰਵਾਸੀ ਪਰਿਵਾਰ 'ਚ ਸ਼ਾਮਲ ਲੜਕੇ ਨੇ ਕੁਝ ਕਹਿਣਾ ਸ਼ੁਰੂ ਕੀਤਾ। ਨਾਲ ਆਏ ਸਿਆਣੇ ਬੰਦੇ ਨੇ ਕਿਹਾ, "ਇੱਕ ਮਿੰਟ ਰੁਕ ਜਾ ਬੇਟਾ।"

ਫਿਰ ਉਸ ਨੇ ਜੀ ਆਇਆਂ ਆਖ ਰਹੇ ਦੁਕਾਨਦਾਰ ਨੂੰ ਉਸ ਦੀ ਸਤਿ ਸ੍ਰੀ ਅਕਾਲ ਦਾ ਜਵਾਬ ਦਿੱਤੇ ਬਿਨਾਂ ਹੀ ਕਿਹਾ, "ਸੇਠ ਜੀ, ਇਹ ਜੋ ਪਰਿਵਾਰ ਹੁਣੇ ਤੁਹਾਡੀ ਦੁਕਾਨ 'ਚੋਂ ਬਾਹਰ ਨਿਕਲਿਆ ਹੈ, ਕਿੱਥੋਂ ਹੈ? ਪਲੀਜ਼ ਜ਼ਰਾ ਬੁਲਾਉ ਤਾਂ ਉਨ੍ਹਾਂ ਨੂੰ।"

ਦੁਕਾਨਦਾਰ ਉਸ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਸ ਨੇ ਨਾ ਆ ਦੇਖਿਆ ਨਾ ਤਾਅ, ਝੱਟ ਨੌਕਰ ਨੂੰ ਉਨ੍ਹਾਂ ਮਗਰ ਦੌੜਾ ਦਿੱਤਾ। ਉਹ ਅਜੇ ਆਪਣੀ ਕਾਰ 'ਚ ਸਾਮਾਨ ਰੱਖ ਰਹੇ ਸਨ। ਨੌਕਰ ਨੇ ਉਨ੍ਹਾਂ ਨੂੰ ਦੁਕਾਨਦਾਰ ਵੱਲੋਂ ਬੁਲਾਏ ਜਾਣ ਦਾ ਸੁਨੇਹਾ ਦਿੱਤਾ। ਬਲਦੇਵ ਨੇ ਸੋਚਿਆ ਕਿ ਕੋਈ ਸਾਮਾਨ ਰਹਿ ਗਿਆ ਹੋਵੇਗਾ। ਉਹ ਪਰਿਵਾਰ ਨੂੰ ਗੱਡੀ 'ਚ ਬੈਠਣ ਲਈ ਕਹਿ ਕੇ ਨੌਕਰ ਨਾਲ ਤੁਰਨ ਲੱਗਾ। ਨੌਕਰ ਨੇ ਦੱਸਿਆ ਕਿ ਸਾਰਿਆਂ ਨੂੰ ਬੁਲਾਇਆ ਹੈ। ਇਹ ਸੁਣ ਕੇ ਸਾਰੇ ਵਾਪਸ ਦੁਕਾਨ 'ਚ ਆ ਗਏ। ਇੰਨੇ ਨੂੰ ਉਸ ਐੱਨ.ਆਰ.ਆਈ. ਪਰਿਵਾਰ ਨੇ ਦੁਕਾਨਦਾਰ ਨੂੰ ਸਾਰੀ ਗੱਲ ਸਮਝਾ ਦਿੱਤੀ ਸੀ। ਦੁਕਾਨਦਾਰ ਨੇ ਬਲਦੇਵ ਹੋਰਾਂ ਨੂੰ ਬੈਠਣ ਲਈ ਕਿਹਾ ਅਤੇ ਬੋਲਿਆ, "ਬਲਦੇਵ ਸਿੰਘ ਜੀ, ਜਿਵੇਂ ਤੁਸੀਂ ਮੇਰੇ ਪੁਰਾਣੇ ਗਾਹਕ ਹੋ, ਇਸੇ ਤਰ੍ਹਾਂ ਇਹ ਵੀ ਸਿੱਧਵਾਂ ਬੇਟ ਤੋਂ ਆਪਣੇ ਪੁਰਾਣੇ ਗਾਹਕ ਨੇ ਸਰਦਾਰ ਬਹਾਦਰ ਸਿੰਘ ਖਹਿਰਾ। ਇਹ ਪਿਛਲੇ 8 ਸਾਲਾਂ ਤੋਂ ਕੈਨੇਡਾ ਪੱਕੇ ਰਹਿੰਦੇ ਹਨ ਅਤੇ ਆਏ ਸਾਲ ਇੱਥੇ ਆਉਂਦੇ ਨੇ। ਆਪਣੀ ਹੀ ਦੁਕਾਨ ਤੋਂ ਕੱਪੜੇ ਖਰੀਦਦੇ ਹਨ।"

ਬਲਦੇਵ ਸਿੰਘ ਬਿਨਾਂ ਜਵਾਬ ਦਿੱਤੇ ਕਦੇ ਦੁਕਾਨਦਾਰ ਤੇ ਕਦੇ ਉਨ੍ਹਾਂ ਵੱਲ ਗਹੁ ਨਾਲ ਦੇਖਣ ਲੱਗਾ। ਇਹ ਦੇਖ ਕੇ ਦੁਕਾਨਦਾਰ ਫਿਰ ਬੋਲਿਆ, "ਦਰਅਸਲ ਤੁਹਾਨੂੰ ਇੱਥੇ ਬੁਲਾਉਣ ਤੇ ਇਹ ਸਭ ਦੱਸਣ ਦਾ ਮੇਰਾ ਮਤਲਬ ਇਹ ਹੈ ਕਿ"।

"ਮੈਂ ਦੱਸਦਾਂ" ਦੁਕਾਨਦਾਰ ਦੀ ਗੱਲ ਕੱਟਦਿਆਂ ਐੱਨ.ਆਰ.ਆਈ. ਪਰਿਵਾਰ ਦਾ ਮੁਖੀ ਬੋਲਿਆ ਜੋ ਕਿ ਚੰਗਾ ਪੜ੍ਹਿਆ-ਲਿਖਿਆ ਅਮੀਰ ਲਗਦਾ ਸੀ। ਉਸ ਨੇ ਬਲਦੇਵ ਸਿੰਘ ਵੱਲ ਘੁੰਮ ਕੇ ਕਹਿਣਾ ਸ਼ੁਰੂ ਕੀਤਾ, "ਸਤਿ ਸ੍ਰੀ ਅਕਾਲ ਜੀ, ਮੈਂ ਕੋਈ ਬੁਝਾਰਤ ਪਾਉਣ ਦੀ ਬਜਾਏ ਸਿੱਧੀ ਤੇ ਸਪੱਸ਼ਟ ਗੱਲ ਦੱਸਦਾਂ। ਮੇਰਾ ਨਾਂ ਬਹਾਦਰ ਸਿੰਘ ਹੈ, ਇਹ ਮੇਰੀ ਪਤਨੀ ਸਤਿੰਦਰ ਕੌਰ ਹੈ। ਅਸੀਂ ਦੋਵੇਂ ਸਰਕਾਰੀ ਅਧਿਆਪਕ ਸੀ ਤੇ ਨੌਕਰੀ ਛੱਡ ਕੇ ਕੈਨੇਡਾ ਪੀ.ਆਰ. ਹਾਂ। ਇਹ ਮੇਰੀ ਧੀ ਪਿੰਕੀ ਅਤੇ ਇਹ ਮੇਰਾ ਪੁੱਤਰ ਜਤਿੰਦਰ ਸਿੰਘ ਹੈ। ਦਰਅਸਲ, ਮੇਰੇ ਪੁੱਤਰ ਨੂੰ ਤੁਹਾਡਾ ਇਹ ਜਿਗਰ ਦਾ ਟੋਟਾ, ਪਿਆਰੀ ਧੀ ਪਸੰਦ ਆ ਗਈ ਹੈ ਸਗੋਂ ਸਾਨੂੰ ਸਾਰਿਆਂ ਨੂੰ ਪਹਿਲੀ ਨਜ਼ਰੇ ਹੀ ਤੁਹਾਡੀ ਧੀ ਬੇਹੱਦ ਪਸੰਦ ਆ ਗਈ ਹੈ। ਜੇਕਰ ਤੁਹਾਨੂੰ ਬੁਰਾ ਨਾ ਲੱਗੇ ਤਾਂ ਮੈਂ ਤੁਹਾਡੀ ਧੀ ਦਾ ਹੱਥ ਆਪਣੇ ਪੁੱਤਰ ਲਈ ਮੰਗਦਾਂ। ਯਕੀਨ ਕਰਿਉ ਅਸੀਂ ਇਸ ਨੂੰ ਆਪਣੀ ਧੀ ਬਣਾ ਕੇ ਹੀ ਰੱਖਾਂਗੇ। ਅਸੀਂ ਇੱਥੇ ਇਸ ਵਾਰ ਆਪਣੇ ਲੜਕੇ ਦਾ ਰਿਸ਼ਤਾ ਕਰਨ ਲਈ ਹੀ ਆਏ ਹਾਂ। ਸੋ ਮਨ੍ਹਾਂ ਨਾ ਕਰਿਉ ਪਲੀਜ਼! ਮੈਂ ਤੁਹਾਡੇ ਪਿੰਡ ਹਾਈ ਸਕੂਲ 'ਚ ਪਿਛਲੇ ਦੋ ਸਾਲ ਪੜ੍ਹਾਉਂਦਾ ਵੀ ਰਿਹਾਂ। ਬਾਕੀ ਤੁਸੀਂ ਮੇਰੇ ਜਾਂ ਮੇਰੇ ਖਾਨਦਾਨ ਬਾਰੇ ਪਤਾ ਕਰਨਾ ਤਾਂ ਬੇਸ਼ੱਕ ਕਰ ਲਉ।"

ਉਹ ਇੱਕੋ ਸਾਹੇ ਸਾਰਾ ਕੁਝ ਕਹਿ ਗਿਆ। ਉਨ੍ਹਾਂ ਨੂੰ ਕੁਝ ਸੋਚਣ-ਸਮਝਣ ਜਾਂ ਕਹਿਣ ਦਾ ਮੌਕਾ ਹੀ ਨਾ ਦਿੱਤਾ। ਐੱਨ.ਆਰ.ਆਈ. ਗੱਲ ਕਹਿ ਕੇ ਹਟਦਾ ਤਾਂ ਉਸ ਦੀ ਪਤਨੀ ਧੀ ਦਾ ਹੱਥ ਮੰਗਣ ਲਈ ਕਹਿਣਾ ਸ਼ੁਰੂ ਕਰਦੀ। ਰਹਿੰਦੀ-ਖੂੰਹਦੀ ਕਸਰ ਦੁਕਾਨਦਾਰ ਕੱਢੀ ਜਾ ਰਿਹਾ ਸੀ। ਭਾਵੇਂ ਉਹ ਦੋ ਪਰਿਵਾਰਾਂ ਨੂੰ ਜੋੜਨ ਜਿਹਾ ਪੁੰਨ ਕਰ ਰਿਹਾ ਸੀ, ਪਰ ਫਿਰ ਵੀ ਲਗਦਾ ਸੀ ਜਿਵੇਂ ਉਸ ਨੂੰ ਆਪਣੇ ਕੱਪੜਿਆਂ ਦੇ ਢੇਰ ਵਿਕਰੀ ਹੁੰਦੀ ਨਜ਼ਰੀਂ ਪੈ ਰਹੀ ਸੀ। ਬਲਦੇਵ ਸਿੰਘ ਨੂੰ ਉਹ ਮਾਸਟਰ ਦੇਖਿਆ-ਦੇਖਿਆ ਲੱਗਿਆ। ਐੱਨ.ਆਰ.ਆਈ. ਨੇ ਫਿਰ ਕਿਹਾ, "ਦੇਖੋ ਅਸੀਂ ਇਕੱਲੀ ਚੁੰਨੀ ਚੜ੍ਹਾਵਾ ਕਰ ਕੇ ਹੀ ਧੀ ਨੂੰ ਲੈ ਜਾਣੈ ਕੋਈ ਦਾਜ ਨਹੀਂ ਚਾਹੀਦਾ। ਦਰਅਸਲ, ਜਿਸ ਇਨਸਾਨ ਨੇ ਆਪਣਾ ਦਿਲ ਕੱਢ ਕੇ ਹੀ ਅਗਲੇ ਦੀ ਝੋਲ਼ੀ ਪਾ ਦੇਣਾ, ਉਸ ਤੋਂ ਕੀਮਤੀ ਹੋਰ ਕਿਹੜੀ ਚੀਜ਼ ਦਾਜ 'ਚ ਕੋਈ ਲੈ ਲਵੇਗਾ! ਬੱਸ ਤੁਸੀਂ ਨਾਂਹ ਨਾ ਕਰਿਉ।"

ਇਹ ਸੁਣ ਕੇ ਦੁਕਾਨਦਾਰ ਫਿਰ ਬੋਲਿਆ, "ਨਾ ਨਾ ਇਹ ਚੁੰਨੀ ਚੜ੍ਹਾਵੇ ਵਾਲੀ ਗੱਲ ਨਹੀਂ ਕਰਨੀ ਜੀ। (ਬਾਕੀ ਸਫ਼ਾ 31 'ਤੇ)

ਮਿੰਨੀ ਕਹਾਣੀ

**ਰੁਪਿੰਦਰ ਪਾਲ ਸਿੰਘ ਗਿੱਲ**

## ਗਰੇਟ ਬਾਪੂ

"ਮੈਂ ਕਿਹਾ ਜੀ, ਸਤੀਸ਼ ਦੇ ਵਿਆਹ ਦੇ ਪ੍ਰਬੰਧਾਂ ਬਾਰੇ ਕੁਝ ਸੋਚਿਆ?"

"ਸੋਚਣਾ ਕੀ ਐ ਚਾਰ ਬੰਦੇ ਜਾਵਾਂਗੇ ਤੇ ਵਿਆਹ ਕੇ ਘਰ ਲੈ ਆਵਾਂਗੇ।"

"ਮੈਂ ਧਾਰਮਿਕ ਰਸਮਾਂ ਬਾਰੇ ਪੁੱਛਦੀਆਂ। ਕਰਨੀਆਂ ਨੇ ਕਿ ਆਪਣੇ ਵਾਲਾ ਹੀ ਚੰਦ ਚਾੜ੍ਹਨਾ ਐ।"

"ਉਨ੍ਹਾਂ ਦੀ ਕੀ ਲੋੜ ਐ? ਆਪਾ ਅਗਾਂਹਵਧੂ ਵਿਆਹ ਕਰਨੈ।"

"ਆਪਾਂ ਹੋਰ ਕੁਝ ਨਹੀਂ ਕਰਨਾ, ਬਰਾਤ ਨਹੀਂ ਲੈ ਕੇ ਜਾਣੀ, ਦਾਜ ਨਹੀਂ ਲੈਣਾ। ਇਹ ਬਹੁਤ ਵਧੀਆ। ਸਾਰੇ ਲੋਕ ਇਸ ਦੀ ਤਾਰੀਫ਼ ਕਰਨਗੇ। ਪਰ ਧਾਰਮਿਕ ਰਸਮਾਂ ਤਾਂ ਕਰ ਹੀ ਲਈਏ, ਲੋਕਾਂ ਦੇ ਨਾਲ ਰਹਿਣਾ ਚਾਹੀਦਾ ਏ।"

"ਨਹੀਂ ਕੁਲਜਿੰਦਰ, ਮੈਂ ਸਟੇਜਾਂ 'ਤੇ ਭਾਸ਼ਨ ਦਿੰਦਾ ਰਿਹਾ ਕਿ ਇਨ੍ਹਾਂ ਰਸਮਾਂ ਦੀ ਕੋਈ ਲੋੜ ਨਹੀਂ। ਹੁਣ ਮੈਂ ਕਿਵੇਂ ਕਰ ਸਕਦਾ ਹਾਂ? ਲੋਕ ਕੀ ਕਹਿਣਗੇ? ਨਾਲੇ ਸੰਸਥਾ ਦਾ ਪ੍ਰਭਾਵ ਘਟਦਾ ਏ। ਲੋਕ ਕਹਿਣਗੇ ਇਹ ਕਹਿਣੀ ਤੇ ਕਰਨੀ ਦੇ ਇੱਕ ਨਹੀਂ।"

"ਤੁਸੀਂ ਹੀ ਠੇਕਾ ਲਿਆ ਹੋਇਆ ਏ ਸੰਸਥਾ ਦਾ ਪ੍ਰਭਾਵ ਬਣਾਉਣ ਦਾ। ਹੋਰ ਤਾਂ ਸਾਰੇ ਅਗਲੇ ਸਾਰਾ ਕੁਝ ਕਰਦੇ ਆ। ਨਾਲੇ?"

"ਕਿਉਂ ਕੀਹਨੇ ਕੀਤਾ?"

"ਤੁਹਾਡੇ ਵੱਡੇ ਫਿਲਾਸਫ਼ਰ ਸਮਾਜ ਸੁਧਾਰਕ ਨੇ।"

"ਉਹਨੇ ਧਾਰਮਿਕ ਰਸਮਾਂ ਨੀ ਕੀਤੀਆਂ ਅਤੇ ਨਾਲੇ ਦਾਜ ਵੀ ਨਹੀਂ ਲਿਆ। ਕੁਲਜਿੰਦਰ ਉਹ ਪੱਕਾ ਰਿਹਾ।"

"ਹਾ ਹਾ ਹਾ ਪੱਕਾ ਰਿਹਾ। ਧਾਰਮਿਕ ਰਸਮਾਂ ਕੀਤੀਆਂ ਨਹੀਂ। ਦੂਜੇ ਦਿਨ ਕਰਜ਼ਾ ਚੁੱਕ ਕੇ ਜਗੀਰਦਾਰਾਂ ਵਰਗੀ ਪਾਰਟੀ ਕਰਤੀ। ਆਪ ਦਾਜ ਮੰਗਿਆ ਨਹੀਂ। ਸੱਸ ਨੇ ਦਾਜ ਨਾ ਲਿਆਉਣ ਦੇ ਮਿਹਣੇ ਦੇ ਕੇ ਵਿਚਾਰੀ ਦਾ ਜਿਊਣਾ ਦੁੱਭਰ ਕਰ ਦਿੱਤਾ। ਵੱਡਾ ਸਮਾਜ ਸੁਧਾਰਕ!"

"ਕੁਲਜਿੰਦਰ, ਮੈਂ ਦੋਗਲਾ ਨਹੀਂ ਬਣ ਸਕਦਾ। ਮੈਂ ਤਾਂ ਆਪਣੀ ਸੋਚ 'ਤੇ ਪੱਕਾ ਰਹਾਂਗਾ। ਜੋ ਕਿਹਾ, ਕਰ ਦਿਖਾਵਾਂਗਾ।"

ਸ਼ਤੀਸ ਆ ਕੇ ਜਤਿੰਦਰ ਨੂੰ ਜੱਫੀ ਪਾ ਲੈਂਦਾ ਹੈ। ਆਖਦਾ ਹੈ, "ਮਾਈ ਬਾਪੂ ਇਜ਼ ਗਰੇਟ।"

# ਮੇਰੀ ਕਲਮ

## ਹੌਸਲੇ ਬੁਲੰਦ ਰੱਖਿਓ
**ਜਸਪਾਲ ਸਿੰਘ**

ਕਈ ਗਾਉਂਦੇ ਤੇ ਪੜ੍ਹਾਉਂਦੇ ਦੇਖੇ ਅੱਖਾਂ ਤੋਂ ਬਗੈਰ
ਲੋਕੀਂ ਅੰਬਰਾਂ 'ਤੇ ਪਹੁੰਚ ਗਏ ਨੇ ਪੌੜੀਆਂ ਬਗੈਰ
ਹੋਵੇ ਐਸਾ ਜਨੂਨ, ਮੰਜ਼ਿਲ ਤੋਂ ਬਿਨਾਂ ਆਵੇ ਨਾ ਸਕੂਨ
ਇਹੋ ਜਿਹੇ ਸੱਜਣੋ ਇਰਾਦੇ ਰੱਖਿਓ
ਕਾਮਯਾਬ ਹੋਵਾਂਗੇ ਜ਼ਰੂਰ, ਹੌਸਲੇ ਬੁਲੰਦ ਰੱਖਿਓ
ਪਤਾ ਨਹੀਂ ਅੱਜ ਕੀ ਹੋਣਾ ਕੱਲ੍ਹ ਕੀ ਹੋਣਾ
ਜ਼ਿੰਦਗੀ ਗੁਜ਼ਰ ਜਾਂਦੀ, ਮੁੱਕਦਾ ਨਾ ਰੋਣਾ ਧੋਣਾ
ਛੱਡ ਮਾੜੀ ਸੋਚ, ਅਗਾਂਹ ਕਦਮ ਪੁੱਟਣੇ ਦੀ ਸੋਚ ਰੱਖਿਓ
ਕਾਮਯਾਬ ਹੋਵਾਂਗੇ ਜ਼ਰੂਰ, ਹੌਸਲੇ ਬੁਲੰਦ ਰੱਖਿਓ
ਸ਼ੇਰ ਦੀ ਸਵਾਰੀ ਦਾ ਮਾਦਾ ਰੱਖਦੇ ਜੋ ਲੋਕੀਂ
ਉਨ੍ਹਾਂ ਸੂਰਬੀਰਾਂ ਨੂੰ ਸਜਦਾ ਕਰਦੇ ਨੇ ਲੋਕੀਂ
ਇਹੋ ਜਿਹੇ ਜਜ਼ਬੇ ਮਨਾਂ 'ਚ ਰੱਖਿਓ
ਕਾਮਯਾਬ ਹੋਵਾਂਗੇ ਜ਼ਰੂਰ, ਹੌਸਲੇ ਬੁਲੰਦ ਰੱਖਿਓ
ਸੁਲਗਣ ਲੱਗੇ ਜਦ ਕੁਝ ਕਰਨੇ ਦੀ ਚੰਗਿਆੜੀ
ਵਾਰ-ਵਾਰ ਕਰ ਕੋਸ਼ਿਸ਼, ਕਦੇ ਹਿੰਮਤ ਨਾ ਹਾਰੀਂ
ਖੂਹ ਪੁੱਟ ਪਿਆਸ ਬੁਝਾਉਣ ਦੇ ਹੰਭਲੇ ਮਾਰੀ ਰੱਖਿਓ
ਕਾਮਯਾਬ ਹੋਵਾਂਗੇ ਜ਼ਰੂਰ, ਹੌਸਲੇ ਬੁਲੰਦ ਰੱਖਿਓ

## ਪੰਜਾਬ ਸਿਆਂ...
**ਭੁਪਿੰਦਰ ਭਿੰਦਾ**

ਪੰਜਾਬ ਸਿਆਂ ਤੇਰੀ ਮੇਰੀ ਕਹਾਣੀ ਸਮਿਆਂ ਤੋਂ ਵੱਧ ਪੁਰਾਣੀ,
ਜਦ ਖੇਤਾਂ ਵਿੱਚ ਹਰੀ ਕ੍ਰਾਂਤੀ ਪੰਜ ਫੁੱਟ 'ਤੇ ਮਿਲਦਾ ਸੀ ਪਾਣੀ।
ਕਿਸ ਨੂੰ ਦਈਏ ਉਲਾਂਭਾ ਹਾਕਮ ਕਰ ਗਏ ਨੇ ਵੰਡ ਕਾਣੀ।
ਸੂਰਜ ਵੀ ਹੁਣ ਅੱਗ ਬਰਸਾਵੇ ਰੁੱਖਾਂ ਦੀ ਸੁੱਕ ਗਈ ਤਾਣੀ।
ਪੁੱਤ ਬਣੇ ਕਪੁੱਤ ਨਸ਼ਿਆਂ ਨੇ ਖਾ ਲਏ ਮੰਦੀ ਬੋਲਣ ਬਾਣੀ।
ਨਾ ਹੁਣ ਉਹ ਖੁਰਾਕਾਂ ਰਹੀਆਂ, ਨਾ ਜ਼ੋਰ, ਨਾ ਰਹੀ ਜੁਆਨੀ।
ਮਹਿਫ਼ਲਾਂ ਮੋਬਾਈਲ 'ਚ ਰੁੱਝੀਆਂ ਸੱਥਾਂ 'ਤੇ ਨਾ ਬਹਿੰਦੀ ਢਾਣੀ।
ਮਿੱਟੀ ਦੇ ਵਿੱਚ ਖੇਡ ਖੇਡ ਕੇ ਪੱਕਦੀ ਸੀ ਉਮਰ ਨਿਆਣੀ।
ਮਾਪਿਆਂ ਨੂੰ ਸੱਟ ਗੁੱਝੀ ਲੱਗੇ ਜਦ ਧੀਆਂ ਲੱਭਦੀਆ ਹਾਣੀ।
ਨਸ਼ਿਆਂ ਦੇ ਵਿੱਚ ਜਵਾਨੀ ਡੁੱਬੀ ਮੱਤ ਕੰਮ ਨਾ ਆਏ ਸਿਆਣੀ।
ਸਾਂਝੇ ਚੁੱਲਿਆਂ 'ਤੇ ਲੱਤਾਂ ਮਾਰਨ ਇੱਕ ਕੁੱਖੋਂ ਜੰਮੇ ਹਾਣੀ।
ਤਾਂ ਹੀ ਮਾਪੇ ਬਿਰਧ ਆਸ਼ਰਮ ਰੁਲਦੇ ਖ਼ੂਨ ਦਾ ਬਣਿਆ ਪਾਣੀ।
ਰੱਬਾ ਤੈਨੂੰ ਹੱਥ ਜੋੜ ਅਰਜ਼ਾਂ ਕਰਦੀ ਮੇਰੀ ਜਿੰਦ ਨਿਮਾਣੀ।
ਦਾਨ 'ਚ ਸਾਨੂੰ ਖੁਸ਼ਹਾਲੀ ਬਖਸ਼ੀ ਤੂੰ ਸਭ ਤੋਂ ਵੱਡਾ ਦਾਨੀ।

## ਅਕਾਸ਼ ਅਤੇ ਅਸੀਂ
**ਪ੍ਰਸ਼ੋਤਮ ਪੱਤੋ**



ਚੁਬਾਰੇ ਦੀ ਖੁੱਲ੍ਹੀ ਬਾਰੀ 'ਚੋਂ,
ਮੈਂ ਦੇਖਦਾ ਹਾਂ ਅਕਾਸ਼,
ਉਹ ਦਿੰਦਾ ਹੈ
ਮੈਨੂੰ ਸੱਦਾ ਪੱਤਰ
ਪਰ
ਮੈਂ ਬੇਵੱਸ ਹਾਂ,
ਮੈਂ ਦੇਖਦਾ ਹਾਂ
ਸ਼ਾਮ ਨੂੰ ਡੁੱਬਦੇ ਸੂਰਜ ਨੂੰ,
ਹੱਸਦੇ ਆਉਂਦੇ ਚੰਦ ਨੂੰ,
ਕਿਲਕਾਰੀਆਂ ਮਾਰਦੇ ਤਾਰਿਆਂ ਨੂੰ
ਕਿੰਨਾ ਸੁੰਦਰ ਹੈ ਅਕਾਸ਼।
ਇਸ ਸਾਰੇ ਵਰਤਾਰੇ ਨੂੰ
ਵੇਖਦਾ-ਵੇਖਦਾ ਮੈਂ
ਸੋਚੀਂ ਪੈ ਜਾਂਦਾ ਹਾਂ
ਕਿ ਅਸੀਂ ਆਪਣੇ ਆਲੇ-ਦੁਆਲੇ
ਨੂੰ
ਕਸਰ ਨਹੀਂ ਛੱਡੀ
ਗੰਧਲਾ ਕਰਨ ਤੇ ਵਿਗਾੜਨ
ਦੀ।
ਸਾਡੇ ਸ਼ਹਿਰ ਸੁੰਦਰ
ਸਾਡੇ ਪਿੰਡ ਸੁੰਦਰ ਤੇ
ਅਸੀਂ ਸੋਹਣੇ ਕੱਪੜਿਆਂ 'ਚ
ਦਿਸਦੇ ਅਤਿ ਸੁੰਦਰ,
ਪਰ ਸਾਡਾ ਆਲਾ-ਦੁਆਲਾ,
ਪਾਣੀ, ਹਵਾ ਨੇ ਪ੍ਰਦੂਸ਼ਿਤ,
ਸਾਡੇ ਦਿਲ-ਦਿਮਾਗ਼
ਭਰੇ ਪਏ ਨੇ ਹਉਮੈਂ
ਤੇ ਈਰਖਾ ਦੇ ਨਾਲ।

## ਦਿਲ
**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਦਿਲ ਦੀਆਂ ਦਿਲ ਵਿੱਚ ਰਹਿ ਗਈਆਂ ਨੇ
ਅੱਖੀਆਂ ਸਭ ਕੁਝ ਕਹਿ ਗਈਆਂ ਨੇ।
ਚੋਰੀ ਚੋਰੀ ਤੱਕਦੀਆਂ ਤੱਕਦੀਆਂ
ਚੰਚਲ ਨਜ਼ਰਾਂ ਖਹਿ ਗਈਆਂ ਨੇ।
ਉਸ ਸੋਹਣੀ ਦੀਆਂ ਮਿੱਠੀਆਂ ਗੱਲਾਂ
ਧੁਰ ਅੰਦਰ ਤੱਕ ਲਹਿ ਗਈਆਂ ਨੇ।
ਸਬਰ ਸ਼ੁਕਰ ਦੀਆਂ ਸਾਰੀਆਂ ਕੰਧਾਂ
ਇੱਕ ਇੱਕ ਕਰ ਕੇ, ਢਹਿ ਗਈਆਂ ਨੇ।
ਦਿਲ ਮਿਲਣੇ ਦੀਆਂ ਸੱਧਰਾਂ ਹੁਣ ਤਾਂ
ਅਰਸ਼ੋਂ ਫ਼ਰਸ਼ੀਂ ਬਹਿ ਗਈਆਂ ਨੇ।
ਚੱਲ ਦਿਲਾ ਹੁਣ ਤੂੰ ਵੀ ਵਗ ਜਾ
ਜਿਧਰ ਲਹਿਰਾਂ ਵਹਿ ਗਈਆਂ ਨੇ।

## ਤਹਿਜ਼ੀਬ
**ਜਸਵੰਤ ਗਿੱਲ**

ਵੱਡੇ ਘਰਾਂ ਦੇ ਕੁੱਤੇ
ਕਿੰਨੇ ਸਿਆਣੇ
ਮਾਲਕ ਦੇ ਕਹੇ ਚੱਲਦੇ
ਮਾਲਕ ਹੁਕਮ ਕਰੇ
ਝੱਟ ਖੜ੍ਹੇ ਹੋ ਜਾਂਦੇ
ਬੈਠ ਜਾਂਦੇ
ਮਾਲਕ ਜੋ ਪਾਉਂਦਾ
ਜਦੋਂ ਖੁਆਉਂਦਾ
ਉਦੋਂ ਖਾਂਦੇ
ਮਾਲਕ ਨੇ
ਇਨ੍ਹਾਂ ਨੂੰ ਇਨਸਾਨਾਂ
ਵਾਲੀ ਤਹਿਜ਼ੀਬ
ਸਿਖਾ ਦਿੱਤੀ
ਹੁਣ ਉਹ ਬਣ ਗਏ
ਅੱਧੋਂ ਵੱਧ ਇਨਸਾਨ
ਜਾਂ ਫਿਰ
ਪੂਰੇ ਹੀ ਇਨਸਾਨ
ਪਰ ਇਹ ਕੀ
ਉਨ੍ਹਾਂ ਦਾ ਮਾਲਕ
ਆਏ ਦਿਨ ਥਾਣੇ ਕਚਹਿਰੀ
ਗੇੜੇ ਕਿਉਂ ਲਾਉਂਦਾ ?
ਸੁਣਿਆ ਉਸ ਦੇ ਮੁੰਡੇ
ਨਸ਼ੇ ਦੀ ਪੂਰਤੀ ਲਈ
ਕਦੇ ਚੋਰੀ ਕਰਦੇ,
ਲੁੱਟਾਂ ਕਰਦੇ
ਨਸ਼ੇ ਨਾਲ ਰੱਜੇ
ਕਿਸੇ ਕੁੜੀ ਨੂੰ
ਹੱਥ ਪਾਉਂਦੇ
ਕਦੇ-ਕਦੇ ਤਾਂ ਉਹ
ਆਪਣੇ ਪਾਲਣਹਾਰੇ
ਨੂੰ ਵੀ ਵੱਢਣ ਲੱਗਦੇ
ਮਾਰਨ ਲੱਗਦੇ ਨੇ
ਮਾਲਕ ਰਿਸ਼ਤੇਦਾਰਾਂ ਕੋਲ
ਕੁੱਤਿਆਂ ਦੀਆਂ
ਬਹੁਤ ਗੱਲਾਂ ਕਰਦਾ
ਉਨ੍ਹਾਂ ਦੀ ਸਿਆਣਪ
ਦੇ ਗੁਣ ਗਾਉਂਦਾ
ਸੁਣਨ ਵਾਲਾ
ਵਾਹ ਵਾਹ! ਕਰ ਉੱਠਦਾ
ਮਾਲਕ ਖ਼ੁਸ਼ ਹੈ
ਤੇ ਡਾਹਢਾ ਉਦਾਸ ਵੀ
ਕਿ ਉਸ ਦੇ ਪਾਲ਼ੇ ਹੋਏ ਕੁੱਤੇ
ਕਿੰਨੀ ਤਹਿਜ਼ੀਬ 'ਚ ਰਹਿੰਦੇ ਨੇ
ਤੇ ਉਸਦੇ ਪੁੱਤ ?

## ਸਪੂਤ
**ਜਗਜੀਤ ਗੁਰਮ**

ਊਧਮ ਸਿੰਘ ਦੇ ਵਾਂਗੂੰ ਮਿੱਟੀ ਮੱਥੇ ਲਾਉਣੀ ਸਿੱਖਾਂਗੇ
ਸੁਨਹਿਰੀ ਅੱਖਰਾਂ ਵਿੱਚ ਇਤਿਹਾਸ ਦੁਬਾਰਾ ਲਿਖਾਂਗੇ।
'ਰਾਮ ਮੁਹੰਮਦ ਸਿੰਘ ਆਜ਼ਾਦ' ਨਾਂ ਇਸ ਗੱਲ ਦਾ ਸਬੂਤ ਸੀ
ਉੱਚੀ ਸੋਚ ਵਾਲਾ ਉਹ ਸਾਰੇ ਭਾਰਤ ਦਾ ਸਾਂਝਾ ਸਪੂਤ ਸੀ।
ਜਲ੍ਹਿਆਂਵਾਲੇ ਬਾਗ਼ ਦਾ ਬਦਲਾ ਲੰਦਨ ਜਾ ਕੇ ਲੈ ਗਿਆ ਸੀ
ਇਸ ਲਾਸਾਨੀ ਘਟਨਾ ਦਾ ਰੌਲ਼ਾ ਦੁਨੀਆ ਵਿੱਚ ਪੈ ਗਿਆ ਸੀ।
ਵੀਹ ਸਾਲ ਤੱਕ ਉਸ ਨੇ ਘੁੱਟ ਸਬਰ ਦਾ ਪੀਤਾ ਸੀ
ਮਾਈਕਲ ਓ'ਡਵਾਇਰ ਨੂੰ ਢੇਰੀ ਫੇਰ ਕੀਤਾ ਸੀ।
ਹਾਥੀਆਂ ਵਾਂਗ ਪੰਜਾਬੀ ਬਦਲਾ ਲੈਣਾ ਭੁੱਲਦੇ ਨਹੀਂ
ਹੀਰੇ-ਮੋਤੀ ਛੇਤੀ-ਛੇਤੀ ਮਿੱਟੀ ਦੇ ਵਿੱਚ ਰੁਲ਼ਦੇ ਨਹੀਂ।
ਬਰਸਣ ਵਾਲਾ ਬੱਦਲ ਪਹਿਲਾਂ ਭੋਰਾ ਗੱਜਿਆ ਨਹੀਂ
ਖ਼ੁਦ ਨੂੰ ਪੁਲਿਸ ਹਵਾਲੇ ਕੀਤਾ ਯੋਧਾ ਭੱਜਿਆ ਨਹੀਂ।
ਗ਼ਦਰ ਪਾਰਟੀ ਦੇ ਯੋਧੇ ਦਾ ਇਨਕਲਾਬ ਹੀ ਪੇਸ਼ਾ ਸੀ
ਅੰਗਾਂ ਵਾਂਗੂ ਆਜ਼ਾਦੀ ਉਸ ਦੇ ਜਿਸਮ ਦਾ ਹਿੱਸਾ ਸੀ।
ਇੱਕ ਵਾਰ ਆਜ਼ਾਦੀ ਲਈ ਫਿਰ ਹੰਭਲਾ ਮਾਰਨਾ ਪੈਣਾ ਹੈ
ਇਨ੍ਹਾਂ ਪੂੰਜੀਪਤੀਆਂ ਕੋਲੋਂ ਦੇਸ਼ ਆਜ਼ਾਦ ਕਰਵਾਉਣਾ ਹੈ।

## ਗੁਆਚਿਆ ਆਪਾ
**ਸਰਿਤਾ ਤੇਜੀ**

ਬੜੇ ਚਿਰ ਦਾ ਗੁਆਚਿਆ ਸੀ ਜਿਹੜਾ
ਮੈਂ ਉਸ 'ਆਪੇ' ਨੂੰ ਚਾਹੁੰਦੀ ਹਾਂ ਮਿਲਣਾ
ਉਮਰ ਦੀਆਂ ਤੰਗ ਗਲੀਆਂ 'ਚ
ਚੱਕੇ ਨੂੰ ਸੀਖ਼ ਲਾ ਭਜਾਉਂਦਾ
ਨਿੱਕੀ ਜੇਹੀ ਫਰਾਕ ਦੇ
ਗੋਲ ਘੇਰੇ ਵਾਂਗ
ਗੋਲ ਗੋਲ ਘੁਮਾਉਂਦਾ
ਉਲਝ ਗਿਆ
ਵਕਤ ਦੇ ਵਲਾਂ ਵਿੱਚ
ਕਾਲੇ ਸਿਆਹ ਵਾਲਾਂ ਦੇ
ਲਟਕਦੇ ਘੁੰਗਰੂਆਂ ਨਾਲ
ਘਿਰਿਆ ਇੱਕ ਚਿਹਰਾ
ਅਣਭੋਲ
ਜਿਉਂ ਸੁਨਹਿਰੀ ਜ਼ਮੀਨ 'ਤੇ
ਖੇਡਣ ਰੁਣਝੁਣ ਫੁਹਾਰਾਂ
ਕਾਲੀ ਰਾਤ 'ਚ
ਚਾਂਦੀ ਭਰੇ
ਤਾਰਿਆਂ ਦੀਆਂ ਕਤਾਰਾਂ
ਤਲਿਸਮੀ ਸੁਫ਼ਨੇ ਤੇ
ਲੋਹੜੇ ਦੀਆਂ ਬਹਾਰਾਂ
ਵਕਤ ਦੇ ਫੇਰ 'ਚ
ਐਸਾ ਖੁੱਸਿਆ ਨਜ਼ਾਰਾ
ਲੱਭੇ ਨਾ ਕਿੱਧਰੇ
ਥਿਆਵੇ ਨਾ ਕਿੱਧਰੋਂ
ਗੁੰਮ ਹੈ 'ਆਪਾ'
ਮੈਂ ਪਈ ਪੁਕਾਰਾਂ

## ਸ਼ੱਕ
**ਰਵਿੰਦਰ ਸਿੰਘ ਕੁੰਦਰਾ**

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਤਾਏ ਕਿਆਂ ਦਾ ਟੱਬਰ ਸਾਰਾ,
ਇੱਕ ਦਿਨ ਦਿੱਲੀ ਕੂਚ ਕਰ ਗਿਆ,
ਜਿੰਦਰੇ ਤਾਲੇ ਮਾਰ ਕੇ ਘਰ ਨੂੰ,
ਚਾਬੀਆਂ ਸਭ ਮੇਰੇ ਹੱਥ ਧਰ ਗਿਆ।
ਕਹਿੰਦੇ ਹੁਣ ਅਸੀਂ ਕਦੇ ਹੈ ਆਉਣਾ,
ਸੋ ਹੁਣ ਹੈ ਤੇਰੀ ਜ਼ਿੰਮੇਵਾਰੀ,
ਰੱਖੀਂ ਖਿਆਲ ਹੁਣ ਸਾਡੇ ਵੀ ਘਰ ਦਾ,
ਚੌਕ ਕਰਦਾ ਰਹੀਂ ਬੂਹਾ ਬਾਰੀ।
ਗਵਾਂਢੀ ਹੋਣ ਦਾ ਇਹੀ ਤਾਂ ਫਾਇਦਾ,
ਲੋੜ ਪੈਣ 'ਤੇ ਜੋ ਕੰਮ ਜਾਵੇ,
ਦੂਜੇ ਦੀ ਚੀਜ਼ ਨੂੰ ਆਪਣੀ ਸਮਝੇ,
ਖ਼ੈਰ ਖ਼ਵਾਹ ਬਣ ਕੇ ਦਿਖਲਾਵੇ।
ਕੁੱਛ ਮਹੀਨੇ ਬੀਤਣ ਪਿੱਛੋਂ,
ਮੈਨੂੰ ਇੱਕ ਦਿਨ ਖਿਆਲ ਜੋ ਆਇਆ,
ਸੋਚਿਆ ਤਾਲਾ ਖੋਲ੍ਹ ਮੈਂ ਦੇਖਾਂ,
ਨਿਭਾਵਾਂ ਫ਼ਰਜ਼ ਜੋ ਜ਼ਿੰਮੇ ਲਾਇਆ।
ਚਾਬੀ ਲਾ ਜਦ ਜਿੰਦਰਾ ਖੋਲ੍ਹਿਆ,
ਦਰਵਾਜ਼ੇ ਦੀਆਂ ਨਿਕਲੀਆਂ ਚੀਕਾਂ,
ਸ਼ਾਇਦ ਮਾਲਕਾਂ ਨੂੰ ਯਾਦ ਸੀ ਕਰਦਾ,
ਲੰਬੀਆਂ ਹੋ ਰਹੀਆਂ ਸੀ ਉਡੀਕਾਂ।
ਦੇਖਿਆ ਚੀਜ਼ਾਂ 'ਤੇ ਮਿੱਟੀ ਚੜ੍ਹ ਗਈ,
ਕੰਧਾਂ ਤੋਂ ਲਟਕ ਰਹੇ ਸੀ ਜਾਲ਼ੇ,
ਕਿਰਲੀਆਂ ਕੌਡ ਕਬੱਡੀ ਖੇਡਣ,
ਕੀੜੀਆਂ ਕਾਢੇ ਵਿੱਚ ਵਿਚਾਲ਼ੇ।
ਸਮਝ ਨਾ ਆਵੇ ਕੀ ਕਰਾਂ ਮੈਂ,
ਸ਼ੁਰੂ ਕਰ ਕਿਥੋਂ ਖਤਮ ਕਰਾਂ ਕਿੱਥੇ,
ਸਿਰ ਸੁੱਟ ਕੇ ਲੱਗ ਪਿਆ ਫੇਰ,
ਪਸੰਦ ਨਾ ਪਸੰਦ ਨੂੰ ਸੁੱਟ ਕੇ ਪਿੱਛੇ।
ਕੁੱਛ ਘੰਟਿਆਂ ਦੀ ਘੋਰ ਮੁਸ਼ੱਕਤ,
ਆਖਰ ਰੰਗ ਦਿਖਾਵਣ ਲੱਗੀ,
ਛੱਤਾਂ ਤੋਂ ਜਾਲੇ ਲਾਹੁਣ ਲਈ,
ਇੱਕ ਘੋੜੀ ਮੈਨੂੰ ਅੰਦਰੋਂ ਜਾ ਲੱਭੀ।
ਤੀਂਘੜ ਤਾਂਘੜ ਕੇ ਮੈਂ ਸਾਰਾ,
ਕੰਮ ਮੁਕਾ ਲਿਆ ਸੀ ਪੂਰਾ,
ਕਾਲੇ ਜਿਹੇ ਇੱਕ ਵੱਡੇ ਬੈਗ 'ਚ,
ਤੂੰਨ੍ਹ ਲਿਆ ਸੀ ਸਾਰਾ ਕੂੜਾ।
ਆਪਣੇ ਘਰ ਦੇ ਜਾਲ਼ੇ ਲਾਹੁਣ ਲਈ,
ਮੈਨੂੰ ਇਹ ਘੋੜੀ ਵਧੀਆ ਲੱਗੀ,
ਇਸ ਲਈ ਉਸ ਨੂੰ ਨਾਲ ਲਿਜਾਣ ਦੀ,
ਸਲਾਹ ਆਪਣੀ ਬਣਾ ਮੈਂ ਛੱਡੀ।
ਦੋਨੋਂ ਚੀਜ਼ਾਂ ਅੰਦਰੋਂ ਚੁੱਕ ਕੇ,
ਬਾਹਰ ਜਦੋਂ ਮੈਂ ਗਲ਼ੀ ਵਿੱਚ ਆਇਆ,
ਬਾਹਰਲੇ ਦਰਵਾਜ਼ੇ ਨੂੰ ਬਾਹਰੋਂ,
ਜਦੋਂ ਤਾਲ਼ਾ ਮੈਂ ਲਾਉਣਾ ਚਾਹਿਆ।
ਦੇਖਿਆ ਕਈ ਗਲ਼ੀ ਦੇ ਵਾਸੀ,
ਗਲੀ ਵਿੱਚ ਕੰਨ ਇੱਕ ਦੂਜੇ ਦੇ ਭਰਦੇ,
ਘੁਸਰ ਮੁਸਰ ਜਿਹੀ ਹੋ ਰਹੀ ਸੀ,
ਕੋਝੇ ਜਿਹੇ ਇਸ਼ਾਰੇ ਸਨ ਕਰਦੇ।
ਸ਼ੱਕ ਦਾ ਮਹੌਲ ਸੀ ਡਾਢਾ ਗੂੜ੍ਹਾ,
ਮੇਰੇ ਵੱਲ ਸੀ ਉਂਗਲਾਂ ਸਾਰੀਆਂ,
ਸ਼ਾਇਦ ਉਹ ਸਮਝ ਰਹੇ ਸਨ ਸਾਰੇ,
ਮੈਂ ਕੁੱਛ ਚੀਜ਼ਾਂ ਚੋਰੀ ਮਾਰੀਆਂ।
ਈਮਾਨਦਾਰ ਮੇਰੇ ਹੁੰਦਿਆਂ ਹੋਇਆਂ,
ਸ਼ਰਮਿੰਦਗੀ ਦਾ ਅਹਿਸਾਸ ਮੈਨੂੰ ਲੱਗਾ,
ਤੁਰਦਿਆਂ ਮੇਰੇ ਪੈਰ ਹੋਏ ਭਾਰੇ,
ਸਾਹ ਫੁੱਲਿਆ ਮੂੰਹ ਹੋਇਆ ਬੱਗਾ।
ਘੋੜੀ ਮੇਰੀਆਂ ਲੱਤਾਂ ਵਿੱਚ ਫਸ ਗਈ,
ਵਾਹ ਸਿਆਮਤ ਮੈਂ ਕਸੂਤਾ ਫਸਿਆ,
ਮੂੰਹ ਦੇ ਭਾਰ ਬੱਸ ਡਿਗਦਾ ਡਿਗਦਾ,
ਮਸਾਂ ਮਸਾਂ ਹੀ ਮੈਂ ਸਾਂ ਬਚਿਆ।
ਸ਼ੁਕਰ ਸੀ ਐਸੀ ਹਾਲਤ ਦੇ ਵਿੱਚ,
ਨੀਂਦ ਮੇਰੀ ਨੇ ਮੈਨੂੰ ਛੱਡਿਆ,
ਖਲਜਗਣ ਸਾਰਾ ਅਲੋਪ ਹੋ ਗਿਆ,
ਸਾਹ ਵੀ ਸਾਂਵਾਂ ਆਵਣ ਲੱਗਿਆ।
ਕਦੇ ਨਾ ਆਵੇ ਐਸਾ ਸੁਪਨਾ,
ਨਾ ਹੀ ਕਦੀ ਬਣੇ ਇਹ ਹਾਲਤ,
ਸ਼ੱਕ ਦੇ ਐਸੇ ਮਹੌਲ ਦੇ ਅੰਦਰ,
ਆਵੇ ਨਾ ਮੇਰੀ ਐਸੀ ਸ਼ਾਮਤ।
ਹੇ ਰੱਬਾ ਕਿਤੇ ਸੱਚੀਂ ਮੇਰੇ ਤੋਂ,
ਐਸੀ ਚੋਰੀ ਨਾ ਕਰਵਾਈਂ,
ਮੇਰੇ ਜਿਹੇ ਉਪਕਾਰੀ ਬੰਦੇ ਨੂੰ,
ਬੇਦੋਸ਼ਾ ਨਾ ਐਵੇਂ ਮਰਵਾਈਂ।

# ਪੈਰਿਸ ਉਲੰਪਿਕ ਖੇਡਾਂ 'ਚ ਭਾਰਤ ਦੀਆਂ ਕੀ ਪ੍ਰਾਪਤੀਆਂ ਹਨ ?

## ਸਿਰ.ਫ 6 ਤਗਮੇ ਜਿੱਤ ਕੇ 140 ਕਰੋੜ ਆਬਾਦੀ ਵਾਲੇ ਦੇਸ਼ ਭਾਰਤ ਦਾ ਸ.ਫਰ ਹੋਇਆ ਸਮਾਪਤ

ਡਾ. ਜਤਿੰਦਰ ਸਾਬੀ








ਪੈਰਿਸ ਉਲੰਪਿਕ ਵਿੱਚ ਭਾਰਤ ਨੇ ਲਗਭਗ ਆਪਣਾ ਸ.ਫਰ ਸਮਾਪਤ ਕਰ ਲਿਆ ਹੈ ਤੇ ਵਿਸ਼ਲੇਸ਼ਣ ਲਿਖੇ ਜਾਣ ਤੱਕ 1 ਚਾਂਦੀ , 5 ਕਾਂਸੀ ਤੇ ਕੁੱਲ 6 ਤਗਮੇ ਜਿੱਤ ਕੇ ਤਗਮਾ ਸੂਚੀ ਵਿੱਚ 71 ਵੇਂ ਸਥਾਨ 'ਤੇ ਰਿਹਾ। ਭਾਰਤ ਨੇ ਟੋਕੀਓ ਉਲੰਪਿਕ 'ਚ 7 ਤਗਮੇ ਜਿੱਤੇ ਸਨ ਤੇ ਇਸ ਵਾਰੀ 1 ਤਗਮਾ ਹੇਠਾਂ ਖਿਸਕ ਗਿਆ ਹੈ। ਬੇਸ਼ੱਕ ਭਾਰਤ ਸਰਕਾਰ ਨੇ ਪੈਰਿਸ ਉਲੰਪਿਕ ਵਿੱਚ 10 ਤੋਂ ਵੱਧ ਤਗਮੇ ਜਿੱਤਣ ਦਾ ਟੀਚਾ ਰੱਖਿਆ ਸੀ, ਪਰ ਪਿਛਲੇ ਹਾਸਲ ਕੀਤੇ ਟੀਚੇ ਦੀ ਬਰਾਬਰੀ ਕਰਨ ਵਿੱਚ ਭਾਰਤ ਨਕਾਮ ਰਿਹਾ। ਪੈਰਿਸ ਉਲੰਪਿਕ ਖੇਡਾਂ 'ਚ ਵੀ ਭਾਰਤ ਦੇ ਨਿਸ਼ਾਨੇਬਾਜ਼ਾਂ ਨੇ ਲਾਜ ਰੱਖੀ ਹੈ ਤੇ ਉਨ੍ਹਾਂ ਨੇ ਤਿੰਨ ਕਾਂਸੀ ਦੇ ਤਗਮੇ ਜਿੱਤੇ । ਇੱਕ ਮਨੂੰ ਭਾਕਰ ਨੇ ਇਕੱਲਿਆਂ ਤੇ ਇੱਕ ਮਨੂੰ ਭਾਕਰ ਤੇ ਸਰਬਜੋਤ ਸਿੰਘ ਦੀ ਜੋੜੀ ਨੇ। ਇੱਕ ਸਵਪਨਿਲ ਕੁਸਾਲੇ ਨੇ ਜਿੱਤਿਆ ਹੈ।

ਨੀਰਜ ਚੋਪੜਾ ਨੇ ਜੈਵਲਿਨ ਥਰੋਅ ਵਿੱਚ ਚਾਂਦੀ , ਭਾਰਤੀ ਹਾਕੀ ਟੀਮ ਨੇ ਇੱਕ ਕਾਂਸੀ ਤੇ ਪਹਿਲਵਾਨ ਅਮਨ ਸਹਿਰਾਵਤ ਨੇ ਕੁਸ਼ਤੀ 'ਚ ਕਾਂਸੀ ਦਾ ਤਗਮਾ ਜਿੱਤ ਕੇ ਦੇਸ਼ ਦੀ ਲਾਜ ਰੱਖੀ ਹੈ। 1.4 ਅਰਬ ਦੀ ਆਬਾਦੀ ਵਾਲਾ ਦੇਸ਼ ਅਜੇ ਵੀ ਸੋਨ ਤਗਮੇ ਨੂੰ ਤਰਸ ਰਿਹਾ ਹੈ। ਭਾਰਤ ਦੀ ਆਬਾਦੀ ਦੀ ਬਰਾਬਰੀ ਕਰਨ ਵਾਲਾ ਚੀਨ 33 ਸੋਨ ਤੇ ਕੁੱਲ 83 ਤਗਮੇ ਜਿੱਤ ਕੇ ਤਗਮਾ ਸੂਚੀ 'ਚ ਦੂਜੇ ਸਥਾਨ 'ਤੇ ਖੜ੍ਹਾ ਹੈ।

ਯੁੱਧ ਦੀ ਮਾਰ ਝੱਲ ਰਿਹਾ ਯੂਕਰੇਨ 3 ਸੋਨ ਤਗਮਿਆਂ ਸਮੇਤ ਕੁੱਲ 11 ਤਗਮੇ ਜਿੱਤ ਕੇ ਤਗਮਾ ਸੂਚੀ 'ਚ 18ਵੇਂ ਸਥਾਨ 'ਤੇ ਰਿਹਾ । ਪੈਰਿਸ ਉਲੰਪਿਕ ਵਿਚੋਂ ਭਾਰਤੀ ਹਾਕੀ 'ਤੇ ਵੀ ਤਗਮੇ ਦਾ ਰੰਗ ਬਦਲਣ ਦੀ ਆਸ ਸੀ, ਪਰ ਟੋਕੀਓ ਦੇ ਇਤਿਹਾਸ ਨੂੰ ਹੀ ਦੁਹਰਾਇਆ ਗਿਆ ਤੇ ਪੈਰਿਸ ਉਲੰਪਿਕ 'ਚ ਕਈ ਖੇਡਾਂ 'ਚ ਅਸੀਂ ਤਗਮੇ ਦੇ ਨਜ਼ਦੀਕ ਜਾ ਕੇ ਵੀ ਖੁੰਝ ਗਏ। ਕਈ ਖੇਡਾਂ 'ਚ ਭਾਰਤ ਦੇ ਕਈ ਉਲੰਪੀਅਨ ਤੇ ਦਿੱਗਜ਼ ਹਾਰੇ ਤੇ ਕਈ ਚੌਥੇ ਸਥਾਨ 'ਤੇ ਰਹਿ ਕੇ ਤਗਮੇ ਨੂੰ ਛੂਹਣ ਤੋਂ ਵਾਂਝੇ ਰਹਿ ਗਏ, ਜਿਨ੍ਹਾਂ ਵਿੱਚ ਤੀਰਅੰਦਾਜ਼ੀ, ਸ਼ੂਟਿੰਗ, ਬੈਡਮਿੰਟਨ ਤੇ ਵੇਟ ਲਿਫਟਿੰਗ ਆਦਿ ਮੁੱਖ ਹਨ। ਦੇਸ਼ ਨੇ ਨਾਮੀ ਉਲੰਪੀਅਨਾਂ 'ਤੇ ਮੁੜ ਦਾਅ ਖੇਡਿਆ ਤੇ ਨਵੇਂ ਖਿਡਾਰੀਆਂ ਨੂੰ ਅੱਗੇ ਲੈ ਕੇ ਆਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ, ਕਿਤੇ ਨਾ ਕਿਤੇ ਇਸ ਦਾ ਨੁਕਸਾਨ ਭਾਰਤ ਨੂੰ ਪੈਰਿਸ ਉਲੰਪਿਕ 'ਚ ਝੱਲਣਾ ਪਿਆ। ਵੇਟ ਲਿ.ਫਟਰ ਮੀਰਾ ਬਾਈ ਚਾਨੂੰ 1 ਕਿੱਲੋ ਘੱਟ ਭਾਰ ਨਾਲ ਚੌਥੇ ਸਥਾਨ 'ਤੇ, ਨਿਸ਼ਾਨੇਬਾਜ਼ ਅਰਜੁਨ ਬਬੂਟਾ ਵੀ ਚੌਥੇ ਅਤੇ ਹੋਰ ਵੀ ਕਈ ਖੇਡਾਂ ਵਿਚੋਂ ਭਾਰਤ ਦੇ ਖਿਡਾਰੀਆਂ ਨੇ ਚੌਥਾ ਸਥਾਨ ਹਾਸਲ ਕੀਤਾ, ਪਰ ਤਗਮਾ ਨਸੀਬ ਨਹੀਂ ਹੋਇਆ ।

ਜੇਕਰ ਇਹ ਜਿੱਤ ਜਾਂਦੇ ਤਾਂ ਅੱਜ ਪੈਰਿਸ ਉਲੰਪਿਕ ਖੇਡਾਂ 'ਚ ਭਾਰਤ ਦੀ ਤਗਮਾ ਸੂਚੀ 'ਚ ਤਸਵੀਰ ਕੁਝ ਹੋਰ ਹੋਣੀ ਸੀ। ਸਭ ਤੋਂ ਵੱਧ ਧੱਕਾ ਇਸ ਉਲੰਪਿਕ ਵਿਚੋਂ ਭਾਰਤ ਨੂੰ ਨੀਰਜ ਚੋਪੜਾ ਤੋਂ ਲੱਗਾ ਜਿਸ ਨੂੰ ਸੋਨ ਤਗਮੇ ਦਾ ਤਕੜਾ ਦਾਅਵੇਦਾਰ ਮੰਨ ਰਹੇ ਸੀ, ਪਰ ਉਸ ਨੇ ਆਪਣੀ ਸਰਬੋਤਮ ਜੈਵਲਿਨ 89.45 ਮੀਟਰ ਸੁੱਟ ਕੇ ਚਾਂਦੀ ਦਾ ਤਗਮਾ ਹਾਸਲ ਕੀਤਾ, ਪਰ ਦੇਸ਼ ਵਾਸੀਆਂ ਦੇ ਪੱਲੇ ਨਿਰਾਸ਼ਾ ਪਈ। ਇਸ ਨਾਲ ਭਾਰਤ ਤੇ ਪਾਕਿਸਤਾਨ ਦਰਮਿਆਨ ਇੱਕ ਦੋਸਤੀ ਦੀ ਸਾਂਝ ਵੀ ਮਜ਼ਬੂਤ ਹੋਈ। ਪਾਕਿਸਤਾਨੀ ਖਿਡਾਰੀ ਅਰਸ਼ਦ ਨਦੀਮ ਨੇ ਸੋਨ ਤਗਮਾ ਜਿੱਤਿਆ ਸੀ ਤੇ ਦੋਵਾਂ ਖਿਡਾਰੀਆਂ ਦੀਆਂ ਮਾਵਾਂ ਨੇ ਇੱਕ-ਦੂਜੇ ਪ੍ਰਤੀ ਜੋ ਪਿਆਰ ਜਤਾਇਆ ਹੈ ਉਸ ਨੇ ਇਹ ਸਾਬਤ ਕਰ ਦਿੱਤਾ ਕਿ ਮਾਂ ਦੀ ਮਮਤਾ ਨੂੰ ਕਿਸੇ ਵੀ ਦੇਸ਼ ਦੀ ਸਰਹੱਦ ਬੰਨ੍ਹ ਕੇ ਨਹੀਂ ਰੱਖ ਸਕਦੀ। ਇਸ ਨਾਲ ਦੋਵਾਂ ਨੇ ਭਾਰਤ ਤੇ ਪਾਕਿਸਤਾਨ ਦੇ ਲੋਕਾਂ ਦੇ ਦਿਲ ਜਿੱਤ ਲਏ ਹਨ ।ਭਾਰਤੀ ਹਾਕੀ ਨੇ ਵੀ ਆਪਣਾ ਕਾਂਸੀ ਦਾ ਤਗਮਾ ਬੁਲੰਦ ਹੌਸਲੇ ਨਾਲ ਜਿੱਤਿਆ ਤੇ ਕੁਆਟਰ ਫਾਈਨਲ 'ਚ ਬਰਤਾਨੀਆ ਨੂੰ ਜਿਸ ਜਜ਼ਬੇ ਨਾਲ ਹਰਾਇਆ ਤੇ ਉਸ ਤੋਂ ਖਿਡਾਰੀਆਂ ਦੀ ਦੇਸ਼ ਪ੍ਰਤੀ ਖੇਡ ਭਾਵਨਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਨਾਲ ਹੀ 1972 ਦੀ ਮਿਊਨਿਖ ਉਲੰਪਿਕ ਤੋਂ ਬਾਅਦ ਭਾਰਤ ਨੇ ਆਸਟ੍ਰੇਲੀਆ 'ਤੇ ਜਿੱਤ ਦਰਜ ਕਰਕੇ ਵੀ 52 ਸਾਲਾਂ ਬਾਅਦ ਨਵਾਂ ਇਤਿਹਾਸ ਲਿਖਿਆ ਹੈ । ਭਾਰਤੀ ਹਾਕੀ ਟੀਮ 'ਚ ਕਿਤੇ ਨਾ



ਕਿਤੇ ਗੋਲਕੀਪਰ ਪੀ.ਆਰ. ਸ਼੍ਰੀਜੇਸ਼ ਦੀ ਕਮੀ ਜ਼ਰੂਰ ਰੜਕਦੀ ਰਹੇਗੀ, ਜਿਸ ਨੇ ਚੀਨ ਦੀ ਦੀਵਾਰ ਬਣ ਕੇ ਭਾਰਤੀ ਹਾਕੀ ਟੀਮ ਦੀ ਰੱਖਿਆ ਕੀਤੀ। ਇਨ੍ਹਾਂ ਖੇਡਾਂ ਵਿੱਚ ਭਾਰਤ ਨੇ ਕਈ ਰਿਕਾਰਡ ਵੀ ਬਣਾਏ। ਮਨੂੰ ਭਾਕਰ ਨੇ ਇਕੋ ਉਲੰਪਿਕ ਵਿਚੋਂ ਦੋ ਤਗਮੇ ਜਿੱਤ ਕੇ ਵੀ ਰਿਕਾਰਡ ਬਣਾਇਆ ਤੇ ਗੋਲਡਨ ਬੁਆਏ ਨੀਰਜ ਚੋਪੜਾ ਨੇ ਵੀ ਟੋਕੀਓ ਉਲੰਪਿਕ 'ਤੋਂ ਬਾਅਦ ਪੈਰਿਸ ਉਲੰਪਿਕ ਵਿੱਚ ਦੂਜਾ ਤਗਮਾ ਜਿੱਤ ਕੇ ਚੌਥਾ ਭਾਰਤੀ ਖਿਡਾਰੀ ਬਣਨ ਦਾ ਮਾਣ ਹਾਸਲ ਕੀਤਾ। ਇਸ ਤੋਂ ਪਹਿਲਾਂ ਇਹ ਮਾਣ ਪਹਿਲਵਾਨ ਸੁਸ਼ੀਲ ਕੁਮਾਰ ਨੂੰ ਕੁਸ਼ਤੀ 'ਚ (2008 ਤੇ 2012 ) ਤੇ ਪੀ.ਵੀ. ਸਿੰਧੂ ਨੂੰ ਬੈਡਮਿੰਟਨ ਵਿੱਚ (2016 ਤੇ 2020) ਦੀ ਉਲੰਪਿਕ ਵਿੱਚ ਹਾਸਲ ਹੋਇਆ ਸੀ। ਮਨੂੰ ਭਾਕਰ ਨੇ ਵੀ ਨਵਾਂ ਇਤਹਾਸ ਵੀ ਲਿਖ ਦੇਣਾ ਸੀ ਪਰ ਇੱਕ ਅੰਕ ਨਾਲ ਉਹ ਤੀਜੇ ਤਗਮੇ ਤੋਂ ਖੁੰਝ ਗਈ। ਭਾਰਤ ਦੀ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਵੀ ਇਨ੍ਹਾਂ ਖੇਡਾਂ ਵਿੱਚ ਇਤਿਹਾਸ ਰਚਣ ਤੋਂ ਖੁੰਝ ਗਈ, ਕਹਿੰਦੇ ਹਨ ਜੋ ਜੀਤਾ ਵਹੀ ਸਿਕੰਦਰ... ਵਿਨੇਸ਼ ਫੋਗਾਟ ਨੇ ਜਿਸ ਤਰੀਕੇ ਨਾਲ ਪੈਰਿਸ ਉਲੰਪਿਕ ਦੇ ਫਾਈਨਲ ਵਿੱਚ ਥਾਂ ਬਣਾਉਣ 'ਚ ਸ.ਫਲਤਾ ਹਾਸਲ ਕੀਤੀ ਸੀ, ਬਦਕਿਸਮਤੀ ਨਾਲ 100 ਗ੍ਰਾਮ ਵੱਧ ਭਾਰ ਹੋਣ ਕਰਕੇ ਉਸ ਨੂੰ ਅਯੋਗ ਕਰਾਰ ਦੇ ਦਿੱਤਾ ਗਿਆ।

ਦੇਸ਼ ਨੇ ਆਪਣੀ ਬੇਟੀ ਨੂੰ ਸੋਨ ਤਗਮੇ ਜਿੰਨਾ ਹੀ ਸਨਮਾਨ ਦਿੱਤਾ ਤੇ ਉਸ ਦੇ ਮਨੋਬਲ ਨੂੰ ਕਮਜ਼ੋਰ ਨਹੀਂ ਹੋਣ ਦਿੱਤਾ। ਬੇਸ਼ੱਕ ਕੁਸ਼ਤੀ ਤੋਂ ਸੰਨਿਆਸ ਲੈਣ ਦਾ .ਫੈਸਲਾ ਉਸ ਨੇ ਭਾਵੁਕ ਹੋ ਕੇ ਕੀਤਾ, ਪਰ ਕੁਸ਼ਤੀ ਲਈ ਇਹ ਮਾੜਾ ਹੋਇਆ। ਇਸ ਤੋਂ ਭਾਰਤੀ ਖੇਡ ਪ੍ਰਬੰਧਕਾਂ ਨੂੰ ਸਬਕ ਲੈਣ ਦੀ ਲੋੜ ਹੈ ਤੇ ਵਿਨੇਸ਼ ਦੇ ਮਾਮਲੇ 'ਤੇ ਹੋਈ .ਗਲਤੀ ਦੀ ਜਾਂਚ ਕਰਕੇ ਸੱਚ ਦੇਸ਼ ਵਾਸੀਆਂ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ।

ਬੇਸ਼ੱਕ ਭਾਰਤੀ ਖਿਡਾਰੀਆਂ ਨੇ ਆਪਣੀ ਪੂਰੀ ਵਾਹ ਲਾ ਕੇ ਪੈਰਿਸ ਉਲੰਪਿਕ 'ਚ ਚੰਗਾ ਪ੍ਰਦਰਸ਼ਨ ਕਰਨ ਦਾ ਯਤਨ ਕੀਤਾ ਹੈ ਪਰ ਇਹ ਖੇਡ ਪ੍ਰਾਪਤੀ 1.4 ਅਰਬ ਦੀ ਆਬਾਦੀ ਵਾਲੇ ਮੁਲਕ ਲਈ ਕਾਫ਼ੀ ਨਹੀਂ ਹੈ। ਦੂਜੇ ਪਾਸੇ ਜੇ ਕੈਨੇਡਾ ਦੀ ਗੱਲ ਕਰ ਲਈਏ ਤਾਂ ਉਸ ਦੀ ਆਬਾਦੀ ਸਾਡੇ ਦੇਸ਼ ਦੀ ਰਾਜਧਾਨੀ ਜਾਂ ਕਿਸੇ ਰਾਜ ਦੇ ਬਰਾਬਰ ਦੀ ਹੀ ਹੋਵੇਗੀ ਪਰ ਕੈਨੇਡਾ ਵਿੱਚ ਖਿਡਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਹੂਲਤ ਨਹੀਂ ਦਿੱਤੀ ਜਾਂਦੀ ਤੇ ਖਿਡਾਰੀ ਆਪਣੇ ਪੈਸੇ ਖਰਚ ਕੇ ਖੇਡਦੇ ਹਨ । ਉਥੇ ਕੋਈ ਖੇਡ ਵਿੰਗ ਤੇ ਖੇਡ ਸਕੀਮ ਨਹੀਂ ਤੇ ਖਿਡਾਰੀਆਂ ਨੂੰ ਨੌਕਰੀ ਵਿੱਚ ਵੀ ਖੇਡ ਦਾ ਕੋਈ ਲਾਭ ਨਹੀਂ ਮਿਲਦਾ। ਫਿਰ ਵੀ ਉਹ ਦੇਸ਼ ਅੱਜ ਪੈਰਿਸ ਉਲੰਪਿਕ ਦੀ ਤਗਮਾ ਸੂਚੀ ਵਿੱਚ 7 ਸੋਨ, 6 ਚਾਂਦੀ, 11 ਕਾਂਸੀ ਦੇ ਤਗਮਿਆਂ ਸਮੇਤ ਕੁੱਲ 24 ਤਗਮੇ ਜਿੱਤ ਕੇ ਤਗਮਾ ਸੂਚੀ ਵਿੱਚ 11ਵੇਂ ਸਥਾਨ 'ਤੇ ਆਇਆ ਹੈ ।ਜਿੱਥੋਂ ਤੱਕ ਰਾਜਾਂ ਨੂੰ ਖੇਡ ਫੰਡ ਅਲਾਟ ਕਰਨ ਦਾ ਸਵਾਲ ਹੈ ਤਾਂ ਕੇਂਦਰ ਵੱਲੋਂ ਰਾਜਾਂ ਨਾਲ ਸ਼ਰੇਆਮ ਧੱਕਾ ਕੀਤਾ ਜਾਂਦਾ ਹੈ ਤੇ ਇਸ ਵੇਲੇ 'ਖੇਲੋ ਇੰਡੀਆ' ਦੇ ਬਜਟ ਅਲਾਟਮੈਂਟ ਵਿੱਚ ਵੀ ਗੁਜਰਾਤ ਨੂੰ 608 ਕਰੋੜ ਤੇ ਉਸ ਦੇ ਖਿਡਾਰੀ ਉਲੰਪਿਕ 'ਚ 2, ਯੂ.ਪੀ. ਨੂੰ 503 ਕਰੋੜ ਤੇ ਉਸ ਦੇ ਉਲੰਪਿਕ 'ਚ ਖਿਡਾਰੀ 8, ਪੰਜਾਬ ਨੂੰ 91 ਕਰੋੜ ਤੇ ਉਸ ਦੇ ਉਲੰਪਿਕ ਵਿੱਚ ਖਿਡਾਰੀ 20, ਹਰਿਆਣਾ ਨੂੰ 89 ਕਰੋੜ ਤੇ ਉਸ ਦੇ ਉਲੰਪਿਕ ਵਿੱਚ ਖਿਡਾਰੀ 24 ਖੇਡ ਰਹੇ ਹਨ, ਤਾਂ ਕਿਵੇਂ ਅਸੀਂ ਉਲੰਪਿਕ ਖੇਡਾਂ 'ਚੋ ਤਗਮੇ ਦੀ ਆਸ ਕਰ ਸਕਦੇ ਹਾਂ। ਪੰਜਾਬ ਵਿੱਚ ਚਲ ਰਹੇ ਐਨ. ਆਈ. ਐਸ. ਪਟਿਆਲਾ ਵਿੱਚ ਇਸ ਵੇਲੇ ਹਾਕੀ ਦੀਆਂ ਸਾਰੀਆਂ ਖੇਡ ਸਕੀਮਾਂ ਬੰਦ ਪਈਆਂ ਹਨ ਤੇ ਕਈ ਖੇਡਾਂ ਦੇ ਡਿਪਲੋਮੇ ਇਥੋਂ ਬਾਹਰ ਸ਼ਿਫਟ ਕਰਕੇ ਇਸ ਨੂੰ ਹੌਲੀ-ਹੌਲੀ ਪੰਜਾਬ 'ਚੋਂ ਖ਼ਤਮ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

# ਉਲੰਪਿਕ ਵਿੱਚ ਕਾਂਸੇ ਦਾ ਤ.ਗਮਾ ਜਿੱਤਣ ਬਾਅਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਭਾਰਤੀ ਹਾਕੀ ਟੀਮ ਦੇ ਖਿਡਾਰੀ

## ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕੀਤਾ ਸਨਮਾਨਿਤ



ਅੰਮ੍ਰਿਤਸਰ/ਏ.ਟੀ.ਨਿਊਜ਼ : ਪੈਰਿਸ ਉਲੰਪਿਕ 2024 ਵਿੱਚ ਕਾਂਸੇ ਦਾ ਤ.ਗਮਾ ਜਿੱਤ ਕੇ ਦੇਸ਼ ਵਾਪਸ ਪਰਤੀ ਭਾਰਤੀ ਹਾਕੀ ਟੀਮ ਦੇ ਖਿਡਾਰੀ ਬੀਤੇ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਾਕੀ ਖਿਡਾਰੀਆਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸੁਨਿਹਰੀ ਮਾਡਲ, ਧਾਰਮਿਕ ਪੁਸਤਕਾਂ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸਾਡੇ ਲਈ ਇਹ ਮਾਣ ਤੇ ਫ਼ਖਰ ਵਾਲੀ ਗੱਲ ਹੈ ਕਿ ਜਦੋਂ ਵੀ ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਭਰਵੀਂ ਸ਼ਮੂਲੀਅਤ ਰਹੀ ਹੈ ਤਾਂ ਟੀਮ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਪੈਰਿਸ ਉਲੰਪਿਕ ਵਿੱਚ ਕਾਂਸੇ ਦਾ ਤ.ਗਮਾ ਜਿੱਤਣਾ ਵੀ ਉਨ੍ਹਾਂ ਵਿੱਚੋਂ ਇੱਕ ਹੈ। ਉਨ੍ਹਾਂ ਹਾਕੀ ਖਿਡਾਰੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੰਦਿਆਂ ਭਵਿੱਖ ਵਿੱਚ ਹੋਰ ਵੱਡੀਆਂ ਪ੍ਰਾਪਤੀਆਂ ਲਈ ਅਰਦਾਸ ਵੀ ਕੀਤੀ। ਉਨ੍ਹਾਂ ਕਿਹਾ ਕਿ ਟੀਮ ਵਿੱਚ ਸ਼ਾਮਲ ਪੰਜਾਬ ਦੇ ਖਿਡਾਰੀਆਂ ਨੇ ਲੰਮੇ ਅਰਸੇ ਤੋਂ ਬਾਅਦ ਪੰਜਾਬ ਦੇ ਹਾਕੀ ਨਾਲ ਸਬੰਧਤ ਇਤਿਹਾਸ ਨੂੰ ਦੁਹਰਾਇਆ ਹੈ।ਐਡਵੋਕੇਟ ਧਾਮੀ ਨੇ ਨੌਜਵਾਨਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਦੇਸ਼ ਦੀ ਹਾਕੀ ਟੀਮ ਵਿੱਚ ਵੱਡੀ ਗਿਣਤੀ ਪੰਜਾਬੀ ਖਿਡਾਰੀਆਂ ਤੋਂ ਉਹ ਪ੍ਰੇਰਣਾ ਲੈਣ ਅਤੇ ਖੇਡਾਂ ਵਿੱਚ ਅੱਗੇ ਆਉਣ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਹਮੇਸ਼ਾ ਖਿਡਾਰੀਆਂ ਨੂੰ ਉਤਸ਼ਾਹਿਤ ਕਰਦੀ ਰਹੀ ਹੈ ਅਤੇ ਭਵਿੱਖ ਵਿੱਚ ਵੀ ਪੰਜਾਬ ਤੇ ਸਿੱਖਾਂ ਦਾ ਮਾਣ ਵਧਾਉਣ ਵਾਲੇ ਨੌਜਵਾਨਾਂ ਦੀ ਹੌਂਸਲਾ ਅਫਜਾਈ ਕੀਤੀ ਜਾਂਦੀ ਰਹੇਗੀ।

ਉਨ੍ਹਾਂ ਵਿਸ਼ੇਸ਼ ਤੌਰ 'ਤੇ ਭਾਰਤੀ ਹਾਕੀ ਟੀਮ ਲਈ ਖੇਡੇ ਸਾਬਤ ਸੂਰਤ ਗੁਰਸਿੱਖ ਖਿਡਾਰੀ ਜਰਮਨਪ੍ਰੀਤ ਸਿੰਘ ਦਾ ਜ਼ਿਕਰ ਕਰਦਿਆਂ ਸਿੱਖ ਪਰਿਵਾਰਾਂ ਨਾਲ ਸਬੰਧਿਤ ਖਿਡਾਰੀਆਂ ਨੂੰ ਆਪਣੇ ਸਿੱਖੀ ਸਰੂਪ ਬਰਕਰਾਰ ਰੱਖਣ ਦੀ ਪ੍ਰੇਰਣਾ ਵੀ ਕੀਤੀ।

ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਹਾਕੀ ਟੀਮ ਦੇ ਕਪਤਾਨ ਸ. ਹਰਮਨਪ੍ਰੀਤ ਸਿੰਘ ਨੇ ਕਿਹਾ ਕਿ ਉਹ ਅੱਜ ਟੀਮ ਦੇ ਖਿਡਾਰੀਆਂ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਵਡਭਾਗਾ ਮਹਿਸੂਸ ਕਰਦੇ ਹਨ।

ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਅਸ਼ੀਰਵਾਦ ਸਦਕਾ ਹੀ ਟੀਮ ਵੱਲੋਂ ਇਹ ਪ੍ਰਾਪਤੀ ਸੰਭਵ ਹੋ ਸਕੀ ਹੈ ਅਤੇ ਉਨ੍ਹਾਂ ਟੀਮ ਲਈ ਭਵਿੱਖ ਅੰਦਰ ਹੋਰ ਬਿਹਤਰ ਪ੍ਰਦਰਸ਼ਨ ਦੀ ਅਰਦਾਸ ਕੀਤੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਤਿਕਾਰ ਤੇ ਸਨਮਾਨ ਲਈ ਧੰਨਵਾਦ ਪ੍ਰਗਟ ਕੀਤਾ।

# ਦਿਵਿਆ ਦੱਤਾ ਦਾ ਯਾਦਗਾਰੀ ਸਫ਼ਰ



ਨੋਨਿਕਾ ਸਿੰਘ





ਬੌਲੀਵੁੱਡ ’ਚ ‘ਇਸ਼ਕ ਮੇਂ ਜੀਨਾ ਇਸ਼ਕ ਮੇਂ ਮਰਨਾ’ ਨਾਲ ਆਪਣੇ ਫਿਲਮੀ ਕੈਰੀਅਰ ਦੀ ਸ਼ੁਰੂਆਤ ਕਰਨ ਵਾਲੀ ਦਿਵਿਆ ਦੱਤਾ ਨੇ ਕਈ ਉਚਾਈਆਂ ਛੂਹੀਆਂ ਹਨ ਜਿਨ੍ਹਾਂ ਵਿੱਚ ਪਾਮੇਲਾ ਰੁਕਸ ਦੀ ਫਿਲਮ ‘ਟਰੇਨ ਟੂ ਪਾਕਿਸਤਾਨ’ ਵਿੱਚ ਨਿਭਾਇਆ ਯਾਦਗਾਰੀ ਰੋਲ ਵੀ ਸ਼ਾਮਲ ਹੈ।

ਹਾਲ ਹੀ ’ਚ ‘ਸ਼ਰਮਾ ਜੀ ਕੀ ਬੇਟੀ’ ’ਚ ਕਿਰਨ ਸ਼ਰਮਾ ਦਾ ਕਿਰਦਾਰ ਨਿਭਾਉਣ ਵਾਲੀ ਦਿਵਿਆ ਨੂੰ ਫਿਲਮ ਜਗਤ ’ਚ ਤਿੰਨ ਦਹਾਕੇ ਪੂਰੇ ਹੋ ਗਏ ਹਨ ਤੇ ਖ਼ੁਸ਼ ਹੋਣ ਦੇ ਉਸ ਕੋਲ ਕਈ ਹੋਰ ਕਾਰਨ ਹਨ।

‘ਸ਼ਰਮਾ ਜੀ ਕੀ ਬੇਟੀ’ ਦੀ ਕਿਰਨ ਸ਼ਰਮਾ ਵਾਂਗ, ਦਿਵਿਆ ਦੱਤਾ ਵੀ ਮਾਸੂਮੀਅਤ ਤੇ ਸੰਜੀਦਗੀ ਦਾ ਅਦਭੁੱਤ ਸੁਮੇਲ ਹੈ, ਤੇ ਕਿਰਨ ਦੇ ਕਿਰਦਾਰ ਵਾਂਗ ਹੀ ਮਜ਼ਬੂਤ, ਕੋਮਲ ਤੇ ਜ਼ਿੰਦਗੀ ਨੂੰ ਜੋਸ਼ ਨਾਲ ਜਿਊਣ ਵਾਲੀ ਸ਼ਖ਼ਸੀਅਤ ਹੈ। ਦਿਵਿਆ ਯਾਦ ਕਰਦੀ ਹੈ ਕਿ ਪਰਦੇ ਉਤਲੇ ਕਿਰਦਾਰ ਵਾਂਗ ਉਹ ਵੀ ਆਪਣੀ ਮਾਂ ਨੂੰ ਸਤਾਉਂਦੀ ਰਹਿੰਦੀ ਸੀ ਤੇ ਕੋਈ ਵੀ ਸਲਾਹ, ਸੇਧ ਤੇ ਹਦਾਇਤ ਲੈਣ ਲਈ ਉਸ ਨੂੰ ਹਰ ਵੇਲੇ ਫੋਨ ਕਰਦੀ ਰਹਿੰਦੀ ਸੀ। ਇੱਥੋਂ ਤੱਕ ਕਿ ਕਿਹੜੀ ਲਿਪਸਟਿਕ ਲਾਉਣੀ ਹੈ, ਉਸ ਬਾਰੇ ਵੀ ਮਾਂ ਨੂੰ ਪੁੱਛਦੀ ਸੀ। ਕੌਮੀ ਪੁਰਸਕਾਰ ਜੇਤੂ ਇਹ ਅਭਿਨੇਤਰੀ ਆਪਣੀ ਤਾਜ਼ਾ ਸਫਲਤਾ ਦਾ ਜਸ਼ਨ ਮਨਾ ਰਹੀ ਹੈ।

ਅਜਨਬੀ ਲੋਕ ਉਸ ਨੂੰ ਕਿਰਦਾਰ ਦੇ ਨਾਂ ‘ਕਿਰਨ’ ਨਾਲ ਪੁਕਾਰ ਰਹੇ ਹਨ, ਜਿਸ ਤੋਂ ਉਹ ਬਾਗੋਬਾਗ਼ ਹੈ ਤੇ ਚੇਤੇ ਕਰਦੀ ਹੈ ਕਿ ਕਿਵੇਂ ‘ਭਾਗ ਮਿਲਖਾ ਭਾਗ’ ਵਿੱਚ ਨਿਭਾਏ ਮੋਹਖੋਰੀ ਭੈਣ ਦੇ ਰੋਲ ਲਈ ਵੀ ਉਸ ਨੂੰ ਇਸੇ ਤਰ੍ਹਾਂ ਪ੍ਰਸ਼ੰਸਾ ਮਿਲੀ ਸੀ। ਫਿਲਮ ਉਦਯੋਗ ’ਚ ਦਿਵਿਆ ਦੇ ਤਿੰਨ ਦਹਾਕੇ ਪੂਰੇ ਹੋਣ ’ਤੇ, ਉਸ ਦੇ ਇਸ ਸਫ਼ਰ ’ਤੇ ਇੱਕ ਝਾਤ ਮਾਰਨੀ ਬਣਦੀ ਹੈ। ਉਨ੍ਹਾਂ ਦਿਨਾਂ ’ਚ ਸੁਭਾਵਿਕ ਤੌਰ ’ਤੇ ਹੀ ਫਿਲਮ ਜਗਤ ਦਾ ਹਿੱਸਾ ਨਹੀਂ ਬਣਿਆ ਜਾ ਸਕਦਾ ਸੀ। ਸਮਾਂ ਅਜਿਹਾ ਸੀ ਕਿ ਦਿਵਿਆ ਤੇ ਉਸ ਦੀ ਮਾਂ ਨੂੰ ਇਹ ਗੱਲ ‘ਗੁਪਤ’ ਰੱਖਣੀ ਪਈ ਤੇ ਇੱਥੋਂ ਤੱਕ ਕਿ ਉਸ ਦੇ ਮਾਮੇ ਦੀਪਕ ਬਾਹਰੀ ਤੋਂ ਵੀ ਇਸ ਨੂੰ ਲੁਕੋਣਾ ਪਿਆ, ਜੋ ਬੌਲੀਵੁੱਡ ’ਚ ਮੰਨੇ-ਪ੍ਰਮੰਨੇ ਨਿਰਮਾਤਾ-ਨਿਰਦੇਸ਼ਕ ਸਨ। ਪਰ ਇਹ ਲੜਕੀ ਆਪਣੇ ਸੁਪਨੇ ਸਾਕਾਰ ਕਰਨ ਲਈ ਦ੍ਰਿੜ੍ਹ ਸੀ। ਉਸ ਦੇ ਸਫ਼ਰ ’ਚ ਕਈ ਅਹਿਮ ਉਤਰਾਅ-ਚੜ੍ਹਾਅ ਆਏ; ਜਿੱਥੇ ‘ਵੀਰ ਜ਼ਾਰਾ’ ਅਤੇ ‘ਇਰਾਦਾ’ ਲਈ ਕੌਮੀ ਪੁਰਸਕਾਰ ਮਿਲਿਆ, ਉੱਥੇ ਹੀ ਕਾਰੋਬਾਰੀ ਤੌਰ ’ਤੇ ਅਸਫਲ ਰਹੀ ਫਿਲਮ ‘ਦਿੱਲੀ-6’ ਦਾ ਵੀ ਦਰਦ ਬਰਦਾਸ਼ਤ ਕੀਤਾ।

‘ਦਿੱਲੀ-6’ ਦੇ ਸੈੱਟ ’ਤੇ ਹੀ ਉਸ ਨੇ ਉੱਘੇ ਨਿਰਦੇਸ਼ਕ ਰਾਕੇਸ਼ ਓਮਪ੍ਰਕਾਸ਼ ਮਹਿਰਾ ਤੋਂ ਅਦਾਕਾਰੀ ਦਾ ਸਭ ਤੋਂ ਮਹੱਤਵਪੂਰਨ ਸਬਕ ਸਿੱਖਿਆ। ਫਿਲਮ ਵਿਚਲਾ ‘ਜਲੇਬੀ’ ਦਾ ਕਿਰਦਾਰ ਨਿਭਾਉਂਦਿਆਂ ਦਿਵਿਆ ਨੂੰ ਤਸੱਲੀ ਨਹੀਂ ਹੋ ਰਹੀ ਸੀ, ਜੋ ਕਿ ਅੱਖੜ ਕਿਸਮ ਦਾ ਸੀ। ਇਸ ’ਤੇ ਮਹਿਰਾ ਨੇ ਚੁੱਪ-ਚੁਪੀਤੇ ਉਸ ਨੂੰ ਕਿਹਾ, ‘ਆਪਣੇ ਅੰਦਰਲੀ ਦਿਵਿਆ ਨੂੰ ਭੁੱਲ ਜਾ ਤੇ ਜਲੇਬੀ ਨੂੰ ਬਾਹਰ ਆਉਣ ਦੇ।’ ਇਸ ਕੀਮਤੀ ਸੁਝਾਅ ਨੇ ਉਸ ਦੀ ਕਾਫ਼ੀ ਮਦਦ ਕੀਤੀ। ਦਿਵਿਆ ਹੁਣ ਵਿੱਕੀ ਕੌਸ਼ਲ ਦੀ ਮੁੱਖ ਭੂਮਿਕਾ ਵਾਲੀ ਫਿਲਮ ‘ਛਾਵਾ’ ਵਿੱਚ ਨਜ਼ਰ ਆਏਗੀ, ਜੋ ਕਿ ਛਤਰਪਤੀ ਸ਼ਿਵਾਜੀ ਮਹਾਰਾਜ ਦੇ ਸਪੁੱਤਰ ਛਤਰਪਤੀ ਸੰਭਾਜੀ ਮਹਾਰਾਜ ਦੇ ਜੀਵਨ ’ਤੇ ਆਧਾਰਿਤ ਹੈ। ਉਹ ਕਹਿੰਦੀ ਹੈ, “ਉਸ ਦੌਰ ਨੂੰ ਮਹਿਸੂਸ ਕਰ ਕੇ ਤੇ ਉਸ ਸਮੇਂ ਦੀਆਂ ਪੁਸ਼ਾਕਾਂ ਪਾ ਕੇ ਬਹੁਤ ਚੰਗਾ ਲੱਗਾ ਪਰ ਮੈਨੂੰ




ਉਸ ਦੌਰ ’ਚ ਆਪਣੇ ਆਪ ਦੀ ਕਲਪਨਾ ਕਰਨ ਦੀ ਲੋੜ ਨਹੀਂ ਪਈ। ਮੈਂ ਪਹਿਲਾਂ ਹੀ ਉੱਥੇ ਪਹੁੰਚਾਈ ਜਾ ਚੁੱਕੀ ਸੀ। ਮੈਂ ਸਿਰਫ਼ ਇਹ ਸੋਚਣਾ ਸੀ ਕਿ ਮੈਂ ਉੱਥੋਂ ਦੀ ਹੀ ਹਾਂ।”

ਜੇ ਇੱਕ ਅਭਿਨੇਤਰੀ ਵਜੋਂ ਉਸ ਨੇ ਆਪਣੇ ਕੈਰੀਅਰ ਵਿੱਚ ਕਈ ਉਚਾਈਆਂ ਛੂਹੀਆਂ ਹਨ ਤਾਂ ਮਾੜਾ ਸਮਾਂ ਵੀ ਦੇਖਿਆ ਹੈ। ਕਈ-ਕਈ ਸਟਾਰ ਅਦਾਕਾਰਾਂ ਵਾਲੀਆਂ ਫਿਲਮਾਂ ਦਾ ਹਿੱਸਾ ਬਣ ਚੁੱਕੀ, ਲੁਧਿਆਣਾ ’ਚ ਆਪਣੇ ਕਾਲਜ ਤੇ ਪੰਜਾਬ ਯੂਨੀਵਰਸਿਟੀ ਦੀ ਬਿਹਤਰੀਨ ਅਭਿਨੇਤਰੀ ਰਹੀ ਦਿਵਿਆ ਨੂੰ ਇੱਕ ਵਾਰ ਲੱਗਾ ਕਿ ਉਸ ਦਾ ਇੱਥੇ ਕੁਝ ਨਹੀਂ ਬਣੇਗਾ। ਉਸ ਨੇ ਵਾਪਸ ਲੁਧਿਆਣੇ ਦੀ ਰੇਲਗੱਡੀ ਫੜਨ ਦਾ ਮਨ ਬਣਾ ਲਿਆ। ਨਸੀਬ ਦਾ ਖੇਡ ਦੇਖੋ, ਇਸ ਦੀ ਥਾਂ ਉਹ ‘ਟਰੇਨ ਟੂ ਪਾਕਿਸਤਾਨ’ ’ਚ ਸਵਾਰ ਹੋ ਗਈ, ਉਹ ਫਿਲਮ ਜੋ ਖ਼ੁਸ਼ਵੰਤ ਸਿੰਘ ਦੇ ਨਾਵਲ ’ਤੇ ਆਧਾਰਿਤ ਸੀ। ਇਸ ਤੋਂ ਬਾਅਦ ਉਸ ਨੇ ਯਸ਼ ਚੋਪੜਾ ਤੇ ਸ਼ਿਆਮ ਬੈਨੇਗਲ ਜਿਹੇ ਵੱਡੇ-ਵੱਡੇ ਨਿਰਦੇਸ਼ਕਾਂ ਨਾਲ ਕਈ ਭੂਮਿਕਾਵਾਂ ਨੂੰ ਪਰਦੇ ’ਤੇ ਸਾਕਾਰ ਕੀਤਾ। ਬੇਸ਼ੱਕ, ਫਿਲਮ ਜਗਤ ’ਚ ਇੱਕ ਤਰ੍ਹਾਂ ਦਾ ਕਿਰਦਾਰ ਵਾਰ-ਵਾਰ ਕਰਨ ਨਾਲ ਤੁਹਾਡੇ ’ਤੇ ਇੱਕ ਵਿਸ਼ੇਸ਼ ਠੱਪਾ ਲੱਗ ਜਾਂਦਾ ਹੈ, ਜਿਸ ਤੋਂ ਬਚ ਕੇ ਨਿਕਲਣਾ ਔਖਾ ਹੋ ਜਾਂਦਾ ਹੈ। ਦਿਵਿਆ ਯਾਦ ਕਰਦੀ ਹੈ ਕਿ ‘ਭਾਗ ਮਿਲਖਾ ਭਾਗ’ ਤੋਂ ਬਾਅਦ ਉਸ ਕੋਲ ਭੈਣ ਦੇ ਰੋਲਾਂ ਦੀ ਝੜੀ ਲੱਗ ਗਈ ਸੀ ਪਰ ਉਸ ਨੇ ਸੋਚ-ਵਿਚਾਰ ਕੇ ਸ੍ਰੀਰਾਮ ਰਾਘਵਨ ਦੀ ‘ਬਦਲਾਪੁਰ’ ਵਿੱਚ ਬੇਬਾਕ ਕਿਰਦਾਰ ਕਰਨ ਦਾ ਫ਼ੈਸਲਾ ਲਿਆ ਤੇ ਇਸ ’ਚੋਂ ਯਥਾਰਥਵਾਦੀ ਹੋਣ ਦਾ ਕੀਮਤੀ ਸਬਕ ਵੀ ਲਿਆ। ਨਿਤਿਨ ਕੱਕੜ, ਜਿਸ ਦੀ ਫਿਲਮ ‘ਰਾਮ ਸਿੰਘ ਚਾਰਲੀ’ ਵਿੱਚ ਉਸ ਨੇ ਮੁੱਖ ਭੂਮਿਕਾ ਮੰਗੀ ਤਾਂ ਸਿੱਖਣ ਤੇ ਭੁੱਲਣ ਦਾ ਅਮਲ ਕਿਸੇ ਹੋਰ ਹੀ ਪੱਧਰ ’ਤੇ ਪਹੁੰਚ ਗਿਆ।

ਸਾਲ 1994 ਵਿੱਚ ਦਿਵਿਆ ਦੀ ਪਹਿਲੀ ਫਿਲਮ ‘ਇਸ਼ਕ ਮੇਂ ਜੀਨਾ ਇਸ਼ਕ ਮੇਂ ਮਰਨਾ’ ਆਉਣ ਤੋਂ ਬਾਅਦ ਕਈ ਸਾਲਾਂ ਦੌਰਾਨ ਫਿਲਮ ਉਦਯੋਗ ਵੱਡੇ ਬਦਲਾਅ ਵਿੱਚੋਂ ਲੰਘ ਚੁੱਕਾ ਹੈ। ਉਹ ਕਹਿੰਦੀ ਹੈ, “ਓਟੀਟੀ ਦੀ ਸ਼ੁਰੂਆਤ ਨੇ ਵਿਸ਼ਾ-ਵਸਤੂ ਤੇ ਸੰਦਰਭ ਨੂੰ ਹੋਰ ਗਹਿਰਾਈ ਦਿੱਤੀ ਹੈ। ਸਰੋਤੇ ਨਵੀਆਂ ਚੀਜ਼ਾਂ ਮੰਗ ਰਹੇ ਹਨ ਤੇ ਅਦਾਕਾਰ ਵੀ ਗੁੰਝਲਦਾਰ ਤੇ ਮੋੜ-ਘੇੜ ਵਾਲੇ ਕਿਰਦਾਰ ਨਿਭਾਉਣ ਦੇ ਚਾਹਵਾਨ ਹਨ।” ਉਹ ਖ਼ੁਦ ਵੀ ਨਵੇਂ ਕਿਰਦਾਰ ਨਿਭਾ ਰਹੀ ਹੈ ਤੇ ਆਪਣੇ ਸਫਲ ਸੰਗੀਤਕ ਸ਼ੋਅ ‘ਬੰਦਿਸ਼ ਬੈਂਡਿਟਸ’ ਦੇ ਦੂਜੇ ਸੀਜ਼ਨ ਪ੍ਰਤੀ ਉਤਸ਼ਾਹਿਤ ਹੈ। ਦਿਵਿਆ ਇੱਕ ਤੋਂ ਬਾਅਦ ਇੱਕ ਸਫਲਤਾ ਦੀਆਂ ਪੌੜੀਆਂ ਚੜ੍ਹਦੀ ਜਾ ਰਹੀ ਹੈ। ਉਸ ਕੋਲ ਕਈ ਪ੍ਰਾਜੈਕਟ ਹਨ, ਜਿਨ੍ਹਾਂ ਵਿੱਚ ਬਾਸੂ ਚੈਟਰਜੀ ਦੀ 1986 ’ਚ ਆਈ ਫਿਲਮ ‘ਏਕ ਰੁਕਾ ਹੁਆ ਫੈਸਲਾ’ ਦਾ ਰੀਮੇਕ ਵੀ ਸ਼ਾਮਲ ਹੈ। ਇਸ ਪ੍ਰਤਿਭਾਸ਼ਾਲੀ ਅਭਿਨੇਤਰੀ ਦਾ ਭਵਿੱਖ ਪਹਿਲਾਂ ਨਾਲੋਂ ਵੀ ਵੱਧ ਰੌਸ਼ਨ ਨਜ਼ਰ ਆ ਰਿਹਾ ਹੈ।

ਦਿਵਿਆ ਦੱਤਾ ਨੇ ਸਿਰਫ਼ ਚੋਟੀ ਦੇ ਨਿਰਦੇਸ਼ਕਾਂ ਨਾਲ ਹੀ ਨਹੀਂ ਬਲਕਿ ਸ਼ਾਹਰੁਖ ਖਾਨ ਤੇ ਅਮਿਤਾਭ ਬੱਚਨ ਵਰਗੇ ਸੁਪਰਸਟਾਰਾਂ ਨਾਲ ਵੀ ਕੰਮ ਕੀਤਾ ਹੈ। ਆਮ ਬੰਦਾ ਸੋਚਦਾ ਹੈ ਕਿ ‘ਇਹ ਸੁਪਰਸਟਾਰ ਕਿਸ ਤਰ੍ਹਾਂ ਦੇ ਲੋਕ ਹੁੰਦੇ ਹਨ ?’ ਤੇ ਦਿਵਿਆ ਦੱਸਦੀ ਹੈ “ਬਹੁਤ ਪਿਆਰੇ ਲੋਕ ਹਨ, ਵਿਲੱਖਣ ਤੇ ਸੱਚੇ। ਅਸੀਂ ਹੀ ਉਨ੍ਹਾਂ ਨੂੰ ਇੱਕ ਵਿਸ਼ੇਸ਼ ਨਜ਼ਰ ਨਾਲ ਦੇਖਦੇ ਹਾਂ ਪਰ ਉਨ੍ਹਾਂ ਦਾ ਇੱਕ ਹੋਰ ਬਹੁਤ ਸੰਵੇਦਨਸ਼ੀਲ, ਮਾਨਵੀ ਪੱਖ ਵੀ ਹੁੰਦਾ ਹੈ। ਸੂਖ਼ਮ ਤੇ ਤੇਜ਼ ਨਜ਼ਰ ਸਣੇ ਕਈ ਗੁਣ ਹੁੰਦੇ ਹਨ ਜੋ ਉਨ੍ਹਾਂ ਦੇ ਸਟਾਰਡਮ ਨੂੰ ਸੰਭਾਲ ਕੇ ਰੱਖਦੇ ਹਨ।”

# ਚਾਚੀ ਅਤਰੋ ਨੂੰ ਅਮਰ ਕਰ ਗਿਆ ਸਰੂਪ ਪਰਿੰਦਾ

ਰਜਵਿੰਦਰ ਪਾਲ ਸ਼ਰਮਾ





ਪੰਜਾਬੀ ਰੰਗਮੰਚ ਤੋਂ ਲੈ ਕੇ ਪੰਜਾਬੀ ਫਿਲਮਾਂ ਵਿੱਚ ਚਾਚੀ ਅਤਰੋ ਦੇ ਕਿਰਦਾਰ ਨੂੰ ਅਮਰ ਕਰਨ ਵਾਲੇ ਸਰੂਪ ਪਰਿੰਦਾ ਨੇ ਆਪਣੇ ਹੁਨਰ ਸਦਕਾ ਪੰਜਾਬੀਆਂ ਦੇ ਦਿਲਾਂ ਵਿੱਚ ਆਪਣੀ ਥਾਂ ਪੱਕੀ ਕਰ ਲਈ ਹੈ। ਅਦਾਕਾਰੀ ਪ੍ਰਤੀ ਚੇਟਕ ਉਸ ਨੂੰ ਬਚਪਨ ਤੋਂ ਹੀ ਲੱਗ ਗਈ ਸੀ। ਪਿੰਡ ਵਿੱਚ ਹੋਣ ਵਾਲੀ ਰਾਮਲੀਲਾ ਵਿੱਚ ਉਹ ਲਗਾਤਾਰ ਭਾਗ ਲੈਂਦਾ ਸੀ। ਇਸ ਤਰ੍ਹਾਂ ਹੌਲੀ ਹੌਲੀ ਅਦਾਕਾਰੀ ਦਾ ਸ਼ੌਕ ਉਸ ਦਾ ਜਨੂੰਨ ਬਣ ਗਿਆ।

ਬਠਿੰਡਾ ਵਿਖੇ 1938 ਵਿੱਚ ਉਸ ਦਾ ਜਨਮ ਹੋਇਆ ਤਾਂ ਮਾਪਿਆਂ ਨੇ ਉਸ ਦਾ ਨਾਂ ਸਰੂਪ ਸਿੰਘ ਰੱਖਿਆ। ਬਚਪਨ ਤੋਂ ਹੀ ਰੰਗਮੰਚ ਨਾਲ ਜੁੜਿਆ ਸਰੂਪ ਸਿੰਘ ਜਦੋਂ ਮਹਿੰਦਰ ਸਿੰਘ ਬਾਵਰਾ ਦੇ ਥੀਏਟਰ ਕਲੱਬ ਨਾਲ ਜੁੜਿਆ ਤਾਂ ਉੱਥੇ ਪਹਿਲਾਂ ਤੋਂ ਹੀ ਸਰੂਪ ਸਿੰਘ ਪੰਛੀ ਨਾਂ ਦਾ ਅਦਾਕਾਰ ਕੰਮ ਕਰ ਰਿਹਾ ਸੀ। ਇਸ ’ਤੇ ਉਸ ਦੇ ਅਦਾਕਾਰ ਸਾਥੀ ਉਸ ਨੂੰ ਸਰੂਪ ਪਰਿੰਦਾ ਕਹਿਣ ਲੱਗ ਪਏ। ਸਰੂਪ ਪਰਿੰਦਾ ਦੀ ਕਾਮੇਡੀ ਦੇਖ ਕੇ ਇੱਕ ਵਾਰ ਇੱਕ ਮੰਤਰੀ ਨੇ ਉਸ ਨੂੰ ਪੰਜ ਰੁਪਏ ਇਨਾਮ ਦੇ ਨਾਲ ਨਾਲ ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਵਿੱਚ ਨੌਕਰੀ ਦੇ ਦਿੱਤੀ। ਨੌਕਰੀ ਦੌਰਾਨ ਵੀ ਉਹ ਆਪਣੀ ਅਦਾਕਾਰੀ ਨੂੰ ਪੂਰਾ ਸਮਾਂ ਦਿੰਦਾ ਰਿਹਾ। ਇਸ ਦਾ ਹੀ ਨਤੀਜਾ ਹੈ ਕਿ ਪੰਜਾਬੀ ਹੁਣ ਸਰੂਪ ਪਰਿੰਦਾ ਨੂੰ ਭੁਲਾ ਕੇ ਚਾਚੀ ਅਤਰੋ ਨੂੰ ਆਪਣੇ ਦਿਲਾਂ ਵਿੱਚ ਵਸਾ ਚੁੱਕੇ ਹਨ।

ਸਰੂਪ ਪਰਿੰਦਾ ਚਾਚੀ ਅਤਰੋ ਬਣ ਕੇ ਪੰਜ ਦਹਾਕੇ ਪੰਜਾਬੀ ਰੰਗਮੰਚ ਤੇ ਫਿਲਮਾਂ ਦੀ ਸੇਵਾ ਕਰਦਾ ਰਿਹਾ। ਘੱਟ ਪੜ੍ਹਿਆ ਲਿਖਿਆ ਹੋਣ ਦੇ ਬਾਵਜੂਦ ਉਸ ਦੀ ਪੰਜਾਬੀ ਬੋਲੀ ’ਤੇ ਪਕੜ ਬਹੁਤ ਵਧੀਆ ਸੀ। ਉਹ ਪੇਂਡੂ ਔਰਤਾਂ ਦੀ ਤਰ੍ਹਾਂ ਗੱਲਬਾਤ ਕਰਦਾ ਸੀ। ਉਸ ਦੀ ਬੋਲ-ਬਾਣੀ ਅਤੇ ਰਹਿਣ-ਸਹਿਣ ਵਿੱਚੋਂ ਪਿੰਡਾਂ ਦੀ ਨੁਹਾਰ ਬਾਖ਼ੂਬੀ ਝਲਕਦੀ ਸੀ। ਇਸ ਦੌਰਾਨ ਹੀ ਉਹ ਪੰਜਾਬੀ ਰੰਗਮੰਚ ਅਤੇ ਫਿਲਮਾਂ ਦੇ ਬਿਹਤਰੀਨ ਕਲਾਕਾਰਾਂ ਦੇ ਸੰਪਰਕ ਵਿੱਚ ਆਇਆ। ਉਸ ਨੇ ਜਸਵਿੰਦਰ ਭੱਲਾ, ਮੇਹਰ ਮਿੱਤਲ, ਰਾਣਾ ਰਣਵੀਰ, ਭਗਵੰਤ ਮਾਨ, ਗੁਰਪ੍ਰੀਤ ਘੁੱਗੀ, ਯੋਗਰਾਜ ਅਤੇ ਗੁੱਗੂ ਗਿੱਲ ਵਰਗੇ ਸੁਪਰਹਿੱਟ ਕਲਾਕਾਰਾਂ ਨਾਲ ਕੰਮ ਕਰਕੇ ਪੰਜਾਬੀ ਸਿਨੇਮਾ ਨੂੰ ਚਾਰ ਚੰਨ ਲਾਉਂਦੇ ਹੋਏ ਇੱਕ ਨਵੀਂ ਪਛਾਣ ਦਿੱਤੀ। 1980 ਵਿੱਚ ਸਰੂਪ ਪਰਿੰਦਾ ਜਦੋਂ ਜਸਵਿੰਦਰ ਭੱਲਾ ਨਾਲ ਹਿੰਦੀ ਫਿਲਮ ‘ਸਾਸੋਂ ਕੀ ਸਰਗਮ’ ਕਰ ਰਿਹਾ ਸੀ ਤਾਂ ਜਸਵਿੰਦਰ ਭੱਲਾ ਨੇ ਕਿਹਾ ਕਿ ਉਹ ਜਲੰਧਰ ਦੂਰਦਰਸ਼ਨ ’ਤੇ ਇੱਕ ਲੜੀਵਾਰ ਸ਼ੁਰੂ ਕਰਨਾ ਚਾਹੁੰਦੇ ਹਨ। ਇਸ ਲਈ ਤੁਸੀਂ ਆਪਣਾ ਨਾਂ ਸੰਤੋ, ਬੰਤੋ ਜਾਂ ਕੋਈ ਹੋਰ ਰੱਖੋ। ਇਸ ’ਤੇ ਸਰੂਪ ਪਰਿੰਦਾ ਨੂੰ ਯਾਦ ਆਇਆ ਕਿ ਉਨ੍ਹਾਂ ਦੇ ਗੁਆਂਢ ਵਿੱਚ ਦੋ ਸਕੀਆਂ ਭੈਣਾਂ ਰਹਿੰਦੀਆਂ ਹਨ ਜਿਨ੍ਹਾਂ ਦਾ ਨਾਂ ਅਤਰੋ-ਚਤਰੋ ਸੀ। ਉਨ੍ਹਾਂ ਨੂੰ ਦੇਖ ਕੇ ਹੀ ਸਰੂਪ ਪਰਿੰਦਾ ਨੇ ਆਪਣਾ ਨਾਮ ਅਤਰੋ ਅਤੇ ਆਪਣੇ ਗੁਆਂਢੀ ਦੇਸ ਰਾਜ ਸ਼ਰਮਾ ਦਾ ਨਾਂ ਚਤਰੋ ਰੱਖਿਆ। ਅੱਸੀ ਦੇ ਦਹਾਕੇ ਵਿੱਚ ਪੰਜਾਬੀ ਸਿਨੇਮਾ ਵਿੱਚ ਅਤਰੋ-ਚਤਰੋ ਦੀ ਜੋੜੀ ਨੇ ਖ਼ੂਬ ਨਾਮ ਕਮਾਇਆ। ਇੱਕ ਵਾਰ ਉਨ੍ਹਾਂ ਦੀ ਅਦਾਕਾਰੀ ਤੋਂ ਖ਼ੁਸ਼ ਹੋ ਕੇ ਤਤਕਾਲੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਚਿੱਠੀ ਲਿਖ ਕੇ ਉਨ੍ਹਾਂ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਸੀ। ਇਨ੍ਹਾਂ ਦੇ ਨਾਂ ’ਤੇ ਅੰਮ੍ਰਿਤਸਰ ਵਿੱਚ ਕੱਪੜੇ ਵੀ ਆਏ ਜੋ ਪੂਰੇ ਪੰਜਾਬ ਵਿੱਚ ਪ੍ਰਸਿੱਧ ਹੋਏ।

ਆਪਣੇ ਜੀਵਨ ਦੌਰਾਨ ਉਸ ਨੇ ਤੀਹ ਫਿਲਮਾਂ ਅਤੇ ਪੰਜਾਹ ਟੈਲੀਫਿਲਮਾਂ ਦੇ ਕੇ ਪੂਰੀ ਦੁਨੀਆ ਵਿੱਚ ਆਪਣੀ ਬਿਹਤਰੀਨ ਅਦਾਕਾਰੀ ਦਾ ਲੋਹਾ ਮਨਵਾਇਆ। ਉਸ ਨੇ ਆਪਣੀਆਂ ਪ੍ਰਸਿੱਧ ਫਿਲਮਾਂ ‘ਪੁੱਤ ਜੱਟਾਂ ਦੇ’, ‘ਜੱਟ ਤੇ ਜ਼ਮੀਨ’, ‘ਯਾਰੀ ਜੱਟ ਦੀ’, ‘ਪਟੋਲਾ’ ਦੇ ਨਾਲ ਨਾਲ ‘ਅਤਰੋ ਡਾਰਲਿੰਗ ਆਈ ਲਵ ਯੂ’, ‘ਗੂੰਗੇ ਦਾ ਵਿਆਹ’, ‘ਬਾਪੂ ਦਾ ਵਿਆਹ’, ‘ਮੋਮੋਠਗਣੀਆਂ’, ‘ਛੜਾ ਜੇਠ’, ‘ਅਤਰੋ ਚੱਕ ਦੇ ਫੱਟੇ’ ਅਤੇ ‘ਅਤਰੋ ਦਾ ਕਾਕਾ’ ਨਾਲ ਪੰਜਾਬੀ ਸਿਨੇਮਾ ਨੂੰ ਬੁਲੰਦੀਆਂ ’ਤੇ ਪਹੁੰਚਾਇਆ। ਸਰੂਪ ਪਰਿੰਦੇ ਦਾ ਵਿਆਹ 1962 ਵਿੱਚ ਦਲੀਪ ਕੌਰ ਨਾਲ ਹੋਇਆ ਅਤੇ ਇਨ੍ਹਾਂ ਦੇ ਘਰ ਦੋ ਪੁੱਤਰਾਂ ਗੁਰਪ੍ਰੀਤ ਸਿੰਘ ਹੈਪੀ ਅਤੇ ਰਜਿੰਦਰ ਸਿੰਘ ਨੇ ਜਨਮ ਲਿਆ। ਕਾਮੇਡੀ ਦੇ ਨਾਲ ਨਾਲ ਸਰੂਪ ਪਰਿੰਦੇ ਨੇ ਪੰਜਾਬੀ ਟੀਵੀ ਨਾਟਕ ‘ਘਰ ਜਵਾਈ’, ‘ਨਸੀਹਤ’, ‘ਫਲਾਤੋ’, ‘ਕੁੱਲੀ ਯਾਰ ਦੀ’ ਅਤੇ ਇੱਕ ਕਿਤਾਬ ‘ਮੇਰਾ ਜੀਵਨ ਮੇਰੇ ਹਾਸੇ’ ਵੀ ਮਾਂ ਬੋਲੀ ਦੀ ਝੋਲੀ ਪਾਈਆਂ।

ਸਰੂਪ ਪਰਿੰਦਾ ਸਾਰੀ ਉਮਰ ਲੋਕਾਂ ਦਾ ਮਨੋਰੰਜਨ ਕਰਦਾ ਰਿਹਾ। ਉਸ ਦੀ ਕਾਮੇਡੀ ਵਿੱਚ ਵਿਅੰਗ ਦੇ ਨਾਲ ਨਾਲ ਸਾਰਥਿਕ ਸੁਨੇਹਾ ਵੀ ਹੁੰਦਾ ਸੀ। ਸਮਾਜ ਦੀ ਦਸ਼ਾ ਨੂੰ ਉਹ ਬਾਖ਼ੂਬੀ ਆਪਣੀ ਅਦਾਕਾਰੀ ਰਾਹੀਂ ਲੋਕਾਂ ਸਾਹਮਣੇ ਪੇਸ਼ ਕਰਦਾ ਸੀ। ਲੋਕਾਂ ਨੂੰ ਹਸਾਉਣ ਅਤੇ ਚਾਚੀ ਅਤਰੋ ਨੂੰ ਅਮਰ ਕਰਨ ਵਾਲਾ ਸਰੂਪ ਪਰਿੰਦਾ 04 ਮਾਰਚ 2016 ਨੂੰ ਰੁਖ਼ਸਤ ਹੋ ਗਿਆ। ਸਰੂਪ ਪਰਿੰਦਾ ਹੁਣ ਸਰੀਰਕ ਰੂਪ ਵਿੱਚ ਭਾਵੇਂ ਸਾਡੇ ਕੋਲ ਨਹੀਂ ਪ੍ਰੰਤੂ ਚਾਚੀ ਅਤਰੋ ਦੇ ਕਿਰਦਾਰ ਦੇ ਰੂਪ ਵਿੱਚ ਹਮੇਸ਼ਾ ਸਾਡੇ ਸਾਰਿਆਂ ਦੇ ਦਿਲਾਂ ਵਿੱਚ ਜਿਊਂਦਾ ਰਹੇਗਾ।

## ਬਸੰਤੀ ਨਿਸ਼ਾਨ ਸਾਹਿਬ ਦੇ ਹੱਕ ਵਿੱਚ ਪੂਰਾ ਸਿੱਖ

ਪਰ ਦਰਬਾਰ ਸਾਹਿਬ ਕੰਪਲੈਕਸ ਤੇ ਇਤਿਹਾਸਕ ਗੁਰਦੁਆਰਿਆਂ ਵਿੱਚ ਭਗਵੇਂ ਕਿਉਂ ਹਨ ? ਇਸ ਗੱਲ ਦਾ ਜੁਆਬ ਬਡੂੰਗਰ ਸਾਬ ਨਹੀਂ ਦੇ ਸਕੇ।

ਸ਼੍ਰੋਮਣੀ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਤੁਸੀਂ ਪੱਤਰਕਾਰ ਵਿਵਾਦ ਨਾ ਫ਼ੈਲਾਉ।ਮੈਂ ਅਗੋਂ ਕਿਹਾ ਕਿ ਤੁਸੀਂ ਸ਼੍ਰੋਮਣੀ ਕਮੇਟੀ ਮੈਂਬਰ ਹੋ ਤੇ ਅਕਾਲ ਤਖ਼ਤ ਦੀ ਮਰਿਆਦਾ ਅਨੁਸਾਰ ਦਲੀਲ ਦੇਵੋ। ਬਡੂੰਗਰ ਸਾਬ ਕਹਿਣ ਲਗੇ ਕਈ ਵਾਰ ਰੰਗਾਂ ਵਿੱਚ ਫ਼ਰਕ ਪੈ ਜਾਂਦਾ ਹੈ,ਪੜਤਾਲ ਕਰਕੇ ਠੀਕ ਕਰਵਾਂਗੇ।ਇਹ ਮਸਲਾ ਮੈਂ ਜਥੇਦਾਰ ਵੇਦਾਂਤੀ ਸਾਹਿਬ ਸਮੇਂ ਵੀ ਚੁਕਿਆ, ਪਰ ਉਹ ਕੋਈ ਸਾਰਥਕ ਜੁਆਬ ਨਹੀਂ ਦੇ ਸਕੇ। ਇਹਨਾਂ ਘਟਨਾਵਾਂ ਨੂੰ 25 ਸਾਲ ਹੋ ਗਏ ਹਨ। ਫ਼ੈਸਲਾ ਹੁਣ ਪੰਥਕ ਸੋਚ ਅਨੁਸਾਰ ਹੋਇਆ ਹੈ। ਇਸ ਦਾ ਸਮੁਚੇ ਸਿੱਖ ਪੰਥ ਵੱਲੋਂ ਸਵਾਗਤ ਕਰਨਾ ਚਾਹੀਦਾ ਹੈ।ਚਲੋ ਅਕਾਲੀ ਦਲ ਵੀ ਪੰਥਕ ਰੰਗ ਵਿੱਚ ਪਰਤਿਆ। ਇਸ ਦਾ ਵੀ ਸਵਾਗਤ ਹੈ। ਹਾਲੇ ਉਸਨੇ ਸਿੱਖ ਦਾਰਸ਼ਨਿਕ ਤੇ ਸਿਧਾਂਤਕ ਪਹੁੰਚ ਵਲ ਸ.ਫ਼ਰ ਕਰਨਾ ਹੈ।

***

## ਪੈਰਿਸ ਉਲੰਪਿਕ ਖੇਡਾਂ ’ਚ

ਦੇਸ਼ ਦੀ ਹਾਕੀ ਟੀਮ ਵਿੱਚ ਪੰਜਾਬ ਦੇ ਇਸ ਵੇਲੇ 10 ਖਿਡਾਰੀ ਖੇਡ ਰਹੇ ਹਨ ਤੇ ਸਪੋਰਟਸ ਅਥਾਰਟੀ ਆਫ਼ ਇੰਡੀਆ ਨੇ ਪੰਜਾਬ ਵਿੱਚ ਕੋਈ ਵੀ ਹਾਕੀ ਦਾ ਸੈਂਟਰ ਫਾਰ ਐਕਸੀਲੈਂਸ ਜਾਂ ਕੋਈ ਹੋਰ ਹਾਕੀ ਦੀ ਵੱਡੀ ਸਕੀਮ ਕਦੇ ਵੀ ਅਲਾਟ ਨਹੀਂ ਕੀਤੀ ।ਉਸ ਵਲੋਂ ਪੰਜਾਬ ਦੀ ਹਾਕੀ ਨਾਲ ਸ਼ਰੇਆਮ ਧੱਕਾ ਕੀਤਾ ਜਾ ਰਿਹਾ ਹੈ, ਸਾਡੇ ਮੈਂਬਰ ਪਾਰਲੀਮੈਂਟ ਇਸ ਮਾਮਲੇ ’ਤੇ ਖਾਮੋਸ਼ ਬੈਠੇ ਹਨ। ਸਿਆਸਤਦਾਨ ਖੇਡ ਸਹੂਲਤ ਤੇ ਫੰਡ ਦੇਣ ਸਮੇਂ ਵੀ ਵੋਟ ਰਾਜਨੀਤੀ ਨੂੰ ਪਹਿਲ ਦਿੰਦੇ ਹਨ।ਉਂਝ ਸੰਸਦ ’ਚ ਬਿਆਨ ਦੇ ਕੇ ਫੋਕੀ ਵਾਹ-ਵਾਹ ਜ਼ਰੂਰ ਕਰਵਾ ਲੈਂਦੇ ਹਨ ਤੇ ਖਿਡਾਰੀਆਂ ਵੱਲੋਂ ਜਿੱਤੇ ਤਗਮਿਆਂ ਦਾ ਸਿਹਰਾ ਲੈਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਖਿਡਾਰੀਆਂ ਨੂੰ ਸਹੂਲਤਾਂ ਦੇਣ ਦੀ ਗੱਲ ਹੁੰਦੀ ਹੈ ਤਾਂ ਖ਼ਾਮੋਸ਼ ਹੋ ਜਾਂਦੇ ਹਨ ਤੇ ਮਾੜੇ ਪ੍ਰਦਰਸ਼ਨ ’ਤੇ ਆਲੋਚਨਾ ਕਰਦੇ ਹਨ।ਜਦੋਂ ਕੋਈ ਖਿਡਾਰੀ ਆਪਣੇ ਬਲਬੂਤੇ ਤਗਮੇ ਜਿੱਤ ਲੈਂਦਾ ਹੈ ਤਾਂ ਉਸ ਵੇਲੇ ਆਪਣੀ ਤੇ ਆਪਣੀ ਸਰਕਾਰ ਦੀ ਆਪੇ ਪਿੱਠ ਥਾਪੜਨ ਲੱਗ ਜਾਂਦੇ ਹਨ।

ਜੇ ਅੱਜ ਭਾਰਤੀ ਹਾਕੀ ਇਸ ਮੁਕਾਮ ’ਤੇ ਪੁੱਜੀ ਹੈ ਤੇ ਉਸ ਵਿੱਚ ਓਡੀਸ਼ਾ ਦੇ ਸਾਬਕਾ ਮੁੱਖ ਮੰਤਰੀ ਨਵੀਨ ਪਟਨਾਇਕ ਦਾ ਅਹਿਮ ਯੋਗਦਾਨ ਹੈ, ਕਿਉਂਕਿ ਉਹ ਆਪ ਹਾਕੀ ਦੇ ਖਿਡਾਰੀ ਰਹੇ ਹਨ।ਉਨ੍ਹਾਂ ਨੇ ਆਪਣੇ ਰਾਜ ’ਚ ਹਾਕੀ ਲਈ ਐਸਾ ਮਾਹੌਲ ਕਰੋੜਾਂ ਰੁਪਏ ਖ਼ਰਚ ਕਰਕੇ ਤਿਆਰ ਕੀਤਾ ਤੇ ਭਾਰਤੀ ਹਾਕੀ ’ਚ ਮੁੜ ਜਾਨ ਫੂਕ ਦਿੱਤੀ।

ਟੋਕੀਓ ਉਲੰਪਿਕ ਵਿਚੋਂ 41 ਸਾਲ ਦੇ ਅਰਸੇ ਬਾਅਦ ਕਾਂਸੀ ਦਾ ਤਗਮਾ ਜਿੱਤਣ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ।

ਹਰ ਸਾਲ 100 ਕਰੋੜ ਤੋਂ ਵੱਧ ਉਹ ਭਾਰਤੀ ਹਾਕੀ ’ਤੇ ਖ਼ਰਚ ਕਰਦੇ ਸਨ।ਅੱਜ ਜਦੋਂ ਪੈਰਿਸ ਉਲੰਪਿਕ ’ਚੋਂ ਭਾਰਤੀ ਹਾਕੀ ਨੇ ਮੁੜ ਕਾਂਸੀ ਦਾ ਤਗਮਾ ਜਿੱਤਿਆ ਹੈ ਤਾਂ ਕਿਸੇ ਵੀ ਖੇਡ ਅਧਿਕਾਰੀ, ਮੰਤਰੀ ਤੇ ਫੈਡਰੇਸ਼ਨ ਦੇ ਅਹੁਦੇਦਾਰ ਨੇ ਓਡੀਸ਼ਾ ਦੇ ਸਾਬਕਾ ਮੁੱਖ ਮੰਤਰੀ ਦੇ ਹਾਕੀ ਨੂੰ ਮੁੜ ਸੁਰਜੀਤ ਕਰਨ ਵਿੱਚ ਪਾਏ ਅਹਿਮ ਯੋਗਦਾਨ ਨੂੰ ਯਾਦ ਕਰਨਾ ਜ਼ਰੂਰੀ ਨਹੀਂ ਸਮਝਿਆ।ਦੇਸ਼ ਦੇ ਨੇਤਾਵਾਂ ਵੱਲੋਂ ਵੋਟ ਬੈਂਕ ਨੂੰ ਪੱਕਾ ਕਰਨ ਲਈ ਆਪਣੇ ਨਾਂਅ ’ਤੇ ਸਟੇਡੀਅਮਾਂ ਦੀ ਉਸਾਰੀ ਕਰਵਾਈ ਜਾਂਦੀ ਹੈ, ਐਵਾਰਡ ਵੀ ਆਪਣੇ ਨਾਂਅ ’ਤੇ ਦਿੱਤੇ ਜਾਂਦੇ ਹਨ ਤੇ ਜਦੋਂ ਕਿਸੇ ਵੀ ਖਿਡਾਰੀ ਨੂੰ ਭਰਤ ਰਤਨ ਦੇਣ ਦੀ ਮੰਗ ਖੇਡ ਜਗਤ ਵੱਲੋਂ ਕੀਤੀ ਜਾਂਦੀ ਹੈ ਤਾਂ ਉਸ ਵੇਲੇ ਇਨ੍ਹਾਂ ਦੀ ਬੋਲਤੀ ਬੰਦ ਹੋ ਜਾਂਦੀ ਹੈ।ਇਸ ਦੇ ਨਾਲ ਹੀ ਖੇਡ ਫੈਡਰੇਸ਼ਨਾਂ ’ਤੇ ਵੀ ਰਾਜਨੇਤਾਵਾਂ ਨੇ ਕਬਜ਼ਾ ਕੀਤਾ ਹੋਇਆ ਹੈ ਜਾਂ ਆਪਣੇ ਰਿਸ਼ਤੇਦਾਰ ਭਰਤੀ ਕੀਤੇ ਹੋਏ ਹਨ ਤੇ ਆਪਣੀਆਂ ਮਨਮਰਜ਼ੀਆਂ ਕਰਕੇ ਖਿਡਾਰੀਆਂ ਨੂੰ ਆਪਣੇ ਇਸ਼ਾਰਿਆ ’ਤੇ ਚੱਲਣ ਲਈ ਮਜਬੂਰ ਕਰਦੇ ਹਨ। ਜੇ ਕੋਈ ਵਿਨੇਸ਼ ਫੋਗਾਟ ਬਣ ਕੇ ਫੈਡਰੇਸ਼ਨ ਦੇ ਵਿਰੁੱਧ ਝੰਡਾ ਚੁੱਕ ਲੈਂਦੀ ਹੈ ਤਾਂ ਫੇਰ ਮੌਕੇ ਦੀਆਂ ਸਰਕਾਰਾਂ ਮੂਕ ਦਰਸ਼ਕ ਬਣ ਜਾਂਦੀਆਂ ਹਨ ਤੇ ਇਸੇ ਕਰਕੇ ਫੈਡਰੇਸ਼ਨਾਂ ’ਤੇ ਕਾਬਜ਼ ਬਾਹੂਬਲੀਆਂ ਨੇ ਖਿਡਾਰੀਆਂ ਨੂੰ ਸੜਕ ’ਤੇ ਸੰਘਰਸ਼ ਕਰਨ ਲਈ ਮਜਬੂਰ ਕਰ ਦਿੱਤਾ ਸੀ।ਖੇਡਾਂ ਅੰਦਰ ਸਿਆਸਤ ਲਿਆ ਕੇ ਖਿਡਾਰੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਦੀਆਂ ਨਵੀਆਂ ਪਿਰਤਾਂ ਪਾਈਆਂ ਹਨ।

ਦੇਸ਼ ਦੇ ਨੇਤਾ ਸਿਰਫ਼ ਆਪਣੇ ਵੋਟ ਬੈਂਕ ਨੂੰ ਪੱਕਾ ਕਰਨ ਲਈ ਆਪਣੀ ਗ੍ਰਾਂਟ ਉਥੇ ਖ਼ਰਚ ਕਰਦੇ ਹਨ, ਜਿਥੋਂ ਵੋਟਾਂ ਮਿਲ ਸਕਦੀਆਂ ਹੋਣ।ਖੇਡਾਂ ਦੇ ਸੈਂਟਰ, ਸਟੇਡੀਅਮ, ਖੇਡ ਸਕੀਮਾਂ ਤੇ ਹੋਰ ਸਹੂਲਤਾਂ ਵੱਲ ਇਨ੍ਹਾਂ ਦਾ ਕੋਈ ਧਿਆਨ ਨਹੀਂ ਹੈ। ਫਿਰ ਉਲੰਪਿਕ ਵਿੱਚ ਆਪਣੇ ਦੇਸ਼ ਦੇ ਖਿਡਾਰੀਆਂ ਤੋਂ ਅਸੀਂ ਤਗਮਿਆਂ ਦੀ ਆਸ ਕਿਸ ਮੂੰਹ ਨਾਲ ਕਰ ਰਹੇ ਹਾਂ ? ਪੈਰਿਸ ਉਲੰਪਿਕ ਦੀ ਤਗਮਾ ਸੂਚੀ ਵਿੱਚ ਭਾਰਤ ਅਜੇ ਵੀ 69ਵੇਂ ਸਥਾਨ ’ਤੇ ਖੜ੍ਹਾ ਹੈ ਤੇ ਇਸ ਪ੍ਰਦਰਸ਼ਨ ਨੂੰ ਨਿਰਾਸ਼ਾਜਨਕ ਕਹਿਣਾ ਕੋਈ ਗ਼ਲਤ ਨਹੀਂ ਹੋਵੇਗਾ। 140 ਕਰੋੜ ਆਬਾਦੀ ਵਾਲੇ ਦੇਸ਼ ਨੂੰ ਇਸ ਨਾਲੋਂ ਚੰਗਾ ਪ੍ਰਦਰਸ਼ਨ ਕਰਨਾ ਚਾਹੀਦਾ ਸੀ, ਜਦ ਕਿ ਭਾਰਤ ’ਚ ਪੈਸੇ ਦੀ ਕੋਈ ਸਮੱਸਿਆ ਨਹੀਂ ਹੈ।ਦੇਸ਼ ਵਿੱਚ ਉਲੰਪਿਕ ਪੱਧਰ ਦੇ ਖਿਡਾਰੀ ਤਿਆਰ ਕਰਨ ਵਿੱਚ ਸਾਡੀ ਸੋਚ ਚੰਗੀ ਨਹੀਂ ਹੈ। ਇਸ ਲਈ ਸਾਨੂੰ ਅੱਜ ਤੋਂ ਦੇਸ਼ ਅੰਦਰ ਖੇਡ ਸੱਭਿਆਚਾਰ ਪੈਦਾ ਕਰਨ ਦੀ ਜ਼ਰੂਰਤ ਹੈ ਨਾ ਕਿ ਸਾਨੂੰ ਚਾਰ ਸਾਲ ਬਾਅਦ ਆਉਣ ਵਾਲੀ ਉਲੰਪਿਕ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ।

***

## ਸਿੱਖ ਪੰਥ ਅਕਾਲ ਤਖ਼ਤ ਸਾਹਿਬ ਦੇ ਨਾਮ

ਜਥੇਦਾਰ ਜੀ ਦਾ ਇਹ ਫੈਸਲਾ ਸਪਸ਼ਟੀਕਰਨ ਰੂਪ ਵਿੱਚ ਸ਼ਲਾਘਾਯੋਗ ਹੈ।ਸਿੱਖ ਪੰਥ ਨੂੰ ਇਹਨਾਂ ਭਰਮ ਫੈਲਾਊ ਬਿਆਨਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਜੋ ਅਕਾਲ ਤਖਤ ਸਾਹਿਬ ਦੇ ਨਾਮ ਝੂਠੇ ਜਾਰੀ ਹੋ ਰਹੇ ਹਨ। ਜਥੇਦਾਰ ਜੀ ਨੂੰ ਬੇਨਤੀ ਹੈ ਕਿ ਉਹ ਜਦੋ ਸਿਧਾਂਤਕ ਫੈਸਲਾ ਕਰਨਗੇ, ਸਿੱਖ ਪੰਥ ਦੇਸਾਂ ਵਿਦੇਸ਼ਾਂ ਵਿੱਚ ਉਨ੍ਹਾਂ ਦੀ ਤਾਕਤ ਬਣਕੇ ਖਲੋਏਗਾ,ਜਿਵੇਂ ਨਿਸ਼ਾਨ ਸਾਹਿਬ ਦੇ ਫੈਸਲੇ ਉੱਪਰ ਸਿੱਖ ਪੰਥ ਜਥੇਦਾਰ ਨਾਲ ਹੈ।

***

## ਇਰਾਨ ਅਮਰੀਕੀ ਚੋਣਾਂ ਨੂੰ

ਮਾਈਕ੍ਰੋਸਾਫਟ ਨੇ ਕਿਹਾ ਕਿ ਉਹ ਇਸ ਗੱਲ ਉੱਪਰ ਨਿਗਰਾਨੀ ਕਰ ਰਿਹਾ ਹੈ ਕਿ ਵਿਦੇਸ਼ੀ ਵਿਰੋਧੀ ਏ.ਆਈ. ਤਕਨਾਲੋਜੀ ਦੀ ਵਰਤੋਂ ਕਿਵੇਂ ਕਰ ਰਹੇ ਹਨ ? ਨਿਆਂ ਵਿਭਾਗ ਨੇ ਇਸ ਹਫ਼ਤੇ ਇਰਾਨ ਨਾਲ ਸਬੰਧ ਰੱਖਣ ਵਾਲੇ ਇੱਕ ਪਾਕਿਸਤਾਨੀ ਵਿਅਕਤੀ ਵਿਰੁੱਧ ਅਪਰਾਧਿਕ ਦੋਸ਼ਾਂ ਦਾ ਖੁਲਾਸਾ ਕੀਤਾ, ਜਿਸ ’ਤੇ ਟਰੰਪ ਸਮੇਤ ਕਈ ਅਧਿਕਾਰੀਆਂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ।

ਇਰਾਨ ਦੇ ਸੰਯੁਕਤ ਰਾਸ਼ਟਰ ਮਿਸ਼ਨ ਨੇ ਐਸੋਸੀਏਟਡ ਪ੍ਰੈਸ ਨੂੰ ਇੱਕ ਈਮੇਲ ਵਿੱਚ ਕਿਹਾ, ‘ਇਰਾਨ ਖੁਦ ਆਪਣੇ ਬੁਨਿਆਦੀ ਢਾਂਚੇ, ਜਨਤਕ ਸੇਵਾ ਕੇਂਦਰਾਂ ਅਤੇ ਉਦਯੋਗਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਕਈ ਹਮਲਾਵਰ ਸਾਈਬਰ ਮੁਹਿੰਮਾਂ ਦਾ ਸ਼ਿਕਾਰ ਰਿਹਾ ਹੈ।’ ਇਰਾਨ ਦੀ ਸਾਈਬਰ ਸਮਰੱਥਾ ਰੱਖਿਆਤਮਕ ਹੈ।ਇਰਾਨ ਦਾ ਨਾ ਤਾਂ ਸਾਈਬਰ ਹਮਲੇ ਕਰਨ ਦਾ ਕੋਈ ਇਰਾਦਾ ਹੈ ਅਤੇ ਨਾ ਹੀ ਉਸ ਦੀ ਯੋਜਨਾ ਹੈ।ਅਮਰੀਕੀ ਰਾਸ਼ਟਰਪਤੀ ਚੋਣਾਂ ਇੱਕ ਅੰਦਰੂਨੀ ਮਾਮਲਾ ਹੈ ਜਿਸ ਵਿੱਚ ਇਰਾਨ ਦਖ਼ਲ ਨਹੀਂ ਦਿੰਦਾ।

ਸਮਝਿਆ ਜਾ ਸਕਦਾ ਹੈ ਕਿ ਇਜਰਾਈਲ ਦੇ ਹਮਾਇਤੀ ਹੋਣ ਕਾਰਨ ਅਮਰੀਕਾ ਦਾ ਇਰਾਨ ਨਾਲ ਟਕਰਾਅ ਵਧ ਸਕਦਾ ਹੈ।ਇਰਾਨ ਹਾਲਾਂ ਕਿ ਅਮਰੀਕਾ ਨਾਲ ਛੇੜ ਛਾੜ ਕਰਨ ਦੇ ਸਮੱਰਥ ਨਹੀਂ।

***

## 1947 ਦੀ ਦੇਸ਼ ਵੰਡ

ਇਹਨਾਂ ਦੀ ਦੇਣ ਹੈ ਜਿਸ ਨੇ ਭਾਰਤ ਵੰਡਿਆ, ਸਾਡਾ ਪੰਜਾਬ ਵੰਡਿਆ।

ਮੇਰੇ ਪੁਰਖਿਆਂ ਦਾ ਦਰਦ ਮੇਰਾ ਦਰਦ ਹੈ।

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਸਾਰਿਆਂ ਭਾਈਚਾਰਿਆਂ ਵਿਚੋਂ ਰਾਸ਼ਟਰੀ ਪੱਧਰ ਦਾ ਕੋਈ ਨੇਤਾ ਨਾ ਪੈਦਾ ਕਰ ਸਕੀ ਅਤੇ ਇਹ ਇਤਿਹਾਸ ਦੇ ਅਤਿ-ਨਾਜ਼ੁਕ ਮੌੜ ’ਤੇ ਇਸ ਲਈ ਤਬਾਹੀ ਦਾ ਸਬੱਬ ਬਣਿਆ। ਪੰਜਾਬ ਦਾ ਦੁਖਾਂਤ ਇਸੇ ਘਾਟ ਵਿਚੋਂ ਉਪਜਿਆ।

ਪੰਜਾਬ ਦੀ ਲੀਡਰਸ਼ਿਪ ਪੰਜਾਬ ਵਿੱਚ ਹੀ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਨਾਲ ਹੀ ਸੰਤੁਸ਼ਟ ਸੀ। ਸਿੱਖ ਲੀਡਰਸ਼ਿਪ ਵੀ ਇਸ ਰਵਾਇਤੀ ਕਮਜ਼ੋਰੀ ਦਾ ਸ਼ਿਕਾਰ ਸੀ। ਇਸ ਤੋਂ ਇਲਾਵਾ ਸਿੱਖ ਲੀਡਰਸ਼ਿਪ ਦੇ ਸਾਹਮਣੇ ਤੇਜ ਤਰਾਰ ਯੋਗ ਲੁੰਬੜ ਵਰਗੀ ਚਲਾਕ ਲੀਡਰਸ਼ਿਪ ਜਿਵੇਂ ਨਹਿਰੂ, ਗਾਂਧੀ ਅਤੇ ਜਿਨਾਹ ਆਦਿ ਸਨ ਜਿਸ ਨੇ ਸਿੱਖ ਲੀਡਰਸ਼ਿਪ ਨੂੰ ਸਵੈ-ਰੱਖਿਆਤਮਕ ਸਥਿਤੀ ਵਿੱਚ ਪਾ ਦਿੱਤਾ।

ਸਭ ਤੋਂ ਮਹੱਤਵਪੂਰਨ ਸਿੱਖਾਂ ਦੀ ਪ੍ਰਮੁੱਖ ਪਾਰਟੀ ਅਕਾਲੀ ਦਲ ਦੀ ਲੀਡਰਸ਼ਿਪ ਵਿੱਚ ਲਗਾਤਾਰ ਬਦਲ ਰਹੀ ਰਾਜਨੀਤਿਕ ਸਥਿਤੀ ਨੂੰ ਸਮਝਣ, ਹਲ਼ ਭਾਲਣ ਅਤੇ ਹੁੰਗਾਰਾ ਦੇਣ ਦੀ ਲਚਕਤਾ ਅਤੇ ਯੋਗਤਾ ਦੀ ਘਾਟ ਸੀ।ਉਨ੍ਹਾਂ ਨੇ ਦੂਜੇ ਭਾਈਚਾਰਿਆਂ ਨਾਲ ਸੰਵਾਦ ਵਿਚੋਂ ਨਿਕਲਣ ਵਾਲੇ ਸੰਭਾਵੀ ਬਦਲ ਨੂੰ ਅਖੋਂ ਪਰੋਖੇ ਕਰ ਦਿੱਤਾ।

ਰਾਜਨੀਤੀ ਵਿੱਚ ਸੰਵਾਦੀ ਤਰਕ, ਰਾਜਸੀ ਸੂਝ ਬੂਝ ਉਸ ਸਮੇਂ ਦੀ ਲੋੜ ਸੀ, ਪਰ ਉਸ ਸਮੇਂ ਦੀ ਅਕਾਲੀ ਲੀਡਰਸ਼ਿਪ ਬ੍ਰਿਟਿਸ਼ ਸਲਾਹ ਤੇ ਕਾਂਗਰਸੀਆਂ ਆਗੂਆਂ ਦੇ ਲਾਰਿਆਂ ਉੱਤੇ ਜਿਆਦਾ ਨਿਰਭਰ ਰਹੀ, ਪਰ ਵਿਵਹਾਰਕ ਰੂਪ ਵਿੱਚ ਗਲਤ ਤੇ ਸਿੱਖ ਬਰਬਾਦੀ ਦੇ ਫੈਸਲੇ ਲਏ। ਅਜਿਹੀ ਲੀਡਰਸ਼ਿਪ ਵਿਚੋਂ ਹੀ ਬਾਦਲਕੇ ਨਿਕਲੇ।

ਅਜੇ ਤਕ ਅਸੀਂ ਆਪਣੀ ਲੀਡਰਸ਼ਿਪ ਦਾ ਵਿਸ਼ਲੇਸ਼ਣ ਨਹੀਂ ਕਰ ਸਕੇ ਜਥੇਬੰਦ ਕਿਵੇਂ ਹੋਈਏ ? ਲੀਡਰ ਦੀ ਚੋਣ ਕਿਵੇਂ ਕਰੀਏ ? ਸਮੂਹ ਪੰਜਾਬੀਆਂ ਦੀ ਅਗਵਾਈ ਕਿਵੇਂ ਕਰੀਏ ? ਮੇਰੀ ਵਾਹਿਗੁਰੂ ਅੱਗੇ ਅਰਦਾਸ ਹੈ ਸਰਹੱਦਾਂ ਖਤਮ ਹੋਣ, ਦਰਬਾਰ ਸਾਹਿਬ ਤੇ ਕਰਤਾਰਪੁਰ ਆਪਸ ਵਿੱਚ ਆ ਮਿਲਣ, ਸਰਬੱਤ ਦੇ ਭਲੇ ਦੀ ਅਰਦਾਸ ਲਗਾਤਾਰ ਜਾਰੀ ਰਹੇ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ।

## ਵੰਡ ਦੇ ਦੁਖਾਂਤ ਤੋਂ ਪੀੜਤ ਮਾਸਟਰ ਰਾਮ ਪ੍ਰਕਾਸ਼

ਅਤੇ ਵੰਡ ਹੋਣ ਉਪਰੰਤ ਸਾਡੇ ਪਰਿਵਾਰ ਦੇ ਬਜ਼ੁਰਗ ਅਤੇ ਆਂਢੀ ਗਵਾਂਢੀ ਮੁਸਲਮਾਨ ਅੱਲਾਹ ਰੱਖਾ ਅਤੇ ਦਿੱਤਾ ਦੇ ਪਰਿਵਾਰ ਨੂੰ ਜਿੱਥੇ ਇਸ ਵੇਲੇ ਕਰਤਾਰਪੁਰ ਕੋਰੀਡੋਰ ਬਣਿਆ ਹੈ। ਉਸ ਤੋਂ ਥੋੜੀ ਦੂਰ ਵਹਿੰਦੇ ਰਾਵੀ ਦਰਿਆ ਰਾਹੀਂ ਪਾਕਿਸਤਾਨ ਵਾਲੇ ਪਾਸੇ ਛੱਡ ਕੇ ਆਏ ਸਨ। ਭਾਵੇਂ ਉਸ ਸਮੇਂ ਉਸ ਦੀ ਉਮਰ ਸੱਤ ਅੱਠ ਸਾਲ ਸੀ ਪਰੰਤੂ ਉਸ ਦੇ ਦਰਦਨਾਕ ਮੰਜ਼ਰ ਅੱਜ ਵੀ ਅੱਖਾਂ ਮੂਹਰੇ ਘੁੰਮਦੇ ਹਨ। ਉਸ ਨੇ ਦੱਸਿਆ ਕਿ ਜਦੋਂ ਪਿੰਡ ਦੇ ਲੋਕ ਪਾਕਿਸਤਾਨ ਵਿੱਚ ਆਉਣ ਕਰਕੇ ਪੂਰੀ ਚਿੰਤਾ ਵਿੱਚ ਡੁੱਬੇ ਹੋਏ ਸਨ ਤਾਂ ਇਸ ਦੌਰਾਨ ਪਾਕਿਸਤਾਨ ਵਾਲੇ ਪਾਸੇ ਤੋਂ ਆਏ ਪਿਸ਼ੌਰ ਨਾਲ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਇਧਰ ਤੁਸੀਂ ਮੁਸਲਮਾਨਾਂ ਨੂੰ ਆਪਣੇ ਘਰਾਂ ਵਿੱਚ ਪਨਾਹ ਦੇ ਕੇ ਉਨ੍ਹਾਂ ਦੀ ਰਾਖੀ ਕਰ ਰਹੇ ਹੋ ਪ੍ਰੰਤੂ ਉਹ ਮੁਸਲਮਾਨ ਤਾਂ ਹਿੰਦੂ ਸਿੱਖਾਂ ਦੀਆਂ ਬਹੁ ਬੇਟੀਆਂ ਦੀ ਇੱਜ਼ਤ ਨੂੰ ਰੋਲਣ ਤੋਂ ਇਲਾਵਾ ਉਨ੍ਹਾਂ ਦੇ ਕਤਲ ਕਰ ਰਹੇ ਹਨ।ਇਸ ਤੋਂ ਬਾਅਦ ਗੁੱਸੇ ਵਿੱਚ ਆਏ ਹਿੰਦੂ ਸਿੱਖਾਂ ਨੇ ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ ਵਾਲੇ ਪਾਸੇ ਜਾਣ ਵਾਲੇ ਮੁਸਲਮਾਨਾਂ ਦੇ ਜਥਿਆਂ ਦੀ ਵੱਢ ਟੁੱਕ ਕਰਨੀ ਸ਼ੁਰੂ ਕਰ ਦਿੱਤੀ ਸੀ।ਸੁਲੱਖਣ ਸਿੰਘ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਅਤੇ ਆਸ ਪਾਸ ਦੇ ਖੇਤਰ ਵਿੱਚ ਮੁਸਲਮਾਨਾਂ ਦੇ ਬਜ਼ੁਰਗਾਂ, ਨੌਜਵਾਨਾਂ, ਬੱਚਿਆਂ ਅਤੇ ਔਰਤਾਂ ਦੀਆਂ ਲਾਸ਼ਾਂ ਦੇ ਢੇਰ ਲੱਗ ਗਏ ਸਨ।ਡੇਰਾ ਬਾਬਾ ਨਾਨਕ ਦੀ ਧਰਤੀ ਖੂਨ ਨਾਲ ਲਾਲੋ ਲਾਲ ਹੋ ਗਈ ਸੀ।

ਇੱਥੋਂ ਤੱਕ ਕੇ ਰਾਵੀ ਦਰਿਆ ’ਚ ਲਾਸ਼ਾਂ ਦੇ ਢੇਰ ਲੱਗ ਗਏ ਸਨ।ਇਸ ਮੌਕੇ ਫੌਜ ਨੇ ਜਥਿਆਂ ’ਤੇ ਹਮਲੇ ਕਰਨ ਵਾਲੇ ਲੋਕਾਂ ’ਤੇ ਵੀ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਡੇਰਾ ਬਾਬਾ ਨਾਨਕ ਵਿੱਚ ਤੰਬੂ ਲਗਾ ਕੇ ਕੈਂਪ ਲੱਗ ਗਏ ਸਨ ਅਤੇ ਇੱਥੋਂ ਹੀ ਲੋਕ ਹੌਲੀ ਹੌਲੀ ਆਪ ਜ਼ਮੀਨਾਂ ਦੀ ਅਲਾਟਮੈਂਟ ਹੋਣ ਤੋਂ ਬਾਅਦ ਗਏ ਸਨ।ਸੁਲੱਖਣ ਸਿੰਘ ਨੇ ਦੱਸਿਆ ਕਿ ਵੰਡ ਦੌਰਾਨ ਡੇਰਾ ਬਾਬਾ ਨਾਨਕ ਨਾਲ ਲੱਗਦੇ ਪਿੰਡ ਪੱਖੋਕੇ, ਜਲੋ ਨੰਗਲ, ਸਿੰਧਵ ਆਦਿ ਪਿੰਡ ਇਧਰ ਭਾਰਤ ਵਾਲੇ ਪਾਸੇ ਆ ਗਏ ਸਨ ਜਦ ਕਿ ਘਣੀਆਂ, ਸਹਾਰਨ, ਕਸੋਵਾਲ ਪਾਕਿਸਤਾਨ ਵਾਲੇ ਪਾਸੇ ਚੱਲ ਗਏ ਸਨ।

ਜੋ ਬਾਅਦ ਵਿੱਚ ਭਾਰਤ ਪਾਕਿਸਤਾਨ ਦੀ ਲੀਕ ਵੱਜਣ ਤੋਂ ਬਾਅਦ ਅਦਲਾ ਬਦਲੀ ਕੀਤੇ ਗਏ ਸਨ। ਲੱਖਾਂ ਸਿੰਘ ਨੇ ਦੱਸਿਆ ਕਿ ਵੰਡ ਦੌਰਾਨ ਗੋਰਾ ਨਾਗਾ ਸਾਬ ਨੇ ਗੋਲੀਆਂ ਚਲਾ ਕੇ ਕਈ ਸਿੱਖਾਂ ਹਿੰਦੂਆਂ ਦੀ ਜਾਨ ਲਈ ਸੀ ਅਤੇ ਬਾਅਦ ਵਿੱਚ ਸਾਡੇ ਰਿਸ਼ਤੇਦਾਰ ਸਵਰਨ ਸਿੰਘ, ਜੋ ਕਪਤਾਨ ਦਾ ਡਰਾਈਵਰ ਸੀ, ਨੇ ਕਲਾਨੌਰ ਦੇ ਰੱਕੜ ਵਿੱਚ ਜਾ ਕੇ ਕਈ ਲੋਕਾਂ ਦੇ ਸਹਿਯੋਗ ਨਾਲ ਉਸ ਦਾ ਜਵਾਬ ਦਿੱਤਾ ਸੀ ਅਤੇ ਉਸ ਦੀਆਂ ਗੋਲੀਆਂ ਖਤਮ ਹੋਣ ’ਤੇ ਉਹ ਪਾਕਿਸਤਾਨ ਵਾਲੇ ਪਾਸੇ ਭੱਜ ਗਿਆ ਸੀ।ਇਸ ਮੌਕੇ ’ਤੇ ਸੁਲੱਖਣ ਸਿੰਘ ਨੇ ਆਪਣੀ ਲੰਮੀ ਉਮਰ ਦਾ ਰਾਜ ਦੱਸਦਿਆਂ ਹੋਇਆ ਕਿਹਾ ਕਿ ਪਹਿਲੇ ਸਮਿਆਂ ਵਿੱਚ ਤਾਂ ਲੋਕ ਚਾਹ ਨਹੀਂ ਪੀਂਦੇ ਸਨ ਅਤੇ ਲੱਸੀ, ਦੁੱਧ ਘਿਓ ਖਾ ਕੇ ਹੱਡ ਭੰਨਵੀ ਮਿਹਨਤ ਕਰਦੇ ਸਨ ਪਰੰਤੂ ਹੁਣ ਲੋਕ ਖੁਰਾਕ ਵਾਲੀਆਂ ਖਾਣ ਵਾਲੀਆਂ ਚੀਜ਼ਾਂ ਤੋਂ ਦੂਰ ਹੁੰਦੇ ਜਾ ਰਹੇ ਹਨ ਅਤੇ ਕੰਮ ਘੱਟ ਕਰਨ ਕਰਕੇ ਲੋਕਾਂ ਦੀ ਉਮਰ ਵੀ ਘਟਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਵਾਨੀ ਵਿੱਚ ਚਾਰ ਕਨਾਲ ਝੋਨਾ ਇੱਕੋ ਵਾਰ ਲਗਾਤਾਰ ਲਗਾ ਕੇ 500 ਰੁਪਏ ਦੀ ਸ਼ਰਤ ਵੀ ਉਨ੍ਹਾਂ ਜਿੱਤੀ ਸੀ।

****

## ਇਜ਼ਰਾਇਲ -ਇਰਾਨ ਅਤੇ ਰੂਸ-ਯੂਕਰੇਨ ਦੇ ਤਣਾਅ

ਬੀਤੇ ਦਿਨੀਂ ਯੂਕਰੇਨੀ ਫੌਜ ਨੇ ਇੱਕ ਵੀਡੀਓ ਜਾਰੀ ਕੀਤਾ ਸੀ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਨੇ ਰੂਸ ’ਚ ਕੁਰਸਕ ਨਾਮਕ ਇੱਕ ਮਹੱਤਵਪੂਰਨ ਖੇਤਰ ਤੇ ਯੂਰਪ ਨੂੰ ਸਪਲਾਈ ਕਰਨ ਵਾਲੇ ਇੱਕ ਗੈਸ ਪਲਾਂਟ ’ਤੇ ਕਬਜ਼ਾ ਕਰ ਲਿਆ ਹੈ। ਯੂਕਰੇਨ ਦੇ ਇਸ ਹਮਲੇ ਦੇ ਜਵਾਬ ਵਿੱਚ ਪੁਤਿਨ ਦੀ ਪ੍ਰਤੀਕਿਰਿਆ ਆਈ ਹੈ, ਪੁਤਿਨ ਨੇ ਇਸ ਹਮਲੇ ਦਾ ਜਵਾਬ ਦੇਣ ਲਈ ‘ਸਖਤ ਕਦਮ’ ਚੁੱਕਣ ਦੀ ਗੱਲ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਯੂਕਰੇਨ ਨੇ ਰੂਸ ਦੀਆਂ ਸਰਹੱਦਾਂ ਪਾਰ ਕਰ ਲਈਆਂ ਹਨ ਅਤੇ ਸਖ਼ਤ ਜਵਾਬੀ ਕਾਰਵਾਈ ਕੀਤੀ ਜਾਵੇਗੀ।

ਯੂਕਰੇਨ ਦੇ ਇੱਕ ਸੀਨੀਅਰ ਰੱਖਿਆ ਅਧਿਕਾਰੀ ਨੇ ਕਿਹਾ ਕਿ ਰੂਸ ਬਹੁਤ ਵੱਡਾ ਤੇ ਸਖ਼ਤ ਜਵਾਬ ਦੇ ਸਕਦਾ ਹੈ।ਉਸ ਦਾ ਮੰਨਣਾ ਹੈ ਕਿ ਅਜਿਹਾ ਕਰ ਕੇ ਰੂਸ ਦੁਨੀਆਂ ਨੂੰ ਦਿਖਾਉਣਾ ਚਾਹੁੰਦਾ ਹੈ ਕਿ ਉਹ ਤਾਕਤਵਰ ਹੈ ਤੇ ਅਜਿਹੇ ਹਮਲਿਆਂ ਨੂੰ ਬਰਦਾਸ਼ਤ ਨਹੀਂ ਕਰੇਗਾ।ਪੁਤਿਨ ਦੀ ਧਮਕੀ ਅਤੇ ਰੂਸ ਦੀ ਸੰਭਾਵਿਤ ਜਵਾਬੀ ਕਾਰਵਾਈ ਨੇ ਕੌਮਾਂਤਰੀ ਭਾਈਚਾਰੇ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ।ਸਾਰੀਆਂ ਨਜ਼ਰਾਂ ਇਸ ਗੱਲ ’ਤੇ ਹਨ ਕਿ ਰੂਸ ਕੀ ਪ੍ਰਤੀਕਿਰਿਆ ਕਰੇਗਾ ਅਤੇ ਸਥਿਤੀ ਕਿੰਨੀ ਗੰਭੀਰ ਹੋ ਸਕਦੀ ਹੈ।

ਰਿਪੋਰਟਾਂ ਦੇ ਅਨੁਸਾਰ, ਸੁਦਜ਼ਾ ਕਸਬੇ ਨੂੰ 7 ਅਗਸਤ ਤੱਕ ਯੂਕਰੇਨੀ ਫੌਜਾਂ ਦੁਆਰਾ ਘੇਰ ਲਿਆ ਗਿਆ ਸੀ ਤੇ ਇਸ ਤੋਂ ਬਾਅਦ ਰੂਸੀ ਸੈਨਿਕਾਂ ਨੇ ਆਤਮ ਸਮਰਪਣ ਕੀਤਾ ਸੀ।ਇਸ ਹਮਲੇ ਨੂੰ ਰੂਸੀ ਫੌਜ ਨੂੰ ਹੋਰ ਖੇਤਰਾਂ ’ਚ ਕਮਜ਼ੋਰ ਕਰਨ ਦੀ ਰਣਨੀਤਕ ਕੋਸ਼ਿਸ਼ ਮੰਨਿਆ ਜਾ ਰਿਹਾ ਹੈ, ਇਸ ਘਟਨਾ ਤੋਂ ਬਾਅਦ ਰੂਸ ਨੇ ਇਸ ਖੇਤਰ ਵਿੱਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ ਅਤੇ 3000 ਤੋਂ ਵੱਧ ਨਾਗਰਿਕਾਂ ਨੂੰ ਬਾਹਰ ਕੱਢਿਆ ਗਿਆ ਹੈ।ਰੂਸੀ ਫੌਜ ਹੁਣ ਯੂਕਰੇਨ ਦੇ ਸੈਨਿਕਾਂ ਨੂੰ ਪਿੱਛੇ ਧੱਕਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਅਜੇ ਤੱਕ ਉਹ ਸਫਲ ਨਹੀਂ ਹੋ ਸਕੀ ਹੈ।

****

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਕਰਮਸਰ ਨੇ ਰਾਗੀ ਜਥਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਨਿਰਧਾਰਿਤ ਮਰਿਆਦਾ ਅਨੁਸਾਰ ਕੀਰਤਨ, ਕਥਾ ਸਮੇਂ ਕੀਰਤਨ ਕਰਨ ਅਤੇ ਉਨ੍ਹਾਂ ਨੂੰ ਨਾਮ ਸਿਮਰਨ ਲਈ ਵੱਖਰਾ ਸਮਾਂ ਦਿੱਤਾ ਜਾਵੇਗਾ। ਉਨ੍ਹਾਂ ਸੰਗਤਾਂ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਰਾਗੀ ਜਥਿਆਂ ਨੂੰ ਮਰਿਆਦਾ ਗੁਰਬਾਣੀ ’ਤੇ ਆਧਾਰਿਤ ਸ਼ਬਦ ਗਾਇਨ ਕਰਨ ਲਈ ਕਿਹਾ ਜਾਵੇ।

ਇਸ ਫੈਸਲੇ ’ਤੇ ਕਈ ਗ੍ਰੰਥੀ ਸਿੰਘਾਂ ਨੇ ਕਿਹਾ ਕਿ ਸਿੱਖ ਰਹਿਤ ਮਰਯਾਦਾ ਅਨੁਸਾਰ ਕੀਰਤਨ ਗੁਰਬਾਣੀ ਦੇ ਸ਼ੁੱਧ ਅਤੇ ਪਾਵਨ ਸਰੂਪ ਵਿੱਚ ਹੋਣਾ ਚਾਹੀਦਾ ਹੈ। ਕਈ ਲੋਕਾਂ ਨੇ ਕਿਹਾ ਕਿ ਇਹ ਇੱਕ ਸਵਾਗਤਯੋਗ ਕਦਮ ਹੈ। ਗੁਰਬਾਣੀ ਦਾ ਕੀਰਤਨ ਸ਼ੁੱਧਤਾ ਅਤੇ ਸ਼ਰਧਾ ਨਾਲ ਕਰਨਾ ਚਾਹੀਦਾ ਹੈ। ਗ੍ਰੰਥੀ ਸਿੰਘਾਂ ਨੇ ਦੱਸਿਆ ਕਿ ਡੀ.ਐਸ.ਜੀ.ਐਮ.ਸੀ. ਦਾ ਇਹ ਫੈਸਲਾ ਸਿੱਖ ਧਰਮ ਅਤੇ ਪਰੰਪਰਾਵਾਂ ਦੀ ਮਰਿਆਦਾ ਨੂੰ ਕਾਇਮ ਰੱਖਣ ਦੇ ਉਦੇਸ਼ ਨਾਲ ਲਿਆ ਗਿਆ ਹੈ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਆਉਣ ਵਾਲੇ ਸਮੇਂ ਵਿੱਚ ਸਿੱਖ ਕੌਮ ਇਸ ਫੈਸਲੇ ਨੂੰ ਕਿਵੇਂ ਸਵੀਕਾਰ ਕਰਦੀ ਹੈ ਅਤੇ ਇਸ ਦਾ ਕੀ ਪ੍ਰਭਾਵ ਪੈਂਦਾ ਹੈ।

## ਸ਼੍ਰੋਮਣੀ ਕਮੇਟੀ ਚੋਣਾਂ : ਸਿੱਖ ਵੋਟਰ ਫ਼ਾਰਮ

ਫ਼ਾਰਮ ਭਰਨ ਲਈ ਡੇਢ ਮਹੀਨਾ ਹੋਰ ਦਿੱਤਾ ਹੈ।ਇਹ ਵੀ ਪਤਾ ਲੱਗਾ ਹੈ ਕਿ ਚੀਫ਼ ਕਮਿਸ਼ਨਰ ਦੇ ਅਹੁਦੇ ਦੀ ਮਿਆਦ ਵੀ 1 ਸਾਲ ਹੋਰ ਵਧਾਈ ਗਈ ਹੈ। ਚੋਣ ਦਫ਼ਤਰ ਤੋਂ ਮਿਲੇ ਅੰਕੜਿਆਂ ਅਨੁਸਾਰ 2 ਦਿਨ ਪਹਿਲਾਂ ਤਕ ਵੋਟਰ ਫ਼ਾਰਮਾਂ ਦੀ ਗਿਣਤੀ ਸਾਢੇ 4 ਲੱਖ ਵੱਧ ਕੇ 32,14,178 ਹੋ ਗਈ ਸੀ।ਅੰਕੜਿਆਂ ਅਨੁਸਾਰ ਇਨ੍ਹਾਂ ਵਿੱਚ 17,77,390 ਸਿੱਖ ਬੀਬੀਆਂ ਨੇ ਵੋਟਰ ਫ਼ਾਰਮ ਭਰੇ ਜਦੋਂ ਕਿ ਸਿੱਖ ਮਰਦਾਂ ਨੇ ਕੇਵਲ 14,36,788 ਫ਼ਾਰਮ ਭਰੇ ਸਨ।

ਜ਼ਿਕਰਯੋਗ ਹੈ ਕਿ ਸਿੱਖ ਬੀਬੀਆਂ ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਲਈ ਮੈਂਬਰ ਚੁਣਨ ਵਾਸਤੇ ਮਰਦਾਂ ਨਾਲੋਂ ਦਿਲਚਸਪੀ ਵੱਧ ਹੈ।

ਦਸਣਾ ਬਣਦਾ ਹੈ ਕਿ ਹਰਿਆਣਾ ਦੀ ਭੁਪਿੰਦਰ ਹੁੱਡਾ ਕਾਂਗਰਸ ਸਰਕਾਰ ਨੇ ਵਖਰੀ ਕਮੇਟੀ ਦਾ ਐਕਟ 2015 ਵਿੱਚ ਬਣਾ ਲਿਆ ਸੀ ਜਿਸ ਕਰ ਕੇ ਕੁਲ 120 ਸੀਟਾਂ ਵਿਚੋਂ 8 ਕੱਟੀਆਂ ਗਈਆਂ। ਹੁਣ 110 ਸੀਟਾਂ ਤੋਂ ਪੰਜਾਬ ਲਈ 157 ਮੈਂਬਰ ਅਤੇ ਚੰਡੀਗੜ੍ਹ ਤੇ ਹਿਮਾਚਲ ਦੀ 1-1 ਸੀਟ ਤੋਂ ਇਕ ਇਕ ਮੈਂਬਰ ਚੁਣਿਆ ਜਾਵੇਗਾ ਜਦੋਂ ਕਿ 47 ਸੀਟਾਂ ਦੋਹਰੀ ਮੈਂਬਰਸ਼ਿਪ ਵਾਲੀਆਂ ਹਨ।

***

## ਅਕਾਲ ਤਖ਼ਤ ਸਾਹਿਬ ਤੋਂ ਨਿਸ਼ਾਨ ਸਾਹਿਬ ਦੇ ਰੰਗ

ਸਮਾਜ ਦੀ ਵਿਚਾਰਧਾਰਾ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਨੇ ਕੀਤਾ ਜਦਕਿ ਸਿੱਖਾਂ ਦੇ ਅੰਦਰੂਨੀ ਮਸਲਿਆਂ ਵਿੱਚ ਬੋਲਣ ਦਾ ਉਹਨਾਂ ਨੂੰ ਕੋਈ ਹੱਕ ਨਹੀਂ ਪਰ ਉਹਨਾਂ ਲੋਕਾਂ ਨੇ 1927 ਤੋਂ ਵਿਚਾਰ ਚਰਚਾ ਆਰੰਭ ਹੋਣ ਤੋਂ ਲੈ ਕੇ 1945 ਤੱਕ ਪੰਥ ਵਿੱਚ ਵਿਆਪਕ ਚਰਚਾ ਤੋਂ ਬਾਅਦ ਹੋਂਦ ਵਿੱਚ ਆਈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਨੂੰ ਅਤੇ ਸ਼੍ਰੋਮਣੀ ਕਮੇਟੀ ਨੂੰ ਵੀ ਅੰਗਰੇਜ਼ਾਂ ਦੀ ਉਪਜ ਦੱਸਿਆ ।

ਇਹ ਇਤਫ਼ਾਕ ਹੈ ਜਾਂ ਕੋਈ ਹੋਰ ਗੱਲ ਕਿ ਇਹਨਾਂ ਗੱਲਾਂ ਤੋਂ ਬਾਅਦ ਸਿੱਖਾਂ ਦੇ ਅੰਦਰੋਂ ਵੀ ਕੁਝ ਹਿੱਸੇ ਇਸੇ ਤਰਜ਼ ’ਤੇ ਨਿਸ਼ਾਨ ਸਾਹਿਬ ਦੇ ਅਸਲ ਰੰਗ ਬਸੰਤੀ/ ਪੀਲਾ (ਅਸਲ ਕੇਸਰੀ) ਤੇ ਸੁਰਮਈ ਕੀਤੇ ਜਾਣ ਦੇ ਪੰਥ ਪ੍ਰਵਾਨਿਤ ਫੈਸਲੇ ਨੂੰ ਬਦਲਾਉਣ ਲਈ ਸਰਗਰਮ ਹੋਏ ਹਨ।ਉਹਨਾਂ ਲੋਕਾਂ ਨੂੰ ਮੈਂ ਕਹਿਣਾ ਚਾਹਾਂਗਾ ਕਿ ਇਹ ਫੈਸਲਾ ਸਿੱਖ ਕੌਮ ਲਈ ਇਸ ਸਦੀ ਦੇ ਅਹਿਮ ਫੈਸਲਿਆਂ ਵਿੱਚੋਂ ਇੱਕ ਹੈ ਤੇ ਸਮੁੱਚੀ ਸਿੱਖ ਕੌਮ ਨੇ ਖਿੜੇ ਮੱਥੇ ਉਤਸ਼ਾਹ ਦੇ ਨਾਲ ਇਸਦਾ ਸਵਾਗਤ ਕਰਕੇ ਪੰਥਕ ਰਵਾਇਤਾਂ ਤੇ ਸਿਧਾਤਾਂ ਦੀ ਰੌਸ਼ਨੀ ਵਿੱਚ ਲਏ ਗਏ ਇਸ ਫੈਸਲੇ ਤੇ ਮੋਹਰ ਲਗਾਈ ਹੈ।

ਅੱਜ ਜੋ ਲੋਕ ਇਸ ਫੈਸਲੇ ਨੂੰ ਉਲ਼ਟਾਉਣ ਲਈ ਸਰਗਰਮ ਹੋਏ ਹਨ।ਉਹ ਇਹ ਗੱਲ ਚੇਤੇ ਰੱਖਣ ਕਿ ਸਿੱਖ ਸਿਧਾਤਾਂ, ਰਵਾਇਤਾਂ ਤੇ ਪੰਥ ਦੀ ਸਾਂਝੀ ਰਾਇ ਤੋਂ ਪਾਸੇ ਹੋਕੇ ਚੱਲਣ ਵਾਲੀ ਗੱਲ ’ਤੇ ਹੈ ਹੀ ਇਸਦੇ ਨਾਲ ਹੀ ਇਹ ਕੌਮ ਵਿੱਚ ਜਾਣ ਬੁਝਕੇ ਪੰਥ ਵਿਰੋਧੀ ਤਾਕਤਾਂ ਦੇ ਨਾਲ ਖੜਨ ਵਾਲੀ ਗੱਲ ਹੈ। ਜਿਹੜੇ ਵੀ ਲੋਕ ਚਾਹੇ ਉਹ ਕਿਸੇ ਵੀ ਅਹੁਦੇ ਜਾਂ ਰੁਤਬੇ ’ਤੇ ਹੋਣ ਜੋ ਵੀ ਇਸ ਫੈਸਲੇ ਦਾ ਵਿਰੋਧ ਕਰ ਰਹੇ ਹਨ ਜਾਂ ਕਰਨਗੇ ਉਹਨਾਂ ਦਾ ਭਾਂਡਾ ਪੰਥ ਵਿੱਚ ਸਰੇ ਬਜ਼ਾਰ ਭੱਜ ਜਾਵੇਗਾ ਤੇ ਉਹਨਾਂ ਦੀ ਸੰਘ ਤੇ ਆਰੀਆ ਸਮਾਜ ਨਾਲ ਸਾਂਝ ਸ਼ਰੇਆਮ ਨਸ਼ਰ ਹੋਵੇਗੀ ਕਿਉਂਕਿ ਸਾਰਾ ਪੰਥ ਇਸ ਮਸਲੇ ’ਤੇ ਇੱਕ ਮੱਤ ਹੈ।ਜੇਕਰ ਕਿਸੇ ਨੂੰ ਤਕਲੀਫ ਹੋਈ ਹੈ ਤਾਂ ਸਿੱਖਾਂ ਨੂੰ ਆਪਣੇ ’ਚ ਜਜਬ ਕਰਨ ਦੀ ਲਾਲਸਾ ਤੇ ਭਾਵਨਾ ਰੱਖਣ ਵਾਲੀਆਂ ਤਾਕਤਾਂ ਨੂੰ ਹੋਈ ਹੈ। ਹੁਣ ਜੋ ਵੀ ਪੰਥ ਦੇ ਉਲਟ ਜਾਵੇਗਾ, ਉਹ ਇਹਨਾਂ ਪੰਥ ਵਿਰੋਧੀ ਤਾਕਤਾਂ ਦੇ ਨਾਲ ਖੜ੍ਹੇਗਾ ਤੇ ਇਸ ਲਈ ਪੰਥ ਪ੍ਰਵਾਨਿਤ ਇਸ ਇਤਿਹਾਸਿਕ ਫੈਸਲੇ ਦਾ ਵਿਰੋਧ ਕਰਨ ਵਾਲਿਆਂ ਨੂੰ ਕੰਧ ’ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਉਨ੍ਹਾਂ ਕਿਹਾ ਕਿ ਅਸੀਂ ਸਿੰਘ ਸਾਹਿਬ ਜੱਥੇਦਾਰ ਰਘਬੀਰ ਸਿੰਘ ਦੀ ਅਗਵਾਈ ਵਿੱਚ ਲਏ ਗਏ ਇਸ ਇਤਿਹਾਸਕ ਫੈਸਲੇ ਦੀ ਵਧਾਈ ਦਿੰਦਿਆਂ ਇਸ ਇਲਾਹੀ ਹੁਕਮ ਅੱਗੇ ਸੀਸ ਝੁਕਾਉਂਦੇ ਹਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਹਨਾਂ ਹੁਕਮਾਂ ਨੂੰ ਤੁਰੰਤ ਲਾਗੂ ਕਰਨ ਦੇ ਅਮਲਾਂ ਦੀ ਅਸੀ ਭਰਪੂਰ ਸ਼ਲਾਘਾ ਕਰਦੇ ਹੋਏ ਦੁਨੀਆਂ ਭਰ ਦੀਆਂ ਸਿੱਖ ਸੰਸਥਾਵਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਵੀ ਜਲਦੀ ਤੋਂ ਜਲਦੀ ਇਸ ਇਲਾਹੀ ਫੁਰਮਾਨ ਨੂੰ ਅਮਲਾਂ ਵਿੱਚ ਲਿਆਉਣ।

## ਡਰ

ਮੈਂ ਤਾਂ ਸਾਰਾ ਜ਼ੋਰ ਲਾਈ ਜਾ ਰਿਹਾਂ ਇਹ ਮੁਲਾਕਾਤ ਰਿਸ਼ਤੇਦਾਰੀ 'ਚ ਬਦਲਣ ਲਈ ਤੇ ਤੁਸੀਂ ਕਹਿੰਦੇ ਓ ਇਕੱਲੀ ਚੁੰਨੀ ਚੜ੍ਹਾ ਕੇ ਧੀ ਰਾਣੀ ਨੂੰ ਲੈ ਜਾਣਾ।ਮੇਰਾ ਤਾਂ ਫਿਰ ਜ਼ੋਰ ਲਾਇਆ ਐਵੇਂ ਗਿਆ।ਮੇਰੇ ਤਾਂ ਕੱਪੜੇ ਵਿਕਣੋਂ ਗਏ।"
ਇਹ ਕਹਿ ਕੇ ਉਹ ਆਪ ਹੀ ਤਾੜੀ ਮਾਰ ਕੇ ਹੱਸ ਪਿਆ।ਉਹ ਸਾਰੇ ਵੀ ਹੱਸਣੋਂ ਨਾ ਰਹਿ ਸਕੇ।ਮੁੰਡੇ ਨੇ ਹੱਸਦਿਆਂ-ਹੱਸਦਿਆਂ ਕੁੜੀ ਵੱਲ ਇਸ ਤਰ੍ਹਾਂ ਦੇਖਿਆ ਜਿਵੇਂ ਕਹਿ ਰਿਹਾ ਹੋਵੇ 'ਕੀ ਮੈਂ ਤੈਨੂੰ ਪਸੰਦ ਹਾਂ ?' ਕੁੜੀ ਨੇ ਵੀ ਮੁਸਕਰਾ ਕੇ ਹਾਮੀ ਭਰ ਦਿੱਤੀ ਜਿਸ ਨੂੰ ਐੱਨ.ਆਰ.ਆਈ. ਬਹਾਦਰ ਸਿੰਘ ਨੇ ਦੇਖ ਲਿਆ।ਉਸ ਨੇ ਫਿਰ ਕਿਹਾ, "ਬੇਟਾ ਜੀ, ਕੋਈ ਜ਼ਬਰਦਸਤੀ ਨਹੀਂ, ਸਭ ਤੋਂ ਪਹਿਲਾਂ ਤਾਂ ਤੁਹਾਡੀ ਪਸੰਦ ਨਾਪਸੰਦ ਦੀ ਗੱਲ ਹੈ।ਜੇਕਰ ਤੁਹਾਨੂੰ ਮੇਰਾ ਲੜਕਾ ਪਸੰਦ ਹੈ ਤਾਂ ਹੀ ਮੈਂ ਤੁਹਾਡੇ ਮਾਤਾ-ਪਿਤਾ ਨੂੰ ਇਸ ਰਿਸ਼ਤੇ ਲਈ ਮਨਾ ਸਕਦਾਂ। ਬੋਲੋ ਬੇਟਾ ਮੇਰਾ ਬੇਟਾ ਪਸੰਦ ਹੈ ਤੁਹਾਨੂੰ ?"
"ਮੰਮੀ-ਡੈਡੀ ਜਿਵੇਂ ਕਹਿਣਗੇ।"
ਕੁੜੀ ਨੇ ਭਾਵੇਂ ਇਹ ਗੱਲ ਕਹਿ ਕੇ ਆਪਣੇ ਮਾਪਿਆਂ 'ਤੇ ਛੱਡ ਦਿੱਤੀ ਸੀ, ਪਰ ਇਹ ਕਹਿਣ ਵਿੱਚ ਉਸ ਦੀ ਹਾਮੀ ਸਾਫ਼ ਨਜ਼ਰ ਆ ਰਹੀ ਸੀ। ਬਲਦੇਵ ਸਿੰਘ ਨੇ ਮਨਜੀਤ ਨਾਲ ਪਾਸੇ ਹੋ ਕੇ ਗੱਲ ਕੀਤੀ।ਦੋਵਾਂ ਦੀ ਇੱਕੋ ਸੁਰ ਸੀ।ਮੁੰਡਾ ਤੇ ਪਰਿਵਾਰ ਉਨ੍ਹਾਂ ਨੂੰ ਪਸੰਦ ਸੀ, ਪਰ ਉਹ ਜਲਦਬਾਜ਼ੀ ਨਹੀਂ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਸੋਚਣ ਦਾ ਸਮਾਂ ਮੰਗਿਆ ਪਰ ਦੁਕਾਨਦਾਰ ਨੇ ਪੂਰਾ ਭਰੋਸਾ ਦਿੱਤਾ ਤੇ ਉਸ ਪਰਿਵਾਰ ਦੀ ਹਰ ਪੱਖੋਂ ਗਾਰੰਟੀ ਲਈ।ਬਲਦੇਵ ਸਿੰਘ ਨੇ ਜਕੋ-ਤਕੀ 'ਚ ਹਾਮੀ ਭਰ ਦਿੱਤੀ।ਉਸ ਦੇ ਹਾਮੀ ਭਰਨ ਦੀ ਦੇਰ ਸੀ। ਦੁਕਾਨਦਾਰ ਨੇ ਸ਼ਗਨ ਪਾਉਣ ਦੀ ਸਾਰੀ ਰਸਮ ਲਈ ਜ਼ਰੂਰੀ ਸਾਮਾਨ ਮਿੰਟਾਂ 'ਚ ਮੰਗਵਾ ਲਿਆ। ਆਪਣੀ ਦੁਕਾਨ ਉੱਪਰ ਬਣੀ ਜਗ੍ਹਾ ਵਿੱਚ ਜਾ ਕੇ ਸਭ ਨੇ ਸ਼ਗਨ ਪਾ ਦਿੱਤਾ ਤੇ ਇੱਕ-ਦੂਜੇ ਨੂੰ ਵਧਾਈਆਂ ਦਿੱਤੀਆਂ।
ਮਾਸਟਰ ਬਹਾਦਰ ਸਿੰਘ ਨੇ ਕਿਹਾ, "ਅੱਜ ਤੋਂ ਇਹ ਸਾਡੀ ਧੀ ਹੈ ਤੇ ਤੁਹਾਡੇ ਕੋਲ ਅਮਾਨਤ ਹੈ।" ਸਾਰੇ ਖ਼ੁਸ਼ ਸਨ।15 ਕੁ ਦਿਨਾਂ 'ਚ ਹੀ ਵਿਆਹ ਹੋ ਗਿਆ।ਅਜੇ ਦਿਲਪ੍ਰੀਤ ਨੇ ਬੀ.ਏ. ਫਾਈਨਲ ਦੇ ਪੇਪਰ ਦੇਣੇ ਸਨ।ਐੱਨ.ਆਰ.ਆਈ. ਪਰਿਵਾਰ ਨੇ ਪਤਾ ਨਹੀਂ ਸਫ਼ਾਰਤਖ਼ਾਨੇ ਨਾਲ ਕੀ ਰਾਬਤਾ ਕਾਇਮ ਕੀਤਾ ਕਿ ਉਹ ਆਪਣੇ ਨਾਲ ਹੀ ਦਿਲਪ੍ਰੀਤ ਨੂੰ ਕੈਨੇਡਾ ਲੈ ਗਏ। ਬਲਦੇਵ ਸਿੰਘ ਦਾ ਧੀ ਦੇ ਭਵਿੱਖ ਨੂੰ ਲੈ ਕੇ ਜੋ ਡਰ ਸੀ ਉਹ ਜਾਂਦਾ ਰਿਹਾ।
ਉਸ ਦੇ ਪੁੱਤਰ ਨੇ ਵੀ ਦਸਵੀਂ ਜਮਾਤ ਪਾਸ ਕਰ ਲਈ ਸੀ।ਹੁਣ ਉਸ ਨੇ ਸ਼ਹਿਰ ਗਿਆਰ੍ਹਵੀਂ ਜਮਾਤ 'ਚ ਦਾਖ਼ਲਾ ਲੈਣਾ ਸੀ। ਜਿੱਥੇ ਉਸ ਨੂੰ ਸ਼ਹਿਰ ਪੜ੍ਹਨ ਲੱਗਣ ਦਾ ਚਾਅ ਸੀ, ਉੱਥੇ ਉਸ ਦਾ ਪਿਤਾ ਬਲਦੇਵ ਸਿੰਘ ਸੋਚਣ ਲੱਗਾ, 'ਸ਼ਹਿਰ ਪੜ੍ਹਦਿਆਂ ਕਿਤੇ ਮੁੰਡੀਹਰ ਮੇਰੇ ਪੁੱਤਰ ਨੂੰ ਨਸ਼ਿਆਂ ਦੀ ਦਲਦਲ ਵਿੱਚ ਨਾ ਘੜੀਸ ਲਵੇ।ਖ਼ਾਸਕਰ ਚਿੱਟਾ ਨਾ ਲੈਣ ਲੱਗ ਜਾਵੇ! ਇਸ ਨੇ ਤਾਂ ਲੱਖਾਂ ਘਰਾਂ ਦੇ ਦੀਵੇ ਗੁੱਲ ਕਰ ਦਿੱਤੇ ਹਨ।' ਹੁਣ ਅਗਲਾ ਡਰ ਉਸ ਨੂੰ ਆਪਣੇ ਪੁੱਤਰ ਦੇ ਭਵਿੱਖ ਦਾ ਸਤਾਉਣ ਲੱਗਾ।

****

## ਕੀ ਦਲਿਤਾਂ ਤੇ ਹੋਰ ਪਛੜੇ ਵਰਗਾਂ

ਦੂਜੇ ਪਾਸੇ ਇਸ ਦੀ ਪ੍ਰਤੀਕਿਰਿਆ 'ਚ ਓ.ਬੀ.ਸੀ. ਸ਼੍ਰੇਣੀ ਦੀਆਂ ਸ਼ਕਤੀਸ਼ਾਲੀ ਖੇਤੀਹਰ ਜਾਤੀਆਂ ਉਸ ਦਾ ਸਾਥ ਛੱਡਣ ਵੱਲ ਜਾ ਸਕਦੀਆਂ ਹਨ। ਹਿੰਦੂਤਵ ਦੇ ਦਾਅਰੇ 'ਚ ਸੋਸ਼ਲ ਇੰਜੀਨੀਅਰਿੰਗ ਦੇ ਪੈਰੋਕਾਰਾਂ ਨੂੰ ਇਹ ਸਮਝਣ 'ਚ ਹਾਲੇ ਮੁਸ਼ਕਿਲ ਹੋਣ ਵਾਲੀ ਹੈ ਕਿ ਉਨ੍ਹਾਂ ਦੀ ਰਣਨੀਤੀ ਦੀ ਅਗਲੀ ਸੰਰਚਨਾ ਕੀ ਹੋਵੇਗੀ।
ਪਹਿਲੀ ਨਜ਼ਰ 'ਚ ਲੱਗ ਰਿਹਾ ਹੈ ਕਿ 'ਇੰਡੀਆ' ਗੱਠਜੋੜ ਨੂੰ ਇਸ ਫ਼ੈਸਲੇ ਨਾਲ ਕੁਝ ਫ਼ੌਰੀ ਲਾਭ ਹੋ ਸਕਦਾ ਹੈ।ਜਾਤੀਗਤ ਜਨਗਣਨਾ ਦੇ ਸਵਾਲ 'ਤੇ ਭਾਜਪਾ ਫੂਕ-ਫੂਕ ਕੇ ਕਦਮ ਰੱਖ ਰਹੀ ਹੈ। ਜਿੱਥੇ ਮਜਬੂਰੀ ਹੁੰਦੀ ਹੈ (ਜਿਵੇਂ ਬਿਹਾਰ), ਉੱਥੇ ਉਹ ਇਸ ਦਾ ਸਮਰਥਨ ਕਰਦੀ ਹੈ।ਪਰ ਸ੍ਰੀ ਮੋਦੀ ਦੀ ਚੋਣਾਵੀ ਮੁਹਿੰਮ ਦੌਰਾਨ ਉਸ ਨੂੰ ਸਮਾਜ ਨੂੰ ਤੋੜਨ ਵਾਲਾ ਵੀ ਕਰਾਰ ਦਿੱਤਾ ਗਿਆ ਹੈ।ਪਰ 'ਇੰਡੀਆ' ਗੱਠਜੋੜ 'ਚ ਕਾਂਗਰਸ ਦੀ ਲੀਡਰਸ਼ਿਪ ਖੁੱਲ੍ਹ ਕੇ ਜਾਤੀ ਆਧਾਰਿਤ ਮਰਦਮਸ਼ੁਮਾਰੀ ਦੇ ਪੱਖ 'ਚ ਹੈ।ਜੇਕਰ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਦਲਿਤ-ਆਦਿਵਾਸੀ ਅਤੇ ਓ.ਬੀ.ਸੀ. ਸ਼੍ਰੇਣੀਆਂ 'ਚ ਇਸ ਫ਼ੈਸਲੇ ਮੁਤਾਬਿਕ ਉਪ-ਸ਼੍ਰੇਣੀਆਂ ਬਣਾਉਣੀਆਂ ਪਈਆਂ, ਤਾਂ ਉਨ੍ਹਾਂ ਨੂੰ ਵਿਵਸਥਿਤ ਅਤੇ ਵਿਸਥਾਰਤ ਜਾਤੀ ਆਧਾਰਿਤ ਮਰਦਮਸ਼ੁਮਾਰੀ ਕਰਵਾਉਣ ਵੱਲ ਜਾਣਾ ਹੀ ਹੋਵੇਗਾ। ਇੱਕ ਤਰ੍ਹਾਂ ਨਾਲ ਸੁਪਰੀਮ ਕੋਰਟ ਨੇ ਇਹ ਫ਼ੈਸਲਾ ਦੇ ਕੇ ਜਾਤੀ ਆਧਾਰਿਤ ਮਰਦਮਸ਼ੁਮਾਰੀ ਕਰਨ ਦੀ ਮੰਗ 'ਤੇ ਅਣ-ਐਲਾਨੀ ਮੋਹਰ ਲਗਾ ਹੀ ਦਿੱਤੀ ਹੈ।ਸੰਘ ਦੇ ਸਿਧਾਂਤਕਾਰਾਂ ਲਈ ਇਹ ਪਹਿਲਾਂ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਿਲ ਹੈ ਕਿ ਇਸ ਫ਼ੈਸਲੇ ਦੀ ਰੌਸ਼ਨੀ 'ਚ ਹੋਈ ਜਾਤੀ ਆਧਾਰਿਤ ਮਰਦਮਸ਼ੁਮਾਰੀ ਦੇ ਨਤੀਜੇ ਵਜੋਂ ਹਿੰਦੂ ਰਾਜਨੀਤਕ ਏਕਤਾ ਦੀ ਨਵੀਂ ਤਸਵੀਰ ਕੀ ਹੋਵੇਗੀ ?

****

## ਪੰਜਾਬ ਨੂੰ ਖੇਤੀ ਅਤੇ ਪੇਂਡੂ ਆਰਥਿਕਤਾ ਦੇ ਸੰਕਟ

ਦਿਹਾਤੀ ਖੇਤਰ ਦੇ ਆਰਥਿਕ ਸੰਕਟ ਨੂੰ ਹੱਲ ਕਰਨ 'ਚ ਸਹਾਈ ਹੋਵੇਗੀ। ਇਸ ਦੇ ਨਾਲ-ਨਾਲ ਇਹ ਬਹੁਤ ਜ਼ਰੂਰੀ ਹੈ ਕਿ ਸੂਬੇ ਦੇ ਪੇਂਡੂ ਖੇਤਰਾਂ 'ਚ ਚੰਗੀਆਂ ਅਤੇ ਸਸਤੀਆਂ ਦਰਾਂ 'ਤੇ ਸਿਹਤ ਸਹੂਲਤਾਂ ਅਤੇ ਸਮੇਂ ਦੇ ਹਾਣ ਦੀ ਸਿੱਖਿਆ ਦਾ ਵੀ ਸਰਕਾਰ ਵਲੋਂ ਪ੍ਰਬੰਧ ਕਰਨਾ ਹੋਵੇਗਾ ਤਾਂ ਕਿ ਪੇਂਡੂਆਂ ਨੂੰ ਨਿੱਜੀ ਸਿੱਖਿਆ ਅਤੇ ਸਿਹਤ ਅਦਾਰਿਆਂ ਦੀ ਲੁੱਟ ਤੋਂ ਬਚਾਉਣ ਦੇ ਨਾਲ-ਨਾਲ ਚੰਗੀਆਂ ਸੇਵਾਵਾਂ ਵੀ ਦਿੱਤੀਆਂ ਜਾ ਸਕਣ। ਖੇਤੀਬਾੜੀ ਨੀਤੀ ਦੇ ਦੋ ਪਹਿਲੂ ਹੋਣੇ ਚਾਹੀਦੇ ਹਨ, ਪਹਿਲਾ ਛੋਟੇ ਸਮੇਂ ਦੌਰਾਨ ਅਪਣਾਈਆਂ ਜਾਣ ਵਾਲੀਆਂ ਅਤੇ ਦੂਜਾ ਲੰਮੇ ਸਮੇਂ ਦੌਰਾਨ ਅਪਣਾਈਆਂ ਜਾਣ ਵਾਲੀਆਂ ਨੀਤੀਆਂ ਲਾਗੂ ਕਰਕੇ ਪੰਜਾਬ ਨੂੰ ਖੇਤੀ ਦੇ ਸੰਕਟ ਅਤੇ ਪੇਂਡੂ ਆਰਥਿਕਤਾ ਦੇ ਸੰਕਟ 'ਚੋਂ ਕੱਢਣ ਦੇ ਸੰਜੀਦਾ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਆਖਰੀ, ਜੇਕਰ ਪੰਜਾਬ ਸਰਕਾਰ ਖੇਤੀ ਵਿਭਿੰਨਤਾ ਲਈ ਸੰਜੀਦਾ ਹੈ ਅਤੇ ਇਸ ਨੂੰ ਟਿਕਾਊ ਤੌਰ 'ਤੇ ਅਪਣਾਉਣਾ ਚਾਹੁੰਦੀ ਹੈ ਤਾਂ ਕੇਂਦਰ ਸਰਕਾਰ ਨੂੰ ਰਾਜ ਸਰਕਾਰ ਬਦਲਵੀਆਂ ਫ਼ਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖ਼ਰੀਦ ਦੀ ਕਾਨੂੰਨੀ ਗਾਰੰਟੀ ਦੇਣ ਲਈ ਮਨਾਉਣ ਲਈ ਚਾਰਾਜੋਈ ਕਰੇ, ਤਾਂ ਹੀ ਸੂਬੇ ਵਿਚ ਖੇਤੀ ਵਿਭਿੰਨਤਾ ਦੀ ਸਕੀਮ ਕਾਮਯਾਬ ਹੋ ਸਕੇਗੀ ਅਤੇ ਪੰਜਾਬ ਦੇ ਪਾਣੀਆਂ, ਖ਼ਾਸ ਕਰਕੇ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ।

***

## ਸਿਆਸੀ ਬੇਈਮਾਨੀ, ਆਰਥਿਕ ਬਦਨੀਤੀ

ਭਾਰਤ ਦਾ ਨੀਤੀ ਆਯੋਗ ਦਾਅਵਾ ਕਰਦਾ ਹੈ ਕਿ ਭਾਰਤ ਦੀ ਕੁੱਲ ਆਬਾਦੀ ਦੀ 5 ਫ਼ੀਸਦੀ ਆਬਾਦੀ ਗਰੀਬਾਂ ਦੀ ਹੈ।ਭਾਵ ਸੱਤ ਕਰੋੜ ਲੋਕ ਗਰੀਬ ਹਨ।ਸਰਕਾਰ ਨੇ ਘਰੇਲੂ ਉਪਯੋਗ ਸਰਵੇਖਣ ਕਰਵਾਇਆ ਅਤੇ ਕਿਹਾ ਕਿ ਪੇਂਡੂ ਖੇਤਰਾਂ 'ਚ ਪ੍ਰਤੀ ਵਿਅਕਤੀ ਔਸਤਨ ਖ਼ਰਚ 3094 ਰੁਪਏ ਅਤੇ ਸ਼ਹਿਰੀ ਖੇਤਰਾਂ 'ਚ 4963 ਰੁਪਏ ਹੈ।ਜਿਸਦਾ ਸਿੱਧਾ ਅਰਥ ਹੈ ਕਿ ਭਾਰਤ ਦੇ 71 ਕਰੋੜ ਲੋਕ ਪ੍ਰਤੀ ਦਿਨ 100-150 ਰੁਪਏ ਜਾਂ ਉਸਤੋਂ ਘੱਟ ਨਾਲ ਗੁਜ਼ਾਰਾ ਕਰਦੇ ਹਨ।ਜੇਕਰ ਪਰਤ-ਦਰ-ਪਰਤ ਹੇਠਾਂ ਜਾਈਏ ਤਾਂ ਤਸਵੀਰ ਹੋਰ ਵੀ ਨਿਰਾਸ਼ਾਜਨਕ ਹੈ।ਸਭ ਤੋਂ ਹੇਠਲੇ 20 ਫੀਸਦੀ ਲੋਕ 70-100 ਰੁਪਏ 'ਤੇ ਜੀਵਨ ਨਿਰਬਾਹ ਕਰਦੇ ਹਨ ਅਤੇ ਹੋਰ ਹੇਠਲੇ 10 ਫ਼ੀਸਦੀ ਲੋਕ 60-90 ਰੁਪਏ 'ਤੇ ਜੀਵਨ ਗੁਜ਼ਾਰਾ ਕਰਦੇ ਹਨ।ਕੀ ਇਹ ਗਰੀਬ ਨਹੀਂ ਹਨ ? ਜਾਂ ਇਹਨਾ ਦੀ ਸ਼੍ਰੇਣੀ ਗਰੀਬੀ ਰੇਖਾ ਤੋਂ ਵੀ ਹੋਰ ਹੇਠ ਹੈ ?
ਇਥੇ ਇਹ ਗੱਲ ਸਮਝਣ ਵਾਲੀ ਹੈ ਕਿ ਆਬਾਦੀ ਦਾ 50 %, ਭਾਵ 71 ਕਰੋੜ ਲੋਕ, ਨਾ ਤਾਂ ਸਰਕਾਰੀ ਕਰਮਚਾਰੀ ਹਨ, ਨਾ ਹੀ ਸਰਕਾਰੀ ਪੈਨਸ਼ਨ ਧਾਰਕ ਹਨ, ਨਾ ਹੀ ਪ੍ਰਾਈਵੇਟ ਕੰਪਨੀਆਂ ਦੇ ਤਨਖ਼ਾਹਦਾਰ ਕਰਮਚਾਰੀ ਹਨ।ਪਰ ਤਦ ਵੀ ਇਹ ਲੋਕ ਜੀ.ਐਸ.ਟੀ. ਜਿਹੇ ਟੈਕਸ, ਚੀਜਾਂ ਖਰੀਦਣ ਵੇਲੇ ਦਿੰਦੇ ਹਨ, ਜਿਹਨਾਂ 'ਚ 30 ਕਰੋੜ ਲੋਕ ਦਿਹਾੜੀਦਾਰ ਮਜ਼ਦੂਰ ਹਨ, ਜਿਹਨਾਂ ਦੀ ਆਮਦਨ ਪਿਛਲੇ 6 ਸਾਲਾਂ ਤੋਂ ਮਹਿੰਗਾਈ ਦੇ ਦੌਰ 'ਚ ਸਥਿਰ ਹੋ ਕੇ ਰਹੇ ਗਈ ਹੋਈ ਹੈ। ਇਸ ਸਥਿਰ ਹੋਈ ਆਮਦਨ ਦਾ ਆਖ਼ਰ ਜ਼ਿੰਮੇਵਾਰ ਕੌਣ ਹੈ ? ਕੀ ਇਸ ਦੀ ਜ਼ਿੰਮੇਵਾਰ ਸਰਕਾਰ ਨਹੀਂ ਹੈ ? ਕੀ ਇਸਦਾ ਜ਼ਿੰਮੇਵਾਰ ਆਰਥਿਕ ਬਦਨੀਤੀ ਦਾ ਅਲੰਬਰਦਾਰ ਦੇਸ਼ ਦਾ ਕਾਰਪੋਰੇਟ ਲਾਣਾ ਨਹੀਂ ਹੈ ? ਆਰਥਿਕ ਬਦਨੀਤੀ ਤੇ ਸਿਆਸੀ ਬੇਈਮਾਨੀ ਹੰਢਾਉਂਦਿਆਂ ਇਸ ਦੇਸ਼ ਦੇ ਆਮ ਨਾਗਰਿਕਾਂ ਨੂੰ ਦਹਾਕੇ ਬੀਤ ਗਏ ਹਨ। ਸਰਕਾਰਾਂ ਆਉਂਦੀਆਂ ਹਨ, ਸਰਕਾਰਾਂ ਤੁਰ ਜਾਂਦੀਆਂ ਹਨ।ਗਰੀਬਾਂ ਦੇ ਨਾਂਅ 'ਤੇ ਨੀਤੀਆਂ ਬਣਾਈਆਂ ਜਾਂਦੀਆਂ ਹਨ ਤੇ ਵੋਟਾਂ ਬਟੋਰੀਆਂ ਜਾਂਦੀਆਂ ਹਨ। ਨੇਤਾ ਲੋਕ ਆਪਣੇ ਢਿੱਡ ਭਰਦੇ ਹਨ ਪਰ ਲੋਕਾਂ ਦੀ ਉਹ ਪ੍ਰਵਾਹ ਨਹੀਂ ਕਰਦੇ।
ਵਿਸ਼ਵ ਦੀ ਸਭ ਤੋਂ ਵੱਡੀ ਆਬਾਦੀ ਭਾਰਤ ਹੈ। 140 ਕਰੋੜ ਤੋਂ ਉਪਰ ਵਿਸ਼ਵ ਦੇ ਗਲੋਬਲ ਭੁੱਖਮਰੀ ਇਡੈਕਸ-2023 ਅਨੁਸਾਰ 125 ਦੇਸ਼ਾਂ ਵਿੱਚ ਸਾਡਾ ਸਥਾਨ 111 ਵਾਂ ਹੈ।ਬੇਰੁਜ਼ਗਾਰੀ ਦੀ ਦਰ 2024 ਜੂਨ ਅਨੁਸਾਰ 9.3 ਫ਼ੀਸਦੀ ਹੈ।ਬੇਰੁਜ਼ਗਾਰੀ 'ਚ ਵਿਸ਼ਵ ਪੱਧਰੀ ਰੈਂਕ 86ਵਾਂ ਹੈ।ਸਿਹਤ ਸੇਵਾਵਾਂ ਪ੍ਰਤੀ 167 ਦੇਸ਼ਾਂ 'ਚ ਸਾਡਾ ਸਥਾਨ 111ਵੇਂ ਸਥਾਨ 'ਤੇ ਹੈ। ਹਵਾ ਪ੍ਰਦੂਸ਼ਣ ਫੈਲਾਉਣ ਦੇ ਮਾਮਲੇ 'ਚ ਭਾਰਤ 134 ਦੇਸ਼ਾਂ 'ਚ ਤੀਜੇ ਸਥਾਨ 'ਤੇ ਹੈ।ਭਾਵ ਦੇਸ਼ ਦੇ ਵੱਡੇ ਸ਼ਹਿਰ ਅੱਤ ਦਰਜੇ ਦੇ ਗੰਦੇ ਹਨ।ਦੇਸ਼ ਦੀ ਰਾਜਧਾਨੀ ਦਿੱਲੀ ਦੁਨੀਆ ਦੇ ਸਭ ਤੋ ਗੰਦੇ ਸ਼ਹਿਰਾਂ 'ਚ ਸ਼ਾਮਲ ਹੈ।ਪਾਣੀ ਪ੍ਰਦੂਸ਼ਣ ਦੇ ਮਾਮਲੇ 'ਚ ਵੀ ਦੇਸ਼ ਪਿਛੇ ਨਹੀਂ।
ਇਸ ਸਭ ਕੁਝ ਦਾ ਅਸਰ ਸਧਾਰਨ ਲੋਕਾਂ 'ਤੇ ਪੈਂਦਾ ਹੈ।ਦੇਸ਼ ਦੀਆਂ ਆਰਥਿਕ ਬਦਨੀਤੀਆਂ ਗਰੀਬ ਲੋਕਾਂ ਨੂੰ ਹੋਰ ਗਰੀਬੀ ਵੱਲ ਧੱਕ ਰਹੀਆਂ ਹਨ। ਭੁੱਖਮਰੀ ਨੇ ਲੋਕਾਂ ਦਾ ਜੀਊਣਾ ਦੁੱਭਰ ਕੀਤਾ ਹੋਇਆ ਹੈ।ਗੰਦੀਆਂ ਬਸਤੀਆਂ (ਸਲੱਮ ਏਰੀਆ) ਵਧ ਰਿਹਾ ਹੈ, ਖੇਤੀ ਘਟ ਰਹੀ ਹੈ। ਪ੍ਰਦੂਸ਼ਣ ਨੇ ਬਿਮਾਰੀਆਂ ਦਾ ਜਾਲ ਵਿਛਾਇਆ ਹੋਇਆ ਹੈ। ਇਸ ਨਾਲ ਪੈਦਾ ਬਿਮਾਰੀਆਂ ਨੂੰ ਕਾਬੂ ਕਰਨ ਦੇ ਨਾਂਅ ਹੇਠ ਨਵੀਆਂ ਦਵਾਈਆਂ ਬਣਾਕੇ, ਭਰਮ ਪੈਦਾ ਕਰਕੇ ਲੋਕਾਂ ਨੂੰ ਕਾਰਪੋਰੇਟ ਜਗਤ ਠਗ ਰਿਹਾ ਹੈ।
ਬਿਨ੍ਹਾਂ ਸ਼ੱਕ ਦੇਸ਼ ਦਾ ਵਿਕਾਸ ਜ਼ਰੂਰੀ ਹੈ।ਬੁਨਿਆਦੀ ਢਾਂਚਾ, ਪੁਲ, ਸੜਕਾਂ, ਸਕੂਲ, ਕਾਲਜ, ਹਸਪਤਾਲ ਜ਼ਰੂਰੀ ਹਨ। ਪਰ ਜਿਹਨਾ ਪੇਂਡੂ ਇਲਾਕਿਆਂ ਵਿੱਚ ਦਲਿਤਾਂ ਅਤੇ ਆਦਿਵਾਸੀਆਂ ਦੀਆਂ ਬਸਤੀਆਂ ਹਨ, ਉਹਨਾ ਤੱਕ ਬੁਨਿਆਦੀ ਸੁਵਿਧਾਵਾਂ ਦੀ ਪਹੁੰਚ ਕੀ ਜ਼ਰੂਰੀ ਨਹੀਂ ? ਅੱਜ ਸਥਿਤੀ ਇਹ ਹੈ ਕਿ ਇਹਨਾ ਬਸਤੀਆਂ ਤੱਕ ਨਾ ਭਰੋਸੇਮੰਦ ਬਿਜਲੀ ਆਉਂਦੀ ਹੈ, ਨਾ ਸੜਕਾਂ ਪਹੁੰਚਦੀਆਂ ਹਨ, ਨਾ ਇੱਕੀਵੀਂ ਸਦੀ ਦੀਆਂ ਜ਼ਰੂਰੀ ਸੁਵਿਧਾਵਾਂ! ਭਾਰਤੀ ਵਿਵਸਥਾ ਦੇ ਇਸ ਟੁੱਟੇ ਹੋਏ ਢਾਂਚੇ ਨੂੰ ਮਜ਼ਬੂਤ ਬਨਾਉਣ ਦੇ ਬਦਲੇ ਗਰੀਬਾਂ ਨੂੰ ਖ਼ੈਰਾਤ ਬਖਸ਼ਣ ਦੀ ਨੀਤੀ ਜਾਰੀ ਹੈ। ਕੀ ਇਹ ਸਿਆਸੀ ਬੇਇਮਾਨੀ ਨਹੀਂ ਹੈ ? ਕੀ ਇਹ ਆਰਥਿਕ ਬਦਨੀਤੀ ਨਹੀਂ ਹੈ, ਕਿ ਦੇਸ਼ ਦੀਆਂ ਲਗਾਮਾਂ ਧਨ ਕੁਬੇਰਾਂ ਹੱਥ ਫੜਾ ਦਿੱਤੀਆਂ ਜਾਣ ਤਾਂ ਕਿ ਉਹ ਦੇਸ਼ ਦੇ ਲੋਕਾਂ ਦੀ ਲੁੱਟ-ਖਸੁੱਟ ਮਨਮਰਜ਼ੀ ਨਾਲ ਕਰ ਸਕਣ। ਇਸ ਤੋਂ ਵੱਡੀ ਦੇਸ਼ ਦੀ ਬਦਹਾਲੀ ਹੋਰ ਕੀ ਹੋ ਸਕਦੀ ਹੈ ?

***

## ਆਧੁਨਿਕਤਾ ਬਨਾਮ ਸਮਾਜਿਕ

ਪੈਦਾ ਕੀਤਾ ਹੈ ਕਿ ਅਸੀਂ ਹਾਰ ਬੈਠੇ ਹਾਂ, ਝੰਬ ਦਿੱਤਾ ਸਾਨੂੰ ਏਸ ਮਾਰ ਨੇ।
ਸਾਡੇ ਬੱਚਿਆਂ ਦਾ ਬਚਪਨ ਬੰਦ ਕਮਰਿਆਂ ਵਿੱਚ ਰੁਲ ਗਿਆ।ਸ਼ਾਮ ਨੂੰ ਪਿੰਡਾਂ ਦੀਆਂ ਫਿਰਨੀਆਂ ਤੇ ਸ਼ਹਿਰਾਂ ਦੀਆਂ ਗਲੀਆਂ ਬੱਚਿਆਂ ਦੀ ਆਮਦ ਤੋਂ ਸਖਣੀਆਂ ਦਿਸਦੀਆਂ ਹਨ।ਜੰਮਦੇ ਬੱਚੇ ਹੱਥ ਫੋਨ ਦੇ, ਸਕਰੀਨ ਤੇ ਉਸਦੀ ਨਜ਼ਰ ਟਿਕਾ ਕੇ ਅਸੀਂ ਭੁੱਲ ਜਾਂਦੇ ਹਾਂ ਕਿ ਅਸੀਂ ਆਪਣੇ ਬੱਚੇ ਦੀ ਸ਼ਖ਼ਸੀਅਤ ਤੇ ਦਿਮਾਗ ਨੂੰ ਕਿੰਨਾ ਗੰਧਲਾ ਕਰ ਰਹੇ ਹਨ।ਇੰਟਰਨੈੱਟ ਤੇ ਉਹ ਹਰ ਤਰ੍ਹਾਂ ਦਾ ਮਟੀਰੀਅਲ ਉਪਲਬਧ ਹੈ ਜੋ ਬੱਚੇ ਆਸਾਨੀ ਨਾਲ ਦੇਖ ਸੁਣ ਸਕਦੇ ਹਨ।ਨਤੀਜਾ ਬੱਚਿਆਂ ਦੀ ਮਾਸੂਮੀਅਤ ਕਿਧਰੇ ਗੁਆਚ ਗਈ ਜਾਪਦੀ ਏ।ਉਹ ਵਕਤ ਤੋਂ ਪਹਿਲਾਂ ਸਮਝਦਾਰ ਹੋ ਗਏ। ਉਹਨਾਂ ਦੀਆਂ ਸਿਹਤ ਸਮੱਸਿਆਵਾਂ ਵੱਧ ਰਹੀਆਂ ਹਨ। ਉਹ ਬਾਂਦਰ-ਕਿੱਲਾ, ਲੁਕਣ-ਮੀਚੀ, ਭੰਡਾ-ਭੰਡਾਰੀਆਂ ਤੇ ਕੋਟਲਾ-ਛਪਾਕੀ ਵਰਗੀਆਂ ਖੇਡਾਂ ਨੂੰ ਚਿਤੋਂ ਹੀ ਵਿਸਾਰ ਚੁੱਕੇ ਹਨ। ਉਹ ਸੋਸ਼ਲ ਮੀਡੀਆ ਸਾਇਟਸ ਤੇ ਨੱਚਣ-ਗਾਉਣ, ਰੀਲਾਂ ਬਣਾਉਣ ਜਾਂ ਆਡੀਓ-ਵੀਡੀਓ ਗੇਮਜ਼ ਨੂੰ ਵਧੇਰੇ ਮਹੱਤਤਾ ਦਿੰਦੇ ਹਨ।ਉਹਨਾਂ ਦਾ ਸਰੀਰਕ ਵਿਕਾਸ ਰੁਕ ਜਿਹਾ ਗਿਆ ਹੈ।ਉਹ ਦਾਦਾ-ਦਾਦੀ ਤੋਂ ਬਾਤਾਂ ਨਹੀਂ ਸੁਣਦੇ ਬਲਕਿ ਰਾਤ ਨੂੰ ਕਾਰਟੂਨਜ਼ ਦੇਖਣ ਨੂੰ ਤਰਜੀਹ ਦਿੰਦੇ ਹਨ।ਮਾਂ-ਬਾਪਾਂ ਨੇ ਵੀ ਸਿਰਫ਼ ਪੜ੍ਹਾਈ ਤੇ ਉਹਨਾਂ ਦਾ ਧਿਆਨ ਕੇਂਦਰਿਤ ਕਰ ਰੱਖਿਆ ਹੈ। ਉਹ ਭੁੱਲ ਚੁੱਕੇ ਹਨ ਸੱਭਿਆਚਾਰ ਦੇ ਅਮੀਰ ਵਿਰਸੇ ਨੂੰ। ਉਹਨਾਂ ਨੂੰ ਤਾਇਆ-ਤਾਈ, ਮਾਸੀ-ਮਾਸੜ, ਸ਼ਬਦ ਭੁੱਲ ਆਂਟੀ-ਅੰਕਲ ਸ਼ਬਦ ਯਾਦ ਰਹਿ ਗਏ ਹਨ।
ਤਕਨਾਲੋਜੀ ਦੀ ਆਮਦ ਨਾਲ ਜੀਵਨ ਤਾਂ ਸੁਖਾਲਾ ਹੋਇਆ ਹੈ ਪਰ ਇਸ ਜ਼ਰੀਏ ਹੋਣ ਵਾਲੇ ਜ਼ੁਰਮ ਜਾਂ ਇਸਦੇ ਮਾੜੇ ਪ੍ਰਭਾਵਾਂ ਬਾਰੇ ਵੀ ਸੁਚੇਤ ਰਹਿਣਾ ਚਾਹੀਦਾ ਹੈ ।ਹੁਣ ਸਾਡੀ ਕੋਈ ਨਿੱਜਤਾ ਨਹੀਂ ਰਹੀ।ਸਾਡਾ ਨਾਮ ਤੋਂ ਲੈ ਫੋਨ ਨੰਬਰ ਤੱਕ ਹਰ ਜਾਣਕਾਰੀ ਕੰਪਨੀਆਂ ਕੋਲ ਉਪਲਬਧ ਹੈ। 'ਡੀਪ ਫੇਕ' ਜਿਹੀਆਂ ਤਕਨੀਕਾਂ ਤਾਂ ਸਾਡੇ ਫੋਨਾਂ ਵਿੱਚੋਂ ਹੀ ਫੋਟੋਆਂ ਚੋਰੀ ਕਰ ਕਿਤੇ ਵੀ ਅਸ਼ਲੀਲ ਚਿੱਤਰ ਜਾਂ ਵੀਡੀਓ ਤੇ ਲਗਾ ਕੇ ਉਸਨੂੰ ਪਰੋਸਣ ਵਿੱਚ ਨਾਮੀ ਰੋਲ ਅਦਾ ਕਰ ਰਹੀਆਂ ਹਨ।ਉਸ ਤੋਂ ਬਿਨਾਂ ਇੰਸਟਾਗ੍ਰਾਮ ਵਰਗੀ ਐਪ ਨੇ ਸਾਰੇ ਪੰਜਾਬ ਨੂੰ ਹੀ ਨਚਾਰ ਬਣਾ ਛੱਡਿਆ ਹੈ।ਲੋਕ ਕੀ-ਕੀ ਨਹੀਂ ਕਰਦੇ ਲਾਈਕਸ ਤੇ ਕੋਮੈਂਟਸ ਲੈਣ ਵਾਸਤੇ। ਕੀ ਕੁੜੀਆਂ ਤੇ ਘਰ ਦੀਆਂ ਸੁੱਘੜ ਸੁਆਣੀਆਂ ਵੀ ਇਸ ਪਲੇਟਫਾਰਮ ਦਾ ਹਿੱਸਾ ਬਣ ਚੁੱਕੀਆਂ ਹਨ।ਕਦੇ ਸੂਟ-ਦੁਪੱਟੇ ਨੂੰ ਆਪਣਾ ਮਾਣ, ਸਮਝਣ ਵਾਲੀਆਂ ਔਰਤਾਂ ਦੇ ਕੱਪੜੇ ਵੀ ਸੋਸ਼ਲ ਮੀਡੀਆ ਤੇ ਕੁਝ ਘੱਟ ਹੋ ਗਏ ਲੱਗਦੇ ਹਨ।ਇੱਕ ਸਮਾਂ ਸੀ ਜਦੋਂ ਘਰਾਂ ਦੀਆਂ ਨੂੰਹਾਂ-ਧੀਆਂ ਪਿਉ ਦੀ ਅੱਖ ਦੀ ਸ਼ਰਮ ਕਰਦੀਆਂ ਸਨ, ਪਰ ਅੱਜ ਸਭ ਉਲਟ ਹੋ ਗਿਆ। ਨੌਜਵਾਨੀ ਨਸ਼ੇ ਵਿੱਚ ਗ੍ਰਸੀ ਜਾ ਚੁੱਕੀ ਹੈ। ਭਵਿੱਖ ਧੁੰਦਲਾ ਹੋ ਗਿਆ ਲਗਦਾ ਹੈ। ਪੁਰਾਣੇ ਸਮਿਆਂ ਵਿੱਚ ਕਿਸੇ ਦੀ ਵੀ ਨੂੰਹ-ਧੀ ਸਾਰੇ ਸਮਾਜ ਦੀ ਨੂੰਹ-ਧੀ ਹੁੰਦੀ ਸੀ।ਪਰ ਹੁਣ ਤਾਂ ਛੋਟੀਆਂ ਬਾਲੜੀਆਂ ਵੀ ਸੁਰੱਖਿਅਤ ਨਹੀਂ ਹਨ। ਔਰਤਾਂ ਖਿਲਾਫ਼ ਜ਼ੁਰਮਾਂ ਵਿੱਚ ਪਿਛਲੇ ਦਹਾਕੇ ਨਾਲੋਂ ਵਾਧਾ ਹੋਇਆ ਹੈ। ਜਬਰ-ਜਨਹ, ਛੇੜਖਾਨੀ ਅਤੇ ਗਲਤ ਬੋਲ ਵਰਗੇ ਅਪਰਾਧ ਵਧੇ ਹਨ।ਨਾ ਤਾਂ ਭੈਣ-ਭਰਾਵਾਂ ਵਿੱਚ ਹੀ ਪਹਿਲਾਂ ਵਾਲਾ ਪਿਆਰ ਤੇ ਸਾਂਝ ਰਹੀ ਹੈ ਨਾ ਤਾਏ-ਚਾਚਿਆਂ ਦਾ ਉਹ ਪਿਆਰ ਰਿਹਾ ਹੈ।ਹੋਰ ਤਾਂ ਹੋਰ ਰੀਤੀ-ਰਿਵਾਜ਼ ਵੀ ਬਦਲਣ ਲੱਗ ਪਏ ਹਨ। ਵਿਆਹਾਂ ਦਾ ਰੁਝਾਨ ਪੈਲੇਸ ਕਲਚਰਾਂ ਵੱਲ ਵਧਿਆ ਹੈ। ਵਿਆਹ ਵਾਲੇ ਘਰ ਵੀ ਨਾਨਕੇ-ਦਾਦਕੇ ਪੈਲੇਸ ਵਿੱਚੋਂ ਹੀ ਮੁੜ ਜਾਂਦੇ ਹਨ।ਇਹੋ ਗੱਲ ਦੁੱਖਾਂ ਸਮੇਂ ਹੁੰਦਾ।ਅਗਰ ਕੋਈ ਮਰ ਵੀ ਜਾਵੇ ਤਾਂ ਵਾਹੋ-ਦਾਹ ਭੱਜ ਜਾਂ ਤਾਂ ਅਸੀਂ ਸੰਸਕਾਰ ਤੇ ਪਹੁੰਚਦੇ ਹਾਂ ਜਾਂ ਬੱਸ ਭੋਗ ਤੇ। ਜਾਣ ਵਾਲੇ ਦਾ ਦੁੱਖ ਪ੍ਰੀਵਾਰ ਨਾਲ ਵੰਡਾਉਣ ਲਈ ਕਿਸੇ ਕੋਲ ਕੋਈ ਸਮਾਂ ਨਹੀਂ।ਹੁਣ ਤਾਂ ਉਹੋ ਗੱਲ ਹੋ ਗਈ ਕਿ ਨਾ ਕਿਸੇ ਦੇ ਆਉਣ ਦੀ ਖੁਸ਼ੀ ਤੇ ਨਾ ਕਿਸੇ ਦੇ ਜਾਣ ਦਾ ਗਮ।ਮੈਂ ਭੋਗਾਂ ਤੇ ਲੋਕਾਂ ਨੂੰ ਮੇਕਅਪ ਕਰਕੇ ਜਚ-ਬਚ ਕੇ ਆਉਂਦਿਆਂ ਦੇਖਿਆ ਹੈ। ਅਸੀਂ ਹਰ ਕੰਮ ਨੂੰ ਰਸਮੀ ਤੌਰ 'ਤੇ ਕਰਨਾ ਸਿੱਖ ਗਏ ਹਾਂ।ਸਾਡੇ ਸਲੀਕਿਆਂ ਵਿੱਚ, ਵਿਵਹਾਰ ਵਿੱਚ ਵੀ ਸਮੇਂ ਨੇ ਤਬਦੀਲੀ ਲਿਆ ਛੱਡੀ ਹੈ। ਹਰ ਵੇਲੇ ਅਸੀਂ ਭੱਜ-ਦੌੜ ਵਿੱਚ ਤੇ ਬਿਨਾਂ ਕੰਮ ਤੋਂ ਵੀ ਬਿਜ਼ੀ ਮਹਿਸੂਸ ਕਰਦੇ ਹਾਂ। ਸਾਡੀ ਸਹਿਣਸ਼ੀਲਤਾ ਖ਼ਤਮ ਹੋ ਚੁੱਕੀ ਹੈ।ਇਹੋ ਹਾਲ ਸਾਡੇ ਬੱਚਿਆਂ ਦਾ ਏ।ਉਹ ਮਾਂ-ਬਾਪ ਤੋਂ ਥੱਪੜ ਤਾਂ ਛੱਡੋ ਥੋੜ੍ਹੀ ਜਿਹੀ ਘੂਰ ਵੀ ਨਹੀਂ ਸਹਿ ਸਕਦੇ। ਉਹਨਾਂ ਨੂੰ ਵੀ ਸਾਡੇ ਵਾਂਗ ਇਕੱਲੇ ਰਹਿਣ ਦੀ ਆਦਤ ਪੈ ਗਈ ਲੱਗਦੀ ਹੈ।
ਸਾਡੇ ਵਿੱਚ ਖ਼ਪਤਵਾਦ ਦੀ ਰੁਚੀ ਵੱਧ ਚੁੱਕੀ ਏ। ਸਾਨੂੰ ਵੱਡੀ ਗੱਡੀ ਚਾਹੀਦੀ ਏ, ਵੱਡਾ ਘਰ ਤੇ ਹੋਰ ਸੁੱਖ-ਸਹੂਲਤਾਂ ਤੇ ਐਸ਼ੋ-ਆਰਾਮ ਦੀ ਜ਼ਿੰਦਗੀ ਚਾਹੀਦੀ ਏ।ਸਿਰਫ਼ ਉਸ ਦਿਖਾਵੇ ਲਈ ਅਸੀਂ ਆਪਣੇ ਸਬਰ ਤੇ ਸਕੂਨ ਨੂੰ ਰੋਲ ਦਿੱਤਾ ਏ।ਅਸੀਂ ਹਰ ਸਮੇਂ ਭਾਰੇ-ਭਾਰ ਮਹਿਸੂਸ ਕਰਦੇ ਹਾਂ।ਐਨਾ ਆਧੁਨਿਕਤਾ ਦਾ ਮਣਾਂ-ਮੂੰਹੀ ਬੋਝ ਅਸੀਂ ਚੁੱਕ ਲਿਆ ਕੇ, ਚਾਹ ਕੇ ਵੀ ਲਾਹ ਨਹੀਂ ਸਕਦੇ। ਏ.ਸੀ. ਦੀ ਹਵਾ ਵਿੱਚ ਅਸੀਂ ਨਿੰਮਾਂ ਜਾਂ ਤੂਤਾਂ ਦੀ ਛਾਂ ਭੁੱਲ ਚੁੱਕੇ ਹਾਂ। ਲੱਸੀਆਂ ਦੀ ਥਾਂ ਕੋਕਾ ਕੋਲਾ ਨੇ ਲੈ ਲਈ ਹੈ, ਦੁੱਪਟਾ-ਸੂਟ ਦੀ ਥਾਂ ਜੀਨਾਂ ਨੇ ਲੈ ਲਈ ਹੈ। ਮੱਕੀ ਦੀ ਰੋਟੀ ਤੇ ਸਰੋਂ ਦੇ ਸਾਗ ਦੀ ਥਾਂ ਬਰਗਰ-ਪੀਜ਼ਿਆਂ ਨੇ ਲੈ ਲਈ ਹੈ। ਸਭ ਕੁਝ ਅਸੀਂ ਆਧੁਨਿਕਤਾ ਦੀ ਭੇਟ ਚਾੜ੍ਹ ਛੱਡਿਆ ਹੈ। ਪਿੰਡੋਂ ਕਿਸੇ ਦੇ ਮਿਲਣ 'ਤੇ ਸਤਿ ਸ੍ਰੀ ਅਕਾਲ ਜਾਂ ਰਾਮ-ਰਾਮ ਦੀ ਥਾਂ ਹਾਏ-ਹੈਲੋ ਨੇ ਲੈ ਲਈ ਹੈ।ਅਸੀਂ ਆਧੁਨਿਕਤਾ ਦੇ ਨਾਮ ਹੇਠ ਵਿਕਾਸ ਦੇ ਕਿਹੜੇ ਪੜਾਅ 'ਤੇ ਆ ਖੜੇ ਹਾਂ। ਧਰਤੀ ਦਾ ਗਰਮ ਹੋਣਾ, ਹਵਾ ਪ੍ਰਦੂਸ਼ਣ ਜਾਂ ਪਾਣੀ ਦੀ ਕਮੀ ਨਾਲ ਸਾਡਾ ਚੁਫੇਰਾ ਜੂਝ ਰਿਹਾ ਹੈ।ਅਸੀਂ ਜ਼ਹਿਰੀਲੀਆਂ ਸਬਜ਼ੀਆਂ ਤੇ ਫਲ ਖਾ ਰਹੇ ਹਾਂ।ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਸ਼ਾਇਦ ਪ੍ਰਦੂਸ਼ਿਤ ਹਵਾ ਤੇ ਬਿਨ ਪਾਣੀ ਧਰਤ ਛੱਡਾਂਗੇ।ਕਿਤੇ ਉਹ ਪਾਣੀ ਦੀਆਂ ਬੋਤਲਾਂ ਵਾਂਗੂੰ ਆਕਸੀਜਨ ਦੇ ਸਿਲੰਡਰ ਰੋਜ਼-ਮਰਾ ਜ਼ਿੰਦਗੀ ਵਿੱਚ ਖਰੀਦਣ ਲਈ ਮਜ਼ਬੂਰ ਨਾ ਹੋ ਜਾਣ।ਸ਼ਾਇਦ ਸਾਡੇ ਮੰਜੇ ਬੁਣਨ ਵਾਲੇ, ਸੰਧਾਰੇ ਦੇਣ ਵਾਲੇ, ਬਲਦਾਂ ਨਾਲ ਹੱਲ ਵਾਹੁਣ ਵਾਲੇ ਬਜ਼ੁਰਗਾਂ ਦੀ ਇਹ ਆਖਰੀ ਪੀੜ੍ਹੀ ਹੋਵੇਗੀ। ਖੌਰੇ ਅਸੀਂ ਵੀ ਪੁਰਾਤਨ ਤੋਂ ਆਧੁਨਿਕਤਾ ਦੇ ਲਾਭ ਤੇ ਸੰਤਾਪ ਦੇਖਣ ਵਾਲੀ ਆਖ਼ਰੀ ਪੀੜ੍ਹੀ ਹੋਈਏ।ਅਸੀਂ ਫੇਰ ਵੀ ਆਪਣੇ ਆਪ ਨੂੰ ਭਾਗਾਂ ਵਾਲੇ ਮੰਨਦੇ ਹਾਂ ਕਿ ਅਸੀਂ ਆਪਣੇ ਬਚਪਨ ਤੇ ਜਵਾਨੀ ਦਾ ਉਹ ਸੁਨਹਿਰੀ ਸਮਾਂ ਦੇਖਿਆ ਹੈ ਜਦੋਂ ਦੁਪਹਿਰੇ ਬਿਜਲੀ ਨਾ ਹੋਣ ਕਾਰਨ ਸਾਰਾ ਟੱਬਰ ਰੋਟੀ ਖਾ ਕੇ ਡਕੈਣਾਂ ਦੀ ਛਾਵੇਂ ਸੌਂਦਾ ਸੀ, ਜਦੋਂ ਇੱਕ ਫਰਾਟਾ ਪੱਖਾ ਲਗਾ ਕੇ ਸਾਰੇ ਟੱਬਰ ਨੂੰ ਨੀਂਦ ਆਉਂਦੀ ਸੀ। ਜਦੋਂ ਇੱਕ ਰੁਪਏ ਦੀਆਂ ਚਾਰ ਇਮਲੀਆਂ ਆਉਂਦੀਆਂ ਸਨ।ਅੱਜ ਭਾਵੇਂ ਅਸੀਂ ਆਧੁਨਿਕ ਬਣ ਗਏ ਹਾਂ ਪਰ ਸਾਨੂੰ ਆਪਣੇ ਬੱਚਿਆਂ ਨੂੰ ਉਹ ਸਮਾਜਿਕ ਕਦਰਾਂ-ਕੀਮਤਾਂ ਨਹੀਂ ਭੁੱਲਣ ਦੇਣੀਆਂ ਚਾਹੀਦੀਆਂ ਜਿਹੜੀਆਂ ਸਾਨੂੰ ਅਤੇ ਉਹਨਾਂ ਨੂੰ ਵਿਰਸੇ 'ਚ ਮਿਲੀਆਂ ਹਨ। ਅਸੀਂ ਆਪਣੇ ਵਿਰਸੇ ਨੂੰ ਪਾਸੇ ਕਰ, ਤਕਨਾਲੋਜੀ ਦੇ ਨਾਲ ਵਿਕਾਸ ਦੀਆਂ ਸਿਖਰਾਂ ਤਾਂ ਛੂਹ ਸਕਦੇ ਹਾਂ ਪਰ ਵਿਰਸੇ ਤੋਂ ਦੂਰ ਰੱਖ ਕੇ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਹਰੀਆਂ ਭਰੀਆਂ ਨਹੀਂ ਰੱਖ ਸਕਦੇ।

***

## ਖੁਸ਼ਹਾਲੀ ਦੀ ਬਹਾਰ

ਰੁੱਖ ਸਾਡੇ ਜੀਵਨ ਨੂੰ ਖ਼ੁਸ਼ੀਆਂ, ਖੇੜੇ ਤੇ ਰਹਿਮਤਾਂ ਬਖ਼ਸ਼ਦੇ ਹਨ। ਇਨ੍ਹਾਂ ਦੇ ਫਾਇਦੇ ਗਿਣਾਏ ਨਹੀਂ ਜਾ ਸਕਦੇ।ਸਾਡੇ ਸੁਭਾਅ ਵਿੱਚ ਕੁਦਰਤੀ ਤੌਰ 'ਤੇ ਨਿੱਤ ਦੇ ਕੰਮਾਂ ਵਿੱਚ ਰੁੱਖਾਂ ਦਾ ਖ਼ਿਆਲ ਰੱਖਣਾ ਵੀ ਸ਼ਾਮਲ ਹੋਣਾ ਚਾਹੀਦਾ ਹੈ। ਸਾਡੇ ਵਿੱਚੋਂ ਬਹੁ-ਗਿਣਤੀ ਪਾਪ-ਪੁੰਨ ਦੀ ਧਾਰਨਾ ਵਿੱਚ ਯਕੀਨ ਰੱਖਦੀ ਹੈ।ਇਸ ਪੱਖ ਤੋਂ ਸੋਚਦਿਆਂ ਵੀ ਰੁੱਖ ਲਾਉਣਾ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਤੋਂ ਵੱਡਾ ਪੁੰਨ ਦਾ ਕੰਮ ਕੋਈ ਨਹੀਂ। ਕਿਹਾ ਜਾਂਦਾ ਹੈ ਕਿ ਇੱਕ ਖੂਹ ਲਵਾ ਕੇ ਬੰਦਾ ਉਸ ਦੇ ਤੁਪਕਿਆਂ ਜਿੰਨੇ ਸਾਲ ਸਵਰਗ ਵਿੱਚ ਰਹਿੰਦਾ ਹੈ। ਇੱਕ ਤਲਾਬ ਪੁੱਟਣ ਦਾ ਕੰਮ ਦਸ ਖੂਹਾਂ ਦੇ ਬਰਾਬਰ, ਦਸ ਤਲਾਬ ਇੱਕ ਝੀਲ ਦੇ ਬਰਾਬਰ, ਦਸ ਝੀਲਾਂ ਇੱਕ ਨੇਕ ਪੁੱਤਰ ਪ੍ਰਾਪਤੀ ਦੇ ਬਰਾਬਰ, ਦਸ ਨੇਕ ਪੁੱਤਰ ਇੱਕ ਰੁੱਖ ਦੇ ਬਰਾਬਰ ਹਨ। ਜਿਹੜਾ ਨੇਕ ਹੋਵੇਗਾ ਉਹ ਸਿਰਫ਼ ਆਪਣੇ ਲਈ ਹੀ ਨਹੀਂ ਸੋਚੇਗਾ। ਸਰਬੱਤ ਦੇ ਭਲੇ ਨਾਲ ਹੀ ਆਪਣਾ ਭਲਾ ਚਾਹੇਗਾ। ਸੋਚੋ ਇਸ ਤਰ੍ਹਾਂ ਦੇ ਦਸ ਨੇਕ ਪੁੱਤਰ ਦੁਨੀਆਂ ਦੀ ਭਲਾਈ ਲਈ ਜੋ ਕਰ ਸਕਦੇ ਹਨ ਓਨਾ ਇੱਕ ਰੁੱਖ ਕਰ ਦਿੰਦਾ ਹੈ। ਰੁੱਖ ਲਾਉਣ ਦਾ ਐਨਾ ਵੱਡਾ ਪੁੰਨ। ਫਿਰ ਸਾਨੂੰ ਸਾਰਿਆਂ ਨੂੰ ਇਹ ਪੁੰਨ ਕਮਾ ਲੈਣਾ ਚਾਹੀਦਾ ਹੈ ਅਤੇ ਰੁੱਖਾਂ ਨੂੰ ਸਾੜਨ ਵਾਲਿਆਂ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਉਹ ਦਸ ਨੇਕ ਪੁੱਤਰਾਂ ਦੇ ਬਰਾਬਰ ਦੇ ਇੱਕ ਰੁੱਖ ਨੂੰ ਸਾੜ ਰਹੇ ਹਨ।
ਅਖ਼ੀਰ ਵਿੱਚ ਇਹ ਹੀ ਕਹਿ ਸਕਦੇ ਹਾਂ ਕਿ ਭਾਈ ਰੁੱਖ ਲਾਈਏ, ਭਾਵੇਂ ਪੁੰਨ ਕਰਨ ਦੀ ਖ਼ੁਸ਼ੀ ਮਹਿਸੂਸ ਕਰਨ ਲਈ, ਭਾਵੇਂ ਡਰ ਕੇ ਜਾਂ ਫਿਰ ਕੁਦਰਤ ਅਤੇ ਖਲਕਤ ਦੇ ਪਿਆਰ ਲਈ ਪਰ ਰੁੱਖ ਜ਼ਰੂਰ ਲਾਈਏ। ਜਿਹੜੇ ਇਨਸਾਨਾਂ ਨੇ ਰੁੱਖ ਲਾਉਣ ਦਾ ਬੀੜਾ ਚੁੱਕਿਆ ਹੋਇਆ ਹੈ ਉਨ੍ਹਾਂ ਨੂੰ ਦਿਲੋਂ ਸਲਾਮ ਹੈ।

***

## ਅਮਰੀਕੀਆਂ ਲਈ ਨਵੰਬਰ ਵਿੱਚ

ਚੋਣ ਪ੍ਰਕਿਆ ਨੂੰ ਸ਼ਾਤਮਈ ਢੰਗ ਨਾਲ ਸਿਰੇ ਚੜਨ ਦੇਵੇਗਾ।
ਬਾਈਡਨ ਨੇ ਕਿਹਾ ਉਹ ਜੋ ਕੁਝ ਕਹਿ ਰਿਹਾ ਹੈ, ਉਸ ਦੇ ਕੁਝ ਅਰਥ ਹਨ ਹਾਲਾਂ ਕਿ ਅਸੀਂ ਉਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਪਰੰਤੂ ਜੋ ਉਹ ਕਹਿੰਦਾ ਉਸ ਦੇ ਉਸ ਲਈ ਅਰਥ ਹਨ।

**3 ਅਹਿਮ ਰਾਜਾਂ ਵਿੱਚ ਟਰੰਪ ਪਿੱਛੇ- ਸਰਵੇ**

ਇੱਕ ਤਾਜ਼ਾ ਸਰਵੇ ਵਿੱਚ ਕਿਹਾ ਗਿਆ ਹੈ ਕਿ ਚੋਣਾਂ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ 3 ਪ੍ਰਮੁੱਖ ਰਾਜਾਂ ਵਿੱਚ ਕਮਲਾ ਹੈਰਿਸ ਅੱਗੇ ਹੈ।ਨਿਊਯਾਰਕ ਟਾਈਮਜ਼- ਸੀਨੇਵਾ ਚੋਣ ਸਰਵੇ ਅਨੁਸਾਰ ਪੈਨਸਿਲਵਾਨੀਆ, ਮਿਸ਼ੀਗਨ ਤੇ ਵਿਸਕਾਨਸਿਨ ਰਾਜਾਂ ਵਿੱਚ ਹੈਰਿਸ 4% ਵੋਟਾਂ ਨਾਲ ਅੱਗੇਹਨ ਜਦ ਕਿ ਇਸ ਦੇ ਉਲਟ ਟਰਾਫਾਲਗਰ ਗਰੁੱਪ ਤੇ ਇਨਸਾਈਡਰ ਐਡਵਾਂਟੇਜ ਵੱਲੋਂ ਕੀਤੇ ਇੱਕ ਸਰਵੇ ਅਨੁਸਾਰ ਟਰੰਪ ਐਰੀਜੋਨਾ ਤੇ ਨੇਵਾਡਾ ਸਮੇਤ ਕਈ ਰਾਜਾਂ ਵਿੱਚ ਹੈਰਿਸ ਨਾਲੋਂ ਅੱਗੇ ਹਨ।ਇਸ ਸਰਵੇ ਵਿੱਚ ਕਿਹਾ ਗਿਆ ਹੈ ਕਿ ਹੈਰਿਸ ਨੂੰ ਡੈਮੋਕਰੈਟਿਕਾਂ ਦਾ ਸਮਰਥਨ ਵਧਣ ਦੇ ਬਾਵਜੂਦ ਉਸ ਪ੍ਰਤੀ ਵੋਟਰਾਂ ਦੇ ਇਕ ਵੱਡੇ ਹਿੱਸੇ ਵਿੱਚ ਅਵਿਸ਼ਵਾਸ਼ ਦੀ ਭਾਵਨਾ ਪਾਈ ਜਾ ਰਹੀ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com